



Twenty-Fifth Year of Publication
ਨਿਊਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 36; September 6, 2025 20451 N. Plum Grove Rd., Palatine, IL 60074 Ph:847-359-0746, Fax:847-705-9388

## ਟਰੰਪ ਪ੍ਰਸ਼ਾਸਨ ਐਚ1ਬੀ ਪ੍ਰੋਗਰਾਮ ਤੇ ਗ੍ਰੀਨ ਕਾਰਡ ਪ੍ਰਕਿਰਿਆ 'ਚ ਕਰੇਗਾ ਬਦਲਾਅ

**ਨਿਊਯਾਰਕ/ਵਾਸ਼ਿੰਗਟਨ:** ਅਮਰੀਕੀ ਵਣਜ ਸਕੱਤਰ ਹਾਵਰਡ ਲੂਟਨਿਕ ਨੇ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਐਚ1ਬੀ ਪ੍ਰੋਗਰਾਮ ਤੇ ਗ੍ਰੀਨ ਕਾਰਡ ਪ੍ਰਕਿਰਿਆ 'ਚ ਬਦਲਾਅ ਲਿਆਉਣ ਦੀ ਯੋਜਨਾ ਬਣਾ ਰਿਹਾ ਹੈ। ਐਚ1ਬੀ ਭਾਰਤੀ ਆਈ.ਟੀ. ਪੇਸ਼ੇਵਰਾਂ 'ਚ ਸਭ ਤੋਂ ਵੱਧ ਮੰਗਿਆ ਜਾਣ ਵਾਲਾ ਗੈਰ-ਪ੍ਰਵਾਸੀ ਵੀਜ਼ਾ ਹੈ। ਲੂਟਨਿਕ ਨੇ ਇਕ ਇੰਟਰਵਿਊ 'ਚ ਕਿਹਾ ਕਿ ਮੈਂ ਐਚ1ਬੀ ਪ੍ਰੋਗਰਾਮ ਨੂੰ ਬਦਲਣ ਦੀ ਪ੍ਰਕਿਰਿਆ 'ਚ ਸ਼ਾਮਲ ਹਾਂ । ਅਸੀਂ ਉਸ ਪ੍ਰੋਗਰਾਮ ਨੂੰ ਬਦਲਣ 'ਤੇ ਕੰਮ ਕਰ ਰਹੇ ਹਾਂ ਕਿਉਂਕਿ ਇਹ ਬਹੁਤ ਮਾੜਾ ਹੈ। ਉਨ੍ਹਾਂ ਕਿਹਾ ਕਿ ਟਰੰਪ ਪ੍ਰਸ਼ਾਸਨ ਗ੍ਰੀਨ ਕਾਰਡ ਪ੍ਰਕਿਰਿਆ 'ਚ ਬਦਲਾਅ ਕਰਨ 'ਤੇ ਵੀ ਵਿਚਾਰ ਕਰ ਰਿਹਾ ਹੈ, ਜਿਸ ਦੇ ਤਹਿਤ ਅਮਰੀਕਾ 'ਚ H-1B ਸਥਾਈ ਨਿਵਾਸ ਲਈ ਦਿੱਤਾ ਜਾਂਦਾ ਹੈ। ਲੂਟਨਿਕ ਨੇ ਕਿਹਾ ਕਿ ਤੁਸੀਂ ਜਾਣਦੇ ਹੋ, ਅਸੀਂ ਗ੍ਰੀਨ ਕਾਰਡ ਦਿੰਦੇ ਹਾਂ। ਔਸਤ ਅਮਰੀਕੀ ਸਾਲਾਨਾ 75,000 ਅਮਰੀਕੀ ਡਾਲਰ ਕਮਾਉਂਦਾ ਹੈ ਤੇ ਔਸਤ ਕਾਰਡ ਪ੍ਰਾਪਤਕਰਤਾ 66,000 ਅਮਰੀਕੀ ਡਾਲਰ ਕਮਾਉਂਦਾ ਹੈ। ਅਸੀਂ ਇਸ ਸਭ ਨੂੰ ਦੇਖ ਰਹੇ ਹਾਂ ਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਅਜਿਹਾ ਕਿਉਂ ਹੁੰਦਾ ਹੈ? ਇਸੇ ਲਈ ਡੋਨਾਲਡ ਟਰੰਪ ਇਸਨੂੰ ਬਦਲਣ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਗੋਲਡ ਕਾਰਡ ਆ ਰਿਹਾ ਹੈ ਅਤੇ ਅਸੀਂ ਦੇਸ਼ 'ਚ ਆਉਣ ਵਾਲੇ ਚੰਗੇ ਲੋਕਾਂ ਦੀ ਚੋਣ ਕਰਾਂਗੇ। ਹੁਣ ਇਸਨੂੰ ਬਦਲਣ ਦਾ ਸਮਾਂ ਆ ਗਿਆ ਹੈ। ਜ਼ਿਕਰਯੋਗ ਹੈ ਕਿ ਐਚ1ਬੀ ਵੀਜ਼ਾ ਤੋਂ ਭਾਰਤੀਆਂ ਨੂੰ ਸਭ ਤੋਂ ਵੱਧ ਫਾਇਦਾ ਹੁੰਦਾ ਹੈ।




### ਵਿਦਿਆਰਥੀਆਂ ਤੇ ਮੀਡੀਆ ਕਰਮਚਾਰੀਆਂ ਲਈ ਨਵੇਂ ਵੀਜ਼ਾ ਪ੍ਰਸਤਾਵ

ਟਰੰਪ ਪ੍ਰਸ਼ਾਸਨ ਨੇ ਅਮਰੀਕਾ 'ਚ ਵਿਦੇਸ਼ੀ ਵਿਦਿਆਰਥੀਆਂ ਤੇ ਮੀਡੀਆ ਕਰਮਚਾਰੀਆਂ ਲਈ ਵੀਜ਼ਾ ਦੀ ਮਿਆਦ ਸੀਮਤ ਕਰਨ ਦਾ ਪ੍ਰਸਤਾਵ ਰੱਖਿਆ ਹੈ। ਗ੍ਰਹਿ ਸੁਰੱਖਿਆ ਵਿਭਾਗ (ਡੀ. ਐਚ. ਐਸ.) ਨੇ ਬੁੱਧਵਾਰ ਨੂੰ ਇਕ ਪ੍ਰੈਸ ਰਿਲੀਜ਼ 'ਚ ਕਿਹਾ ਕਿ ਜੇਕਰ ਪ੍ਰਸਤਾਵਿਤ ਨਿਯਮ ਨੂੰ ਅੰਤਿਮ ਰੂਪ ਵਿਦੇਸ਼ੀ ਦਿੱਤਾ ਜਾਂਦਾ ਹੈ, ਤਾਂ ਵਿਦੇਸ਼ੀ ਵਿਦਿਆਰਥੀਆਂ ਸਮੇਤ ਕੁਝ ਵੀਜ਼ਾ ਧਾਰਕਾਂ ਦੇ ਅਮਰੀਕਾ 'ਚ ਠਹਿਰਨ ਦੀ ਮਿਆਦ ਸੀਮਤ ਹੋ ਜਾਵੇਗੀ। 1978 ਤੋਂ, ਵਿਦੇਸ਼ੀ ਵਿਦਿਆਰਥੀਆਂ ਨੂੰ 'ਐਫ' ਵੀਜ਼ਾ ਦੇ ਤਹਿਤ ਇਕ ਅਣ-ਨਿਰਧਾਰਤ ਮਿਆਦ ਲਈ ਅਮਰੀਕਾ 'ਚ ਦਾਖਲ ਹੋਣ ਦੀ ਆਗਿਆ ਦਿੱਤੀ ਗਈ ਹੈ। ਡੀ.ਐਚ.ਐਸ. ਨੇ ਕਿਹਾ ਕਿ ਦੂਜੇ ਵੀਜ਼ਿਆਂ ਦੇ ਉਲਟ, 'ਐਫ' ਵੀਜ਼ਾ ਧਾਰਕਾਂ ਨੂੰ ਬਿਨਾਂ ਕਿਸੇ ਵਾਧੂ ਜਾਂਚ ਦੇ ਅਣਮਿੱਥੇ ਸਮੇਂ ਲਈ ਸੰਯੁਕਤ ਰਾਜ ਅਮਰੀਕਾ ਵਿੱਚ ਰਹਿਣ

*(ਬਾਕੀ ਸਫ਼ਾ 6 'ਤੇ)*

## ਭਾਰੀ ਹੜ੍ਹਾਂ ਦੀ ਲਪੇਟ ਵਿਚ ਪੰਜਾਬ; ਫ਼ੌਜ ਬੁਲਾਉਣੀ ਪਈ

**ਚੰਡੀਗੜ੍ਹ/ਅੰਮ੍ਰਿਤਸਰ:** ਪੰਜਾਬ ਵਿਚ ਭਾਰੀ ਮੀਂਹ ਪੈਣ, ਪਹਾੜਾਂ 'ਚ ਲਗਾਤਾਰ ਬੱਦਲ ਫਟਣ ਅਤੇ ਸਾਰੇ ਡੈਮਾਂ ਦੇ ਨੱਕੋ-ਨੱਕ ਭਰਨ ਉਪਰੰਤ ਇਨ੍ਹਾਂ 'ਚੋਂ ਪਾਣੀ ਛੱਡੇ ਜਾਣ ਨਾਲ ਪੰਜਾਬ ਭਾਰੀ ਹੜ੍ਹਾਂ ਦੀ ਮਾਰ ਹੇਠ ਆ ਗਿਆ ਹੈ।



ਲਗਾਤਾਰ ਇਕ ਹਫ਼ਤੇ ਤੋਂ ਪੰਜਾਬ ਦੇ ਘੱਟੋ-ਘੱਟ ਅੱਠ ਜ਼ਿਲ੍ਹੇ ਭਾਰੀ ਹੜ੍ਹਾਂ ਦੀ ਲਪੇਟ 'ਚ ਹਨ, ਵੱਖ-ਵੱਖ ਕੇਂਦਰੀ ਏਜੰਸੀਆਂ ਰਾਜ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਪਾਣੀ ਵਿੱਚ ਡੁੱਬੇ ਇਲਾਕਿਆਂ 'ਚੋਂ ਫਸੇ ਲੋਕਾਂ ਨੂੰ ਕੱਢਣ ਲਈ ਅਣਥੱਕ ਮਿਹਨਤ ਕਰ ਰਹੀਆਂ ਹਨ। ਹੜ੍ਹ ਦੇ ਪਾਣੀ ਦੀ ਮਾਰ ਪੈਣ ਕਾਰਨ ਲੋਕਾਂ ਦੇ ਘਰ ਨੁਕਸਾਨੇ ਗਏ ਹਨ ਅਤੇ ਕਿਸਾਨਾਂ ਦੀ ਇਕ ਲੱਖ ਏਕੜ ਤੋਂ ਵੱਧ ਫ਼ਸਲ ਬਰਬਾਦ ਹੋ ਗਈ ਹੈ। ਅਧਿਕਾਰੀਆਂ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਬੇਨਤੀਆਂ ਤੋਂ ਬਾਅਦ, ਫ਼ੌਜ, ਸੀਮਾ ਸੁਰੱਖਿਆ ਬਲ, ਭਾਰਤੀ ਹਵਾਈ ਸੈਨਾ ਅਤੇ ਰਾਸ਼ਟਰੀ ਆਫ਼ਤ ਬਲ ਨੇ ਸੰਕਟ ਦੀ ਸਥਿਤੀ 'ਚ ਤੇਜ਼ੀ ਨਾਲ ਕਾਰਵਾਈ ਕੀਤੀ ਹੈ ਅਤੇ ਵੱਡੇ ਪੱਧਰ 'ਤੇ ਬਚਾਅ ਕਾਰਜ ਚਲਾ ਰਹੇ ਹਨ।

ਉਹ ਰਾਜ ਆਫ਼ਤ ਪ੍ਰਤੀਕਿਰਿਆ ਬਲ, ਪੰਜਾਬ ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਦੇ ਸਹਿਯੋਗ ਨਾਲ ਇਹ ਕਾਰਜ ਕਰ ਰਹੇ ਹਨ। ਅਧਿਕਾਰੀਆਂ ਨੇ ਕਿਹਾ ਕਿ ਹੁਣ ਤੱਕ ਬਚਾਏ ਗਏ ਲੋਕਾਂ 'ਚ ਬਜ਼ੁਰਗ, ਬੱਚੇ ਤੇ ਗਰਭਵਤੀ ਔਰਤਾਂ ਸ਼ਾਮਿਲ ਹਨ। ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਨੇ ਫ਼ੌਜੀ ਜਵਾਨਾਂ ਦੀ ਮਦਦ ਨਾਲ ਰਮਦਾਸ ਖੇਤਰ ਦੇ ਡੁੱਬੇ ਹੋਏ ਪਿੰਡਾਂ 'ਚ ਫਸੇ ਕਈ ਲੋਕਾਂ, ਜਿਨ੍ਹਾਂ 'ਚ ਔਰਤਾਂ, ਬੱਚੇ ਅਤੇ ਬਜ਼ੁਰਗ ਸ਼ਾਮਿਲ ਸਨ, ਨੂੰ ਸੁਰੱਖਿਅਤ ਬਚਾਇਆ। ਰਾਵੀ ਦਰਿਆ ਦੇ ਵਧਦੇ ਪਾਣੀ ਨਾਲ ਘਿਰੇ ਖੇਤਰ 'ਚ ਫਸੇ ਲੋਕਾਂ ਨੂੰ ਬਚਾਉਣ ਲਈ ਐਂਫੀਬੀਅਸ ਆਲ-ਟੇਰੇਨ ਵਾਹਨ (ਏ.ਟੀ.ਓ.ਆਰ.) ਅਤੇ ਕਿਸ਼ਤੀਆਂ ਤਾਇਨਾਤ ਕੀਤੀਆਂ ਗਈਆਂ। ਸਭ ਤੋਂ ਵੱਧ ਹੜ੍ਹਾਂ ਨਾਲ ਪ੍ਰਭਾਵਿਤ ਪਿੰਡ ਜ਼ਿਲ੍ਹਾ ਪਠਾਨਕੋਟ, ਜਲੰਧਰ,ਗੁਰਦਾਸਪੁਰ, ਫ਼ਾਜ਼ਿਲਕਾ, ਕਪੂਰਥਲਾ, ਤਰਨਤਾਰਨ, ਫਿਰੋਜ਼ਪੁਰ, ਹੁਸ਼ਿਆਰਪੁਰ ਅਤੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੋਏ ਹਨ। ਸੰਬੰਧਿਤ ਜ਼ਿਲ੍ਹਾ ਪ੍ਰਸ਼ਾਸਨ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਲੋਕਾਂ ਨੂੰ ਕਿਸ਼ਤੀਆਂ ਦੀ ਵਰਤੋਂ ਕਰਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾ ਰਿਹਾ ਹੈ। ਪੰਜਾਬ ਸਰਕਾਰ ਨੇ ਰਾਹਤ ਕਾਰਜਾਂ ਦੀ ਨਿਗਰਾਨੀ ਕਰਨ ਅਤੇ ਵਸਨੀਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਆਪਣੀ ਪੂਰੀ ਕੈਬਨਿਟ ਨੂੰ ਪ੍ਰਭਾਵਿਤ ਜ਼ਿਲ੍ਹਿਆਂ 'ਚ ਭੇਜਿਆ ਹੈ।

### ਮੁੱਖ ਮੰਤਰੀ, ਮੰਤਰੀ ਤੇ 'ਆਪ' ਵਿਧਾਇਕ ਦੇਣਗੇ ਇਕ ਮਹੀਨੇ ਦੀ ਤਨਖ਼ਾਹ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੂਰੀ ਕੈਬਨਿਟ ਅਤੇ ਆਮ ਆਦਮੀ ਪਾਰਟੀ (ਆਪ) ਦੇ ਸਾਰੇ ਵਿਧਾਇਕਾਂ ਨਾਲ ਮਿਲ ਕੇ ਸੂਬੇ 'ਚ ਹੜ੍ਹ ਰਾਹਤ ਕਾਰਜਾਂ ਲਈ ਆਪਣੀ ਇੱਕ ਮਹੀਨੇ ਦੀ ਤਨਖ਼ਾਹ ਦੇਣ ਦਾ ਫ਼ੈਸਲਾ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੁਦਰਤ ਦੇ ਕਹਿਰ ਕਾਰਨ ਪੰਜਾਬ ਨੂੰ ਕਾਫ਼ੀ ਨੁਕਸਾਨ ਹੋਇਆ ਹੈ ਅਤੇ ਇਹ ਅਜਿਹਾ ਸਮਾਂ ਹੈ, ਜਦੋਂ ਸਾਰੇ ਪੰਜਾਬੀਆਂ ਨੂੰ ਇੱਕ ਦੂਜੇ ਦੀ ਬਾਂਹ ਫੜਨ ਲਈ ਅੱਗੇ ਆਉਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਹ ਆਪਣੇ ਮੰਤਰੀਆਂ ਅਤੇ 'ਆਪ' ਵਿਧਾਇਕਾਂ ਨਾਲ ਮਿਲ ਕੇ ਹੜ੍ਹਾਂ ਤੋਂ ਪੀੜਤ ਲੋਕਾਂ ਦੀ ਸਹਾਇਤਾ ਲਈ ਇੱਕ ਮਹੀਨੇ ਦੀ ਤਨਖ਼ਾਹ ਦਾ ਯੋਗਦਾਨ ਪਾ ਰਹੇ ਹਨ।






# ਭਾਰਤ ਅਤੇ ਚੀਨ ਨੇ ਵਪਾਰਕ ਸੰਬੰਧ ਵਧਾਉਣ ਦਾ ਕੀਤਾ ਪ੍ਰਣ



**ਤਿਆਨਜਿਨ (ਚੀਨ):**ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਐਤਵਾਰ ਨੂੰ ਭਾਰਤ-ਚੀਨ ਸਰਹੱਦੀ ਮੁੱਦੇ ਦੇ 'ਨਿਰਪੱਖ, ਵਾਜਬ ਅਤੇ ਆਪਸੀ ਤੌਰ 'ਤੇ ਸਵੀਕਾਰਯੋਗ' ਹੱਲ ਅਤੇ ਵਿਸ਼ਵ ਵਪਾਰ ਨੂੰ ਸਥਿਰ ਕਰਨ ਵਿਚ ਦੋਵਾਂ ਅਰਥਵਿਵਸਥਾਵਾਂ ਦੀ ਭੂਮਿਕਾ ਨੂੰ ਸਵੀਕਾਰ ਕਰਦੇ ਹੋਏ ਵਪਾਰ ਅਤੇ ਨਿਵੇਸ਼ ਸੰਬੰਧਾਂ ਨੂੰ ਵਧਾਉਣ ਦਾ ਪ੍ਰਣ ਲਿਆ। ਆਪਣੀ ਵਿਆਪਕ ਗੱਲਬਾਤ 'ਚ, ਦੋਵਾਂ ਨੇਤਾਵਾਂ ਨੇ ਮੁੱਖ ਤੌਰ 'ਤੇ ਵਪਾਰ ਅਤੇ ਨਿਵੇਸ਼ ਸੰਬੰਧਾਂ ਨੂੰ ਵਧਾਉਣ 'ਤੇ ਧਿਆਨ ਕੇਂਦਰਿਤ ਕੀਤਾ। ਇਹ ਕਦਮ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਭਾਰਤੀ ਵਸਤੂਆਂ 'ਤੇ 50 ਪ੍ਰਤੀਸ਼ਤ ਸਮੇਤ ਵਿਆਪਕ ਟੈਰਿਫ ਲਗਾਉਣ ਕਾਰਨ ਵਿਸ਼ਵ ਵਪਾਰ ਵਿੱਚ ਵਿਘਨ ਦੇ ਪਿਛੋਕੜ ਵਿੱਚ ਆਇਆ ਹੈ।

ਸ਼ੰਘਾਈ ਸਹਿਯੋਗ ਸੰਗਠਨ ਸੰਮੇਲਨ ਦੇ ਮੌਕੇ 'ਤੇ ਹੋਈ ਮੀਟਿੰਗ 'ਚ, ਪ੍ਰਧਾਨ ਮੰਤਰੀ ਮੋਦੀ ਨੇ ਭਾਰਤ-ਚੀਨ ਸੰਬੰਧਾਂ ਦੇ ਨਿਰੰਤਰ ਵਿਕਾਸ ਲਈ ਸਰਹੱਦੀ ਖੇਤਰਾਂ 'ਚ ਅਮਨ ਅਤੇ ਸ਼ਾਂਤੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਨਵੀਂ ਦਿੱਲੀ ਆਪਸੀ ਵਿਸ਼ਵਾਸ, ਸਤਿਕਾਰ ਅਤੇ ਸੰਵੇਦਨਸ਼ੀਲਤਾ' ਦੇ ਅਧਾਰ 'ਤੇ ਸੰਬੰਧਾਂ ਨੂੰ ਅੱਗੇ ਵਧਾਉਣ ਲਈ ਵਚਨਬੱਧ ਹੈ। ਇਕ ਭਾਰਤੀ ਰਿਲੀਜ਼ ਦੇ ਅਨੁਸਾਰ, ਦੋਵੇਂ ਆਗੂ ਦੁਵੱਲੇ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਵਧਾਉਣ, ਵਪਾਰ ਘਾਟੇ ਨੂੰ ਘਟਾਉਣ ਅਤੇ ਦੁਵੱਲੇ ਖੇਤਰੀ ਅਤੇ ਵਿਸ਼ਵਵਿਆਪੀ ਮੁੱਦਿਆਂ ਅਤੇ ਬਹੁਪੱਖੀ ਫੋਰਮਾਂ 'ਤੇ ਅੱਤਵਾਦ ਅਤੇ ਨਿਰਪੱਖ ਵਪਾਰ ਵਰਗੀਆਂ ਚੁਣੌਤੀਆਂ 'ਤੇ ਸਾਂਝਾ ਆਧਾਰ ਬਣਾਉਣ ਲਈ ਸਹਿਮਤ ਹੋਏ। 'ਸਾਡਾ ਸਹਿਯੋਗ ਦੋਵਾਂ ਦੇਸ਼ਾਂ ਦੇ 2.8 ਅਰਬ ਲੋਕਾਂ ਦੇ ਹਿੱਤਾਂ ਨਾਲ ਜੁੜਿਆ ਹੋਇਆ ਹੈ। ਇਹ ਸਾਰੀ ਮਨੁੱਖਤਾ ਦੀ ਭਲਾਈ ਲਈ ਵੀ ਰਾਹ ਪੱਧਰਾ ਕਰੇਗਾ,' ਮੋਦੀ ਨੇ ਹਿੰਦੀ 'ਚ ਆਪਣੇ ਟੈਲੀਵਿਜ਼ਨ ਉਦਘਾਟਨੀ ਭਾਸ਼ਨ 'ਚ ਕਿਹਾ। ਵਿਦੇਸ਼ ਮੰਤਰਾਲੇ ਨੇ ਇਕ ਰਿਲੀਜ਼ 'ਚ ਕਿਹਾ ਕਿ ਮੋਦੀ ਅਤੇ ਸ਼ੀ ਨੇ ਵਿਸ਼ਵ ਵਪਾਰ ਨੂੰ ਸਥਿਰ ਕਰਨ ਵਿੱਚ ਦੋਵਾਂ ਅਰਥਵਿਵਸਥਾਵਾਂ ਦੀ ਭੂਮਿਕਾ ਨੂੰ ਸਵੀਕਾਰ ਕੀਤਾ ਅਤੇ ਦੁਵੱਲੇ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਵਧਾਉਣ ਅਤੇ ਵਪਾਰ ਘਾਟੇ ਨੂੰ ਘਟਾਉਣ ਲਈ ਰਾਜਨੀਤਿਕ ਅਤੇ ਰਣਨੀਤਕ ਦਿਸ਼ਾ ਵਿੱਚ ਅੱਗੇ ਵਧਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਪ੍ਰਧਾਨ ਮੰਤਰੀ ਨੇ ਧਿਆਨ ਦਿੱਤਾ ਕਿ ਭਾਰਤ ਅਤੇ ਚੀਨ ਦੋਵੇਂ ਰਣਨੀਤਕ ਖੁਦਮੁਖਤਿਆਰੀ ਚਾਹੁੰਦੇ ਹਨ ਅਤੇ ਉਨ੍ਹਾਂ ਦੇ ਸਬੰਧਾਂ ਨੂੰ ਕਿਸੇ ਤੀਜੇ ਦੇਸ਼ ਦੇ ਅੱਖ ਰਾਹੀਂ ਨਹੀਂ ਦੇਖਿਆ ਜਾਣਾ ਚਾਹੀਦਾ। ਦੋਵਾਂ ਆਗੂਆਂ ਨੇ ਦੁਵੱਲੇ, ਖੇਤਰੀ ਅਤੇ ਵਿਸ਼ਵਵਿਆਪੀ ਮੁੱਦਿਆਂ ਅਤੇ ਬਹੁਪੱਖੀ ਫੋਰਮਾਂ 'ਤੇ ਅੱਤਵਾਦ ਅਤੇ ਨਿਰਪੱਖ ਵਪਾਰ ਵਰਗੀਆਂ ਚੁਣੌਤੀਆਂ 'ਤੇ ਸਾਂਝਾ ਆਧਾਰ ਵਧਾਉਣਾ ਜ਼ਰੂਰੀ ਸਮਝਿਆ। ਇਕ ਸੋਸ਼ਲ ਮੀਡੀਆ ਪੋਸਟ 'ਚ ਮੋਦੀ ਨੇ ਸ਼ੀ ਨਾਲ ਆਪਣੀ ਗੱਲਬਾਤ ਨੂੰ 'ਫਲਦਾਇਕ' ਦੱਸਿਆ।

ਬਿਆਨ 'ਚ ਕਿਹਾ ਗਿਆ ਕਿ ਪਿਛਲੇ ਕੁਝ ਮਹੀਨਿਆਂ ਵਿੱਚ, ਦੋਵਾਂ ਧਿਰਾਂ ਨੇ ਆਪਣੇ ਸਬੰਧਾਂ ਨੂੰ ਬਹਾਲ ਕਰਨ ਲਈ ਕਈ ਕਦਮ ਚੁੱਕੇ ਹਨ, ਜੋ ਜੂਨ 2020 'ਚ ਗਲਵਾਨ ਘਾਟੀ 'ਚ ਭਾਰਤੀ ਅਤੇ ਚੀਨੀ ਫੌਜਾਂ ਵਿਚਕਾਰ ਹੋਈਆਂ ਘਾਤਕ ਝੜਪਾਂ ਤੋਂ ਬਾਅਦ ਗੰਭੀਰ ਤਣਾਅ 'ਚ ਆ ਗਏ ਸਨ। ਦੋਵਾਂ ਆਗੂਆਂ ਨੇ ਪਿਛਲੇ ਸਾਲ ਫੌਜਾਂ ਦੀ ਸਫਲਤਾਪੂਰਵਕ ਵਾਪਸੀ ਅਤੇ ਉਦੋਂ ਤੋਂ ਸਰਹੱਦੀ ਖੇਤਰਾਂ ਵਿੱਚ ਅਮਨ ਅਤੇ ਸ਼ਾਂਤੀ ਬਣਾਈ ਰੱਖਣ 'ਤੇ ਸੰਤੁਸ਼ਟੀ ਪ੍ਰਗਟ ਕੀਤੀ। ਸੱਤ ਸਾਲਾਂ ਦੇ ਵਕਫੇ ਤੋਂ ਬਾਅਦ ਚੀਨ ਪਹੁੰਚੇ ਮੋਦੀ ਨੇ ਮੀਟਿੰਗ 'ਚ ਕਿਹਾ ਕਿ ਪਿਛਲੇ ਸਾਲ ਅਕਤੂਬਰ ਵਿੱਚ ਰੂਸੀ ਸ਼ਹਿਰ ਕਜ਼ਾਨ ਵਿੱਚ ਉਨ੍ਹਾਂ ਅਤੇ ਸ਼ੀ ਦੀ ਮੁਲਾਕਾਤ ਤੋਂ ਬਾਅਦ ਸਰਹੱਦ 'ਤੇ ਸ਼ਾਂਤੀ ਅਤੇ ਸਥਿਰਤਾ ਦਾ ਮਾਹੌਲ ਬਣਿਆ ਹੋਇਆ ਹੈ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦੋਵੇਂ ਦੇਸ਼ ਵਿਕਾਸ ਭਾਈਵਾਲ ਹਨ, ਵਿਰੋਧੀ ਨਹੀਂ ਅਤੇ ਉਨ੍ਹਾਂ ਦੇ ਮਤਭੇਦ ਵਿਵਾਦਾਂ 'ਚ ਨਹੀਂ ਬਦਲਣੇ ਚਾਹੀਦੇ। ਭਾਰਤ ਅਤੇ ਚੀਨ ਅਤੇ ਉਨ੍ਹਾਂ ਦੇ 2.8 ਅਰਬ ਲੋਕਾਂ ਵਿਚਕਾਰ ਆਪਸੀ ਸਤਿਕਾਰ, ਆਪਸੀ ਹਿੱਤ ਅਤੇ ਆਪਸੀ ਸੰਵੇਦਨਸ਼ੀਲਤਾ 'ਤੇ ਅਧਾਰਤ ਇੱਕ ਸਥਿਰ ਸਬੰਧ ਅਤੇ ਸਹਿਯੋਗ ਦੋਵਾਂ ਦੇਸ਼ਾਂ ਦੇ ਵਿਕਾਸ ਅਤੇ ਤਰੱਕੀ ਦੇ ਨਾਲ-ਨਾਲ 21ਵੀਂ ਸਦੀ ਦੇ ਰੁਝਾਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਹੁ-ਧਰੁਵੀ ਸੰਸਾਰ ਅਤੇ ਬਹੁ-ਧਰੁਵੀ ਏਸ਼ੀਆ ਲਈ ਜ਼ਰੂਰੀ ਹੈ।

ਉਨ੍ਹਾਂ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਆਪਣੀਆਂ ਗੱਲਬਾਤਾਂ ਵਿੱਚ ਦੋ ਵਿਸ਼ੇਸ਼ ਪ੍ਰਤੀਨਿਧੀਆਂ ਦੁਆਰਾ ਲਏ ਗਏ ਮਹੱਤਵਪੂਰਨ ਫੈਸਲਿਆਂ ਨੂੰ ਮਾਨਤਾ ਦਿੱਤੀ ਅਤੇ ਉਨ੍ਹਾਂ ਦੇ ਯਤਨਾਂ ਦਾ ਹੋਰ ਸਮਰਥਨ ਕਰਨ ਲਈ ਸਹਿਮਤ ਹੋਏ। ਮੋਦੀ ਅਤੇ ਸ਼ੀ ਨੇ ਕੈਲਾਸ਼ ਮਾਨਸਰੋਵਰ ਯਾਤਰਾ ਅਤੇ ਸੈਲਾਨੀ ਵੀਜ਼ਾ ਦੀ ਮੁੜ ਸ਼ੁਰੂਆਤ, ਸਿੱਧੀਆਂ ਉਡਾਣਾਂ ਰਾਹੀਂ ਲੋਕ ਸੰਬੰਧਾਂ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ 'ਤੇ ਵੀ ਧਿਆਨ ਦਿੱਤਾ। ਉਨ੍ਹਾਂ ਨੇ ਆਪਣੇ ਸਮੁੱਚੇ ਦੁਵੱਲੇ ਸਬੰਧਾਂ ਦੇ ਰਾਜਨੀਤਿਕ ਦ੍ਰਿਸ਼ਟੀਕੋਣ ਅਤੇ ਦੋਵਾਂ ਦੇਸ਼ਾਂ ਦੇ ਲੋਕਾਂ ਦੇ ਲੰਬੇ ਸਮੇਂ ਦੇ ਹਿੱਤਾਂ ਤੋਂ ਸਰਹੱਦੀ ਸਵਾਲ ਦੇ ਇਕ ਨਿਰਪੱਖ, ਵਾਜਬ ਅਤੇ ਆਪਸੀ ਤੌਰ 'ਤੇ ਸਵੀਕਾਰਯੋਗ ਹੱਲ ਲਈ ਆਪਣੀ ਵਚਨਬੱਧਤਾ ਪ੍ਰਗਟ ਕੀਤੀ। ਮੋਦੀ ਨੇ ਐੱਸ. ਸੀ. ਓ. ਦੀ ਚੀਨ ਦੀ ਪ੍ਰਧਾਨਗੀ ਅਤੇ ਤਿਆਨਜਿਨ 'ਚ ਸੰਮੇਲਨ ਲਈ ਸਮਰਥਨ ਪ੍ਰਗਟ ਕੀਤਾ। ਉਨ੍ਹਾਂ ਨੇ ਰਾਸ਼ਟਰਪਤੀ ਸ਼ੀ ਨੂੰ 2026 'ਚ ਭਾਰਤ ਵਲੋਂ ਕਰਵਾਏ ਜਾਣ ਵਾਲੇ ਬ੍ਰਿਕਸ ਸੰਮੇਲਨ ਲਈ ਵੀ ਸੱਦਾ ਦਿੱਤਾ।

25ਵਾਂ ਸ਼ੰਘਾਈ ਸਹਿਯੋਗ ਸੰਗਠਨ (ਐਸ.ਸੀ.ਓ.) ਸੰਮੇਲਨ ਐਤਵਾਰ ਰਾਤ ਨੂੰ ਇੱਥੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੁਆਰਾ ਆਯੋਜਿਤ ਇਕ ਵਿਸ਼ਾਲ ਦਾਅਵਤ ਨਾਲ ਰਸਮੀ ਤੌਰ 'ਤੇ ਸ਼ੁਰੂ ਹੋਇਆ, ਜਿਸ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਵੀ ਸ਼ਿਰਕਤ ਕੀਤੀ। ਸ਼ੀ ਨੇ ਆਪਣੀ ਪਤਨੀ ਪੇਂਗ ਲਿਯੁਆਨ ਨਾਲ ਅੰਤਰਰਾਸ਼ਟਰੀ ਮਹਿਮਾਨਾਂ ਦਾ ਸਵਾਗਤ ਕਰਨ ਲਈ ਚੀਨ ਦੇ ਬੰਦਰਗਾਹ ਸ਼ਹਿਰ ਤਿਆਨਜਿਨ 'ਚ ਦਾਅਵਤ ਦੀ ਮੇਜ਼ਬਾਨੀ ਕੀਤੀ। ਇਸ ਸਾਲ ਦੇ ਸੰਮੇਲਨ ਨੂੰ ਸਭ ਤੋਂ ਵੱਡਾ 10-ਮੈਂਬਰੀ ਐਸ.ਸੀ.ਓ. ਸਮੂਹ ਦੱਸਿਆ ਗਿਆ ਹੈ ਕਿਉਂਕਿ ਚੀਨ, ਜੋ ਇਸ ਸਾਲ ਸੰਗਠਨ ਦੀ ਪ੍ਰਧਾਨਗੀ ਸੰਭਾਲ ਰਿਹਾ ਹੈ, ਨੇ 20 ਵਿਦੇਸ਼ੀ ਨੇਤਾਵਾਂ ਤੇ 10 ਅੰਤਰਰਾਸ਼ਟਰੀ ਸੰਗਠਨਾਂ ਦੇ ਮੁਖੀਆਂ ਨੂੰ ਸੱਦਾ ਦਿੱਤਾ ਹੈ, ਜਿਸ 'ਚ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਸ ਵੀ ਸ਼ਾਮਿਲ ਹਨ।

## ਮੋਦੀ ਨੇ ਚੁੱਕਿਆ ਸਰਹੱਦ ਪਾਰ ਅੱਤਵਾਦ ਦਾ ਮੁੱਦਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੀਟਿੰਗ ਦੌਰਾਨ ਪਹਿਲ ਦੇ ਤੌਰ 'ਤੇ ਸਰਹੱਦ ਪਾਰ ਅੱਤਵਾਦ ਦੀ ਚੁਣੌਤੀ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਇਸ ਨਾਲ ਨਜਿੱਠਣ 'ਚ ਇਕ-ਦੂਜੇ ਨੂੰ ਸਹਿਯੋਗ ਦੇਣ ਦੀ ਵਕਾਲਤ ਕੀਤੀ ਕਿਉਂਕਿ ਭਾਰਤ ਤੇ ਚੀਨ ਦੋਵੇਂ ਇਸ ਖ਼ਤਰੇ ਤੋਂ ਪ੍ਰਭਾਵਤ ਹਨ। ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਭਾਰਤ ਤੇ ਚੀਨ ਦੋਵਾਂ ਨੂੰ ਪ੍ਰਭਾਵਤ ਕਰਨ ਵਾਲਾ ਮੁੱਦਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਮੈਂ ਇਹ ਵੀ ਕਹਾਂਗਾ ਕਿ ਮੌਜੂਦਾ ਐੱਸਸੀਓ ਸਿਖਰ ਸੰਮੇਲਨ 'ਦੇ ਸੰਦਰਭ 'ਚ ਸਰਹੱਦ ਪਾਰਲੇ ਅੱਤਵਾਦ ਦੇ ਮੁੱਦੇ ਨਾਲ ਨਜਿੱਠਣ 'ਚ ਸਾਨੂੰ ਚੀਨ ਵੱਲੋਂ ਸਹਿਯੋਗ ਮਿਲਿਆ ਹੈ। ਮਿਸਰੀ ਦੀ ਟਿੱਪਣੀ ਨੂੰ ਇਸ ਗੱਲ ਦਾ ਸੰਕੇਤ ਮੰਨਿਆ ਜਾ ਰਿਹਾ ਹੈ ਕਿ ਐੱਸਸੀਓ ਐਲਾਨਨਾਮੇ 'ਚ ਪਾਕਿਸਤਾਨ ਵੱਲੋਂ ਪੈਦਾ ਹੋਏ ਸਰਹੱਦ ਪਾਰਲੇ ਅੱਤਵਾਦ ਦੀ ਕੁਝ ਆਲੋਚਨਾ ਜਾਂ ਨਿੰਦਾ ਸ਼ਾਮਲ ਹੋ ਸਕਦੀ ਹੈ।

# ਸੀ.ਆਈ.ਐੱਸ.ਐੱਫ. ਨੇ ਸੰਭਾਲੀ ਭਾਖੜਾ ਡੈਮ ਦੀ ਸੁਰੱਖਿਆ

**ਨੰਗਲ:**ਦੇਸ਼ ਦੇ ਸੰਵੇਦਨਸ਼ੀਲ ਪ੍ਰੋਜੈਕਟਾਂ 'ਚ ਗਿਣੇ ਜਾਣ ਵਾਲੇ ਭਾਖੜਾ ਨੰਗਲ ਪਣ ਬਿਜਲੀ ਪ੍ਰੋਜੈਕਟ ਦੀ ਸੁਰੱਖਿਆ ਦਾ ਮੋਰਚਾ ਪੰਜਾਬ ਸਰਕਾਰ ਦੇ ਵਿਰੋਧ ਦੇ ਬਾਵਜੂਦ 1 ਆਖ਼ਰਕਾਰ ਕੇਂਦਰੀ ਸਨਅਤ ਸੁਰੱਖਿਆ ਬਲ (ਸੀਆਈਐੱਸਐੱਫ) ਨੇ ਸੰਭਾਲ ਲਿਆ। ਸੀ.ਆਈ.ਐੱਸ.ਐੱਫ. ਦੇ 150 ਜਵਾਨ ਡੈਮ ਦੀ ਸੁਰੱਖਿਆ ਲਈ ਪੁੱਜ ਗਏ। ਇਸ ਤੋਂ ਪਹਿਲਾਂ ਲੰਘੇ ਵੀਰਵਾਰ ਨੂੰ 15 ਜਵਾਨ ਦੇ ਅਧਿਕਾਰੀ ਨੰਗਲ ਟਾਊਨ ਪੁੱਜ ਗਏ ਸਨ। ਪੰਜਾਬ ਸਰਕਾਰ ਦੀ ਸੀ.ਆਈ.ਐੱਸ.ਐਫ. ਦੀ ਤਾਇਨਾਤੀ ਬਾਰੇ ਕੇਂਦਰ ਵੱਲੋਂ ਪੰਜਾਬ ਦੇ ਅਧਿਕਾਰਾਂ 'ਚ ਸਿੱਧੀ ਦਖ਼ਲਅੰਦਾਜ਼ੀ ਕਰਾਰ ਦੇ ਚੁੱਕੀ ਹੈ।

ਜਦੋ ਤੋਂ ਨੰਗਲ ਤੇ ਭਾਖੜਾ ਡੈਮ ਹੋਂਦ 'ਚ ਆਏ ਹਨ ਉਦੋਂ ਤੋਂ ਹੀ ਪੰਜਾਬ ਪੁਲਿਸ ਹੀ ਇਨ੍ਹਾਂ ਦੀ ਸੁਰੱਖਿਆ ਕਰਦੀ ਰਹੀ ਹੈ। ਲੰਘੇ ਜੂਨ ਮਹੀਨੇ ਹਰਿਆਣਾ ਵੱਲੋਂ ਵਾਧੂ ਪਾਣੀ ਮੰਗੇ ਜਾਣ ਤੋਂ ਬਾਅਦ, ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਇਸ ਦਾ ਸਖ਼ਤ ਵਿਰੋਧ ਕੀਤਾ ਗਿਆ। ਵਾਧੂ ਪੰਜਾਬ ਪੁਲਿਸ ਵੀ ਉੱਥੇ ਤਾਇਨਾਤ ਕੀਤੀ ਗਈ।



ਇਸ ਤੋਂ ਬਾਅਦ ਜਦੋਂ ਮਾਮਲਾ ਹਾਈ ਕੋਰਟ ਪੁਜਾ ਤਾਂ ਬੀਬੀਐੱਮਬੀ ਨੇ ਸੀਆਈਐੱਸਐਫ਼ ਲਗਾਉਂਣ ਦੀ ਮੰਗ ਰੱਖੀ ਜੋ ਮਨਜ਼ੂਰ ਹੋ ਗਈ। ਇਸ ਤੋਂ ਬਾਅਦ ਹੀ ਭਾਖੜਾ ਤੇ ਨੰਗਲ ਡੈਮ 'ਤੇ ਸੀਆਈਐੱਸਐੱਫ ਦੀ ਤਾਇਨਾਤੀ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਸੀ। ਇਸ ਤਹਿਤ ਅਧਿਕਾਰੀਆਂ ਸਮੇਤ ਕੁਲ 200 ਜਵਾਨ ਤਾਇਨਾਤ ਕੀਤੇ ਜਾਣੇ ਸਨ। ਇਸ ਦੇ ਪਹਿਲੇ ਪੜਾਅ ਤਹਿਤ ਲੰਘੇ ਵੀਰਵਾਰ ਨੂੰ ਪੰਜ ਜਵਾਨ ਤੇ 10 ਅਧਿਕਾਰੀ ਡੈਮ 'ਤੇ ਪੁੱਜੇ ਸਨ। ਉਨ੍ਹਾਂ ਵੱਲੋਂ ਜਾਇਜ਼ਾ ਲੈਣ ਤੋਂ ਬਾਅਦ ਐਤਵਾਰ ਨੂੰ 150 ਜਵਾਨ ਹੋਰ ਪੁੱਜੇ। ਦੱਸਿਆ ਜਾ ਰਿਹਾ ਹੈ ਕਿ ਬਾਕੀ ਜਵਾਨ ਤੀਜੇ ਪੜਾਅ 'ਚ ਪੁੱਜਣਗੇ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ 'ਚੋਂ 100 ਦੇ ਕਰੀਬ ਜਵਾਨਾਂ ਨੇ ਡਿਊਟੀ ਸੰਭਾਲ ਲਈ ਹੈ।

Maxspurt
Sell, Buy, Invest, Finance or Insure Real Estate & Business In State Of Texas.

MAXSPURT 'ਤੇ ਅਸੀਂ ਇਹ ਸੇਵਾਵਾਂ ਦਿੰਦੇ ਹਾਂ!

REAL ESTATE (RESIDENTIAL & COMMERCIAL)
* ਘਰ ਜਾਂ ਕਮਰਸ਼ੀਅਲ ਜਾਇਦਾਦ ਵੇਚੋ, ਖਰੀਦੋ ਜਾਂ ਕਿਰਾਏ 'ਤੇ ਲਵੋ
* ਆਫ ਮਾਰਕੀਟ Opportunities
* ਖਰੀਦਦਾਰ ਅਤੇ ਵੇਚਣ ਵਾਲਿਆਂ ਦੀ ਨੁਮਾਇੰਦਗੀ
* 1031 ਐਕਸਚੇਂਜ Opportunities

LENDING SOLUTIONS
* ਰੈਜ਼ੀਡੈਂਸ਼ਲ ਮਾਰਟਗੇਜ (CONVENTIONAL, FHA, VA, JUMBO)
* ਕਮਰਸ਼ੀਅਲ ਲੋਨ (RETAIL, MULTIFAMILY, OFFICE, SBA)
* ਬ੍ਰਿਜ ਲੋਨ ਅਤੇ ਹਾਰਡ ਮਨੀ ਫਾਇਨੈਂਸਿੰਗ
* ਲੋਨ ਸਟ੍ਰਕਚਰਿੰਗ ਅਤੇ ਰੀਫਾਇਨੈਂਸ

INSURANCE SERVICES
*ਹੋਮ, ਆਟੋ ਤੇ ਬਿਜ਼ਨਸ ਲਈ ਪ੍ਰਾਪਰਟੀ ਅਤੇ ਕੈਜ਼ੁਐਲਿਟੀ ਇਨਸ਼ੋਰੈਂਸ
* ਕਮਰਸ਼ੀਅਲ ਟਰੱਕ ਅਤੇ ਟਰੱਕਿੰਗ ਇਨਸ਼ੋਰੈਂਸ
* ਮਕਾਨ ਮਾਲਕਾਂ ਲਈ ਰੈਂਟਲ ਇਨਸ਼ੋਰੈਂਸ
* ਵਪਾਰ ਲਈ ਕਸਟਮ ਇਨਸ਼ੋਰੈਂਸ ਪੈਕੇਜ

ਭੂੀੰਓ ੰਓੁਡੀਛਓ & ਭ੍ਹਖਓੁਓਘਓ
* ਬਿਜ਼ਨਸ ਖਰੀਦੋ ਜਾਂ ਵੇਚੋ
* ਬਿਜ਼ਨਸ ਦੀ ਕੀਮਤ ਅਤੇ ਡੀਲ ਸਟਰਕਚਰ ਕਰਨਾ
* LLC ਜਾਂ CORPORATION ਬਣਾਉਣਾ ਅਤੇ ਲਾਇਸੈਂਸ ਲੈਣਾ
* ਬੁੱਕਕੀਪਿੰਗ, ਅਕਾਊਂਟਿੰਗ ਅਤੇ ਟੈਕਸ ਫਾਈਲਿੰਗ

ASSET MANAGEMENT
* HOA ਅਤੇ ਕਮਿਊਨਿਟੀ ਮੈਨੇਜਮੈਂਟ
* ਕਮਰਸ਼ੀਅਲ ਪ੍ਰਾਪਰਟੀ ਮੈਨੇਜਮੈਂਟ
* ਕੋਆਰਡੀਨੇਸ਼ਨ ਅਤੇ ਮੁਰੰਮਤ *ਕਿਰਾਏਦਾਰ ਸਬੰਧੀ ਸੇਵਾਵਾਂ

ASSET MAINTENANCE
* ਰੁਟੀਨ ਸਰਵਿਸ ਅਤੇ ਮੁਰੰਮਤ
* ਸੁਰੱਖਿਆ ਅਤੇ ਕੰਪਲਾਇੰਸ ਚੈਕ
* ਮੁਰੰਮਤ ਦੀਆਂ ਮੰਗਾਂ ਦੇ ਨਿਪਟਾਰੇ

TEAM MAXSPURT
8330 LBJ FWY, SUITE B520, DALLAS, TX 75243
(972) 918-5500 (DESK)
(972) 585-5500 (ROY MALKISON)
(972) 375-8628 (AMARJIT DHILLON)

Amarjit Dhillon
(Business Development Manager)
Maxspurt-LIBRA

Roy Malkison (Prabhat)
Licensed Real Estate, Loans & Insurance Professional In Texas.

Maxspurt Lending Inc. (NMLS #2021549), MAXSPURT Reality Inc., and, Manxspurt Insurance Agency Inc. are licensed brokerages operating in the state of Texas, providing regulated services in lending, real estate, and insurance under applicable Texas laws

# 14 ਲੱਖ ਕਿਊਸਿਕ ਪਾਣੀ ਨਾਲ ਦਹਿਲਿਆ ਸੂਬਾ

**ਚੰਡੀਗੜ੍ਹ:** ਪੰਜਾਬ ਇਸ ਵੇਲੇ ਆਪਣੇ ਇਤਿਹਾਸ ਦੇ ਸਭ ਤੋਂ ਭਿਆਨਕ ਹੜ੍ਹਾਂ ਦਾ ਸਾਹਮਣਾ ਕਰ ਰਿਹਾ ਹੈ। ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਰਾਹਤ ਤੇ ਬਚਾਅ ਕਾਰਜਾਂ ਲਈ ਐਨ.ਡੀ.ਆਰ.ਐਫ. ਦੀਆਂ 11 ਟੀਮਾਂ ਅਤੇ ਫ਼ੌਜ ਨੂੰ ਤਾਇਨਾਤ ਕੀਤਾ ਗਿਆ ਹੈ। ਪਠਾਨਕੋਟ, ਹੁਸ਼ਿਆਰਪੁਰ ਤੇ ਰੂਪਨਗਰ 'ਚ ਬਚਾਅ ਟੀਮਾਂ ਲਗਾਤਾਰ ਕੰਮ ਕਰ ਰਹੀਆਂ ਹਨ। ਪਿੰਡਾਂ ਦੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾਇਆ ਜਾ ਰਿਹਾ ਹੈ।

## ਸੰਗਰੂਰ ਤੇ ਮਾਨਸਾ 'ਚ ਦੋ ਮੌਤਾਂ

ਐਤਵਾਰ ਸਵੇਰੇ ਸੰਗਰੂਰ ਦੇ ਪਿੰਡ ਸੰਗਤਪੁਰਾ 'ਚ ਇਕ ਘਰ ਦੀ ਛੱਤ ਡਿੱਗ ਗਈ, ਜਿਸ ਵਿਚ 60 ਸਾਲਾ ਕਰਮਜੀਤ ਕੌਰ ਦੀ ਮੌਤ ਹੋ ਗਈ, ਜਦਕਿ ਉਸ ਦੀ ਧੀ ਮਨਦੀਪ ਕੌਰ ਤੇ ਜਵਾਈ ਸੁਖਪਾਲ ਸਿੰਘ ਗੰਭੀਰ ਜ਼ਖਮੀ ਹੋ ਗਏ।

ਇਸੇ ਦਿਨ ਮਾਨਸਾ ਦੇ ਪਿੰਡ ਜਵਾਹਰਕੇ 'ਚ ਇੱਟਾਂ ਦੇ ਭੱਠੇ ਦੀ ਕੰਧ ਡਿੱਗਣ ਨਾਲ 58 ਸਾਲਾ ਕਿਸਾਨ ਜਗਜੀਵਨ ਸਿੰਘ ਦੀ ਮੌਤ ਹੋ ਗਈ। ਘਟਨਾ ਦੀ ਸੀ.ਸੀ.ਟੀ.ਵੀ ਫੁਟੇਜ ਵੀ ਸਾਹਮਣੇ ਆਈ।

## ਵਿਸ਼ੇਸ਼ ਰੇਲ ਗੱਡੀਆਂ ਚਲਾਈਆਂ

ਯਾਤਰੀਆਂ ਦੀ ਸਹੂਲਤ ਲਈ ਉੱਤਰੀ ਰੇਲਵੇ ਨੇ ਜੰਮੂ ਤੋਂ 3 ਵਿਸ਼ੇਸ਼ ਰੇਲ ਗੱਡੀਆਂ ਚਲਾਉਣ ਦਾ ਫ਼ੈਸਲਾ ਕੀਤਾ ਹੈ। ਇਨ੍ਹਾਂ 'ਚ ਜੰਮੂ ਤਵੀ ਤੋਂ ਕੋਲਕਾਤਾ (03152), ਚੇਨਈ ਸੈਂਟਰਲ (04676) ਤੇ ਨਵੀਂ ਦਿੱਲੀ (04674) ਵੱਲ ਜਾਣ ਵਾਲੀਆਂ ਗੱਡੀਆਂ ਸ਼ਾਮਿਲ ਹਨ। ਇਹ ਰੇਲ ਗੱਡੀਆਂ ਪਠਾਨਕੋਟ ਕੈਂਟ, ਜਲੰਧਰ ਕੈਂਟ ਤੇ ਲੁਧਿਆਣਾ ਰਾਹੀਂ ਆਪਣੇ ਮਾਰਗਾਂ



'ਤੇ ਰਵਾਨਾ ਹੋਣਗੀਆਂ।

## 1988 ਨਾਲੋਂ ਵੱਡਾ ਹੜ੍ਹ

ਸਰਕਾਰੀ ਅੰਕੜਿਆਂ ਅਨੁਸਾਰ 1988 ਦੇ ਹੜ੍ਹ 'ਚ 11.20 ਲੱਖ ਕਿਊਸਿਕ ਪਾਣੀ ਪੰਜਾਬ 'ਚ ਆਇਆ ਸੀ ਪਰ ਇਸ ਵਾਰ ਪਾਣੀ ਦੀ ਮਾਤਰਾ 14.11 ਲੱਖ ਕਿਊਸਿਕ ਤੱਕ ਪਹੁੰਚ ਚੁੱਕੀ ਹੈ। ਹਾਲਾਂਕਿ, ਵਧਦਾ ਪਾਣੀ ਤੇ ਲਗਾਤਾਰ ਮੀਂਹ ਸਥਿਤੀ ਨੂੰ ਹੋਰ ਖ਼ਤਰਨਾਕ ਬਣਾ ਰਿਹਾ ਹੈ।

# ਪੰਜਾਬ ਦੇ ਰੁਕੇ ਹੋਏ 60 ਹਜ਼ਾਰ ਕਰੋੜ ਰੁਪਏ ਜਾਰੀ ਕਰੇ ਕੇਂਦਰ: ਮੁੱਖ ਮੰਤਰੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਕੋਲ ਰੁਕੇ ਪਏ 60,000 ਕਰੋੜ ਰੁਪਏ ਦੇ ਫੰਡ ਜਾਰੀ ਕਰਨ ਦੀ ਮੰਗ ਕੀਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੇ ਪੱਤਰ 'ਚ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨੂੰ ਪੰਜਾਬ 'ਚ ਹੜ੍ਹਾਂ ਦੀ ਗੰਭੀਰ ਸਥਿਤੀ ਤੋਂ ਜਾਣੂੰ ਕਰਵਾਇਆ ਤੇ ਇਸ ਨੂੰ ਲੰਬੇ ਸਮੇਂ ਬਾਅਦ ਆਈ ਸਭ ਤੋਂ ਭਿਆਨਕ ਆਫ਼ਤ ਦੱਸਿਆ। ਉਨ੍ਹਾਂ ਕਿਹਾ ਕਿ ਇਸ ਕੁਦਰਤੀ ਆਫ਼ਤ ਨਾਲ ਲਗਪਗ ਇਕ ਹਜ਼ਾਰ ਪਿੰਡ ਤੇ ਲੱਖਾਂ ਲੋਕ ਪ੍ਰਭਾਵਿਤ ਹੋਏ ਹਨ। ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਦੇ ਧਿਆਨ 'ਚ ਇਹ ਵੀ ਲਿਆਂਦਾ ਕਿ ਜੀ.ਐਸ.ਟੀ. ਲਾਗੂ ਕਰਨ ਤੇ ਵੈਟ ਸ਼ਾਸਨ ਤੋਂ ਤਬਦੀਲੀ ਕਾਰਨ ਸੂਬੇ ਨੂੰ 49,727 ਕਰੋੜ ਰੁਪਏ ਦਾ ਮਾਲੀਆ ਨੁਕਸਾਨ ਹੋਇਆ ਹੈ, ਪਰ ਇਸ ਦਾ ਭਾਰਤ ਸਰਕਾਰ ਵਲੋਂ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਾਲਾਂ 'ਚ ਪੇਂਡੂ ਵਿਕਾਸ ਫੰਡ (ਆਰ.ਡੀ.ਐਫ.) ਤੇ ਮਾਰਕੀਟ ਵਿਕਾਸ ਫੰਡ (ਐਮ.ਡੀ.ਐਫ.) 'ਚ ਕਮੀ 8 ਹਜ਼ਾਰ ਕਰੋੜ ਤੋਂ ਵੱਧ ਹੋ ਗਈ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ 'ਚ ਹਾਲ ਹੀ 'ਚ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ 828 ਕਰੋੜ ਰੁਪਏ ਦੇ ਪ੍ਰਾਜੈਕਟਾਂ ਨੂੰ ਰੱਦ ਕਰਨ ਨਾਲ ਪੇਂਡੂ ਲਿੰਕ ਸੜਕਾਂ 'ਤੇ ਮਾੜਾ ਪ੍ਰਭਾਵ ਪਵੇਗਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਹੜ੍ਹਾਂ ਦੀ ਮਾਰ ਝੱਲਣ ਵਾਲੇ ਕਿਸਾਨਾਂ ਨੂੰ ਘੱਟੋ-ਘੱਟ 50 ਹਜ਼ਾਰ ਰੁਪਏ ਪ੍ਰਤੀ ਏਕੜ ਦਾ ਭੁਗਤਾਨ ਕਰਨਾ ਚਾਹੁੰਦੀ ਹੈ।




ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease,
At any Age, Try Alternative Treatment

Homeopathic Natural Medicines — Serving Since 1973


Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577
State of CA

# Matrimonials

## ਲੜਕੇ ਦੀ ਲੋੜ ਹੈ

Looking for a well-educated and professional Jat Sikh match, preferably a citizen or green card holder, for a 30 years, 5'3" tall, US-based H-1B visa holder, M.Sc. Computer Science professional girl. Currently working as a Data Scientist in an MNC. Family well settled in India. Elder brother green card in USA. Serious inquiries, please contact +1-224-584-8673 (father) or +1-317-500-0470 (brother). Email: nsinghsar@gmail.com

34-37

Ramgarhia Sikh family seeking a suitable match for their Doctor daughter, 30, 5'6". MBBS (Silver Medalist) from India. Presently in first year of fellowship after Residency (internal medicine) in USA. Father retired as Colonel from Indian Army. Mother working as Lecturer. Caste no bar. Contact us at: +91 9471004633 and +1 (570) 880-0136.

## ਲੜਕੀ ਦੀ ਲੋੜ ਹੈ

Gursikh family in USA seeks Amritdhari (Keskidhari/ready to tie Keski), educated, vegetarian, family oriented girl for their Amritdhari son, 1987 born, 5'-11" tall, MS Degree holder from USA, working as Software Product Leader, Green Card petition approved in 2016. Home Owner in San Francisco, Bay Area, California since 2021, innocently divorced, issueless, family oriented. Preference to girls living in USA & CANADA. Marriage Bureau stay away. Please contact us at +1-510-399-4085 or +91-98993-79442 (whatsapp) or email at cjsingh55@gmail.com

35-38

Jat Sikh parents seek U.S. based match for their U.S. born son, 28 years, 6" tall, vegetarian, non-drinker. He has a bachelor's degree from the University of Illinois Urbana-Champaign and is currently working for an automotive company. Please contact us at 773-442-2143 if interested.

34-37

Sikh family seeking a suitable match for their 6'1", 30 year old son, born and raised in the US, and currently a third-year Internal Medicine resident. He is family oriented, and values our cultural traditions who enjoys being physically active, spending time with family and friends as well as traveling. We are looking for a smart and kind girl, born and raised in the US or Canada, who is also professional and shares similar values and is ready to build a life together with our son and is open to living in California.Family is well educated and settled in California for a long time. Contact: Harjit Kaur @ 925-225-1400

34-37

Seeking an educated and professional match (American citizen or Permanent Resident) for a 1992-born in Punjab boy (Ramdasia and others), 5'8" Education: B.Tech, MBA(IIT Delhi), MS in Business Analytics (University of Colorado). Currently working as a Business Analyst in Chicago, USA. Belongs to a well-educated and reputed family. Caste No bar. Please contact at +91-7589242016 (Whatsapp) or +1-7204996020.

32-35

Ramgarhia Sikh family seeking a suitable match for their son, 28, 5'11", with a Bachelor's degree. Currently residing in the USA with his family. The prospective bride should be from the USA, vegetarian, and willing to live in a joint family. Contact: at: 630-283-7423 or Email: kaur082024@gmail.com

32-35

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.


UMA TRAVELS
2541 W. Devon Ave.,
Chicago, IL 60659
For Delhi Amritsar-Bombay Ahmedabad, Hydrabad-Madras
Call For Special Sale Fares
Call: 773-338-5603

# ਭਾਸ਼ਾ ਵਿਭਾਗ ਦੀ 'ਪੁਸਤਕ ਬੈਠਕ' ਵਿਚ ਸ਼ਾਮਲ ਹੋਏ ਗੁਰਪ੍ਰੀਤ ਘੁੱਗੀ

## ਕਿਤਾਬਾਂ ਨਾਲ ਆਪਣੇ ਰਿਸ਼ਤੇ ਬਾਰੇ ਕੀਤੀਆਂ ਵੱਡਮੁੱਲੀਆਂ ਗੱਲਾਂ

**ਪਟਿਆਲਾ:** ਭਾਸ਼ਾ ਵਿਭਾਗ ਪੰਜਾਬ ਦੇ ਮਹੀਨਾਵਾਰ ਸਮਾਗਮ 'ਪੁਸਤਕ ਬੈਠਕ' 'ਚ ਅੱਜ ਫਿਲਮ ਜਗਤ ਦੀ ਹਰਮਨ-ਪਿਆਰੀ ਸ਼ਖ਼ਸੀਅਤ ਗੁਰਪ੍ਰੀਤ ਘੁੱਗੀ ਪਹੁੰਚੇ ਅਤੇ ਉਨ੍ਹਾਂ ਨੇ ਆਪਣੇ ਕਿਤਾਬਾਂ ਨਾਲ ਰਿਸ਼ਤੇ ਬਾਰੇ ਵੱਡਮੁੱਲੀਆਂ ਗੱਲਾਂ ਕੀਤੀਆਂ। ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀਆਂ ਅਗਵਾਈ 'ਚ ਹਰ ਮਹੀਨੇ ਹੋਣ ਵਾਲੇ ਇਸ ਸਮਾਗਮ ਦੌਰਾਨ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਪੜ੍ਹੀਆਂ ਪੁਸਤਕਾਂ ਬਾਰੇ ਹੋਣ ਵਾਲੀ ਚਰਚਾ ਦੌਰਾਨ ਗੁਰਪ੍ਰੀਤ ਸਿੰਘ ਘੁੱਗੀ ਨੇ ਪੁਸਤਕ ਸੱਭਿਆਚਾਰ ਨਾਲ ਜੁੜਨ ਬਾਰੇ ਤਜਰਬੇ ਸਾਂਝੇ ਕੀਤੇ।

ਇਸ ਮੌਕੇ ਸ. ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਕਿਤਾਬਾਂ ਨਾਲ ਜੋੜਨ ਦੇ ਸਫ਼ਲ ਤਜਰਬੇ ਲਈ ਗੁਰਪ੍ਰੀਤ ਘੁੱਗੀ ਵੱਲੋਂ ਪੁਸਤਕ ਬੈਠਕ 'ਚ ਸ਼ਾਮਲ ਹੋਣਾ ਉਨ੍ਹਾਂ ਨੂੰ ਸ਼ਾਬਾਸ਼ ਦੇਣ ਵਾਂਗ ਹੈ। ਉਨ੍ਹਾਂ ਦੱਸਿਆ ਕਿ ਘੁੱਗੀ ਉਨ੍ਹਾਂ ਸ਼ਖ਼ਸੀਅਤਾਂ 'ਚ ਸ਼ਾਮਲ ਹੈ ਜੋ ਬਚਪਨ ਤੋਂ ਲੈ ਕੇ ਨਿਰੰਤਰ ਕਿਤਾਬਾਂ ਪੜ੍ਹ ਰਹੀਆਂ ਹਨ। ਜਿਸ ਸਦਕਾ ਉਨ੍ਹਾਂ ਦੀ ਅਦਾਕਾਰੀ, ਉਚਾਰਨ ਤੇ ਸ਼ਬਦਾਵਲੀ ਬਹੁਤ ਮਿਆਰੀ ਤੇ ਵਿਸ਼ਾਲ ਹੈ। ਇਸ ਮੌਕੇ ਗੁਰਪ੍ਰੀਤ ਘੁੱਗੀ ਨੇ ਪਾਠਕਾਂ ਨਾਲ ਸੰਵਾਦ ਰਚਾਉਂਦਿਆਂ ਦੱਸਿਆ ਕਿ ਉਸ ਨੇ ਬਹੁਤ ਛੋਟੀ ਉਮਰ 'ਚ 'ਵਿੱਦਿਆ ਵਿਚਾਰੀ ਪਰਉਪਕਾਰੀ' ਦੇ ਅਰਥ ਪੱਲੇ ਬੰਨ੍ਹ ਲਏ ਸਨ ਅਤੇ ਘਰ 'ਚ ਗੁਰਬਤ ਹੋਣ ਦੇ ਬਾਵਜੂਦ ਵੀ ਉਸ ਨੇ ਆਪਣੇ ਵੱਡੇ ਭਰਾ ਦੀ ਪ੍ਰੇਰਨਾ ਨਾਲ ਬਚਪਨ ਤੋਂ ਹੀ ਪੁਸਤਕਾਂ ਨਾਲ ਸਾਂਝ ਪਾ ਲਈ। ਜਿਸ ਦਾ ਸਿੱਟਾ ਇਹ ਨਿੱਕਲਿਆ ਕਿ ਗਿਆਨ ਤੋਂ ਤਾਕਤਵਰ ਕੋਈ ਸ਼ੈਅ ਨਹੀਂ ਅਤੇ ਇਹ ਤੁਹਾਨੂੰ ਹਮੇਸ਼ਾ ਫ਼ਲ ਦਿੰਦੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਕਿਤਾਬ ਰਚਨਾ ਸਦਕਾ ਬਣਦੀ ਹੈ ਤੇ ਰਚਨਾ ਤੋਂ ਹੀ ਰਸਨਾ ਬਣਦੀ ਹੈ। ਸ. ਘੁੱਗੀ ਨੇ ਕਿਹਾ ਕਿ ਕਿਤਾਬਾਂ ਸਾਨੂੰ



ਭਾਸ਼ਾ ਵਿਭਾਗ ਪੰਜਾਬ ਦੇ ਸਮਾਗਮ 'ਪੁਸਤਕ ਬੈਠਕ' ਦੌਰਾਨ ਫਿਲਮੀ ਹਸਤੀ ਗੁਰਪ੍ਰੀਤ ਘੁੱਗੀ ਦਾ ਸਨਮਾਨ ਕਰਦੇ ਹੋਏ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ।

ਭਵਿੱਖ ਨਾਲ ਜੋੜਨ ਤੋਂ ਪਹਿਲਾ ਆਪਣੇ ਮਾਣਮੱਤੇ ਤੇ ਕੁਰਬਾਨੀਆਂ ਭਰੇ ਇਤਿਹਾਸ ਨਾਲ ਵੀ ਜੋੜਦੀਆਂ ਹਨ ਜੋ ਸਾਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਦਾ ਹੈ।ਉਨ੍ਹਾਂ ਕਿਹਾ ਕਿ ਅਸੀਂ ਆਪਣੇ ਬੱਚਿਆਂ ਲਈ ਜ਼ਮੀਨਾਂ-ਜਾਇਦਾਦਾਂ ਜੋੜਦੇ ਹਾਂ ਪਰ ਉਨ੍ਹਾਂ ਤੋਂ ਵੀ ਵੱਡੀ ਇੱਕ ਦੌਲਤ ਆਪਣੇ ਬੱਚਿਆਂ ਨੂੰ ਚੰਗੇ ਸੰਸਕਾਰ ਦੇਣਾ ਹੈ, ਜੋ ਸਿਰਫ਼ ਪੁਸਤਕਾਂ ਨਾਲ ਜੋੜਕੇ ਹੀ ਦਿੱਤੇ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਉਹ ਇੱਕ ਕਿਤਾਬ ਪੜ੍ਹਕੇ ਹੀ ਅਦਾਕਾਰੀ ਦੇ ਰਾਹ ਪਿਆ ਸੀ, ਸਕੂਲੀ ਜੀਵਨ ਦੌਰਾਨ ਉਸ ਨੇ ਆਪਣੇ ਭਰਾ ਦੀ ਕਿਤਾਬ 'ਚੋਂ ਇਕਾਂਗੀ ਪੜ੍ਹੀ ਤੇ ਸਕੂਲ ਅਧਿਆਪਕਾਂ ਦੀ ਹੱਲਾਸ਼ੇਰੀ ਨਾਲ ਖੁਦ ਹੀ ਸਾਥੀਆਂ ਨਾਲ ਮਿਲਕੇ ਪੇਸ਼ਕਾਰੀ ਕੀਤੀ। ਇਸ ਪਲੇਠੀ ਪੇਸ਼ਕਾਰੀ ਨੇ ਉਸ ਵਿੱਚ ਸਵੈਵਿਸ਼ਵਾਸ ਭਰਿਆ ਤੇ ਬਾਕੀ ਕੰਮ ਉਸ ਨੇ ਆਪਣੀ ਲਗਨ ਤੇ ਮਿਹਤਨ ਨਾਲ ਕੀਤਾ। ਉਨ੍ਹਾਂ ਭਾਸ਼ਾ ਵਿਭਾਗ ਵੱਲੋਂ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਵਿਚਾਰ ਚਰਚਾ 'ਚ ਡਾ. ਮਨਜਿੰਦਰ ਸਿੰਘ ਖੋਜ ਅਫ਼ਸਰ, ਕਿਰਨਜੀਤ ਕੌਰ, ਅੰਕੁਸ਼ ਕੁਮਾਰ, ਗੁਰਮੇਲ ਸਿੰਘ, ਬਲਵੀਰ ਕੌਰ ਤੇ ਵਿਕਾਸ ਕੁਮਾਰ ਨੇ ਹਿੱਸਾ ਲਿਆ। ਵਿਭਾਗ ਵੱਲੋਂ ਗੁਰਪ੍ਰੀਤ ਘੁੱਗੀ ਨੂੰ ਸ਼ਾਲ ਤੇ ਪੁਸਤਕਾਂ ਦੇ ਸੈੱਟ ਨਾਲ ਸਤਿਕਾਰ ਦਿੱਤਾ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕੀਤਾ। ਗੁਰਪ੍ਰੀਤ ਘੁੱਗੀ ਨੇ ਵਿਭਾਗ ਦੀ ਲਾਇਬਰੇਰੀ ਤੇ ਕੰਪਿਊਟਰ ਵਿੰਗ 'ਚ ਵੀ ਫੇਰੀ ਪਾਈ ਅਤੇ ਚੱਲ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਵਿਭਾਗ ਦੀ ਵਧੀਕ ਨਿਰਦੇਸ਼ਕਾ ਹਰਪ੍ਰੀਤ ਕੌਰ, ਡਿਪਟੀ ਡਾਇਰੈਕਟਰ ਹਰਭਜਨ ਕੌਰ, ਚੰਦਨਦੀਪ ਕੌਰ ਤੇ ਆਲੋਕ ਚਾਵਲਾ, ਸਹਾਇਕ ਨਿਰਦੇਸ਼ਕ ਅਮਰਿੰਦਰ ਸਿੰਘ ਤੇ ਸੁਰਿੰਦਰ ਕੌਰ ਵੀ ਹਾਜ਼ਰ ਸਨ।

## ਜਸਵਿੰਦਰ ਭੱਲਾ ਅਤੇ ਸਰਦੂਲ ਦਾ ਸੌ ਦਾ ਨੋਟ

ਚੰਡੀਗੜ੍ਹ: ਜਸਵਿੰਦਰ ਭੱਲਾ ਨੇ ਮਰਦੇ ਦਮ ਤੱਕ "ਸੌ ਰੁਪਏ ਦਾ ਨੋਟ" ਆਪਣੇ "ਬਟੂਏ" ਵਿੱਚ ਰੱਖਿਆ। ਪੁਰਾਣੇ ਕਲਾਕਾਰ ਦੀ "ਯਾਰੀ"



ਨਵੇਂ ਕਲਾਕਾਰ ਕਿੱਥੋਂ ਨਿਭਾ ਲੈਣਗੇ? ਇਸ ਸਵਾਲ ਦੇ ਜਵਾਬ ਵਿੱਚ ਜਸਵਿੰਦਰ ਭੱਲਾ ਕਹਿੰਦਾ ਇੱਕ ਵਾਰ ਮੈਂ ਤੇ ਸਰਦੂਲ ਸਿਕੰਦਰ ਜਹਾਜ਼ ਵਿੱਚ "ਬਾਹਰਲੇ ਮੁਲਕ" ਜਾਣ ਲੱਗੇ ਤਾਂ ਸਰਦੂਲ ਸਿਕੰਦਰ ਨੇ ਮੈਨੂੰ ਆਪਣੀ ਜੇਬ ਵਿੱਚੋਂ "100 ਰੁਪਏ ਦਾ ਨੋਟ" ਕੱਢ ਕੇ ਫੜਾਇਆ ਤੇ ਕਿਹਾ ਕਿ ਨੋਟ ਹਮੇਸ਼ਾ ਆਪਣੇ "ਬਟੂਏ" ਵਿੱਚ ਰੱਖੀ ਫਿਰ ਦੇਖੀ ਕਿੰਨੀ "ਬਰਕਤ" ਹੋਊਗੀ। ਉਸ ਦੇ ਜਜ਼ਬਾਤੀ ਸੁਭਾਅ ਦੀ ਇੰਤਹਾ ਇਹ ਸੀ ਕਿ ਜਸਵਿੰਦਰ ਭੱਲਾ ਨੇ "ਮਰਨ" ਤੱਕ ਉਹ "ਨੋਟ" ਕਦੇ "ਬਟੂਏ" ਵਿੱਚੋਂ ਬਾਹਰ ਨਹੀਂ ਕੱਢਿਆ।

# ਸਾਲ 'ਚ ਸਿਰਫ਼ ਦੋ ਵਾਰ ਜ਼ਿਮਨੀ ਚੋਣਾਂ ਕਰਵਾਉਣ 'ਤੇ ਸਹਿਮਤੀ

**ਨਵੀਂ ਦਿੱਲੀ:** ਵਾਰ-ਵਾਰ ਹੋਣ ਵਾਲੀਆਂ ਆਮ ਚੋਣਾਂ ਦੇ ਨਾਲ ਹੀ ਦੇਸ਼ ਨੂੰ ਹੁਣ ਕਰੀਬ ਹਰ ਮਹੀਨੇ ਹੋਣ ਵਾਲੀਆਂ ਜ਼ਿਮਨੀ ਚੋਣਾਂ ਤੋਂ ਵੀ ਛੁੱਟੀ ਮਿਲ ਸਕਦੀ ਹੈ। ਇਕ ਰਾਸ਼ਟਰ ਇਕ ਚੋਣ 'ਤੇ ਗਠਿਤ ਸੰਸਦੀ ਕਮੇਟੀ ਨੇ ਸੂਬਿਆਂ ਤੋਂ ਮਿਲੇ ਸੁਝਾਵਾਂ ਤੋਂ ਬਾਅਦ ਜ਼ਿਮਨੀ ਚੋਣਾਂ ਵੀ ਹੁਣ ਸਾਲ 'ਚ ਸਿਰਫ਼ ਦੋ ਵਾਰ ਕਰਵਾਉਣ ਦੀ ਸਿਫ਼ਾਰਸ਼ 'ਚ ਸ਼ਾਮਲ ਕਰਨ 'ਤੇ ਸਹਿਮਤੀ ਦਿੱਤੀ ਹੈ। ਇਸ ਦੌਰਾਨ ਹਰੇਕ ਛੇ ਮਹੀਨਿਆਂ 'ਚ ਇਕ ਵਾਰ ਹੀ ਜ਼ਿਮਨੀ ਚੋਣ ਹੋਵੇਗੀ।

ਚੰਗੀ ਗੱਲ ਇਹ ਹੈ ਕਿ ਇਕ ਦੇਸ਼ ਇਕ ਚੋਣ 'ਤੇ ਵੱਖ-ਵੱਖ ਰਾਇ ਰੱਖਣ ਵਾਲੇ ਸੂਬੇ ਵੀ ਇਸ ਨਾਲ ਸਹਿਮਤ ਹੁੰਦੇ ਨਜ਼ਰ ਆ ਰਹੇ ਹਨ। ਲੋਕ ਨੁਮਾਇੰਦਾ ਕਾਨੂੰਨ ਤਹਿਤ ਲੋਕ ਸਭਾ, ਵਿਧਾਨ ਸਭਾ ਤੇ ਵਿਧਾਨ ਪ੍ਰੀਸ਼ਦ ਦੀਆਂ ਖਾਲੀ ਹੋਈਆਂ ਸੀਟਾਂ ਛੇ ਮਹੀਨਿਆਂ ਤੋਂ ਵੱਧ ਸਮੇਂ ਤੱਕ ਖਾਲੀ ਨਹੀਂ ਰੱਖੀ ਜਾ ਸਕਦੀਆਂ।

ਇਸ ਹਾਲਤ 'ਚ ਜ਼ਿਮਨੀ ਚੋਣ ਦਾ ਪ੍ਰੋਗਰਾਮ ਵੀ ਕੁਝ ਇਸ ਤਰ੍ਹਾਂ ਬਣਾਇਆ ਜਾਵੇਗਾ ਕਿ ਸਾਲ 'ਚ ਦੋ ਵਾਰ ਹੀ ਇਸ ਦੀ ਜ਼ੂਰਰਤ ਪਵੇ। ਕਮੇਟੀ ਨਾਲ ਜੁੜੇ ਮੈਂਬਰਾਂ ਮੁਤਾਬਕ ਇਸ ਮੁੱਦੇ ਨੂੰ ਸਭ ਤੋਂ ਪਹਿਲਾਂ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਰੱਖਿਆ ਤੇ ਕਿਹਾ ਕਿ ਜਦੋਂ ਕਮੇਟੀ ਦੇਸ਼ ਭਰ 'ਚ




ਸਾਰੀਆਂ ਚੋਣਾਂ ਇਕੱਠੇ ਕਰਵਾਉਣ ਦੀ ਗੱਲ ਕਰ ਰਹੀ ਹੈ, ਤਾਂ ਉਸ ਨੂੰ ਜ਼ਿਮਨੀ ਚੋਣ ਨੂੰ ਵੀ ਇਸ ਦੇ ਘੇਰੇ 'ਚ ਰੱਖਣਾ ਚਾਹੀਦਾ ਹੈ। ਇਸ ਤੋਂ ਬਾਅਦ ਤਾਂ ਇਹ ਸੁਝਾਅ ਕਈ ਹੋਰ ਸੂਬਿਆਂ ਤੇ ਕਾਨੂੰਨੀ ਮਾਹਰਾਂ ਵੱਲੋਂ ਵੀ ਦਿੱਤਾ ਜਾਣ ਲੱਗਾ।

ਕਮੇਟੀ ਨਾਲ ਜੁੜੇ ਸੀਨੀਅਰ ਅਧਿਕਾਰੀਆਂ ਮੁਤਾਬਕ ਇਕ ਰਾਸ਼ਟਰ- ਇਕ ਚੋਣ ਹੁਣ ਇਸ ਬਿੰਦੂ ਨੂੰ ਪ੍ਰਮੁੱਖਤਾ ਨਾਲ ਸ਼ਾਮਲ ਕੀਤਾ ਗਿਆ ਹੈ। ਨਾਲ ਹੀ ਕਮੇਟੀ ਇਸ ਬਾਰੇ ਆਪਣੀ ਸਿਫ਼ਾਰਸ਼ ਵੀ ਦੇਵੇਗੀ। ਕਮੇਟੀ ਇਹ ਦੱਸੇਗੀ ਕਿ ਮੌਜੂਦਾ ਸਮੇਂ 'ਚ ਜ਼ਿਮਨੀ ਚੋਣ ਦੀ ਕੀ ਸਥਿਤੀ ਹੈ। ਇਕ ਰਿਪੋਰਟ ਮੁਤਾਬਕ ਇਕੱਲੇ ਸਾਲ 2024 'ਚ ਹੀ ਕਰੀਬ 28 ਜ਼ਿਮਨੀ ਚੋਣਾਂ ਹੋਈਆਂ ਸਨ। ਇਨ੍ਹਾਂ 'ਚ ਲੋਕ ਸਭਾ ਤੇ ਵਿਧਾਨ ਸਭਾ ਤੋਂ ਇਲਾਵਾ ਵਿਧਾਨ ਸਭਾ ਪ੍ਰੀਸ਼ਦ ਦੀਆਂ ਚੋਣਾਂ ਵੀ ਸ਼ਾਮਿਲ ਸਨ।

## ਸਰਹੱਦ ਨੇੜਿਓਂ 7 ਕਿੱਲੋ ਹੈਰੋਇਨ ਸਮੇਤ ਨਸ਼ਾ ਤਸਕਰ ਕਾਬੂ

**ਫਿਰੋਜ਼ਪੁਰ:** ਸੀਮਾ ਸੁਰੱਖਿਆ ਬਲ ਦੇ ਜਵਾਨਾਂ ਨੇ ਬੀ.ਐਸ.ਐਫ. ਇੰਟੈਲੀਜੈਂਸ ਵਿੰਗ ਦੀ ਸਟੀਕ ਜਾਣਕਾਰੀ 'ਤੇ ਕਾਰਵਾਈ ਕਰਦੇ ਹੋਏ ਇਕ ਨਸ਼ਾ ਤਸਕਰ ਨੂੰ ਕਾਬੂ ਕਰਕੇ ਉਸ ਕੋਲੋਂ 7 ਕਿੱਲੋ ਹੈਰੋਇਨ ਬਰਾਮਦ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਸਰਹੱਦੀ ਪਿੰਡ ਹਜ਼ਾਰਾ ਮੋੜ ਬੱਸ ਸਟੈਂਡ ਨਜ਼ਦੀਕ ਸ਼ੱਕੀ ਰਸਤੇ 'ਤੇ ਲਗਾਏ ਨਾਕੇ ਦੌਰਾਨ ਇਕ ਸ਼ੱਕੀ ਮੋਟਰਸਾਈਕਲ ਸਵਾਰ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਸਨੇ ਭੱਜਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਬੀ.ਐਸ.ਐਫ. ਟੀਮ ਵਲੋਂ ਕਾਬੂ ਕਰਕੇ ਕੀਤੀ ਤਲਾਸ਼ੀ ਦੌਰਾਨ ਉਸ ਦੇ ਕਬਜ਼ੇ ਵਿਚੋਂ ਲਗਭਗ 7 ਕਿੱਲੋਗਰਾਮ ਭਾਰ ਦੇ 14 ਪੈਕੇਟ ਹੈਰੋਇਨ ਬਰਾਮਦ ਕੀਤੇ ਗਏ ਤੇ ਤਸਕਰ ਸਮੇਤ ਮੋਟਰਸਾਈਕਲ ਜਾਂਚ ਲਈ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ ਹੈ। ਇਸ ਮੌਕੇ ਉਨ੍ਹਾਂ ਨਾਲ ਚੌਂਕੀ ਬਾਰੇ ਕੇ ਦੇ ਇੰਚਾਰਜ ਏ.ਐਸ.ਆਈ. ਸੁਖਬੀਰ ਸਿੰਘ ਬਾਠ ਵੀ ਮੌਜੂਦ ਸਨ।

# ਨੋਬਲ ਪੁਰਸਕਾਰ ਲਈ ਸਮਰਥਨ ਨਾ ਦੇਣ ਕਾਰਨ ਟੁੱਟੀ 'ਮੋਦੀ-ਟਰੰਪ ਦੋਸਤੀ'




**ਨਿਊਯਾਰਕ:** ਭਾਰਤ ਤੇ ਅਮਰੀਕਾ ਵਿਚਾਲੇ ਰਿਸ਼ਤੇ ਉਸ ਸਮੇਂ ਖ਼ਰਾਬ ਹੋਣੇ ਸ਼ੁਰੂ ਹੋ ਗਏ, ਜਦੋਂ ਨਰਿੰਦਰ ਮੋਦੀ ਤੇ ਡੋਨਾਲਡ ਟਰੰਪ ਵਿਚਾਲੇ ਗੱਲਬਾਤ ਹੋਈ ਸੀ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਅਨੁਸਾਰ ਟੈਲੀਫੋਨ 'ਤੇ ਰਲਿਬਾਤ ਦੌਰਾਨ ਟਰੰਪ ਦਾ ਵਾਰ ਵਾਰ ਇਹ ਕਰ ਕਹਿਣਾ ਕਿ ਭਾਰਤ-ਪਾਕਿਸਤਾਨ ਵਿਚਾਲੇ ਫ਼ੌਜੀ ਤੇ ਸੰਘਰਸ਼ ਉਨ੍ਹਾਂ ਨੇ ਰੁਕਵਾਇਆ ਤੇ ਇਸਦੇ ਗ ਲਈ ਪੀਐਮ ਮੋਦੀ ਨੂੰ ਉਨ੍ਹਾਂ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕਰਨਾ ਚਾਹੀਦਾ ਹੈ, ਨੂੰ ਪੀਐਮ ਮੋਦੀ ਨੂੰ ਮਾੜਾ ਮਹਿਸੂਸ ਕਰਵਾ ਰਿਹਾ ਸੀ। ਕੈਨੇਡਾ 'ਚ ਹੋਏ ਜੀ-7 ਸਿਖਰ ਸੰਮੇਲਨ ਨੇ ਤੋਂ ਵੱਖ 17 ਜੂਨ ਨੂੰ ਟਰੰਪ ਤੇ ਮੋਦੀ ਵਿਚਾਲੇ 35 ਮਿੰਟਾਂ ਤੱਕ ਟੈਲੀਫੋਨ 'ਤੇ ਗੱਲਬਾਤ ਹੋਈ ਸੀ। ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਪੀਐਮ ਮੋਦੀ ਨੇ ਟਰੰਪ ਦੇ ਦਾਅਵੇ ਨੂੰ ਖ਼ਾਰਜ ਕਰਦੇ ਹੋਏ ਉਨ੍ਹਾਂ ਦੀ ਮੰਗ ਨੂੰ ਠੁਕਰਾ ਦਿੱਤਾ ਸੀ। ਇਸ ਤੋਂ ਬਾਅਦ ਤੋਂ ਹੁਣ ਤੱਕ ਪੀਐੱਮ ਮੋਦੀ ਤੇ ਟਰੰਪ ਵਿਚਾਲੇ ਕੋਈ ਗੱਲਬਾਤ ਨਹੀਂ ਹੋਈ ਹੈ।

ਰਿਪੋਰਟ ਅਨੁਸਾਰ, ਟਰੰਪ ਨੇ ਫੋਨ 'ਤੇ ਮੋਦੀ ਨੂੰ ਕਿਹਾ ਕਿ ਫ਼ੌਜੀ ਤਣਾਅ ਖ਼ਤਮ ਕਰਨ 'ਤੇ ਉਨ੍ਹਾਂ ਨੂੰ ਮਾਣ ਹੈ ਤੇ ਪਾਕਿਸਤਾਨ ਉਨ੍ਹਾਂ ਨੂੰ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕਰਨ ਵਾਲਾ ਹੈ। ਫੋਨ ਨਾਲ ਜੁੜੇ ਲੋਕਾਂ ਮੁਤਾਬਕ, ਟਰੰਪ ਦੀ ਮਨਸ਼ਾ ਇਹ ਸੀ ਕਿ ਪੀਐੱਮ ਮੋਦੀ ਨੂੰ ਵੀ ਉਹੀ ਜਿਹਾ ਹੀ ਕਰਨਾ ਚਾਹੀਦਾ ਹੈ। ਦੱਸਿਆ

> **ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਪੀਐਮ ਮੋਦੀ ਨੇ ਟਰੰਪ ਦੇ ਦਾਅਵੇ ਨੂੰ ਖ਼ਾਰਜ ਕਰਦੇ ਹੋਏ ਉਨ੍ਹਾਂ ਦੀ ਮੰਗ ਨੂੰ ਠੁਕਰਾ ਦਿੱਤਾ ਸੀ। ਇਸ ਤੋਂ ਬਾਅਦ ਤੋਂ ਹੁਣ ਤੱਕ ਪੀਐੱਮ ਮੋਦੀ ਤੇ ਟਰੰਪ ਵਿਚਾਲੇ ਕੋਈ ਗੱਲਬਾਤ ਨਹੀਂ ਹੋਈ**

ਜਾਂਦਾ ਹੈ ਕਿ ਪੀਐੱਮ ਮੋਦੀ ਟਰੰਪ ਦੀ ਗੱਲ ਸੁਣ ਕੇ ਭੜਕ ਗਏ ਤੇ ਕਿਹਾ ਕਿ ਹਾਲ ਹੀ ਦੀ ਜੰਗਬੰਦੀ 'ਚ ਅਮਰੀਕਾ ਦੀ ਹਿੱਸੇਦਾਰੀ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਇਸ ਨੂੰ ਸਿੱਧੇ ਤੌਰ 'ਤੇ ਸੁਲਝਾ ਲਿਆ ਗਿਆ ਹੈ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਵੀ ਟਰੰਪ ਜਨਤਕ ਮੰਚਾਂ 'ਤੇ ਭਾਰਤ-ਪਾਕਿ ਜੰਗ ਨੂੰ ਰੁਕਵਾਉਣ ਦਾ ਦਾਅਵਾ ਕਰ ਚੁੱਕੇ ਸਨ। ਟਰੰਪ ਨੇ ਮੋਦੀ ਦੀਆਂ ਟਿੱਪਣੀਆਂ ਨੂੰ ਜ਼ਿਆਦਾਤਰ ਨਜ਼ਰਅੰਦਾਜ਼ ਕਰ ਦਿੱਤਾ ਪਰ ਦੋਵਾਂ ਵਿਚਾਲੇ ਦੂਰੀਆਂ ਪੈਦਾ ਹੋ ਗਈਆਂ।

## ਭਾਰਤੀ ਸੰਸਥਾ ਨੂੰ ਮੈਗਸੇਸੇ ਪੁਰਸਕਾਰ




**ਮਨੀਲਾ:** ਦੂਰ-ਦੁਰਾਡੇ ਦੇ ਪਿੰਡਾਂ 'ਚ ਸਕੂਲ ਨਾ ਜਾਣ ਵਾਲੀਆਂ ਲੜਕੀਆਂ ਦੀ ਸਿੱਖਿਆ ਰਾਹੀਂ ਸੱਭਿਆਚਾਰਕ ਰੂੜੀਵਾਦ ਨੂੰ ਦੂਰ ਕਰਨ, ਉਨ੍ਹਾਂ ਨੂੰ ਨਿਰਪੱਖਤਾ ਦੇ ਬੰਧਨ ਤੋਂ ਆਜ਼ਾਦ ਕਰਨ ਤੇ ਆਪਣੀ ਪੂਰਨ ਮਨੁੱਖੀ ਸਮਰੱਥਾ ਹਾਸਲ ਕਰਨ ਲਈ ਹੁਨਰ, ਬਹਾਦਰੀ ਤੇ ਸਮਰੱਥਾ ਪ੍ਰਦਾਨ ਕਰਨ ਦੀ ਵਨਚਬੱਧਤਾ ਨਾਲ ਕੰਮ ਕਰਨ ਵਾਲੀ ਭਾਰਤੀ ਸੰਸਥਾ ''ਐਜੂਕੇਟ ਗਰਲਜ਼'' ਨੂੰ ਸਾਲ 2025 ਦੇ ਰੇਮਨ ਮੈਗਸੇਸੇ ਪੁਰਸਕਾਰ ਜੇਤੂਆਂ 'ਚ ਸ਼ਾਮਲ ਕੀਤਾ ਗਿਆ ਹੈ। ਇਸਨੇ ਏਸ਼ੀਆ ਦਾ ਵੱਕਾਰੀ ਐਵਾਰਡ ਹਾਸਲ ਕਰਨ ਵਾਲੀ ਪਹਿਲੀ ਭਾਰਤੀ ਸੰਸਥਾ ਬਣ ਕੇ ਇਤਿਹਾਸ ਰਚ ਦਿੱਤਾ ਹੈ।

### ਇਨਾਮ ਵੰਡ ਸਮਾਰੋਹ ਮਨੀਲਾ 'ਚ ਸੱਤ ਨਵੰਬਰ ਨੂੰ

ਰੇਮਨ ਮੈਗਸੇਸੇ ਪੁਰਸਕਾਰ ਫਾਊਂਡੇਸ਼ਨ (ਆਰਐੱਮਏਐੱਫ) ਵੱਲੋਂ ਜਾਰੀ ਇਕ ਬਿਆਨ 'ਚ ਕਿਹਾ ਗਿਆ ਹੈ ਕਿ ਨੋਬਲ ਪੁਰਸਕਾਰ ਦੇ ਏਸ਼ਿਆਈ ਹਮਰੁਤਬਾ ਮੰਨਿਆ ਜਾਣ ਵਾਲਾ ਰੇਮਨ ਮੈਗਸੇਸੇ ਪੁਰਸਕਾਰ ਏਸ਼ੀਆ ਦੇ ਲੋਕਾਂ ਦੀ ਨਿਰਸਵਾਰਥ ਸੇਵਾ 'ਚ ਦਿਖਾਈ ਗਈ ਮਹਾਨ ਭਾਵਨਾ ਨੂੰ ਮਾਨਤਾ ਦਿੰਦਾ ਹੈ। ਹੋਰਨਾਂ ਦੋ ਜੇਤੂਆਂ 'ਚ ਮਾਲਦੀਵ ਦੀ ਸ਼ਾਹਿਨਾ ਅਲੀ ਨੂੰ ਉਨ੍ਹਾਂ ਦੇ ਵਾਤਾਵਰਣ ਸਬੰਧੀ ਕੰਮਾਂ ਲਈ ਤੇ ਫਿਲਪੀਨਜ਼ ਦੇ ਫਲੇਵੀਯਾਨੋ ਐਂਟੋਨੀਓ ਐੱਲ. ਵਿਲਾਨੂਏਵਾ ਨੂੰ ਉਨ੍ਹਾਂ ਦੇ ਯੋਗਦਾਨ ਲਈ ਚੁਣਿਆ ਗਿਆ ਹੈ। ਪੁਰਸਕਾਰ ਦੇ ਜੇਤੂਆਂ ਨੂੰ ਮੈਡਲ, ਇਕ ਸਰਟੀਫਿਕੇਟ ਤੇ ਨਕਦ ਇਨਾਮ ਦਿੱਤਾ ਜਾਵੇਗਾ।

# ਪੰਜਾਬ ’ਚ ਹੜ੍ਹਾਂ ਦੀ ਸਥਿਤੀ ਹੋਰ ਵਿਗੜੀ-1300 ਤੋਂ ਵੱਧ ਪਿੰਡ ਪ੍ਰਭਾਵਿਤ





**ਚੰਡੀਗੜ੍ਹ:** ਹਿਮਾਚਲ ਪ੍ਰਦੇਸ਼ ਅਤੇ ਪੰਜਾਬ ‘ਚ ਪਏ ਭਾਰੀ ਮੀਂਹ ਕਾਰਨ ਸਾਰੇ ਡੈਮ ਜਾਂ ਤਾਂ ਖਤਰੇ ਦੇ ਨਿਸ਼ਾਨ ਤੱਕ ਪੁੱਜੇ ਹੋਏ ਹਨ ਜਾਂ ਪਾਰ ਕਰ ਚੁੱਕੇ ਹੋਏ ਹਨ। ਡੈਮਾਂ ਤੋਂ ਵਾਧੂ ਪਾਣੀ ਛੱਡਣਾ ਪਿਆ ਤਾਂ ਪੰਜਾਬ ਦੇ ਲੋਕਾਂ ਦੀਆਂ ਮੁਸ਼ਕਿਲਾਂ ਹੋਰ ਵਧ ਸਕਦੀਆਂ ਹਨ। ਭਾਖੜਾ, ਜੋ 1673 ਫੁੱਟ ‘ਤੇ ਸੀ ਤੇ ਖ਼ਤਰੇ ਦੇ ਨਿਸ਼ਾਨ ਤੋਂ 7 ਫੁੱਟ ਹੇਠਾਂ ਸੀ, ‘ਚ ਵੀ ਪਾਣੀ ਦਾ ਪੱਧਰ ਤੇਜ਼ੀ ਨਾਲ ਵਧ ਗਿਆ ਹੈ। ਪੌਂਗ ਡੈਮ ਪਹਿਲਾਂ ਹੀ ਖ਼ਤਰੇ ਦੇ ਨਿਸ਼ਾਨ ਤੋਂ ਉਪਰ ਹੈ। ਉਧਰ ਹਰਿਆਣਾ ਤੇ ਰਾਜਸਥਾਨ ਵੀ ਪਾਣੀ ਦਾ ਆਪਣਾ ਬਣਦਾ ਹਿੱਸਾ ਨਹੀਂ ਲੈ ਰਹੇ ਤੇ ਉਨ੍ਹਾਂ ਵਲੋਂ ਬੀ.ਬੀ.ਐਮ.ਬੀ. ਨੂੰ ਕਿਹਾ ਜਾ ਰਿਹਾ ਹੈ ਕਿ ਸਾਨੂੰ ਪਾਣੀ ਨਾ ਦਿੱਤਾ ਜਾਵੇ, ਜਿਸ ਕਾਰਨ ਇਹ ਪਾਣੀ ਵੀ ਪੰਜਾਬ ਦੇ ਹੜ੍ਹਾਂ ‘ਚ ਵਾਧਾ ਕਰ ਰਿਹਾ ਹੈ। ਸੂਬਾ ਸਰਕਾਰ ਵਲੋਂ ਲੋਕਾਂ ਦੀ ਮਦਦ ਲਈ ਹੜ੍ਹ ਪ੍ਰਭਾਵਿਤ ਖੇਤਰਾਂ ‘ਚ ਕੁਝ ਹੋਰ ਨਵੇਂ ਰਾਹਤ ਕੈਂਪ ਵੀ ਸਥਾਪਿਤ ਕੀਤੇ ਗਏ। ਰਾਜ ਸਰਕਾਰ ਵਲੋਂ ਇਕੱਤਰ ਜਾਣਕਾਰੀ ਅਨੁਸਾਰ 378 ਪਸ਼ੂਆਂ ਦੇ ਮਾਰੇ ਜਾਣ ਤੇ 944 ਪੱਕੇ ਘਰਾਂ ਦੇ ਨੁਕਸਾਨੇ ਜਾਣ ਦੀ ਰਿਪੋਰਟ ਹੈ। ਰਾਜ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਖੇਤਰਾਂ ‘ਚ ਖੇਤੀ ਤੇ ਜਾਇਦਾਦ ਦੇ ਨੁਕਸਾਨ ਦਾ ਅੰਦਾਜ਼ਾ ਲਗਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਨੇ ਕੰਮ ਸ਼ੁਰੂ ਕਰ ਦਿੱਤਾ ਹੈ, ਪਰ ਨੁਕਸਾਨ ਦੇ ਅਸਲ ਅੰਕੜੇ ਕੁਝ ਦਿਨਾਂ ਤੱਕ ਹੀ ਸਪਸ਼ਟ ਹੋ ਸਕਣਗੇ। ਬੁਲਾਰੇ ਨੇ ਕਿਹਾ ਕਿ ਮੁੱਖ ਮੰਤਰੀ ਵਲੋਂ ਹੜ੍ਹਾਂ ਕਾਰਨ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ ਕੇਂਦਰ ਤੋਂ ਵਿਸ਼ੇਸ਼ ਗਰਾਂਟ ਲਈ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਹੈ। ਇਹ ਵੀ ਜਾਣਕਾਰੀ ਹੈ ਕਿ ਕੇਂਦਰ ਸਰਕਾਰ ਦੀ ਇਕ ਟੀਮ ਅਗਲੇ ਹਫ਼ਤੇ ਪੰਜਾਬ ਆ ਰਹੀ ਹੈ, ਜਿਸ ਦੀ ਰਿਪੋਰਟ ਤੋਂ ਬਾਅਦ ਕੇਂਦਰ ਸਰਕਾਰ ਪੰਜਾਬ ਨੂੰ ਵਿਸ਼ੇਸ਼ ਰਾਹਤ ਦੇਣ ਦਾ ਫੈਸਲਾ ਲਵੇਗੀ।

## ਸੂਬੇ ’ਚ ਮੀਂਹ ਨੇ ਤੋੜਿਆ 25 ਸਾਲਾਂ ਦਾ ਰਿਕਾਰਡ

**ਚੰਡੀਗੜ੍ਹ:** ਮੌਸਮ ਵਿਭਾਗ ਅਨੁਸਾਰ ਪੰਜਾਬ ‘ਚ ਅਗਸਤ ਮਹੀਨੇ 253.7 ਮਿਲੀਮੀਟਰ ਮੀਂਹ ਪਿਆ, ਜੋ ਕਿ ਨਾ ਸਿਰਫ ਆਮ ਨਾਲੋਂ 74 ਪ੍ਰਤੀਸ਼ਤ ਜ਼ਿਆਦਾ ਸੀ, ਸਗੋਂ ਪਿਛਲੇ 25 ਸਾਲਾਂ ‘ਚ ਸੂਬੇ ‘ਚ ਸਭ ਤੋਂ ਵੱਧ ਮੀਂਹ ਵੀ ਸੀ। ਗੁਆਂਢੀ ਸੂਬੇ ਹਰਿਆਣਾ ‘ਚ ਅਗਸਤ ‘ਚ 194.5 ਮਿਲੀਮੀਟਰ ਮੀਂਹ ਪਿਆ ਜਦਕਿ ਇਸ ਮਹੀਨੇ ਦੀ ਔਸਤ 147.7 ਮਿਲੀਮੀਟਰ ਹੈ, ਜੋ ਕਿ 32 ਪ੍ਰਤੀਸ਼ਤ ਦਾ ਵਾਧਾ ਦਰਸਾਉਂਦੀ ਹੈ। ਅਜਿਹੇ ਸਮੇਂ ਵੀ ਆਏ ਹਨ ਜਦੋਂ ਪਿਛਲੇ ਕੁਝ ਦਹਾਕਿਆਂ ‘ਚ ਪੰਜਾਬ ‘ਚ ਘੱਟ ਮੀਂਹ ਪਿਆ ਹੈ। ਅਗਸਤ ‘ਚ ਪੰਜਾਬ ਦੇ 23 ਜ਼ਿਲ੍ਹਿਆਂ ‘ਚੋਂ 18 ‘ਚ ਆਮ ਨਾਲੋਂ ਵੱਧ ਮੀਂਹ ਪਿਆ ਜਦਕਿ ਪਟਿਆਲਾ ਤੇ ਫਤਿਹਗੜ੍ਹ ਸਾਹਿਬ ਵਰਗੇ ਕੁਝ ਜ਼ਿਲ੍ਹਿਆਂ ‘ਚ ਘੱਟ ਮੀਂਹ ਪਿਆ। ਹਰਿਆਣਾ ਦੇ 22 ਜ਼ਿਲ੍ਹਿਆਂ ‘ਚੋਂ 18 ‘ਚ ਸਮੀਖਿਆ ਅਧੀਨ ਮਹੀਨੇ ‘ਚ ਆਮ ਨਾਲੋਂ ਵੱਧ ਮੀਂਹ ਪਿਆ ਜਦਕਿ ਭਿਵਾਨੀ ਤੇ ਅੰਬਾਲਾ ਸਮੇਤ ਚਾਰ ਜ਼ਿਲ੍ਹਿਆਂ ‘ਚ ਘੱਟ ਮੀਂਹ ਪਿਆ। ਮੌਸਮ ਵਿਭਾਗ ਅਨੁਸਾਰ ਪਿਛਲੇ 25 ਸਾਲਾਂ ‘ਚ ਮੌਜੂਦਾ ਮਹੀਨੇ ਸਮੇਤ ਪੰਜਾਬ ਤੇ ਹਰਿਆਣਾ ‘ਚ ਅਗਸਤ ‘ਚ ਸਿਰਫ਼ 5 ਵਾਰ ਜ਼ਿਆਦਾ ਮੀਂਹ ਪਿਆ ਹੈ।

## 3 ਲੱਖ ਏਕੜ ਜ਼ਮੀਨ ਹੜ੍ਹਾਂ ਦੀ ਮਾਰ ਹੇਠ

**ਚੰਡੀਗੜ੍ਹ:** ਵਧੀਕ ਮੁੱਖ ਸਕੱਤਰ-ਕਮ-ਵਿੱਤ ਕਮਿਸ਼ਨਰ ਮਾਲ ਅਨੁਰਾਗ ਵਰਮਾ ਨੇ ਕਿਹਾ ਹੈ ਕਿ ਹੜ੍ਹਾਂ ਕਾਰਨ ਰਾਜ ‘ਚ 3 ਲੱਖ ਏਕੜ ਜ਼ਮੀਨ ਪ੍ਰਭਾਵਿਤ ਹੋਈ ਹੈ ਤੇ ਸਵਾ ਲੱਖ ਦੇ ਕਰੀਬ ਲੋਕ ਹੜ੍ਹਾਂ ਦੀ ਮਾਰ ਹੇਠ ਆਏ ਹਨ।



ਉਨ੍ਹਾਂ ਅੱਜ ਫਿਰੋਜ਼ਪੁਰ ਤੇ ਫ਼ਾਜ਼ਿਲਕਾ ਜ਼ਿਲ੍ਹਿਆਂ ‘ਚ ਹੜ੍ਹ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ ਤੇ ਅਧਿਕਾਰੀਆਂ ਨੂੰ ਪ੍ਰਭਾਵਿਤ ਪਰਿਵਾਰਾਂ ਲਈ ਨਿਰਵਿਘਨ ਰਾਹਤ ਉਪਾਅ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਅਨੁਰਾਗ ਵਰਮਾ ਨੇ ਕਿਹਾ ਕਿ ਹੜਾਂ ਕਾਰਨ ਰਾਜ ‘ਚ 3 ਲੱਖ ਏਕੜ ਜ਼ਮੀਨ ਪ੍ਰਭਾਵਿਤ ਹੋਈ ਹੈ ਤੇ ਸਵਾ ਲੱਖ ਦੇ ਕਰੀਬ ਲੋਕ ਹੜ੍ਹਾਂ ਦੀ ਮਾਰ ਹੇਠ ਆਏ ਹਨ।

## 15 ਹਜ਼ਾਰ ਦੇ ਕਰੀਬ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ: ਮੁੰਡੀਆਂ

**ਚੰਡੀਗੜ੍ਹ:** ਪੰਜਾਬ ਦੇ ਮਾਲ, ਮੁੜ-ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ



ਮੁੰਡੀਆਂ ਨੇ ਅੱਜ ਦੱਸਿਆ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ‘ਚੋਂ ਹੁਣ ਤੱਕ ਕੁੱਲ 14936 ਲੋਕਾਂ ਨੂੰ ਬਾਹਰ ਕੱਢ ਕੇ ਸੁਰੱਖਿਅਤ ਥਾਵਾਂ ‘ਤੇ ਪਹੁੰਚਾਇਆ ਗਿਆ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਅੰਮ੍ਰਿਤਸਰ ‘ਚ 1700 ਲੋਕਾਂ ਨੂੰ ਸੁਰੱਖਿਅਤ ਕੱਢਿਆ ਗਿਆ, ਜਦਕਿ ਬਰਨਾਲਾ ‘ਚ 25, ਫ਼ਾਜ਼ਿਲਕਾ ‘ਚ 1599, ਫਿਰੋਜ਼ਪੁਰ ‘ਚ 3265, ਗੁਰਦਾਸਪੁਰ ‘ਚ 5456, ਹੁਸ਼ਿਆਰਪੁਰ ‘ਚ 1052, ਕਪੂਰਥਲਾ ‘ਚ 362, ਮਾਨਸਾ ‘ਚ 163, ਮੋਗਾ ‘ਚ 115, ਪਠਾਨਕੋਟ ‘ਚ 1139 ਅਤੇ ਜ਼ਿਲ੍ਹਾ ਤਰਨ ਤਾਰਨ ‘ਚ 60 ਵਿਅਕਤੀ ਸੁਰੱਖਿਅਤ ਕੱਢੇ ਗਏ। ਉਨ੍ਹਾਂ ਦੱਸਿਆ ਕਿ ਹੜ੍ਹਾਂ ‘ਚੋਂ ਕੱਢੇ ਜਾ ਰਹੇ ਵਿਅਕਤੀਆਂ ਦੀ ਗਿਣਤੀ ਵਧਣ ਦੇ ਨਾਲ-ਨਾਲ ਹੀ ਕੈਂਪਾਂ ਦੀ ਗਿਣਤੀ ਵੀ ਵਧਾਈ ਗਈ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਸੂਬੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ‘ਚ 122 ਰਾਹਤ ਕੈਂਪ ਚਲ ਰਹੇ ਹਨ, ਜਿਨ੍ਹਾਂ ‘ਚ 6582 ਵਿਅਕਤੀਆਂ ਨੂੰ ਠਹਿਰਾਇਆ ਗਿਆ ਹੈ। ਮਾਲ ਮੰਤਰੀ ਨੇ ਦੱਸਿਆ ਕਿ ਹੜ੍ਹਾਂ ਕਾਰਨ ਹੁਣ ਤੱਕ ਪੰਜਾਬ ਦੇ ਕੁੱਲ 1312 ਪਿੰਡ ਪ੍ਰਭਾਵਿਤ ਹੋਏ ਹਨ। ਇਨ੍ਹਾਂ ‘ਚ ਅੰਮ੍ਰਿਤਸਰ ਦੇ 93, ਬਰਨਾਲਾ ਦੇ 26, ਬਠਿੰਡਾ ਦੇ 21, ਫਤਹਿਗੜ੍ਹ ਸਾਹਿਬ ਦਾ 1, ਫਾਜ਼ਿਲਕਾ ਦੇ 92, ਫਿਰੋਜ਼ਪੁਰ ਦੇ 107, ਗੁਰਦਾਸਪੁਰ ਦੇ 324, ਹੁਸ਼ਿਆਰਪੁਰ ਦੇ 86, ਜਲੰਧਰ ਦੇ 55, ਕਪੂਰਥਲਾ ਦੇ 123, ਲੁਧਿਆਣਾ ਦੇ 26, ਮਾਲੇਰਕੋਟਲਾ ਦੇ 4, ਮਾਨਸਾ ਦੇ 77, ਮੋਗਾ ਦੇ 35, ਪਠਾਨਕੋਟ ਦੇ 81, ਪਟਿਆਲਾ ਦੇ 14, ਰੂਪਨਗਰ ਦੇ 2, ਸੰਗਰੂਰ ਦੇ 22, ਐਸ.ਏ.ਐਸ. ਨਗਰ ਦਾ 1, ਐਸ.ਬੀ.ਐਸ ਨਗਰ ਦੇ 3, ਸ੍ਰੀ ਮੁਕਤਸਰ ਸਾਹਿਬ ਦੇ 74 ਤੇ ਤਰਨ ਤਾਰਨ ਦੇ 45 ਪਿੰਡ ਸ਼ਾਮਿਲ ਹਨ।




**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**


The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਰ.ਸ.ਸ. ਸਰਕਾਰ ਦੇ ਫ਼ੈਸਲੇ ਨਹੀਂ ਲੈਂਦਾ ਸਿਰਫ਼ ਸਲਾਹ ਦਿੰਦਾ: ਮੋਹਨ ਭਾਗਵਤ

**ਨਵੀਂ ਦਿੱਲੀ:** ਆਰ. ਐਸ. ਐਸ. ਮੁਖੀ ਮੋਹਨ ਭਾਗਵਤ ਨੇ ਕਿਹਾ ਕਿ ਭਾਜਪਾ ਅਤੇ ਸੰਘ 'ਚ ਕੋਈ ਵਿਵਾਦ ਨਹੀਂ ਹੈ। ਉਨ੍ਹਾਂ ਕਿਹਾ ਕਿ ਸਾਡੇ ਭਾਜਪਾ ਸਰਕਾਰ ਹੀ ਨਹੀਂ ਸਾਰੀਆਂ ਸਰਕਾਰਾਂ ਨਾਲ ਚੰਗੇ ਸੰਬੰਧ ਰਹੇ ਹਨ। ਸਾਡੇ ਦਰਮਿਆਨ ਮਤਭੇਦ ਹੋ ਸਕਦੇ ਹਨ, ਮਨਭੇਦ ਨਹੀਂ। ਸਰਕਾਰ 'ਚ ਫ਼ੈਸਲੇ ਲੈਣ ਸੰਬੰਧੀ ਉਨ੍ਹਾਂ ਕਿਹਾ ਕਿ ਇਹ ਕਹਿਣਾ ਗਲਤ ਹੈ ਕਿ ਸਰਕਾਰ 'ਚ ਸਾਰਾ ਕੁੱਝ ਸੰਘ ਤੈਅ ਕਰਦਾ ਹੈ।



ਉਨ੍ਹਾਂ ਕਿਹਾ ਕਿ ਅਸੀਂ ਸਲਾਹ ਦੇ ਸਕਦੇ ਹਾਂ, ਪਰ ਫ਼ੈਸਲੇ ਸਰਕਾਰ ਹੀ ਲੈਂਦੀ ਹੈ। ਆਰ. ਐਸ. ਐਸ ਦੇ 100 ਸਾਲ ਪੂਰੇ ਹੋਣ 'ਤੇ ਦਿੱਲੀ ਦੇ ਵਿਗਿਆਨ ਭਵਨ 'ਚ ਕਰਵਾਏ ਸਮਾਗਮ ਦੌਰਾਨ ਮੋਹਨ ਭਾਗਵਤ ਨੇ ਕਿਹਾ ਕਿ ਇਸਲਾਮ ਦਾ ਭਾਰਤ 'ਚ ਹਮੇਸ਼ਾ ਸਥਾਨ ਰਹੇਗਾ। ਇਸ ਮੌਕੇ ਉਨ੍ਹਾਂ ਮਨੁਸਮ੍ਰਿਤੀ ਤੋਂ ਲੈ ਕੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.), ਟੈਰਿਫ਼ ਤੋਂ ਲੈ ਕੇ ਜਾਤ, ਸਿੱਖਿਆ, ਦੇਸ਼ ਭਗਤੀ, ਰਾਸ਼ਟਰੀ ਭਾਸ਼ਾ, ਵੰਡ, ਗੈਰ-ਕਾਨੂੰਨੀ ਇਮੀਗ੍ਰੇਸ਼ਨ, ਮੁਸਲਮਾਨਾਂ 'ਤੇ ਹਮਲੇ ਤੇ ਸਭ ਤੋਂ ਮਹੱਤਵਪੂਰਨ ਸਿਆਸਤਦਾਨਾਂ ਲਈ ਸੇਵਾਮੁਕਤੀ ਦੀ ਉਮਰ ਹੱਦ ਦੇ ਸਵਾਲਾਂ ਦੇ ਜਵਾਬ ਦਿੱਤੇ। ਉਨ੍ਹਾਂ ਅਟਕਲਾਂ ਨੂੰ ਵਿਰਾਮ ਦਿੰਦੇ ਹੋਏ ਜਿਨ੍ਹਾਂ 'ਚ ਉਨ੍ਹਾਂ ਦੇ ਹਵਾਲੇ ਨਾਲ ਕਿਹਾ ਗਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਨੂੰ ਖ਼ੁਦ ਇਸੇ ਮਹੀਨੇ 'ਚ 75 ਸਾਲ ਦੇ ਹੋਣ 'ਤੇ ਸੇਵਾ ਮੁਕਤ ਹੋਣਾ ਚਾਹੀਦਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਉਨ੍ਹਾਂ ਕਦੇ ਨਹੀਂ ਕਿਹਾ ਕਿ ਉਨ੍ਹਾਂ ਨੂੰ ਜਾਂ ਕਿਸੇ ਹੋਰ ਨੂੰ 75 ਸਾਲ ਦੀ ਉਮਰ 'ਚ ਸੇਵਾਮੁਕਤ ਹੋਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐਸ. ਐਸ.) ਜਾਣਦਾ ਹੈ ਕਿ 'ਸ਼ਾਖਾਵਾਂ' ਕਿਵੇਂ ਚਲਾਉਣੀਆਂ ਹਨ ਤੇ ਭਾਜਪਾ ਜਾਣਦੀ ਹੈ ਕਿ ਸਰਕਾਰ ਕਿਵੇਂ ਚਲਾਉਣੀ ਹੈ ਤੇ ਉਹ ਸਿਰਫ਼ ਇਕ ਦੂਜੇ ਨੂੰ ਸੁਝਾਅ ਦਿੰਦੇ ਹਨ।

# ਅਫ਼ਗਾਨਿਸਤਾਨ ਵਿਚ ਭੂਚਾਲ ਨਾਲ 800 ਮੌਤਾਂ

**ਕਾਬਲ:** ਅਫ਼ਗਾਨਿਸਤਾਨ ਵਿੱਚ ਐਤਵਾਰ ਦੇਰ ਰਾਤ ਆਏ ਭੂਚਾਲ ਦੀ ਤੀਬਰਤਾ 6 ਮਾਪੀ ਗਈ ਹੈ ਅਤੇ ਤਾਲਿਬਾਨ ਸਰਕਾਰ ਦੇ ਬੁਲਾਰੇ ਜ਼ਬੀਹੁੱਲਾ ਮੁਜਾਹਿਦ ਨੇ ਸੋਮਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਮਰਨ ਵਾਲਿਆਂ ਦੀ ਗਿਣਤੀ ਵਧ ਕੇ 800 ਹੋ ਗਈ ਹੈ ਅਤੇ 2,500 ਜ਼ਖਮੀ ਹੋਏ ਹਨ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਮੌਤਾਂ ਕੁਨਾਰ ਸੂਬੇ ਵਿੱਚ ਹੋਈਆਂ ਹਨ। ਅਫ਼ਗਾਨਿਸਤਾਨ ਵਿੱਚ ਇਮਾਰਤਾਂ ਆਮ ਤੌਰ 'ਤੇ ਨੀਵੀ ਬਣਤਰ ਵਾਲੀਆਂ ਹੁੰਦੀਆਂ ਹਨ, ਜਦੋਂ ਕਿ ਪੇਂਡੂ ਅਤੇ ਬਾਹਰੀ ਇਲਾਕਿਆਂ ਵਿੱਚ ਘਰ ਕੱਚੀਆਂ ਇੱਟਾਂ ਅਤੇ ਲੱਕੜ ਦੇ ਬਣੇ ਹੁੰਦੇ ਹਨ। ਬਹੁਤ ਸਾਰੇ ਘਰਾਂ ਦੀ ਉਸਾਰੀ ਮਾੜੀ ਹੁੰਦੀ ਹੈ। ਕੁਨਾਰ ਦੇ ਸਭ ਤੋਂ ਵੱਧ ਪ੍ਰਭਾਵਿਤ ਖੇਤਰਾਂ ਵਿੱਚੋਂ ਇੱਕ ਨੂਰਗਲ ਜ਼ਿਲ੍ਹੇ ਦੇ ਇੱਕ ਨਿਵਾਸੀ ਨੇ ਕਿਹਾ



ਕਿ ਲਗਪਗ ਪੂਰਾ ਪਿੰਡ ਤਬਾਹ ਹੋ ਗਿਆ ਹੈ, "ਬੱਚੇ ਮਲਬੇ ਹੇਠ ਹਨ। ਬਜ਼ੁਰਗ ਮਲਬੇ ਹੇਠ ਹਨ। ਨੌਜਵਾਨ ਮਲਬੇ ਹੇਠ ਹਨ।"

ਸਿਹਤ ਮੰਤਰਾਲੇ ਦੇ ਬੁਲਾਰੇ ਸ਼ਰਾਫਤ ਜ਼ਮਾਨ ਨੇ ਕਿਹਾ ਕਿ ਬਚਾਅ ਕਾਰਜ ਜਾਰੀ ਹਨ ਅਤੇ ਕੁਨਾਰ, ਨੰਗਰਹਾਰ ਅਤੇ ਰਾਜਧਾਨੀ ਕਾਬੁਲ ਤੋਂ ਮੈਡੀਕਲ ਟੀਮਾਂ ਇਲਾਕੇ ਵਿੱਚ ਪਹੁੰਚ ਗਈਆਂ ਹਨ। ਜ਼ਮਾਨ ਨੇ ਕਿਹਾ ਕਿ ਬਹੁਤ ਸਾਰੇ ਖੇਤਰਾਂ ਵਿੱਚ ਮੌਤਾਂ ਦੇ ਅੰਕੜੇ ਅਜੇ ਨਹੀਂ ਆ ਸਕੇ।

# ਰੇਂਜਰਜ਼ ਹੜ੍ਹ ਦੇ ਪਾਣੀ 'ਚ ਖੜ੍ਹੇ ਹੋ ਕੇ ਕਰ ਰਹੇ ਨੇ ਪਰੇਡ

**ਅੰਮ੍ਰਿਤਸਰ:** ਪਾਕਿਸਤਾਨ ਵਲੋਂ ਅਟਾਰੀ-ਵਾਹਗਾ ਕੌਮਾਂਤਰੀ ਸਰਹੱਦ ਦੇ ਜ਼ੀਰੋ ਪੁਆਇੰਟ 'ਤੇ ਰੋਜ਼ਾਨਾ ਸ਼ਾਮ ਰੇਂਜਰਜ਼ ਵਲੋਂ ਕੀਤੀ ਜਾਣ ਵਾਲੀ ਝੰਡਾ ਉਤਾਰਨ ਦੀ ਰਸਮ (ਰਿਟਰੀਟ ਸੈਰਾਮਨੀ) ਨੂੰ ਵੇਖਣ ਆਉਣ ਵਾਲੇ ਦਰਸ਼ਕਾਂ ਲਈ ਕਰੋੜਾਂ ਦੀ ਲਾਗਤ ਨਾਲ ਨਵੀਂ ਦਰਸ਼ਕ ਗੈਲਰੀ ਉਸਾਰੀ ਗਈ ਹੈ। ਜਿੱਥੇ ਖੜ੍ਹੇ ਬਾਰਿਸ਼ ਦੇ ਪਾਣੀ ਨਾਲ ਇਸ ਦਰਸ਼ਕ ਗੈਲਰੀ 'ਤੇ ਆਈ ਲਾਗਤ ਅਤੇ ਇਸ ਦੀ ਗੁਣਵੱਤਾ 'ਤੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਪਾਕਿਸਤਾਨੀ ਰੇਂਜਰਜ਼ ਨੂੰ ਹਜ਼ਾਰਾਂ ਪਾਕਿਸਤਾਨੀਆਂ ਦੀ ਹਾਜ਼ਰੀ 'ਚ ਉਨ੍ਹਾਂ ਦੇ ਮਨੋਰੰਜਨ ਲਈ ਕੀਤੀ ਜਾਣ ਵਾਲੀ ਪਰੇਡ ਗੰਧਲੇ ਪਾਣੀ 'ਚ ਖੜ੍ਹੇ ਹੋ ਕੇ ਕਰਨੀ ਪੈ ਰਹੀ ਹੈ, ਜਦਕਿ ਭਾਰਤ ਪਾਸੇ ਭਾਰੀ ਬਰਸਾਤ ਦੇ ਬਾਵਜੂਦ ਕਿਤੇ ਵੀ ਪਾਣੀ ਨਹੀਂ ਖੜ੍ਹਾ ਹੈ।

## ਵਿਦਿਆਰਥੀਆਂ ਤੇ ...

(ਪਹਿਲੇ ਸਫ਼ੇ ਦਾ ਬਾਕੀ)

ਦੀ ਆਗਿਆ ਹੈ। ਜਿਸ ਨਾਲ ਸੁਰੱਖਿਆ ਜੋਖਮ, ਟੈਕਸਦਾਤਾਵਾਂ ਦੇ ਪੈਸੇ ਦੀ ਵੱਡੀ ਬਰਬਾਦੀ ਅਤੇ ਅਮਰੀਕੀ ਨਾਗਰਿਕਾਂ ਨੂੰ ਨੁਕਸਾਨ ਪਹੁੰਚਿਆ ਹੈ। ਬੁਲਾਰੇ ਨੇ ਕਿਹਾ ਕਿ ਇਹ ਨਵਾਂ ਪ੍ਰਸਤਾਵਿਤ ਨਿਯਮ ਸੰਯੁਕਤ ਰਾਜ ਅਮਰੀਕਾ 'ਚ ਕੁਝ ਵੀਜ਼ਾ ਧਾਰਕਾਂ ਦੇ ਠਹਿਰਨ ਦੀ ਮਿਆਦ ਨੂੰ ਸੀਮਤ ਕਰਕੇ ਇਸ ਦੁਰਵਰਤੋਂ ਨੂੰ ਇਕ ਵਾਰ ਤੇ ਹਮੇਸ਼ਾ ਲਈ ਖਤਮ ਕਰ ਦੇਵੇਗਾ। ਵਿਦੇਸ਼ੀ ਮੀਡੀਆ ਕਰਮਚਾਰੀ ਅਮਰੀਕਾ 'ਚ 5 ਸਾਲਾਂ ਲਈ ਜਾਰੀ ਕੀਤੇ ਗਏ 'ਆਈ' ਵੀਜ਼ੇ ਤਹਿਤ ਕੰਮ ਕਰ ਸਕਦੇ ਹਨ, ਜਿਸ ਨੂੰ ਕਈ ਵਾਰ ਵਧਾਇਆ ਜਾ ਸਕਦਾ ਹੈ। ਹਾਲਾਂਕਿ, ਨਵੇਂ ਨਿਯਮ ਤਹਿਤ ਸ਼ੁਰੂਆਤੀ ਮਿਆਦ 240 ਦਿਨਾਂ ਤੱਕ ਨਿਰਧਾਰਤ ਕੀਤੀ ਜਾਵੇਗੀ।'

# ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫਰ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼

**ਅੰਮ੍ਰਿਤਸਰ:** ਪੰਜਾਬ ਸਰਕਾਰ ਦੇ ਅਦਾਰੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫਰ ਸ੍ਰੀਨਗਰ ਵਿਖੇ ਪਿਛਲੇ ਦਿਨੀਂ ਗੁਰੂ ਤੇਗ ਬਹਾਦੁਰ ਜੀ ਦੇ ਸ਼ਤਾਬਦੀ ਸਮਾਰੋਹ ਸਮੇਂ ਹੋਈ ਮਰਯਾਦਾ ਦੀ ਉਲੰਘਣਾ ਸੰਬੰਧੀ ਆਪਣਾ ਪੱਖ ਪੇਸ਼ ਕਰਨ ਵਾਸਤੇ ਸੋਮਵਾਰ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੁੱਜੇ ਅਤੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਕੋਲ





ਆਪਣਾ ਪੱਖ ਰੱਖਿਆ। ਉਨ੍ਹਾਂ ਲਿਖਤੀ ਰੂਪ ਵਿੱਚ ਆਪਣਾ ਸਪੱਸ਼ਟੀਕਰਨ ਵੀ ਦਿੱਤਾ।ਜਥੇਦਾਰ ਗੜਗੱਜ ਨੇ ਕਿਹਾ ਕਿ ਇਹ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਹੋਣ ਵਾਲੀ ਇਕੱਤਰਤਾ ਵਿੱਚ ਵਿਚਾਰਿਆ ਜਾਵੇਗਾ ਅਤੇ ਇਸ ਮਗਰੋਂ ਅਗਲੀ ਕਾਰਵਾਈ ਕੀਤੀ ਜਾਵੇਗੀ। ਆਪਣਾ ਪੱਖ ਜਥੇਦਾਰ ਸਾਹਿਬ ਕੋਲ ਰੱਖਣ ਤੋਂ ਬਾਅਦ ਮੀਡੀਆ ਨਾਲ ਸੰਖੇਪ ਗੱਲਬਾਤ ਦੌਰਾਨ ਜਸਵੰਤ ਸਿੰਘ ਜ਼ਫਰ ਨੇ ਕਿਹਾ ਕਿ ਉਨ੍ਹਾਂ ਨੇ ਮਰਯਾਦਾ ਸੰਬੰਧੀ ਹੋਈ ਗਲਤੀ ਸਵੀਕਾਰ ਕੀਤੀ ਹੈ।

ਜ਼ਫਰ ਨੇ ਪੇਸ਼ ਹੋਣ ਮੌਕੇ ਆਪਣਾ ਦਾੜ੍ਹਾ ਬੰਨ੍ਹਿਆ ਹੋਇਆ ਸੀ ਤਾਂ ਜਥੇਦਾਰ ਗੜਗੱਜ ਨੇ ਪਹਿਲਾਂ ਉਸਨੂੰ ਮਰਿਆਦਾ ਦਾ ਸਬਕ ਸਿਖਾਇਆ ਅਤੇ ਦਾੜ੍ਹਾ ਖੋਲ੍ਹ ਕੇ ਆਉਣ ਲਈ ਕਿਹਾ। ਜਸਵੰਤ ਸਿੰਘ ਜ਼ਫ਼ਰ ਇਕ ਦਮ ਵਾਪਸ ਗਏ ਅਤੇ ਦਾੜ੍ਹਾ ਖੋਲ੍ਹ ਕੇ ਕੁਝ ਮਿੰਟਾਂ ਬਾਅਦ ਹੀ ਦੁਬਾਰਾ ਪੇਸ਼ ਹੋਏ। ਜਸਵੰਤ ਸਿੰਘ ਜ਼ਫ਼ਰ ਨੇ ਜਥੇਦਾਰ ਗੜਗੱਜ ਨੂੰ ਆਪਣੇ ਲਿਖਤੀ ਸਪੱਸ਼ਟੀਕਰਨ ਵਿੱਚ ਮਰਿਆਦਾ ਦੀ ਉਲੰਘਣਾ ਲਈ ਮੁਆਫ਼ੀ ਵੀ ਮੰਗੀ। ਉਨ੍ਹਾਂ ਕਿਹਾ ਕਿ ਉਹ ਹਰ ਫੈਸਲੇ ਨੂੰ ਸਵੀਕਾਰ ਕਰਦੇ ਹਨ।

# ਪੁਲਸ 'ਤੇ ਫਾਇਰਿੰਗ ਕਰਕੇ ਹਿਰਾਸਤ 'ਚੋਂ ਫਰਾਰ ਹੋਇਆ ਵਿਧਾਇਕ ਪਠਾਣਮਾਜਰਾ

**ਕਰਨਾਲ:** ਹਰਮੀਤ ਸਿੰਘ ਪਠਾਣਮਾਜਰਾ ਬਾਰੇ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ। ਆਪ ਵਿਧਾਇਕ ਪੁਲਿਸ ਹਿਰਾਸਤ ਵਿੱਚੋਂ ਫਰਾਰ ਹੋ ਗਿਆ ਹੈ। ਹਰਮੀਤ ਸਿੰਘ ਪਠਾਣਮਾਜਰਾ ਪੁਲਸ 'ਤੇ ਗੋਲੀਬਾਰੀ ਕਰਨ ਤੋਂ ਬਾਅਦ ਫਰਾਰ ਹੋਇਆ ਦੱਸਿਆ ਜਾ ਰਿਹਾ ਹੈ। ਐਸ ਐਸ ਪੀ ਪਟਿਆਲਾ ਨੇ ਇਹ ਜਾਣਕਾਰੀ ਦਿੱਤੀ ਹੈ। ਪੁਲਸ ਮੁਤਾਬਕ ਗ੍ਰਿਫਤਾਰੀ ਤੋਂ ਬਾਅਦ ਸਥਾਨਕ ਪੁਲਸ ਸਟੇਸ਼ਨ ਲਿਜਾਂਦੇ ਸਮੇਂ, ਪਠਾਣਮਾਜਰਾ ਅਤੇ ਉਸਦੇ ਸਾਥੀਆਂ ਨੇ ਪੁਲਸ 'ਤੇ ਗੋਲੀਬਾਰੀ ਕੀਤੀ। ਘਟਨਾ ਵਿੱਚ ਇੱਕ ਪੁਲਿਸ ਮੁਲਾਜ਼ਮ ਜ਼ਖਮੀ ਵੀ ਦੱਸਿਆ ਜਾ ਰਿਹਾ ਹੈ। ਸਨੌਰ ਤੋਂ ਆਪ ਵਿਧਾਇਕ ਪਠਾਣਮਾਜਰਾ ਬੀਤੇ ਦਿਨ ਹੀ ਆਪ ਸਰਕਾਰ ਵਿਰੁੱਧ ਖੁੱਲ੍ਹ ਕੇ ਬੋਲਿਆ ਸੀ। ਇਸ ਤੋਂ ਤੁਰੰਤ ਬਾਅਦ ਉਸ ਵਿਰੁੱਧ ਇਕ ਪੁਰਾਣੇ ਕੇਸ ਅਧੀਨ ਕਾਰਵਾਈ ਅਮਲ ਵਿੱਚ ਲਿਆਉਣ ਲਈ ਕਦਮ ਚੁੱਕ ਲਿਆ ਗਿਆ।



# ਰਾਮਾਨੰਦ ਸਾਗਰ ਦੇ ਪੁੱਤਰ ਪ੍ਰੇਮ ਸਾਗਰ ਦਾ ਦੇਹਾਂਤ


**ਮੁੰਬਈ:** ਪ੍ਰਸਿੱਧ ਫਿਲਮ ਮੇਕਰ ਰਾਮਾਨੰਦ ਸਾਗਰ ਦੇ ਪੁੱਤਰ ਤੇ ਮਸ਼ਹੂਰ 'ਵਿਕਰਮ ਔਰ ਬੇਤਾਲ' ਦੇ ਡਾਇਰੈਕਟਰ ਪ੍ਰੇਮ ਸਾਗਰ ਦਾ ਐਤਵਾਰ ਨੂੰ ਦੇਹਾਂਤ ਹੋ ਗਿਆ। ਉਹ 84 ਸਾਲਾਂ ਦੇ ਸਨ। ਉਹ ਕੁਝ ਸਮੇਂ ਤੋਂ ਬਿਮਾਰ ਸਨ ਤੇ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ 'ਚ ਦਾਖ਼ਲ ਸਨ। ਡਾਕਟਰਾਂ ਨੇ ਉਨ੍ਹਾਂ ਨੂੰ ਘਰ ਲਿਜਾਣ ਦੀ ਸਲਾਹ ਦਿੱਤੀ ਸੀ। ਐਤਵਾਰ ਸਵੇਰੇ ਉਨ੍ਹਾਂ ਦਾ ਦੇਹਾਂਤ ਹੋ ਗਿਆ। ਪ੍ਰੇਮ ਸਾਗਰ ਨੇ ਪੁਣੇ ਸਥਿਤ ਫਿਲਮ ਐਡ ਟੈਲੀਵਿਜ਼ਨ ਇੰਸਟੀਟਿਊਟ ਆਫ ਇੰਡੀਆ ਤੋਂ ਸਿੱਖਿਆ ਪੂਰੀ ਕਰਨ ਮਗਰੋਂ ਰਾਮਾਨੰਦ ਸਾਗਰ ਦੀ ਫਿਲਮ 'ਲਲਕਾਰ' (1970) ਨਾਲ ਸਿਨੇਮੈਟੋਗ੍ਰਾਫਰ ਵਜੋਂ ਆਪਣਾ ਕਰੀਅਰ ਸ਼ੁਰੂ ਕੀਤਾ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਜ਼ਮੀਨ ਖਿਸਕਣ ਕਾਰਨ ਧੌਲੀਗੰਗਾ ਪ੍ਰਾਜੈਕਟ ਦੇ 19 ਕਾਮੇ ਸੁਰੰਗ 'ਚ ਫਸੇ

**ਪਿਥੌਰਾਗੜ੍ਹ:** ਉਤਰਾਖੰਡ ਦੇ ਪਿਥੌਰਾਗੜ੍ਹ 'ਚ ਧੌਲੀਗੰਗਾ ਪਾਵਰ ਪ੍ਰਾਜੈਕਟ ਦੇ ਚੱਲ ਰਹੇ ਕੰਮ ਦੌਰਾਨ ਜ਼ਮੀਨ ਖਿਸਕਣ ਕਾਰਨ ਆਮ ਅਤੇ ਐਮਰਜੈਂਸੀ ਸੁਰੰਗਾਂ ਬੰਦ ਹੋ ਗਈਆਂ, ਜਿਸ ਕਾਰਨ ਨੈਸ਼ਨਲ ਹਾਈਡ੍ਰੋਇਲੈਕਟ੍ਰਿਕ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ 19 ਕਾਮੇ ਇਕ ਪਾਵਰ ਹਾਊਸ ਦੇ ਅੰਦਰ ਫਸ ਗਏ। ਧਾਰਚੂਲਾ ਦੇ ਡਿਪਟੀ ਜ਼ਿਲ੍ਹਾ ਮੈਜਿਸਟ੍ਰੇਟ ਜਤਿੰਦਰ ਵਰਮਾ ਨੇ ਕਿਹਾ ਕਿ ਮਲਬਾ ਹਟਾਉਣ ਲਈ ਮਸ਼ੀਨਾਂ ਲਗਾਈਆਂ ਗਈਆਂ ਹਨ ਤੇ ਸ਼ਾਮ ਤੱਕ ਰਸਤਾ ਸਾਫ਼ ਕਰ ਦਿੱਤਾ ਜਾਵੇਗਾ, ਜਿਸ ਤੋਂ ਬਾਅਦ ਸਾਰੇ ਵਰਕਰ ਬਾਹਰ ਆ ਸਕਣਗੇ। ਜ਼ਿਲ੍ਹੇ 'ਚ ਧਾਰਚੂਲਾ ਨੇੜੇ ਈਲਾਗੜ੍ਹ ਖੇਤਰ 'ਚ ਧੌਲੀਗੰਗਾ ਪਾਵਰ ਪ੍ਰਾਜੈਕਟ ਦੀਆਂ ਆਮ ਅਤੇ ਐਮਰਜੈਂਸੀ ਸੁਰੰਗਾਂ ਵੱਲ ਜਾਣ ਵਾਲਾ ਰਾਹ ਭਾਰੀ ਮੀਂਹ ਮਗਰੋਂ ਜ਼ਮੀਨ ਖਿਸਕਣ ਕਾਰਨ ਬੰਦ ਹੋ ਗਿਆ। ਉਨ੍ਹਾਂ ਕਿਹਾ ਕਿ ਮਲਬਾ ਲਗਾਤਾਰ ਡਿਗਣ ਦੇ ਬਾਵਜੂਦ ਸਰਹੱਦੀ ਸੜਕ



ਸੰਗਠਨ ਦੀਆਂ ਜੇ.ਸੀ.ਬੀ. ਮਸ਼ੀਨਾਂ ਦੀ ਮਦਦ ਨਾਲ ਰਾਹ ਸਾਫ਼ ਕਰਨ ਦਾ ਕੰਮ ਜਾਰੀ ਹੈ। ਵਰਮਾ ਨੇ ਕਿਹਾ ਕਿ ਸਾਰੇ ਵਰਕਰ ਸੁਰੱਖਿਅਤ ਹਨ ਤੇ ਪਾਵਰ ਹਾਊਸ ਤੱਕ ਜਾਣ ਦਾ ਰਾਹ ਖੁੱਲ੍ਹਣ ਤੋਂ ਬਾਅਦ ਉਹ ਬਾਹਰ ਆ ਜਾਣਗੇ।

# ਘੱਗਰ ਨੂੰ ਚੌੜਾ ਕਰਨ ਸੰਬੰਧੀ ਅਦਾਲਤੀ ਸਟੇਅ ਹਟਵਾਏ ਕੇਂਦਰ ਸਰਕਾਰ: ਹਰਪਾਲ ਚੀਮਾ

**ਸੰਗਰੂਰ:** ਪੰਜਾਬ ਸਰਕਾਰ ਘੱਗਰ ਦਰਿਆ ਕਾਰਨ ਵਾਰ-ਵਾਰ ਪੈਦਾ ਹੁੰਦੀ ਸੰਭਾਵੀ ਹੜ੍ਹਾਂ ਦੀ ਸਥਿਤੀ ਦੇ ਪੱਕੇ ਹੱਲ ਲਈ ਵਚਨਬੱਧ ਹੈ ਅਤੇ ਇਸ ਦਰਿਆ ਨੂੰ ਚੌੜਾ ਕਰ ਕੇ ਇਸਦਾ ਸਥਾਈ ਹੱਲ ਹੋ ਸਕਦਾ ਹੈ ਪਰ ਗੁਆਂਢੀ ਸੂਬੇ ਹਰਿਆਣਾ ਵਲੋਂ ਘੱਗਰ ਦਰਿਆ ਦੇ ਪੰਜਾਬ ਵਿਚਲੇ ਕੁਝ ਹਿੱਸੇ, ਮਕਰੌੜ ਸਾਹਿਬ ਤੋਂ ਕੜੈਲ ਤਕ ਨੂੰ ਚੌੜਾ ਕੀਤੇ ਜਾਣ ਦੇ ਮਾਮਲੇ ਸਬੰਧੀ ਮਾਣਯੋਗ ਸੁਪਰੀਮ ਕੋਰਟ ਤੋਂ ਸਟੇਅ ਲਏ ਜਾਣ ਕਰਕੇ ਇਹ ਕਾਰਜ ਸਿਰੇ ਨਹੀਂ ਚੜ੍ਹ ਰਿਹਾ।

ਪੰਜਾਬ ਦੇ ਲੋਕਾਂ ਦੀ ਹੁੰਦੀ ਖ਼ੁਆਰੀ ਦੇ ਪੱਕੇ ਹੱਲ ਲਈ ਜ਼ਰੂਰੀ ਹੈ ਕਿ ਕੇਂਦਰ ਸਰਕਾਰ ਲੋਕਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਹਰਿਆਣਾ ਸਰਕਾਰ ਨੂੰ ਕਹਿ ਕੇ ਇਸ ਮਾਮਲੇ ਸਬੰਧੀ ਸਟੇਅ ਵਾਪਸ ਕਰਵਾਏ। ਇਹ ਪ੍ਰਗਟਾਵਾ ਵਿੱਤ ਮੰਤਰੀ ਪੰਜਾਬ, ਹਰਪਾਲ ਸਿੰਘ ਚੀਮਾ ਨੇ ਖਨੌਰੀ ਹੈੱਡ ਵਰਕਸ ਵਿਖੇ ਘੱਗਰ ਦਰਿਆ ਦੀ ਸਥਿਤੀ ਦਾ ਜਾਇਜ਼ਾ ਲੈਣ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਅੱਜ ਘੱਗਰ ਦਰਿਆ ਵਿਚ ਪਾਣੀ ਦਾ ਪੱਧਰ 743.7 ਫੁੱਟ ਹੈ ਤੇ ਖ਼ਤਰੇ ਦਾ ਨਿਸ਼ਾਨ 748 ਫੁੱਟ ਹੈ ਤੇ ਹਾਲਾਤ ਪੂਰੀ ਤਰ੍ਹਾਂ ਕਾਬੂ ਵਿਚ ਹਨ। ਜ਼ਿਲ੍ਹਾ ਪ੍ਰਸ਼ਾਸਨ ਵਲੋਂ ਹਰ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਢੁਕਵੇਂ ਪ੍ਰਬੰਧ ਕੀਤੇ ਗਏ




ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ, ਐਸ.ਡੀ.ਐਮ. ਲਹਿਰਾ ਸੂਬਾ ਸਿੰਘ, ਸੀਨੀਅਰ ਆਪ ਆਗੂ ਸੁਰਿੰਦਰ ਕਾਂਸਲ, ਚੇਅਰਮੈਨ ਜੋਗੀ ਰਾਮ ਭੁੱਲਣ, ਵਿਸ਼ਾਲ ਕਾਂਸਲ ਬਲਾਕ ਪ੍ਰਧਾਨ ਆਪ ਖਨੌਰੀ, ਵੀਰਭਾਨ ਕਾਂਸਲ ਬਲਾਕ ਪ੍ਰਧਾਨ, ਬਬਲੀ ਸ਼ਰਮਾ ਬਨਾਰਸੀ ਆੜ੍ਹਤੀਆਂ ਐਸੋਸੀਏਸ਼ਨ ਪ੍ਰਧਾਨ ਖਨੌਰੀ, ਬਲਵਿੰਦਰ ਐਮ.ਸੀ., ਕ੍ਰਿਸ਼ਨ ਐਮ.ਸੀ., ਸੁਭਾਸ਼ ਐਮ.ਸੀ., ਰਣਜੀਤ ਨੰਬਰਦਾਰ, ਬਜਿੰਦਰ ਐਮ.ਸੀ., ਪਵਨ ਐਮ.ਸੀ., ਬਿੰਦੂ ਬੇਦੀ ਸੀਨੀਅਰ ਆਪ ਆਗੂ, ਗੁਰਮੇਲ ਕਲਰਕ, ਜੱਸੂ ਐਮ.ਸੀ., ਰੋਮੀ ਗੋਇਲ ਪ੍ਰਧਾਨ ਟਰੱਕ ਮਾਰਕੀਟ ਸਮੇਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਪੰਜਾਬ ਸਰਕਾਰ ਦੇ ਨੁਮਾਇੰਦੇ ਮੌਜੂਦ ਸਨ।

# ਦੇਸ਼ ਦੀ ਪ੍ਰੀਖਿਆ ਲੈ ਰਹੀਆਂ ਨੇ ਕੁਦਰਤੀ ਆਫ਼ਤਾਂ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਮਾਸਿਕ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਦੇ 125ਵੇਂ ਪ੍ਰੋਗਰਾਮ 'ਚ ਆਫ਼ਤਾਂ ਨਾਲ ਜੂਝ ਰਹੇ ਦੇਸ਼ ਦੀ ਪੀੜ ਨੂੰ ਸਾਂਝਾ ਕੀਤਾ ਤੇ ਰਾਹਤ ਕਾਰਜਾਂ 'ਚ ਜੁਟੇ ਸਾਰੇ ਲੋਕਾਂ ਦਾ ਧੰਨਵਾਦ ਵੀ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਜੰਮੂ-ਕਸ਼ਮੀਰ ਦੀਆਂ 2 ਵੱਡੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ, ਜਿਸ ਵਿਚ ਪੁਲਵਾਮਾ ਦਾ ਪਹਿਲਾ ਡੇਅ-ਨਾਈਟ ਕ੍ਰਿਕਟ ਮੈਚ ਅਤੇ ਸ੍ਰੀਨਗਰ ਦੀ ਡੱਲ ਝੀਲ 'ਤੇ ਕਰਵਾਇਆ ਗਿਆ ਪਹਿਲਾ 'ਖੇਲੋ ਇੰਡੀਆ ਵਾਟਰ ਸਪੋਰਟਸ ਫ਼ੈਸਟੀਵਲ' ਸ਼ਾਮਿਲ ਹਨ। ਇਸ ਤੋਂ ਇਲਾਵਾ ਉਨ੍ਹਾਂ ਯੂ.ਪੀ.ਐਸ.ਸੀ. ਸਿਵਲ ਸੇਵਾਵਾਂ ਪ੍ਰੀਖਿਆ ਦੇ ਵਿਦਿਆਰਥੀਆਂ ਸਮੇਤ ਹੋਰਨਾ ਮੁੱਦਿਆਂ 'ਤੇ ਵੀ ਚਰਚਾ ਕੀਤੀ। ਹੜ੍ਹਾਂ ਦਾ ਜ਼ਿਕਰ ਕਰਦਿਆਂ ਮੋਦੀ ਨੇ ਕਿਹਾ ਕਿ ਇਸ ਮੌਨਸੂਨ ਸੀਜ਼ਨ 'ਚ ਕੁਦਰਤੀ ਆਫ਼ਤਾਂ ਦੇਸ਼ ਨੂੰ ਪਰਖ ਰਹੀਆਂ ਹਨ। ਪਿਛਲੇ ਕੁਝ ਹਫ਼ਤਿਆਂ 'ਚ ਅਸੀਂ ਹੜ੍ਹਾਂ ਅਤੇ ਜ਼ਮੀਨ ਖਿਸਕਣ ਕਾਰਨ ਹੋਈ ਭਾਰੀ ਤਬਾਹੀ ਦੇਖੀ ਹੈ। ਉਨ੍ਹਾਂ ਕਿਹਾ ਕਿ ਪਾਣੀ ਦਾ ਨਿਰੰਤਰ ਵਾਧਾ ਪੁਲ-ਸੜਕਾਂ ਨੂੰ ਰੋੜ੍ਹ ਕੇ ਲੈ ਗਿਆ ਅਤੇ ਲੋਕਾਂ ਦੀਆਂ ਜਾਨਾਂ ਖ਼ਤਰੇ 'ਚ ਪੈ ਗਈਆਂ। ਇਨ੍ਹਾਂ ਘਟਨਾਵਾਂ ਨੇ ਹਰ ਭਾਰਤੀ ਨੂੰ ਦੁਖੀ ਕੀਤਾ ਹੈ। ਉਨ੍ਹਾਂ ਹੜ੍ਹ ਤੋਂ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਲਈ ਜੁਟੇ ਲੋਕਾਂ ਦਾ ਧੰਨਵਾਦ ਵੀ ਕੀਤਾ। ਮੋਦੀ ਨੇ ਯੂ. ਪੀ. ਐਸ. ਸੀ. ਸਿਵਲ ਸੇਵਾਵਾਂ ਪ੍ਰੀਖਿਆ ਦਾ ਜ਼ਿਕਰ ਕਰਦਿਆਂ ਕਿਹਾ ਕਿ ਹਜ਼ਾਰਾਂ ਅਜਿਹੇ ਉਮੀਦਵਾਰ ਹਨ, ਜੋ ਥੋੜ੍ਹੇ ਜਿਹੇ ਫ਼ਰਕ ਨਾਲ ਅੰਤਿਮ ਸੂਚੀ 'ਚ ਪਹੁੰਚਣ 'ਚ ਅਸਮਰੱਥ ਹੁੰਦੇ ਹਨ। ਹੁਣ ਅਜਿਹੇ ਇਮਾਨਦਾਰ ਵਿਦਿਆਰਥੀਆਂ ਲਈ 'ਪ੍ਰਤਿਭਾ ਸੇਤੂ ਪੋਰਟਲ' ਨਾਂਅ ਦਾ ਇਕ ਡਿਜੀਟਲ ਪਲੇਟਫ਼ਾਰਮ ਬਣਾਇਆ ਗਿਆ ਹੈ। 'ਪ੍ਰਤਿਭਾ ਸੇਤੂ ਪੋਰਟਲ' ਉਨ੍ਹਾਂ ਉਮੀਦਵਾਰਾਂ ਦਾ ਡਾਟਾ ਸਟੋਰ ਕਰਦਾ ਹੈ, ਜਿਨ੍ਹਾਂ ਨੇ ਯੂ.ਪੀ.ਐਸ.ਸੀ. ਦੀਆਂ ਵੱਖ-ਵੱਖ ਪ੍ਰੀਖਿਆਵਾਂ ਦੇ ਸਾਰੇ ਪੜਾਅ ਪਾਸ ਕੀਤੇ, ਪਰ ਉਨ੍ਹਾਂ ਦਾ ਨਾਂਅ ਅੰਤਿਮ ਮੈਰਿਟ ਸੂਚੀ 'ਚ ਨਹੀਂ ਆਇਆ। ਨਿੱਜੀ ਕੰਪਨੀਆਂ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੀਆਂ ਹਨ ਅਤੇ ਉਨ੍ਹਾਂ ਨੂੰ ਨੌਕਰੀ ਦੇ ਸਕਦੀਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਹੋਰ ਵੀ ਮੁੱਦਿਆਂ 'ਤੇ ਚਰਚਾ ਕੀਤੀ।



# ਵੈਨਕੂਵਰ ਵਿਚਾਰ ਮੰਚ ਵੱਲੋਂ ਇਤਿਹਾਸਕਾਰ ਇਸ਼ਤਿਆਕ ਅਹਿਮਦ ਅਤੇ ਲੇਖਕ ਜਸਵਿੰਦਰ ਰੁਪਾਲ ਨਾਲ ਰੂ-ਬਰੂ




**ਸਰੀ:** ਵੈਨਕੂਵਰ ਵਿਚਾਰ ਮੰਚ ਵੱਲੋਂ ਬੀਤੇ ਦਿਨ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਵਿਖੇ ਸਵੀਡਨ ਤੋਂ ਆਏ ਪ੍ਰਸਿੱਧ ਇਤਿਹਾਸਕਾਰ ਡਾ. ਇਸ਼ਤਿਆਕ ਅਹਿਮਦ ਅਤੇ ਕੈਲਗਰੀ ਤੋਂ ਆਏ ਸਾਹਿਤਕਾਰ ਜਸਵਿੰਦਰ ਰੁਪਾਲ ਨਾਲ ਵਿਸ਼ੇਸ਼ ਬੈਠਕ ਕੀਤੀ ਗਈ। ਬੈਠਕ ਦੀ ਸ਼ੁਰੂਆਤ ਮੋਹਨ ਗਿੱਲ ਦੇ ਸਵਾਗਤੀ ਸ਼ਬਦਾਂ ਨਾਲ ਹੋਈ। ਉਨ੍ਹਾਂ ਵੈਨਕੂਵਰ ਵਿਚਾਰ ਮੰਚ ਦੀ ਸਥਾਪਨਾ, ਇਸ ਦੇ ਉਦੇਸ਼ ਅਤੇ ਕਾਰਜਾਂ ਬਾਰੇ ਸੰਖੇਪ ਵਿਚ ਜਾਣਕਾਰੀ ਸਾਂਝੀ ਕੀਤੀ ਅਤੇ ਮੰਚ ਦੇ ਗਠਨ ਵਿਚ ਵਿਸ਼ੇਸ਼ ਭੂਮਿਕਾ ਨਿਭਾਉਣ ਵਾਲੇ ਨਾਮਵਰ ਚਿੱਤਰਕਾਰ ਮਰਹੂਮ ਜਰਨੈਲ ਸਿੰਘ ਨੂੰ ਯਾਦ ਕੀਤਾ। ਉਨ੍ਹਾਂ ਕੈਲਗਰੀ ਤੋਂ ਆਏ ਮਹਿਮਾਨ ਲੇਖਕ ਜਸਵਿੰਦਰ ਰੁਪਾਲ ਬਾਰੇ ਸੰਖੇਪ ਜਾਣ ਪਛਾਣ ਕਰਵਾਈ। ਉਪਰੰਤ ਜਸਵਿੰਦਰ ਰੁਪਾਲ ਨੇ ਆਪਣੇ ਜੀਵਨ, ਵਿਦਿਆ, ਅਧਿਆਪਨ ਕਾਰਜ ਅਤੇ ਸਾਹਿਤਕ ਸਫ਼ਰ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਉਹ ਹੁਣ ਤੱਕ 6 ਵਿਸ਼ਿਆਂ ਵਿਚ ਐਮ.ਏ. ਹਾਸਲ ਕਰ ਚੁੱਕੇ ਹਨ ਅਤੇ ਸੱਤਵੀਂ ਐਮ.ਏ. ਕਰ ਰਹੇ ਹਨ। ਉਨ੍ਹਾਂ ਦੀਆਂ ਦੋ ਪੁਸਤਕਾਂ ਛਪ ਚੁੱਕੀਆਂ ਹਨ। ਉਹਨਾਂ ਦਾ ਵਧੇਰੇ ਲਿਖਣ ਕਾਰਜ ਅਧਿਆਤਮਕ ਵਿਸ਼ਿਆਂ ਨਾਲ ਸੰਬੰਧਿਤ ਹੈ। ਸਵੀਡਨ ਤੋਂ ਆਏ ਨਾਮਵਰ ਇਤਿਹਾਸਕਾਰ ਡਾ. ਇਸ਼ਤਿਆਕ ਅਹਿਮਦ ਬਾਰੇ ਜਾਣ ਪਛਾਣ ਕਰਵਾਉਂਦਿਆਂ ਨਵਰੂਪ ਸਿੰਘ ਨੇ ਕਿਹਾ ਕਿ ਪੰਜਾਬ ਦੀ ਵੰਡ ਬਾਰੇ ਅਤੇ 1947 ਦੀ ਤਰਾਸਦੀ ਬਾਰੇ ਡਾ. ਇਸ਼ਤਿਆਕ ਅਹਿਮਦ ਨੇ ਸਖਤ ਮਿਹਨਤ ਕਰਦਿਆਂ ਪੂਰੀ ਇਮਾਨਦਾਰੀ ਨਾਲ ਇਤਿਹਾਸ ਨੂੰ ਕਾਗਜ਼ੀ ਪੰਨਿਆਂ 'ਤੇ ਉਤਾਰਿਆ ਹੈ। ਉਨ੍ਹਾਂ ਲਹੂ ਲੁਹਾਣ, ਵੰਡੇ ਹੋਏ ਅਤੇ ਵੱਢੇ ਟੁੱਕੇ ਪੰਜਾਬ ਦੀ ਦਾਸਤਾਨ ਨੂੰ ਬੇਹੱਦ ਸੁਹਿਰਦਤਾ ਨਾਲ ਸਾਹਮਣੇ ਲਿਆਂਦਾ ਹੈ।

ਡਾ. ਇਸ਼ਤਿਆਕ ਅਹਿਮਦ ਨੇ ਦੱਸਿਆ ਕਿ ਪੰਜਾਬ ਦੀ ਵੰਡ ਦੇ ਦੁਖਾਂਤ ਬਾਰੇ ਜਦੋਂ ਬਜ਼ੁਰਗਾਂ ਤੋਂ ਹਿਰਦੇਵੇਦਿਕ ਕਹਾਣੀਆਂ ਸੁਣੀਆਂ ਤਾਂ ਉਨ੍ਹਾਂ ਨੇ ਇਸ ਦੁਖਾਂਤ ਦਾ ਸ਼ਿਕਾਰ ਹੋਏ, ਪ੍ਰਭਾਵਿਤ ਹੋਏ ਪਰਿਵਾਰਾਂ, ਵੱਢਾ-ਟੁੱਕੀ ਵਿਚ ਸ਼ਾਮਲ ਮਨੁੱਖੀ ਦਰਿੰਦਿਆਂ ਅਤੇ ਉਸ ਸਮੇਂ ਦੇ ਹਾਲਾਤ ਬਾਰੇ ਜਾਣਕਾਰੀ ਇਕੱਠੀ ਕਰਨ ਦਾ ਕਾਰਜ ਉਲੀਕਿਆ। ਸਟਾਕਹੋਮ (ਸਵੀਡਨ) ਯੂਨੀਵਰਸਿਟੀ ਵਿਚ ਉਹ ਪ੍ਰੋਫੈਸਰ ਸਨ ਅਤੇ ਉਨ੍ਹਾਂ ਯੂਨੀਵਰਸਿਟੀ ਨੂੰ ਇਹ ਖੋਜ ਕਰਨ ਲਈ ਬੇਨਤੀ ਕੀਤੀ ਤਾਂ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਇਸ ਕਾਰਜ ਲਈ ਤਿੰਨ ਸਾਲ ਦਾ ਸਮਾਂ ਦਿੱਤਾ ਅਤੇ ਹਰ ਪੱਖੋਂ ਸਹਿਯੋਗ ਦਿੱਤਾ। ਯੂਨੀਵਰਸਿਟੀ ਵੱਲੋਂ ਮਿਲੇ ਸਮੇਂ ਦੌਰਾਨ ਉਨ੍ਹਾਂ ਦਾ ਇਹ ਖੋਜ ਕਾਰਜ ਮੁਕੰਮਲ ਨਹੀਂ ਸੀ ਹੋਇਆ ਅਤੇ ਉਨ੍ਹਾਂ ਅਧਿਆਪਨ ਕਾਰਜ ਦੇ ਨਾਲ ਨਾਲ ਛੁੱਟੀਆਂ ਵਿਚ ਆਪਣੀ ਖੋਜ ਜਾਰੀ ਰੱਖੀ ਅਤੇ ਭਾਰਤ, ਪਾਕਿਸਤਾਨ, ਅਮਰੀਕਾ, ਕੈਨੇਡਾ, ਯੂ.ਕੇ., ਸਿੰਘਾਪੁਰ ਅਤੇ ਹੋਰ ਕਈ ਦੇਸ਼ਾਂ ਵਿਚ, ਜਿੱਥੇ ਪੰਜਾਬੀ ਲੋਕ ਵਸਦੇ ਸਨ, ਜਾ ਕੇ ਲਗਾਤਾਰ 11 ਸਾਲ ਦੀ ਮਿਹਨਤ ਬਾਅਦ ਉਨ੍ਹਾਂ ਇਸ ਖੋਜ ਨੂੰ ਅੰਗਰੇਜ਼ੀ ਵਿਚ ਕਿਤਾਬੀ ਰੂਪ ਦਿੱਤਾ ਜੋ ਬਾਅਦ ਵਿਚ ਉਰਦੂ, ਹਿੰਦੀ ਅਤੇ ਪੰਜਾਬੀ ਵਿਚ ਛਪ ਚੁੱਕੀ ਹੈ। ਉਨ੍ਹਾਂ ਆਪਣੀ ਖੋਜ ਦੌਰਾਨ 450 ਦੇ ਕਰੀਬ ਲੋਕਾਂ ਨਾਲ ਇੰਟਰਵਿਊ ਕੀਤੀਆਂ ਜਿਹਨਾਂ ਵਿੱਚੋਂ 262 ਇੰਟਰਵਿਊ ਪੁਸਤਕ ਵਿਚ ਸ਼ਾਮਲ ਹਨ। ਉਨ੍ਹਾਂ ਇਸ ਮੌਕੇ ਸੰਖੇਪ ਵਿਚ ਪੰਜਾਬ ਦੀ ਵੰਡ ਬਾਰੇ ਬਣੇ ਹਾਲਾਤ, ਮੁਹੰਮਦ ਅਲੀ ਜਿਨਾਹ, ਮੁਸਲਿਮ ਲੀਗ, ਆਰ.ਐਸ.ਐਸ, ਕਾਂਗਰਸ, ਮਹਾਤਮਾ ਗਾਂਧੀ, ਨਹਿਰੂ ਅਤੇ ਸਿੱਖ ਲੀਡਰਾਂ ਦੇ ਰੋਲ ਬਾਰੇ ਚਾਨਣਾ ਪਾਇਆ। ਇਸ ਮੌਕੇ ਪੁੱਛੇ ਗਏ ਸਵਾਲਾਂ ਦੇ ਵੀ ਉਨ੍ਹਾਂ ਜਵਾਬ ਦਿੱਤੇ। ਇਸ ਬੈਠਕ ਵਿਚ ਡਾ. ਸਾਧੂ ਸਿੰਘ, ਡਾ. ਅਮਰਜੀਤ ਭੁੱਲਰ, ਨਾਵਲਕਾਰ ਜਰਨੈਲ ਸਿੰਘ ਸੇਖਾ, ਮੋਹਨ ਗਿੱਲ, ਨਵਰੂਪ ਸਿੰਘ, ਮਹਿੰਦਰਪਾਲ ਸਿੰਘ ਪਾਲ, ਹਰਦਮ ਮਾਨ, ਜਸਵਿੰਦਰ ਰੁਪਾਲ, ਤਰਲੋਚਨ ਤਰਨਤਾਰਨ, ਐਡਵੋਕੇਟ ਰਾਜਵੀਰ ਢਿੱਲੋਂ, ਰਿੱਕੀ ਬਾਜਵਾ, ਅੰਗਰੇਜ਼ ਬਰਾੜ, ਸੰਦੀਪ ਤੂਰ, ਜਸਦੀਪ ਸਿੱਧੂ ਅਤੇ ਇਕਬਾਲ ਸੰਧੂ ਹਾਜਰ ਸਨ। ਅੰਤ ਵਿਚ ਅੰਗਰੇਜ਼ ਬਰਾੜ ਨੇ ਦੋਹਾਂ ਸਤਿਕਾਰਤ ਮਹਿਮਾਨਾਂ ਅਤੇ ਹਾਜਰ ਸ਼ਖ਼ਸੀਅਤਾਂ ਦਾ ਮੰਚ ਵੱਲੋਂ ਧੰਨਵਾਦ ਕੀਤਾ।

# ਰੂਪ ਦਬੁਰਜੀ ਦੀ ਇੰਗਲੈਂਡ ਫੇਰੀ ਦੌਰਾਨ ਕਵੀ ਦਰਬਾਰ





**ਬਰਮਿੰਘਮ:** ਲਿਖਾਰੀ ਸਭਾ, ਬਰਮਿੰਘਮ (ਯੂ ਕੇ) ਵਲੋਂ ਸ਼ਾਇਰ ਰੂਪ ਦਬੁਰਜੀ ਦੀ ਇੰਗਲੈਂਡ ਫੇਰੀ ਦੌਰਾਨ ਲੋਕ ਕਵੀ ਤਾਰਾ ਸਿੰਘ ਤਾਰਾ ਦੇ ਗ੍ਰਹਿ ਵਿਖੇ ਕਵੀ ਦਰਬਾਰ ਕਰਵਾਇਆ ਗਿਆ। ਤਾਰਾ ਸਿੰਘ ਤਾਰਾ ਨੇ ਆਏ ਹੋਏ ਸਰੋਤਿਆਂ ਅਤੇ ਕਵੀਆਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਸਵਾਗਤ ਕਰਦਿਆਂ ਕਿਹਾ, ਭਵਿੱਖ ਵਿਚ ਪੰਜਾਬੀ ਸਾਹਿਤ ਦੇ ਪ੍ਰਸਾਰ ਅਤੇ ਪ੍ਰਚਾਰ ਲਈ ਅਜਿਹੇ ਸਮਾਗਮ ਕਰਦੇ ਰਹਾਂਗੇ। ਇਸ ਕਵੀ ਦਰਬਾਰ ਦੀ ਪ੍ਰਧਾਗੀ ਮਸ਼ਹੂਰ ਗੀਤਕਾਰ ਚੰਨ ਜੰਡਿਆਲਵੀ ਨੇ ਕੀਤੀ ਅਤੇ ਰਾਮ ਚਾਹਲ ਨੇ ਮੰਚ ਸੰਚਾਲਿਕ ਦੇ ਫਰਜ਼ ਨਿਭਾਉਂਦੇ ਹੋਏ ਭਾਵਪੂਰਤ ਅੰਦਾਜ਼ ਵਿਚ ਕਵੀ ਦਰਬਾਰ ਦੀ ਸ਼ੁਰੂਆਤ ਵਿਚ ਸ਼ਾਇਰ ਰੂਪ ਦਬੁਰਜੀ ਨੂੰ ਸ਼ਾਇਰੀ ਸੁਣਾਉਣ ਦਾ ਸੱਦਾ ਦਿੱਤਾ। ਸ਼ਾਇਰ ਰੂਪ ਦਬੁਰਜੀ ਨੇ ਸੱਭਿਆਚਾਰਕ ਗੀਤ ਫੁੱਲਕਾਰੀ ਤਰੁਨਮ ਵਿਚ ਗਾ ਕੇ ਸੁਣਾਇਆ ਅਤੇ ਉਪਰੰਤ ਅੱਧੀ ਦਰਜ਼ਨ ਗ਼ਜ਼ਲਾਂ ਸੁਣਾ ਕੇ ਖ਼ੂਬਸੂਰਤ ਸਾਹਿਤਕ ਮਾਹੌਲ ਸਿਰਜਿਆ ਅਤੇ ਖ਼ੂਬ ਦਾਦ ਖੱਟੀ। ਚੰਨ ਜੰਡਿਆਲਵੀ ਵਲੋਂ ਆਪਣਾ ਕਾਵਿ ਸੰਗ੍ਰਹਿ "ਮਿੱਤਰਾਂ ਦਾ ਰੱਬ ਰਾਖਾ" ਸ਼ਾਇਰ ਰੂਪ ਦਬੁਰਜੀ ਅਤੇ ਰਾਮ ਚਾਹਲ ਨੂੰ ਭੇਟ ਕੀਤਾ।

ਇਨਕਲਾਬੀ ਸ਼ਾਇਰ ਤਾਰਾ ਸਿੰਘ ਤਾਰਾ ਨੇ ਇਨਕਲਾਬੀ ਗੀਤ ਸੁਣਾ ਕੇ ਮਾਹੌਲ ਨੂੰ ਹੋਰ ਇਨਕਲਾਬੀ ਰੰਗ ਚਾੜਿਆ। ਮਹਿੰਦਰ ਦਿਲਬਰ ਨੇ ਤਰੁੱਮਨ ਗੀਤ ਪੜ੍ਹ ਕੇ ਚੰਗਾ ਰੰਗ ਬੰਨਿਆਂ। ਕਹਾਣੀਕਾਰ ਜਸਵਿੰਦਰ ਨੇ ਗੀਤ ਅਤੇ ਗ਼ਜ਼ਲ, ਭੁਚੰਗੀ ਗਰੁੱਪ ਦੇ ਗਾਇਕ ਦਲਬੀਰ ਨੇ ਸ਼ਿਵ ਕੁਮਾਰ ਬਟਾਲਵੀ ਦੀਆਂ ਚਰਚਿਤ ਰਚਨਾਵਾਂ, ਗਾਇਕ ਸਾਗਰ ਨੇ ਲੋਕ ਤੱਥ, ਨਛੱਤਰ ਭੋਗਲ ਨੇ ਵੰਡ ਨਾਲ ਸਬੰਧਤ ਗੀਤ, ਧਰਮ ਚੰਦ ਮਹੇ ਨੇ ਗੀਤ-ਗ਼ਜ਼ਲ ਅਤੇ ਰਾਮ ਚਾਹਲ ਨੇ ਨਜ਼ਮ ਅਤੇ ਚੋਣਵੀਂ ਸ਼ਾਇਰੀ ਪੜ੍ਹ ਕੇ ਨਜ਼ਾਰਾ ਬੰਨ ਦਿੱਤਾ। ਆਖਿਰ 'ਚ ਮਸ਼ਹੂਰ ਗੀਤਕਾਰ ਚੰਨ ਜੰਡਿਆਲਵੀ ਨੇ ਰਿਸ਼ਤਿਆਂ ਨਾਲ ਸਬੰਧਿਤ ਕੁਝ ਗੀਤ ਸੁਣਾ ਕੇ ਸਰੋਤਿਆਂ ਨੂੰ ਮੰਤਰਮੁਗਧ ਕਰ ਦਿੱਤਾ ਅਤੇ ਉਹਨਾਂ ਨੇ ਆਪਣੇ ਪ੍ਰਧਾਨਗੀ ਭਾਸ਼ਨ 'ਚ ਸਭਾ ਨੂੰ ਸਫ਼ਲ ਕਵੀ ਦਰਬਾਰ ਦੀ ਮੁਬਾਰਕਬਾਦ ਦਿੱਤੀ ਅਤੇ ਭਵਿੱਖ ਵਿਚ ਅਜਿਹੇ ਸਮਾਗਮ ਰਚਾਉਣ ਲਈ ਸਾਥ ਦੇਣ ਵਾਅਦਾ ਵੀ ਕੀਤਾ। ਪ੍ਰੈਸ ਸਕੱਤਰ-ਰਾਮ ਚਾਹਲਦੀ ਮੁਬਾਰਕਬਾਦ ਦਿੱਤੀ ਅਤੇ ਭਵਿੱਖ ਵਿਚ ਅਜਿਹੇ ਸਮਾਗਮ ਰਚਾਉਣ ਲਈ ਸਾਥ ਦੇਣ ਵਾਅਦਾ ਵੀ ਕੀਤਾ।

# ਮਾਧੋਪੁਰ ਹੈਡਵਰਕਸ ਦੇ ਗੇਟਾਂ ਦੀ ਦਾਸਤਾਨ

**ਪਠਾਨਕੋਟ:** ਪੰਜਾਬ ਦੇ ਮਾਝਾ ਖੇਤਰ ਵਿੱਚ ਆਏ ਹੜ੍ਹ ਦਾ ਇੱਕ ਕਾਰਨ ਬਣੇ ਮਾਧੋਪੁਰ ਹੈੱਡਵਰਕਸ ਦੇ ਟੁੱਟੇ ਗੇਟਾਂ ਦੀ ਦਾਸਤਾਨ ਵੀ ਬੇਹੱਦ ਦਿਲਚਸਪ ਹੈ।



1875 ਤੋਂ 1879 ਤੱਕ ਬਰਤਾਨੀਆ ਨੇ ਪਹਿਲਾ ਮਾਧੋਪੁਰ ਹੈਡਵਰਕਸ ਬਣਾਇਆ ਸੀ, ਜਦਕਿ ਭਾਰਤ ਸਰਕਾਰ ਵਲੋਂ 1955 ਵਿੱਚ ਇੱਕ ਆਧੁਨਿਕ ਬੈਰੇਜ ਤਿਆਰ ਕੀਤਾ ਗਿਆ। ਸੰਨ

**1875 ਤੋਂ 1879 ਤੱਕ**

ਪੰਜਾਬ ਤੇ ਕਬਜ਼ੇ ਤੋਂ ਬਾਅਦ, ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੇ ਅੱਪਰ ਬਾਰੀ ਦੋਆਬ ਨਹਿਰ (ਭਧਛ) ਪ੍ਰਣਾਲੀ ਬਣਾਉਣ ਦੀ ਸ਼ੁਰੂਆਤ ਕੀਤੀ।

ਮਾਧੋਪੁਰ ਹੈਡਵਰਕਸ ਦਾ ਅਸਲੀ ਰੂਪ ਰਾਵੀ ਦਰਿਆ ਉੱਤੇ ਬਣਾਇਆ ਗਿਆ। 2,700 ਫੁੱਟ ਲੰਬਾ ਬੰਨ੍ਹ (ਵੇਅਰ) ਸੀ, ਜੋ ਭਧਛ ਨੂੰ ਪਾਣੀ ਪ੍ਰਦਾਨ ਕਰਦਾ ਸੀ। ਇਸ ਪ੍ਰੋਜੈਕਟ ਦੀ ਯੋਜਨਾ ਇੰਜੀਨੀਅਰ ਜੋਸਫ ਹੈਨਰੀ ਡਾਇਅਸ ਅਤੇ ਜੇਮਸ ਕ੍ਰੌਫਟਨ ਨੇ ਬਣਾਈ ਸੀ।

ਇਸ ਨਹਿਰ ਪ੍ਰਣਾਲੀ ਰਾਹੀਂ ਅਟੁੱਟ ਪੰਜਾਬ ਦੇ ਗੁਰਦਾਸਪੁਰ, ਅੰਮ੍ਰਿਤਸਰ ਅਤੇ ਲਾਹੌਰ ਜ਼ਿਲ੍ਹਿਆਂ ਨੂੰ ਸਿੰਚਾਈ ਲਈ ਪਾਣੀ ਮਿਲਦਾ ਸੀ।

**ਆਧੁਨਿਕ ਬੈਰੇਜ (1955)**

1955 ਵਿੱਚ, ਬਾਢ਼ ਕਾਰਨ ਪੁਰਾਣੇ ਵੇਅਰ ਨੂੰ ਨੁਕਸਾਨ ਪਹੁੰਚਣ ਤੋਂ ਬਾਅਦ, ਹੈਡਵਰਕਸ ਨੂੰ ਮੁੜ ਬਣਾਕੇ ਇੱਕ ਪੂਰਾ ਬੈਰੇਜ ਤਿਆਰ ਕੀਤਾ ਗਿਆ।

1960 ਦੇ ਸਿੰਧੂ ਜਲ ਸਹਿਮਤੀ ਤੋਂ ਬਾਅਦ, ਰਾਵੀ ਦੇ ਪਾਣੀ ਉੱਤੇ ਭਾਰਤ ਦੇ ਖ਼ਾਸ ਅਧਿਕਾਰ ਹੋ ਗਏ, ਜਿਸ ਕਰਕੇ ਨਹਿਰ ਦੀ ਹੋਰ ਮੁਰੰਮਤ ਤੇ ਵਿਸਥਾਰ ਕੀਤਾ ਗਿਆ।

# ਹੜ੍ਹ ਪੀੜਤਾਂ ਲਈ ਵੱਡੀ ਰਾਹਤ ਬਣੇ 'ਅਕਾਲੀ ਦਲ ਵਾਰਿਸ ਪੰਜਾਬ ਦੇ' ਕੈਂਪ

**ਬਟਾਲਾ:** ਪੰਜਾਬ ਵਿਚ ਹੜ੍ਹਾਂ ਦੇ ਪਾਣੀ ਨੇ ਬਹੁਤ ਤਬਾਹੀ ਮਚਾਈ ਹੋਈ ਹੈ। 12 ਅਗਸਤ ਤੋਂ ਸ਼ੁਰੂ ਹੋਇਆ ਪਾਣੀ ਦਾ ਪ੍ਰਕੋਪ ਅੱਜ ਤੱਕ ਖ਼ਤਮ ਹੋਣ ਦਾ ਨਾਂਅ ਨਹੀਂ ਲੈ ਰਿਹਾ। ਦਰਿਆਵਾਂ ਦੇ ਨਾਲ ਲੱਗਦੇ ਜ਼ਿਲ੍ਹੇ ਇਸਦੀ ਸਭ ਤੋਂ ਵੱਧ ਮਾਰ ਝੱਲ ਰਹੇ ਹਨ। ਲੋਕਾਂ ਦੀਆਂ ਫ਼ਸਲਾਂ, ਮੱਝਾਂ, ਗਾਵਾਂ, ਹੋਰ ਜਾਨਵਰ, ਘਰ ਸਭ ਪਾਣੀ ਦੀ ਲਪੇਟ ਵਿਚ ਹਨ। ਇਸ ਕੁਦਰਤੀ ਆਫ਼ਤ ਨੂੰ ਦੇਖ ਕੇ ਆਪਣੇ ਲੋਕਾਂ ਦੀ ਮਦਦ ਲਈ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਦੇ ਤਰਸੇਮ ਸਿੰਘ ਖ਼ਾਲਸਾ ਪਿਤਾ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਐੱਮ.ਪੀ. ਸ੍ਰੀ ਖਡੂਰ ਸਾਹਿਬ ਆਪਣੀ ਕੋਰ ਕਮੇਟੀ ਸਮੇਤ ਪਾਣੀ ਵਿਚ ਉਤਰੇ ਹੋਏ ਹਨ। ਪਾਰਟੀ ਵਲੋਂ 'ਤੁਹਾਡਾ ਆਪਣਾ ਕੈਂਪ' ਬਣੇ ਰਾਹਤ ਕੈਂਪ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਗਿਆ। ਸਭ ਤੋਂ ਪਹਿਲਾ ਕੈਂਪ ਬਾਊਪੁਰ ਸੁਲਤਾਨਪੁਰ ਲੋਧੀ ਕਪੂਰਥਾਲਾ ਵਿਚ ਰਜਿੰਦਰ ਸਿੰਘ ਤਲਵੰਡੀ ਤੇ ਚਮਕੌਰ ਸਿੰਘ ਧੁੰਨ ਦੀ ਅਗਵਾਈ ਵਿਚ ਸ਼ੁਰੂ ਕੀਤਾ ਗਿਆ।



ਇਸ ਕੈਂਪ ਤੋਂ ਹਰ ਲੋੜਵੰਦ ਤੱਕ ਮਦਦ ਪਹੁੰਚਾਈ ਗਈ। ਇਸ ਤੋਂ ਬਾਅਦ ਦੂਜਾ ਆਪਣਾ ਕੈਂਪ ਮਲਾਵਾਲ ਫਿਰੋਜ਼ਪੁਰ ਕਰਨਵੀਰ ਸਿੰਘ ਤੇ ਮਹਾਂਵੀਰ ਸਿੰਘ ਦੀ ਅਗਵਾਈ ਵਿਚ ਚਲਾਇਆ ਗਿਆ। ਤੀਜਾ, ਚੌਥਾ ਆਪਣਾ ਕੈਂਪ ਹਰੀਕੇ ਪੱਤਣ ਤੇ ਹਰੀਕੇ ਵਿਚ ਕਰਨਵੀਰ ਸਿੰਘ, ਮਹਾਂਵੀਰ ਸਿੰਘ ਅਤੇ ਹਰਜਿੰਦਰ ਸਿੰਘ ਧਰਮਕੋਟ ਦੀ ਅਗਵਾਈ ਵਿਚ ਸ਼ੁਰੂ ਕੀਤੇ ਗਏ। 5ਵਾਂ ਆਪਣਾ ਕੈਂਪ ਲਾਧੂ ਕੇ ਮੰਡੀ ਫਾਜ਼ਿਲਕਾ ਵਿਖੇ ਪ੍ਰਤਾਪ ਸਿੰਘ ਦੀ ਨਿਗਰਾਨੀ ਹੇਠ ਲਾਇਆ ਗਿਆ ਹੈ। 6ਵਾਂ ਕੈਂਪ ਬੱਗੂਗਦਾ ਕਪੂਰਥਾਲਾ ਵਿਚ ਗੁਰਦੀਪ ਸਿੰਘ ਭੰਡਾਲ ਦੀ ਨਿਗਰਾਨੀ ਹੇਠ ਲਾਇਆ ਗਿਆ ਹੈ। ਇਸ ਤੋਂ ਬਾਅਦ ਸਰਹੱਦੀ ਜ਼ਿਲ੍ਹਿਆਂ ਵਿਚ ਦਰਿਆ ਰਾਵੀ ਅਤੇ ਉਝ ਨੇ ਤਬਾਹੀ ਮਚਾਈ, ਉਸ ਨੇ ਬਹਿਰਾਮਪੁਰ ਏਰੀਆ, ਕਲਾਨੌਰ, ਡੇਰਾ ਬਾਬਾ ਨਾਨਕ ਅਤੇ ਅਜਨਾਲਾ ਅੰਮ੍ਰਿਤਸਰ ਦੇ ਬਹੁਤ ਪਿੰਡਾਂ ਦਾ ਨੁਕਸਾਨ ਕੀਤਾ, ਜਿਸ 'ਤੇ ਪਾਰਟੀ ਵਲੋਂ ਤਰਸੇਮ ਸਿੰਘ ਖ਼ਾਲਸਾ ਨੇ ਇਨ੍ਹਾਂ ਹੜ੍ਹਾਂ ਦੀ ਮਾਰ ਹੇਠ ਆਏ ਪਿੰਡਾਂ ਦਾ ਪਾਣੀ ਵਿਚ ਜਾ ਕੇ ਜਾਇਜ਼ਾ ਲਿਆ।

ਉਨ੍ਹਾਂ ਪਾਰਟੀ ਸੇਵਾਦਾਰਾਂ ਨੂੰ ਤੁਰੰਤ ਮੋਰਚੇ ਸੰਭਾਲਣ ਦਾ ਸੰਦੇਸ਼ ਦਿੱਤਾ, ਜਿਸ 'ਤੇ ਪਾਰਟੀ ਵਲੋਂ 7ਵਾਂ ਆਪਣਾ ਕੈਂਪ ਅਜਨਾਲਾ, ਅੰਮ੍ਰਿਤਸਰ ਸੁਰਿੰਦਰਪਾਲ ਸਿੰਘ ਤਾਲਬਪੁਰ ਤੇ 8ਵਾਂ ਆਪਣਾ ਕੈਂਪ ਚਮਿਆਰੀ ਅੰਮ੍ਰਿਤਸਰ ਸੋਨੂੰ ਪੰਡੋਰੀ ਦੀ ਅਗਵਾਈ ਹੇਠ ਸ਼ੁਰੂ ਕੀਤੇ ਗਏ। 9ਵਾਂ ਆਪਣਾ ਕੈਂਪ ਡੇਢ ਗਵਾਰ ਕਲਾਨੌਰ ਵਿਖੇ ਸੁਖਜਿੰਦਰ ਸਿੰਘ ਡੇਢ ਗਵਾਰ, ਚਰਨਜੀਤ ਸਿੰਘ ਭਿੰਡਰ, ਸੁਖਦੇਵ ਸਿੰਘ ਕਾਦੀਆਂ ਦੀ ਨਿਗਰਾਨੀ ਵਿਚ ਸ਼ੁਰੂ ਕੀਤਾ ਗਿਆ। 10ਵਾਂ ਆਪਣਾ ਕੈਂਪ ਸ਼ਾਹਪੁਰ ਜਾਜਨ ਵਿਖੇ ਜੁਗਰਾਜ ਸਿੰਘ ਲਾਲੇਨੰਗਲ, 11ਵਾਂ ਆਪਣਾ ਕੈਂਪ ਅਮੀਪੁਰ ਗੁਰਦਾਸਪੁਰ ਐਡਵੋਕੇਟ ਅਜੈਪਾਲ ਸਿੰਘ ਢਿੱਲੋਂ, 12ਵਾਂ ਆਪਣਾ ਕੈਂਪ ਡੇਰਾ ਬਾਬਾ ਨਾਨਕ ਵਿਖੇ ਗੁਰਪ੍ਰੀਤ ਸਿੰਘ ਦਾਬਾਂਵਾਲ ਤੇ 13ਵਾਂ ਆਪਣਾ ਕੈਂਪ ਗਾਲੜੀ ਸਤਿੰਦਰਜੀਤ ਸਿੰਘ ਗਿੱਲ ਗੁਰਦਾਸਪੁਰ ਦੀ ਅਗਵਾਈ ਹੇਠ ਚੱਲ ਰਹੇ ਹਨ। ਤਰਸੇਮ ਸਿੰਘ ਖ਼ਾਲਸਾ ਨੇ ਕਿਹਾ ਕਿ ਪਾਰਟੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਸੰਕਲਪ ਤਹਿਤ ਚੱਲ ਰਹੀ ਹੈ।

# ਪ੍ਰਸਿੱਧ ਸਿੱਖ ਵਿਦਵਾਨ ਤੇ ਸਾਹਿਤਕਾਰ ਦਿਲਜੀਤ ਸਿੰਘ ਬੇਦੀ ਦਾ ਸਸਕਾਰ

**ਅੰਮ੍ਰਿਤਸਰ:** ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਸਕੱਤਰ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਦਿਲਜੀਤ ਸਿੰਘ ਬੇਦੀ ਦਾ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਨੇੜਲੇ ਸ਼ਮਸ਼ਾਨ ਘਾਟ ਵਿਖੇ ਪੰਥਕ ਰਿਵਾਇਤਾਂ ਅਨੁਸਾਰ ਅੰਤਿਮ ਸਸਕਾਰ ਕੀਤਾ ਗਿਆ। ਜਪੁਜੀ ਸਾਹਿਬ ਦੇ ਪਾਠ, ਨਾਮ ਸਿਮਰਨ ਤੇ ਅਰਦਾਸ ਤੋਂ ਬਾਅਦ ਚਿਤਾ ਨੂੰ ਅਗਨੀ ਵਿਖਾਉਣ ਦੀ ਰਸਮ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਤੇ ਸਵਰਗੀ ਬੇਦੀ ਦੇ ਬੱਚਿਆਂ ਦੇ ਵਿਦੇਸ਼ ਵਿਚ ਹੋਣ ਕਾਰਨ ਪਰਿਵਾਰਕ ਮੈਂਬਰਾਂ ਰੁਪਿੰਦਰ ਸਿੰਘ ਬੇਦੀ ਤੇ ਹੋਰਨਾਂ ਨੇ ਨਿਭਾਈ। ਜਥੇਦਾਰ ਬਲਬੀਰ ਸਿੰਘ ਨੇ ਕਿਹਾ ਕਿ ਦਿਲਜੀਤ ਸਿੰਘ ਬੇਦੀ ਨਮਿਤ ਪਾਠ ਦੇ ਭੋਗ ਤੇ ਅੰਤਿਮ ਅਰਦਾਸ ਅਕਾਲੀ ਬਾਬਾ ਫੂਲਾ ਸਿੰਘ ਜੀ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਵਿਖੇ 8 ਸਤੰਬਰ ਨੂੰ ਬਾਅਦ ਦੁਪਹਿਰ 12:00 ਤੋਂ 1:00 ਵਜੇ ਦੌਰਾਨ ਹੋਵੇਗੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਲੋਂ ਉਨ੍ਹਾਂ ਦੇ ਨਿਜੀ ਸਹਾਇਕ ਸਤਬੀਰ ਸਿੰਘ ਧਾਮੀ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਅਜੈਬ ਸਿੰਘ ਅਭਿਆਸੀ, ਸਕੱਤਰ ਬਿਜੈ ਸਿੰਘ, ਸਾਬਕਾ ਸਕੱਤਰ ਰਘਬੀਰ ਸਿੰਘ ਰਾਜਾ ਸਾਂਸੀ, ਐਡਵੋਕੇਟ ਜਸਬੀਰ ਸਿੰਘ ਘੁੰਮਣ,



ਸਾਬਕਾ ਸਕੱਤਰ ਕਰਨਬੀਰ ਸਿੰਘ, ਕੁਲਦੀਪ ਸਿੰਘ ਬਾਵਾ, ਰਜਿੰਦਰ ਸਿੰਘ ਰੂਬੀ ਮੈਨੇਜਰ ਸ੍ਰੀ ਦਰਬਾਰ ਸਾਹਿਬ, ਅਕਾਲ ਪੁਰਖ ਕੀ ਫੌਜ ਦੇ ਡਾਇਰੈਕਟਰ ਜਸਵਿੰਦਰ ਸਿੰਘ ਐਡਵੋਕੇਟ ਕੁਲਜੀਤ ਸਿੰਘ 'ਸਿੰਘ ਬ੍ਰਦਰਜ਼', ਇੰਦਰਜੀਤ ਸਿੰਘ ਬਾਸਰਕੇ, ਚੀਫ ਖਾਲਸਾ ਦੀਵਾਨ ਦੇ ਮੈਂਬਰ ਰਜਿੰਦਰ ਸਿੰਘ ਮਰਵਾਹਾ, ਮੈਨੇਜਰ ਹਰਬੰਸ ਸਿੰਘ ਮੱਲੀ, ਕੰਵਰ ਸਿੰਘ ਬੇਦੀ, ਸਾਹਿਤਕਾਰ ਹਰਜੀਤ ਸਿੰਘ ਛੇਹਰਟਾ, ਪ੍ਰੋ. ਨਿਰਮਲ ਸਿੰਘ ਗੁਰੂ ਕੀ ਵਡਾਲੀ, ਜੋਗਿੰਦਰਪਾਲ ਸਿੰਘ ਕੁੰਦਰਾ, ਰਣਜੀਤ ਸਿੰਘ, ਬਾਬਾ ਭਗਤ ਸਿੰਘ, ਬਾਬਾ ਸੁਖਜੀਤ ਸਿੰਘ ਕਨ੍ਹਈਆ, ਬਾਬਾ ਗੁਰਮੁਖ ਸਿੰਘ, ਬਾਬਾ ਦਲੇਰ ਸਿੰਘ, ਬਾਬਾ ਪਰਮਜੀਤ ਸਿੰਘ ਮਹਾਂਕਾਲ, ਬਾਬਾ ਲਛਮਣ ਸਿੰਘ, ਬਾਬਾ ਕਰਮ ਸਿੰਘ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਲਖਵੀਰ ਸਿੰਘ, ਬਾਬਾ ਗੁਰਸ਼ੇਰ ਸਿੰਘ, ਬਾਬਾ ਗਗਨਦੀਪ ਸਿੰਘ, ਪਰਮਜੀਤ ਸਿੰਘ ਬਾਜਵਾ, ਸਾਹਿਬ ਸਿੰਘ, ਪ੍ਰੇਮ ਸਿੰਘ ਪ੍ਰਤਾਪ ਨਗਰ, ਮਨੋਜ ਸਿੰਘ ਹਾਜ਼ਰ ਸਨ।

# ਮਹਿਲਾ ਫੁੱਟਬਾਲ ਚੈਂਪੀਅਨਸ਼ਿਪ 'ਚ ਭਾਰਤ ਜੇਤੂ



**ਥਿੰਪੂ:** ਆਖਰੀ ਲੀਗ ਮੈਚ ਵਿਚ ਬੰਗਲਾਦੇਸ਼ ਤੋਂ 3-4 ਨਾਲ ਹਾਰਨ ਦੇ ਬਾਵਜੂਦ ਭਾਰਤ ਸੈਫ ਅੰਡਰ-17 ਮਹਿਲਾ ਫੁੱਟਬਾਲ ਚੈਂਪੀਅਨਸ਼ਿਪ ਦਾ ਜੇਤੂ ਬਣਿਆ। ਚਾਰ ਦੇਸ਼ਾਂ ਵਿਚਕਾਰ ਡਬਲ ਰਾਊਂਡ-ਰੋਬਿਨ ਫਾਰਮੈਟ ਵਿਚ ਖੇਡੇ ਗਏ ਇਸ ਟੂਰਨਾਮੈਂਟ ਵਿਚ ਇਹ ਭਾਰਤ ਦੀ ਇਕਲੌਤੀ ਹਾਰ ਰਹੀ ਅਤੇ ਇਹ ਛੇ ਮੈਚਾਂ ਤੋਂ ਬਾਅਦ 15 ਅੰਕਾਂ ਨਾਲ ਟੇਬਲ ਦੇ ਸਿਖਰ 'ਤੇ ਰਿਹਾ।

ਭਾਰਤੀ ਟੀਮ ਐਤਵਾਰ ਦੇ ਮੈਚ ਤੋਂ ਪਹਿਲਾਂ ਹੀ ਲਗਾਤਾਰ ਪੰਜ ਮੈਚ ਜਿੱਤ ਕੇ ਖਿਤਾਬ ਪੱਕਾ ਕਰ ਲਿਆ ਸੀ। ਭਾਰਤ ਨੇ ਲੀਗ ਮੈਚ ਵਿਚ ਬੰਗਲਾਦੇਸ਼ ਨੂੰ ਹਰਾਇਆ।

ਮੈਚ ਵਿਚ ਪੂਰਨਿਮਾ ਮਾਰਮਾ ਨੇ ਸ਼ੁਰੂਆਤੀ ਮਿੰਟ ਵਿਚ ਗੋਲ ਕਰ ਕੇ ਬੰਗਲਾਦੇਸ਼ ਨੂੰ ਸ਼ਾਨਦਾਰ ਸ਼ੁਰੂਆਤ ਦਿੱਤੀ। ਇਸ ਤੋਂ ਬਾਅਦ, ਅਨੁਸ਼ਕਾ ਕੁਮਾਰੀ ਨੇ ਨੌਵੇਂ ਮਿੰਟ ਵਿਚ ਭਾਰਤ ਲਈ ਬਰਾਬਰੀ ਦਾ ਗੋਲ ਕੀਤਾ। ਅਲਪੀ ਅਖਤਰ ਨੇ 34ਵੇਂ ਮਿੰਟ ਵਿਚ ਬੰਗਲਾਦੇਸ਼ ਨੂੰ ਬੜ੍ਹਤ ਦਿਵਾਈ ਅਤੇ ਸੌਰਵੀ ਪ੍ਰੀਤੀ ਨੇ 48ਵੇਂ ਮਿੰਟ ਵਿਚ ਸਕੋਰ 3-1 ਕਰ ਦਿੱਤਾ।

# ਅਸ਼ਵਨੀ ਸ਼ਰਮਾ ਦੇ ਭਰਾ ਦੇ ਅੰਤਿਮ ਸਸਕਾਰ ਵੇਲੇ ਪੰਜਾਬ ਤੋਂ ਵੱਡੀਆਂ ਹਸਤੀਆਂ ਪਹੁੰਚੀਆਂ

**ਪਠਾਨਕੋਟ:** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਦੇ ਭਰਾ ਦੇ ਅੰਤਿਮ ਸਸਕਾਰ ਵੇਲੇ ਪੰਜਾਬ ਤੋਂ ਵੱਡੀਆਂ ਹਸਤੀਆਂ ਪਹੁੰਚੀਆਂ। ਬਠਿੰਡਾ ਤੋਂ ਮੋਹਨ ਗਰਗ ਅੰਮ੍ਰਿਤਸਰ ਤੋਂ ਰਜੇਸ਼ ਹਨੀ ਮੀਡੀਆ ਤੋਂ ਜਸਮੀਨ ਸੰਧਾਵਾਲੀਆ ਸਾਬਕਾ ਇਸਤਰੀਵਿੰਗ ਪ੍ਰਧਾਨ ਮੋਨਾ ਜਸਵਾਲ ਬਿਆਸ ਤੋਂ ਨੌਜਵਾਨ ਆਸ਼ੂ ਅੰਬਾ ਲੁਧਿਆਣਾ ਤੋਂ ਜੀਵਨ ਗੁਪਤਾ ਜਲੰਧਰ ਤੋਂ ਰਜੇਸ਼ ਬਾਗਾ ਸੁਭਾਸ਼ ਸ਼ਰਮਾ ਰਕੇਸ਼ ਸ਼ਰਮਾ ਜੀ ਕਰਨਬੀਰ ਟੌਹੜਾ ਸਮੇਤ ਜੰਮੂ ਤੋਂ ਨਰਿੰਦਰ ਰਾਣਾ ਜੀ ਸਹਿ ਪ੍ਰਭਾਰੀ ਪੰਜਾਬ ਸਮੇਤ ਹੋਰ ਵੀ ਬਹੁਤ ਸਾਰੀਆਂ ਉੱਘੀਆਂ ਹਸਤੀਆਂ ਸ਼ੋਕ ਸਭਾ ਵਿੱਚ ਹਾਜਰ ਸਨ।



# ਜ਼ੀਰਾ ਦੇ ਸੁਨਿਆਰੇ 'ਤੇ ਹਮਲੇ ਦਾ ਮੁੱਖ ਸ਼ੂਟਰ ਗ੍ਰਿਫ਼ਤਾਰ

**ਜ਼ੀਰਾ:** ਪੰਜਾਬ ਪੁਲਿਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐੱਫ.) ਨੇ ਜਿਊਲਰਜ਼ ਹਮਲੇ ਵਿਚ ਸ਼ਾਮਲ ਮੁੱਖ ਸ਼ੂਟਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਜਗਰੋਸ਼ਨ ਸਿੰਘ ਵਾਸੀ ਨੌਸ਼ਹਿਰਾ ਪੰਨੂਆਂ, ਤਰਨਤਾਰਨ ਵਜੋਂ ਹੋਈ ਹੈ। ਮੁਲਜ਼ਮ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਹੈ। ਜਾਣਕਾਰੀ ਅਨੁਸਾਰ 14 ਅਗਸਤ 2025 ਨੂੰ ਸ਼ਾਮ 6 ਵਜੇ ਦੇ ਕਰੀਬ ਜ਼ਿਲ੍ਹਾ ਫਿਰੋਜ਼ਪੁਰ ਦੇ ਕਸਬਾ ਜ਼ੀਰਾ ਵਿਚ ਕੁੱਝ ਅਣਪਛਾਤੇ ਵਿਅਕਤੀਆਂ ਨੇ ਇਕ ਜਿਊਲਰੀ ਸ਼ਾਪ ਦੇ ਮਾਲਕ ਰਤਨ ਲਾਲ 'ਤੇ ਗੋਲੀਬਾਰੀ ਕੀਤੀ ਸੀ ਤੇ ਇਸ ਹਮਲੇ ਦੌਰਾਨ ਉਹ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ ਸੀ। ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਸ਼ੂਟਰਾਂ ਨੇ ਵਿਦੇਸ਼ ਆਧਾਰਤ ਗੈਂਗਸਟਰ ਲਖਬੀਰ ਸਿੰਘ ਉਰਫ਼ ਲੰਡਾ ਦੇ ਇਸ਼ਾਰਿਆਂ 'ਤੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ ਤਾਂ ਜੋ ਇਸ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕੀਤਾ ਜਾ ਸਕੇ। ਇਸ ਆਪ੍ਰੇਸ਼ਨ ਬਾਰੇ ਵੇਰਵੇ ਸਾਂਝੇ ਕਰਦਿਆਂ ਏ.ਜੀ.ਟੀ.ਐੱਫ.ਦੇ ਐਡੀਸ਼ਨਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਏ.ਡੀ.ਜੀ.ਪੀ.) ਪ੍ਰਮੋਦ ਬਾਨ ਨੇ ਦੱਸਿਆ ਕਿ ਭਰੋਸੇਯੋਗ ਜਾਣਕਾਰੀ 'ਤੇ ਕਾਰਵਾਈ ਕਰਦਿਆਂ,



ਡੀ. ਐਸ. ਪੀ. ਏ. ਜੀ. ਟੀ. ਐਫ. ਰਾਜਨ ਪਰਮਿੰਦਰ ਦੀ ਅਗਵਾਈ ਵਿਚ ਏ. ਜੀ. ਟੀ. ਐਫ. ਦੀਆਂ ਪੁਲਿਸ ਟੀਮਾਂ ਨੇ ਜ਼ੀਰਾ ਨੇੜੇ ਪਿੰਡ ਮਨਸੂਰਦੇਵਾ ਵਿਚ ਝਤਰਾ ਰੋਡ 'ਤੇ ਨਹਿਰ ਦੇ ਪੁਲ ਤੋਂ ਦੋਸ਼ੀ ਜਗਰੋਸ਼ਨ ਨੂੰ ਗ੍ਰਿਫ਼ਤਾਰ ਕਰ ਲਿਆ। ਏ.ਡੀ.ਜੀ.ਪੀ. ਨੇ ਦੱਸਿਆ ਕਿ ਜਗਰੋਸ਼ਨ ਜਿਊਲਰਜ਼ ਹਮਲੇ ਸਬੰਧੀ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਤੀਜਾ ਦੋਸ਼ੀ ਹੈ ਤੇ ਉਹ ਇਸ ਹਮਲੇ ਵਿਚ ਮੁੱਖ ਸ਼ੂਟਰ ਸੀ।

# ਹੜ੍ਹ ਪੀੜਤ ਕਿਸਾਨਾਂ ਅਤੇ ਲੋਕਾਂ ਦੇ ਨੁਕਸਾਨ ਦੀ ਭਰਪਾਈ ਕਰਾਂਗੇ: ਅਮਨ ਅਰੋੜਾ

**ਅਜਨਾਲਾ:**ਰਾਵੀ ਦਰਿਆ ਵਿਚ ਆਏ ਹੜ੍ਹਾਂ ਦਾ ਜਾਇਜ਼ਾ ਲੈਣ ਲਈ ਅੱਜ ਸਾਬਕਾ ਮੰਤਰੀ ਤੇ ਹਲਕਾ ਵਿਧਾਇਕ ਕੁਲਦੀਪ ਸਿੰਘ ਧਾ਼ਲੀਵਾਲ ਦੀ ਅਗਵਾਈ ਕੈਬਨਿਟ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਅਜਨਾਲਾ ਹਲਕੇ ਵਿਚ ਹੜ੍ਹ ਪੀੜਤਾਂ ਲਈ ਚੱਲ ਰਹੇ ਰਾਹਤ ਕਾਰਜਾਂ ਦਾ ਜਾਇਜ਼ਾ ਲੈਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਨਾਲ ਇਸ ਮੌਕੇ ਲੋਕ ਨਿਰਮਾਣ ਵਿਭਾਗ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਅਤੇ ਹਲਕਾ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਵੀ ਹਾਜ਼ਰ ਸਨ। ਕੈਬਨਿਟ ਮੰਤਰੀ ਅਮਨ ਅਰੋੜਾ, ਹਰਭਜਨ ਸਿੰਘ ਈ.ਟੀ.ਓ. ਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਰਮਦਾਸ ਤੋਂ ਅੱਗੇ ਘੋਹਨੇਵਾਲ ਪਿੰਡ ਜੋ ਕਿ ਸਭ ਤੋਂ ਵੱਧ ਪ੍ਰਭਾਵਿਤ ਹੈ, ਦਾ ਦੌਰਾ ਕੀਤਾ। ਵਰਦੇ ਮੀਂਹ ਵਿਚ ਟਰੈਕਟਰ ਉੱਤੇ ਚੜ੍ਹ ਕੇ ਘੋਹਨੇਵਾਲ ਪੁੱਜੇ ਕੈਬਨਿਟ ਮੰਤਰੀ ਹਲਕੇ ਵਿਚ ਹੜਾਂ ਨਾਲ ਹੋਏ ਨੁਕਸਾਨ ਨੂੰ ਵੇਖ ਕੇ ਭਾਵੁਕ ਹੋ ਗਏ। ਇਸ ਮੌਕੇ ਹਲਕਾ ਵਾਸੀਆਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਤੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਕੁਦਰਤ ਨੇ ਜੋ ਨੁਕਸਾਨ ਇਸ ਵਾਰ ਕਰ ਦਿੱਤਾ ਹੈ, ਉਹ ਬਹੁਤ ਵੱਡਾ ਹੈ ਪਰ ਮੈਂ ਪੰਜਾਬ ਸਰਕਾਰ ਦੀ ਤਰਫੋਂ ਤੁਹਾਨੂੰ ਇਹ ਭਰੋਸਾ ਦਿਵਾਉਂਦਾ ਹਾਂ ਕਿ ਸਰਕਾਰ ਤੁਹਾਡੇ ਨਾਲ ਖੜ੍ਹੀ ਹੈ।



ਹੜ੍ਹਾਂ ਦਾ ਪਾਣੀ ਉਤਰਨ ਤੋਂ ਬਾਅਦ ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਨੇ ਲੋਕਾਂ ਦੀ ਮੰਗ ਉੱਤੇ ਇਹ ਵੀ ਕਿਹਾ ਕਿ ਹੜ੍ਹਾਂ ਤੋਂ ਬਾਅਦ ਧੁੱਸੀ ਨੂੰ ਬੰਨਣ ਮੌਕੇ ਵਿਭਾਗ ਦੇ ਅਧਿਕਾਰੀ ਸਥਾਨਕ ਨਿਵਾਸੀਆਂ ਨਾਲ ਮਸ਼ਵਰਾ ਕਰਕੇ ਅਜਿਹੀ ਯੋਜਨਾ ਬਣਾਉਣਗੇ ਤਾਂ ਜੋ ਭਵਿੱਖ ਵਿਚ ਇਹ ਪਾਣੀ ਲੋਕਾਂ ਲਈ ਮੁਸੀਬਤ ਨਾ ਬਣੇ। ਉਨ੍ਹਾਂ ਕਿਹਾ ਕਿ ਇੱਕ ਅੰਦਾਜੇ ਅਨੁਸਾਰ ਹੁਣ ਤੱਕ 30 ਹਜ਼ਾਰ ਏਕੜ ਦੇ ਕਰੀਬ ਫਸਲ ਨੁਕਸਾਨੀ ਗਈ ਹੈ ਤੇ ਸੈਂਕੜੇ ਘਰ ਤੇ ਮਸ਼ੀਨਰੀ ਪਾਣੀ ਨਾਲ ਤਬਾਹ ਹੋਏ ਹਨ। ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਪਹਾੜਾਂ 'ਤੇ ਪਏ ਭਾਰੀ ਮੀਂਹ ਕਾਰਨ ਹੋਏ ਇਸ ਨੁਕਸਾਨ ਲਈ ਲੋਕਾਂ ਨਾਲ ਹਮਦਰਦੀ ਜ਼ਾਹਿਰ ਕੀਤੀ। ਇਸ ਮੌਕੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕੈਬਨਿਟ ਮੰਤਰੀ ਅਮਨ ਅਰੋੜਾ ਤੇ ਈ.ਟੀ.ਓ ਦਾ ਅਜਨਾਲਾ ਵਾਸੀਆਂ ਦੇ ਦੁੱਖ ਵਿਚ ਸ਼ਰੀਕ ਹੋਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਇਸ ਹੜ੍ਹਾਂ ਕਾਰਨ 20 ਸਾਲ ਪਿੱਛੇ ਚਲੇ ਗਏ ਹਾਂ। ਉਨ੍ਹਾਂ ਕਿਹਾ ਕਿ ਹੁਣ ਸਾਨੂੰ ਤੁਹਾਡੇ ਸਾਥ ਦੀ ਇਹ ਲੋੜ ਹੈ ਕਿ ਹੜ੍ਹਾਂ ਤੋਂ ਬਾਅਦ ਮੁੱਖ ਮੰਤਰੀ ਪੰਜਾਬ ਨਾਲ ਵਿਚਾਰ ਕਰਕੇ ਸਾਨੂੰ ਮੁੜ ਪੈਰਾਂ ਸਿਰ ਕਰਨ ਲਈ ਜ਼ੋਰ ਲਗਾਓ, ਤਾਂ ਜੋ ਅਸੀਂ ਆਪਣੇ ਇਲਾਕੇ ਦਾ ਮੁਢਲਾ ਢਾਂਚਾ, ਜਿਸ ਵਿਚ ਸੜਕਾਂ, ਸਕੂਲ, ਹਸਪਤਾਲ, ਪੁੱਲ ਸ਼ਾਮਿਲ ਹਨ, ਦਾ ਦੁਬਾਰਾ ਨਿਰਮਾਣ ਕਰਵਾ ਸਕੀਏ। ਇਸ ਮੌਕੇ ਪਾਰਟੀ ਦੇ ਲੋਕ ਸਭਾ ਇੰਚਾਰਜ ਜਸਕਰਨ ਸਿੰਘ ਬੰਦੇਸ਼ਾ, ਬਲਜਿੰਦਰ ਸਿੰਘ ਢਿੱਲੋਂ, ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, 'ਆਪ' ਸ਼ਹਿਰੀ ਪ੍ਰਧਾਨ ਅਮਿੱਤ ਔਲ, ਸਾਬਕਾ ਸਰਪੰਚ ਪ੍ਰਿਥੀਪਾਲ ਸਿੰਘ ਘੋਹਨੇਵਾਲਾ, ਸਰਪੰਚ ਧਨਵੰਤ ਸਿੰਘ ਧੰਨਾ, ਬਲਵਿੰਦਰ ਸਿੰਘ ਕਾਲਾ ਅਤੇ ਹੋਰ ਆਗੂ ਵੀ ਵੱਡੀ ਗਿਣਤੀ ਵਿਚ ਹਾਜ਼ਰ ਸਨ। ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ, ਹਰਭਜਨ ਸਿੰਘ ਈ.ਟੀ.ਓ. ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਵਲੋਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਤ ਸਮੱਗਰੀ ਵੀ ਵੰਡੀ।

# ਕੇਂਦਰ ਸਰਕਾਰ ਪੰਜਾਬ ਲਈ ਆਰਥਿਕ ਪੈਕੇਜ ਦੇਵੇ: ਗਿਆਨੀ ਹਰਪ੍ਰੀਤ ਸਿੰਘ

**ਫ਼ਤਹਿਗੜ੍ਹ ਸਾਹਿਬ:**ਨਵੇਂ ਬਣੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਵਲੋਂ ਅੱਜ ਪਾਰਟੀ ਦੇ ਸੀਨੀਅਰ ਆਗੂ ਅਮਰਇੰਦਰ ਸਿੰਘ ਲਿਬੜਾ ਦੇ ਯਤਨਾਂ ਸਦਕਾ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਫ਼ਤਹਿਗੜ੍ਹ ਸਾਹਿਬ ਤੋਂ ਰਾਹਤ ਸਮੱਗਰੀ ਦੇ 5 ਟਰੱਕਾਂ ਨੂੰ ਰਵਾਨਾ ਕੀਤਾ ਗਿਆ। ਇਸ ਰਾਹਤ ਸਮੱਗਰੀ ਵਿਚ ਪਸ਼ੂਆਂ ਲਈ ਚਾਰਾ, ਆਟਾ, ਦਾਲਾਂ, ਪਾਣੀ ਆਦਿ ਵਸਤੂਆਂ ਸ਼ਾਮਿਲ ਸਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਪੰਜਾਬ ਦੇ ਮੌਜੂਦਾ ਸੰਕਟਮਈ ਹਾਲਾਤਾਂ ਦੇ ਮੱਦੇਨਜ਼ਰ ਵਿਸ਼ੇਸ਼ ਆਰਥਿਕ ਪੈਕੇਜ਼ ਜਾਰੀ ਕਰੇ, ਕਿਉਂਕਿ ਹੜ੍ਹਾਂ ਦਾ ਪਾਣੀ ਉਤਰਨ ਤੋਂ ਬਾਅਦ ਪ੍ਰਭਾਵਿਤ ਇਲਾਕਿਆਂ ਦੇ ਵਸਨੀਕਾਂ ਲਈ ਮੁਸ਼ਕਿਲਾਂ ਹੋਰ ਵੱਧਣਗੀਆਂ। ਖੇਤਾਂ ਵਿਚ ਕਈ ਕਈ ਫੁੱਟ ਤੱਕ ਮਿੱਟੀ ਭਰ ਜਾਵੇਗੀ, ਜਿਸ ਦੀ ਚੁਕਾਈ ਲਈ ਕਿਸਾਨਾਂ ਨੂੰ ਵੱਡਾ ਆਰਥਿਕ ਨੁਕਸਾਨ ਝੱਲਣਾ ਪਵੇਗਾ। ਇਸ ਲਈ ਸਰਕਾਰਾਂ ਨੂੰ ਪ੍ਰਭਾਵਿਤ ਕਿਸਾਨਾਂ ਦੀ ਮਦਦ ਲਈ ਯਤਨ ਕਰਨੇ ਚਾਹੀਦੇ ਹਨ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਬੀ.ਬੀ.ਐਮ.ਬੀ. ਦਾ ਪ੍ਰਬੰਧ ਕੇਂਦਰ ਸਰਕਾਰ ਕੋਲ ਹੈ ਅਤੇ ਉਸ ਵਲੋਂ ਹਰਿਆਣਾ ਤੇ ਰਾਜਸਥਾਨ ਨੂੰ ਪਾਣੀ ਦੇਣ ਲਈ ਸਟੋਰ ਕਰਕੇ ਰੱਖਿਆ ਜਾਂਦਾ ਹੈ। ਜਦੋਂਕਿ 25 ਫੀਸਦੀ ਪਾਣੀ ਦਰਿਆਵਾਂ ਵਹਿੰਦਾ ਰਹਿਣਾ ਚਾਹੀਦਾ ਹੈ ਜਿਸ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਬਣਿਆ ਰਹਿੰਦਾ ਹੈ ਅਤੇ ਹੜ੍ਹਾਂ ਵਰਗੀ ਸਥਿਤੀ ਵੀ ਨਹੀਂ ਬਣਦੀ।



# ਹੜ੍ਹ ਦੇ ਪਾਣੀ 'ਚ ਆਏ ਸੱਪ ਦੇ ਡੰਗਣ ਨਾਲ ਨੌਜਵਾਨ ਦੀ ਮੌਤ

**ਅਜਨਾਲਾ:**ਹੜਾਂ ਦੀ ਮਾਰ ਨੇ ਅਜਨਾਲਾ ਖੇਤਰ ਦੇ ਇੱਕ ਹੋਰ ਨੌਜਵਾਨ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਇਸ ਖੇਤਰ ਵਿਚ ਆਏ ਭਿਆਨਕ ਹੜ੍ਹ ਦੌਰਾਨ ਆਪਣੇ ਘਰ ਦਾ ਸਮਾਨ ਸੁਰੱਖਿਅਤ ਥਾਂ 'ਤੇ ਰੱਖ ਰਹੇ ਇੱਕ ਨੌਜਵਾਨ ਨੂੰ ਹੜ੍ਹਾਂ ਦੇ ਪਾਣੀ ਵਿਚੋਂ ਨਿਕਲੇ ਸੱਪ ਨੇ ਡੰਗ ਲਿਆ, ਜਿਸ ਕਾਰਨ ਉਸਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਨੌਜਵਾਨ ਐੱਸ. ਪੀ. ਵਾਸੀ ਪਿੰਡ ਗੱਗੜ ਹੜ੍ਹ ਦੇ ਪਾਣੀ ਘਰ ਵਿਚ ਆਉਣ ਤੋਂ ਬਾਅਦ ਆਪਣਾ ਕੀਮਤੀ ਘਰੇਲੂ ਸਮਾਨ ਸੁਰੱਖਿਅਤ ਥਾਵਾਂ 'ਤੇ ਲਿਜਾ ਰਿਹਾ ਸੀ, ਜਿਸ ਦੇ ਚਲਦੇ ਪਾਣੀ ਵਿਚ ਆਏ ਇੱਕ ਜ਼ਹਿਰੀਲੇ ਸੱਪ ਨੇ ਉਸ ਨੂੰ ਡੰਗ ਲਿਆ, ਜਿਸ ਨਾਲ ਉਸ ਦੀ ਮੌਤ ਹੋ ਗਈ। ਦੱਸ ਦੇਈਏ ਕਿ ਮ੍ਰਿਤਕ ਨੌਜਵਾਨ ਐਸ. ਪੀ. ਗਰੀਬ ਪਰਿਵਾਰ ਨਾਲ ਸੰਬੰਧਿਤ ਸੀ ਤੇ ਮਿਹਨਤ ਮਜ਼ਦੂਰੀ ਕਰਕੇ ਘਰ ਦਾ ਗੁਜ਼ਾਰਾ ਕਰਦਾ ਸੀ । ਐਸ. ਪੀ. ਦੀ ਲਾਸ਼ ਨੂੰ ਪੋਸਟ ਪਾਰਟਮ ਲਈ ਸਿਵਲ ਹਸਪਤਾਲ ਅੰਮ੍ਰਿਤਸਰ ਲਿਜਾਇਆ ਗਿਆ।



# ਧਾਮੀ ਨੇ ਮੰਡ ਖੇਤਰ ਦੇ ਹੜ੍ਹ ਪ੍ਰਭਾਵਿਤ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ



**ਸੁਲਤਾਨਪੁਰ ਲੋਧੀ:**ਸ਼੍ਰੋਮਣੀ ਕਮੇਟੀ ਵਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਕੀਤੇ ਜਾ ਰਹੇ ਰਾਹਤ ਕਾਰਜਾਂ ਨੂੰ ਰੋਕਣ ਲਈ ਸਰਕਾਰ ਤੇ ਆਮ ਆਦਮੀ ਪਾਰਟੀ ਦੇ ਕੁੱਝ ਆਗੂ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੁਲਤਾਨਪੁਰ ਲੋਧੀ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਪੀੜਤ ਲੋਕਾਂ ਲਈ ਰਾਹਤ ਸਮਗਰੀ ਦੀਆਂ ਗੱਡੀਆਂ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਤੋਂ ਰਵਾਨਾ ਕਰਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀ।

ਉਨ੍ਹਾਂ ਕਿਹਾ ਕਿ ਹੜ੍ਹਾਂ ਦਾ ਪਾਣੀ ਉਤਰਨ ਤੋਂ ਬਾਅਦ ਲੋਕਾਂ ਨੂੰ ਵੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ। ਜਿਸਨੂੰ ਮੱਦੇਨਜ਼ਰ ਰੱਖਦਿਆਂ ਸ਼੍ਰੋਮਣੀ ਕਮੇਟੀ ਵਲੋਂ ਇਕ ਕਮੇਟੀ ਦਾ ਗਠਨ ਕੀਤਾ ਜਾਵੇਗਾ ਜੋ ਸਾਰੇ ਪੱਖਾਂ 'ਤੇ ਵਿਚਾਰ ਕਰਕੇ ਆਪਣੀ ਰਿਪੋਰਟ ਦੇਵੇਗੀ ਤੇ ਬਾਅਦ ਵਿਚ ਸ਼੍ਰੋਮਣੀ ਕਮੇਟੀ ਆਪਣੇ ਸੀਮਤ ਸਾਧਨਾਂ ਨਾਲ ਲੋੜ ਅਨੁਸਾਰ ਪੀੜਤਾਂ ਦੀ ਮਦਦ ਕਰੇਗੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਲੋਕਾਂ ਨੂੰ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਦਾ ਜਾਇਜ਼ਾ ਲਿਆ ਤੇ ਅੱਗੇ ਤੋਂ ਵੀ ਇਹ ਸੇਵਾਵਾਂ ਨਿਰੰਤਰ ਜਾਰੀ ਰੱਖਣ ਦੀਆਂ ਹਦਾਇਤਾਂ ਕੀਤੀਆਂ। ਬਾਅਦ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਸੁਲਤਾਨਪੁਰ ਲੋਧੀ ਸਬ ਡਵੀਜ਼ਨ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਕੇ ਪੀੜਤ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ।

# ਸੁਖਬੀਰ ਨੇ 'ਲਹਿੰਦੇ ਤੇ ਚੜ੍ਹਦੇ' ਪੰਜਾਬ ਦੇ ਲੋਕਾਂ ਲਈ ਕੀਤੀ ਅਰਦਾਸ

**ਡੇਰਾ ਬਾਬਾ ਨਾਨਕ:**ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਸਾਬਕਾ ਕੈਬਨਿਟ ਮੰਤਰੀ ਦਲਜੀਤ ਸਿੰਘ ਚੀਮਾ, ਜ਼ਿਲ੍ਹਾ ਪ੍ਰਧਾਨ ਜਥੇ. ਸੁੱਚਾ ਸਿੰਘ ਲੰਗਾਹ ਤੇ ਪਾਰਟੀ ਦੇ ਹੋਰ ਸੀਨੀਅਰ ਆਗੂਆਂ ਨਾਲ ਕਰਤਾਰਪੁਰ ਸਾਹਿਬ ਦੇ ਲਾਂਘੇ ਉੱਪਰ ਪਹੰਚੇ ਸ: ਬਾਦਲ ਨੇ ਸੰਗਤਾਂ ਨਾਲ ਰਲ ਕੇ 'ਲਹਿੰਦੇ ਤੇ ਚੜ੍ਹਦੇ' ਪੰਜਾਬ ਤੇ ਪੰਜਾਬੀਆਂ ਦੀ ਚੜ੍ਹਦੀ ਕਲਾ ਤੇ ਹੜ੍ਹ ਵਰਗੀ ਤਰਾਸਦੀ ਤੋਂ ਉੱਭਰਨ ਲਈ ਕਰਤਾਰਪੁਰ ਸਾਹਿਬ ਦੇ ਸਨਮੁੱਖ ਅਰਦਾਸ ਕੀਤੀ। ਦਰਿਆ ਰਾਵੀ ਦੀ ਮਾਰ ਨਾਲ ਪ੍ਰਭਾਵਿਤ ਹੋਏ ਪਰਿਵਾਰਾਂ ਦੀ ਸਾਰ ਲੈਣ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਜਾਨਣ ਲਈ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਡੇਰਾ ਬਾਬਾ ਨਾਨਕ ਦੇ ਨਾਲ ਲੱਗਦੇ ਸਰਹੱਦੀ ਖੇਤਰ ਦਾ ਦੌਰਾ ਕੀਤਾ।




ਉਨ੍ਹਾਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ 150 ਟਰਾਲੀਆਂ ਰਾਸ਼ਨ ਤੇ ਜਰੂਰੀ ਵਸਤਾਂ ਵੀ ਪ੍ਰਦਾਨ ਕੀਤੀਆਂ। ਸ. ਬਾਦਲ ਨੇ ਪਾਕਿਸਤਾਨ ਸਰਕਾਰ ਦਾ ਧੰਨਵਾਦ ਵੀ ਕੀਤਾ ਜਿਸਨੇ ਪਹਿਲ ਦੇ ਆਧਾਰ 'ਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਸਫਾਈ ਕਰਵਾਈ ਜੋਕਿ ਹੜ੍ਹਾਂ ਦੇ ਪਾਣੀ ਵਿਚ ਘਿਰ ਗਿਆ ਸੀ।

ਉਨ੍ਹਾਂ ਸਮੱਚੀਆਂ ਸਿਆਸੀ ਪਾਰਟੀਆਂ ਨੂੰ ਅਪੀਲ ਕੀਤੀ ਕਿ ਆਓ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਹੜ੍ਹ ਪੀੜਤਾਂ ਦੀ ਬਾਂਹ ਫੜੀਏ, ਕਿਉਂਕਿ ਇਹ ਸਮਾਂ ਸਿਆਸਤ ਕਰਨ ਦਾ ਨਹੀਂ, ਸਗੋਂ ਪੰਜਾਬੀਆਂ ਦੇ ਨਾਲ ਖੜ੍ਹਨ ਦਾ ਹੈ।

# ਅਮਿਤ ਸ਼ਾਹ ਵਿਰੁੱਧ ਟਿੱਪਣੀ ਕਰਨ 'ਤੇ ਮਹੂਆ ਮੋਇਤਰਾ ਵਿਰੁੱਧ ਕੇਸ ਦਰਜ

**ਰਾਏਪੁਰ:**ਛੱਤੀਸਗੜ੍ਹ ਦੇ ਰਾਏਪੁਰ 'ਚ ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਮਹੂਆ ਮੋਇਤਰਾ ਵਿਰੁੱਧ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਿਰੁੱਧ 'ਇਤਰਾਜ਼ਯੋਗ' ਟਿੱਪਣੀਆਂ ਲਈ ਐੱਫ. ਆਈ. ਆਰ. ਦਰਜ ਕੀਤੀ ਗਈ ਹੈ। ਪੁਲਿਸ ਨੇ ਦੱਸਿਆ ਕਿ ਇਕ ਸਥਾਨਿਕ ਨਿਵਾਸੀ ਦੁਆਰਾ ਦਾਇਰ ਸ਼ਿਕਾਇਤ ਦੇ ਆਧਾਰ 'ਤੇ ਮੋਇਤਰਾ ਵਿਰੁੱਧ ਸਨਿਚਰਵਾਰ ਨੂੰ ਮਾਨਾ ਪੁਲਿਸ ਸਟੇਸ਼ਨ 'ਚ ਮਾਮਲਾ ਦਰਜ ਕੀਤਾ ਗਿਆ। ਮੋਇਤਰਾ ਨੇ ਇਹ ਕਹਿ ਕੇ ਵਿਵਾਦ ਖੜ੍ਹਾ ਕਰ ਦਿੱਤਾ ਸੀ ਕਿ ਜੇਕਰ ਅਮਿਤ ਸ਼ਾਹ ਬੰਗਲਾਦੇਸ਼ ਤੋਂ ਘੁਸਪੈਠ ਨੂੰ ਰੋਕਣ 'ਚ ਅਸਫਲ ਰਹਿੰਦੇ ਹਨ ਤਾਂ 'ਸਭ ਤੋਂ ਪਹਿਲਾਂ ਤੁਹਾਨੂੰ ਅਮਿਤ ਸ਼ਾਹ ਦਾ ਸਿਰ ਵੱਢ ਕੇ ਆਪਣੀ ਮੇਜ਼ 'ਤੇ ਰੱਖਣਾ ਚਾਹੀਦਾ ਹੈ'। ਉਨ੍ਹਾਂ ਇਹ ਬਿਆਨ ਵੀਰਵਾਰ ਨੂੰ ਪੱਛਮੀ ਬੰਗਾਲ ਦੇ ਨਾਦੀਆ ਜ਼ਿਲ੍ਹੇ 'ਚ ਇਕ ਸਮਾਗਮ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦਿੱਤਾ। ਬੇਸ਼ੱਕ ਵੀਡੀਓ ਦੀ ਪੁਸ਼ਟੀ ਅਜੇ ਨਹੀਂ ਹੋ ਸਕੀ।



ਪੰਜਾਬ ਟਾਈਮਜ਼

6 ਸਤੰਬਰ, ਸ਼ਨਿਚਰਵਾਰ

# ਏਸ਼ਿਆਈ ਕਰਵਟ ਦੇ ਮਾਇਨੇ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਚੀਨ ਦੇ ਤਿਆਨਜਿਨ ਵਿਚ ਮੁਲਾਕਾਤ ਬਹੁਕੋਨੇ ਮਹੱਤਵ ਵਾਲੀ ਹੈ। ਇਸ ਵਾਰ ਦੋਵਾਂ ਨੇਤਾਵਾਂ ਵਿਚਕਾਰ ਪਿਛਲੇ ਸਾਲ ਕਜ਼ਾਨ ਵਿਚ ਹੋਈ ਮੁਲਾਕਾਤ ਦੇ ਮੁਕਾਬਲੇ ਜ਼ਿਆਦਾ ਗਰਮਜੋਸ਼ੀ ਨਜ਼ਰ ਆਈ। ਸ਼ੰਘਾਈ ਸਹਿਯੋਗ ਸੰਗਠਨ (ਐਸ.ਸੀ.ਓ.) ਦੇ ਸੰਮੇਲਨ ਦੌਰਾਨ ਹੋਈ ਇਸ ਮੁਲਾਕਾਤ ਨੂੰ ਬੇਸ਼ੱਕ ਇਤਿਹਾਸਕ ਨਾ ਵੀ ਕਿਹਾ ਜਾਵੇ, ਪਰ ਇਸ ਦਾ ਇੱਕ ਵੱਖਰਾ ਭਵਿੱਖੀ ਮਹੱਤਵ ਹੈ।

ਦੋਵੇਂ ਨੇਤਾ ਅਜਿਹੇ ਸਮੇਂ 'ਤੇ ਮਿਲ ਰਹੇ ਹਨ, ਜਦੋਂ ਉਹ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੀ ਟੈਰਿਫ਼ ਜੰਗ ਅਤੇ ਇੱਕ ਪਾਸੜ ਫ਼ੈਸਲਿਆਂ ਦਾ ਸਾਹਮਣਾ ਕਰ ਰਹੇ ਹਨ। ਇਸ ਮੁਲਾਕਾਤ ਨੂੰ ਆਪਸੀ ਸੰਬੰਧ ਸੰਤੁਲਿਤ ਕਰਨ ਦੀ ਇੱਕ ਸਾਵਧਾਨੀ ਭਰੀ ਕੋਸ਼ਿਸ਼ ਵਜੋਂ ਵੀ ਦੇਖਿਆ ਜਾ ਰਿਹਾ ਹੈ। ਸਾਂਝੇ ਬਿਆਨ ਵਿੱਚ ਭਾਰਤ ਅਤੇ ਚੀਨ ਨੂੰ 'ਵਿਰੋਧੀ' ਦੀ ਬਜਾਏ 'ਵਿਕਾਸ ਵਿਚ ਭਾਈਵਾਲ' ਦੱਸਿਆ ਗਿਆ ਹੈ। ਇਸ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਹੈ ਕਿ ਮਤਭੇਦ ਵਿਵਾਦਾਂ ਵਿਚ ਨਹੀਂ ਬਦਲਣੇ ਚਾਹੀਦੇ।

2020 ਦੀਆਂ ਗਲਵਾਨ ਝੜਪਾਂ ਤੋਂ ਬਾਅਦ ਚੱਲ ਰਹੇ ਤਣਾਅ ਦੇ ਵਿਚਕਾਰ ਸਥਿਰਤਾ ਅਤੇ ਵਿਸ਼ਵਾਸ ਦਾ ਸੰਕੇਤ ਦੇਣ ਦੀ ਇਹ ਕੋਸ਼ਿਸ਼ ਕੂਟਨੀਤਕ ਨਿਵੇਕਲੇਪਨ ਵਾਲੀ ਹੈ। ਦੋਵਾਂ ਨੇਤਾਵਾਂ ਨੇ ਨਾ ਸਿਰਫ਼ ਵਪਾਰ ਅਤੇ ਸਰਹੱਦੀ ਪ੍ਰਬੰਧਨ 'ਤੇ ਚਰਚਾ ਕੀਤੀ ਬਲਕਿ ਬਹੁ-ਧਰੁਵੀ ਏਸ਼ੀਆ ਅਤੇ ਬਹੁ-ਧਰੁਵੀ ਦੁਨੀਆ ਵਰਗੇ ਵਿਆਪਕ ਦ੍ਰਿਸ਼ਟੀਕੋਣ ਨੂੰ ਵੀ ਸਾਹਮਣੇ ਰੱਖਿਆ। ਇਸ ਦਾ ਸਪੱਸ਼ਟ ਅਰਥ ਸੀ ਕਿ ਇਕੱਲੇ ਅਮਰੀਕਾ ਨੂੰ ਦੁਨੀਆ ਦਾ ਨੇਤਾ ਨਹੀਂ ਮੰਨਿਆ ਜਾ ਸਕਦਾ।

ਮਾਹਿਰਾਂ ਦਾ ਮੰਨਣਾ ਹੈ ਕਿ ਅਮਰੀਕਾ ਨੇ ਕਵਾਡ ਅਤੇ ਇੰਡੋ-ਪੈਸੀਫਿਕ ਫਰੇਮਵਰਕ ਰਾਹੀਂ ਭਾਰਤ ਨੂੰ ਚੀਨ ਵਿਰੁੱਧ ਖੜ੍ਹਾ ਕਰਨ ਦੀ ਲਗਾਤਾਰ ਕੋਸ਼ਿਸ਼ ਕੀਤੀ ਹੈ ਅਤੇ ਕਾਫ਼ੀ ਹੱਦ ਤੱਕ ਕਾਮਯਾਬ ਵੀ ਰਿਹਾ ਹੈ। ਸਮੇਂ ਦੀ ਕਰਵਟ ਦੇਖੋ! ਟਰੰਪ ਦੇ ਟੈਰਿਫ਼ ਡੰਗ ਨੇ ਭਾਰਤ ਨੂੰ ਸੀਮਤ ਬਦਲਾਂ ਵਿਚੋਂ ਚੀਨ ਨਾਲ ਭਿਆਲੀ ਦਾ ਇੱਕ ਰਸਤਾ ਲੱਭਣ ਲਈ ਮਜਬੂਰ ਕਰ ਦਿੱਤਾ ਹੈ।

ਅਮਰੀਕਾ ਨੇ ਰੂਸ ਤੋਂ ਸਸਤੇ ਭਾਅ 'ਤੇ ਤੇਲ ਖਰੀਦਣ ਦੀ ਸਜ਼ਾ ਵਜੋਂ ਭਾਰਤ 'ਤੇ ਵਾਧੂ ਟੈਰਿਫ ਨੂੰ ਜਾਇਜ਼ ਠਹਿਰਾਇਆ ਹੈ। ਹਕੀਕਤ ਇਹ ਹੈ ਕਿ ਅਮਰੀਕਾ ਦੇ ਇਹੀ ਬਦਲਾਲਊ ਕਦਮ ਭਾਰਤ ਨੂੰ ਹੋਰ ਤੇਜ਼ੀ ਨਾਲ ਯੂਰਪੀਅਨ ਮੰਚਾਂ ਵੱਲ ਲੈ ਜਾ ਰਹੇ ਹਨ, ਜਿੱਥੇ ਅਮਰੀਕਾ ਦੀ ਕੋਈ ਮੌਜੂਦਗੀ ਨਹੀਂ ਹੈ। ਇੰਡੀਆਨਾ ਯੂਨੀਵਰਸਿਟੀ ਦੇ ਪ੍ਰੋਫੈਸਰ ਸੁਮਿਤ ਗਾਂਗੁਲੀ ਭਾਰਤੀ ਵਿਦੇਸ਼ ਨੀਤੀ ਦੇ ਮਾਹਿਰ ਹਨ। ਬੀ.ਬੀ.ਸੀ. ਨਾਲ ਗੱਲ ਕਰਦੇ ਹੋਏ ਉਹ ਕਹਿੰਦੇ ਹਨ, "ਹਾਂ, ਭਾਰਤ, ਚੀਨ ਅਤੇ ਰੂਸ ਨਾਲ ਕੰਮ ਕਰਨ ਦੀ ਆਪਣੀ ਇੱਛਾ ਦਾ ਸੰਕੇਤ ਦੇ ਰਿਹਾ ਹੈ।" ਉਹ ਕਹਿੰਦੇ ਹਨ, "ਅਜਿਹੇ ਸਮੇਂ ਜਦੋਂ ਟਰੰਪ ਦੀਆਂ ਨੀਤੀਆਂ ਕਾਰਨ ਭਾਰਤ-ਅਮਰੀਕਾ ਸੰਬੰਧ ਲਗਭਗ ਖ਼ਰਾਬ ਹੁੰਦੇ ਜਾ ਰਹੇ ਹਨ, ਇਹ ਰਣਨੀਤੀ ਚੰਗੀ ਤਰ੍ਹਾਂ ਸਮਝ ਵਿਚ ਆਉਂਦੀ ਹੈ। ਪਰ ਇਸ ਦਾ ਫਾਇਦਾ ਥੋੜ੍ਹੇ ਸਮੇਂ ਲਈ ਹੀ ਹੋ ਸਕਦਾ ਹੈ।"

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇਹ ਯਾਦ ਦਿਵਾਉਣਾ ਕਿ ਸਰਹੱਦ 'ਤੇ ਸ਼ਾਂਤੀ ਅਤੇ ਸਥਿਰਤਾ ਤਰੱਕੀ ਲਈ ਜ਼ਰੂਰੀ ਹੈ, ਦੋਸਤੀ ਦਾ ਸੰਕੇਤ ਸੀ ਅਤੇ ਨਾਲ ਹੀ ਇੱਕ ਚੇਤਾਵਨੀ ਵੀ ਸੀ। ਸਰਹੱਦ 'ਤੇ ਸ਼ਾਂਤੀ ਅਤੇ ਗੱਲਬਾਤ ਜਾਰੀ ਰੱਖਣ ਦੀਆਂ ਗੱਲਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਜਿਵੇਂ ਇਹ ਛੋਟੇ ਕਦਮ ਵੀ ਵੱਡੀ ਤਰੱਕੀ ਹੋਣ। ਆਰਥਿਕ ਮੋਰਚੇ 'ਤੇ ਘਾਟੇ ਨੂੰ ਘਟਾਉਣ ਅਤੇ ਵਪਾਰ ਵਧਾਉਣ ਦੀਆਂ ਇਸ ਵੇਲੇ ਹੋਈਆਂ ਗੱਲਾਂ ਵਧੇਰੇ ਉਮੀਦਾਂ ਵਾਲੀਆਂ ਸਨ।

'ਰਣਨੀਤਕ ਖ਼ੁਦਮੁਖਤਿਆਰੀ' ਦਾ ਹਵਾਲਾ ਦਿੰਦੇ ਹੋਏ ਅਤੇ 'ਤੀਜੇ ਦੇਸ਼ ਦੇ ਦ੍ਰਿਸ਼ਟੀਕੋਣ' ਨੂੰ ਰੱਦ ਕਰਦੇ ਹੋਏ, ਭਾਰਤ ਨੇ ਅਮਰੀਕਾ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਚੀਨ ਨਾਲ ਆਪਣੇ ਸੰਬੰਧਾਂ ਦਾ ਫ਼ੈਸਲਾ ਉਸਦੇ ਦਬਾਅ ਹੇਠ ਨਹੀਂ ਤੈਅ ਕਰੇਗਾ। ਕੂਟਨੀਤੀ ਵਿਚ ਤਸਵੀਰਾਂ ਅਕਸਰ ਅਸਲ ਨਤੀਜਿਆਂ ਜਿੰਨੇ ਮਾਇਨੇ ਨਹੀਂ ਰੱਖਦੀਆਂ ਹੁੰਦੀਆਂ ਪਰ ਇਨ੍ਹਾਂ ਦਾ ਵੀ ਵੱਖਰਾ ਮਹੱਤਵ ਹੁੰਦਾ ਹੈ। ਜਦੋਂ ਪ੍ਰਧਾਨ ਮੰਤਰੀ ਮੋਦੀ, ਸ਼ੀ ਜਿਨਪਿੰਗ ਅਤੇ ਵਲਾਦੀਮੀਰ ਪੁਤਿਨ ਤਿਆਨਜਿਨ ਵਿਚ ਸਟੇਜ 'ਤੇ ਇਕੱਠੇ ਦਿਖਾਈ ਦਿੱਤੇ, ਤਾਂ ਇਹ ਤਸਵੀਰ ਐਸ.ਸੀ.ਓ. ਹਾਲ ਤੱਕ ਸੀਮਤ ਰਹਿਣ ਲਈ ਨਹੀਂ ਸੀ।

ਇਹ ਭਾਰਤ ਲਈ ਬਹੁਤ ਮਹੱਤਵਪੂਰਨ ਸਮਾਂ ਸੀ। ਕੁਝ ਦਿਨ ਪਹਿਲਾਂ ਹੀ ਡੌਨਲਡ ਟਰੰਪ ਨੇ ਭਾਰਤ ਦੇ ਜ਼ਿਆਦਾਤਰ ਬਰਾਮਦਗੀ 'ਤੇ 50 ਫੀਸਦ ਤੱਕ ਦੇ ਟੈਰਿਫ ਲਗਾਏ ਸਨ। ਇੱਕ ਅਮਰੀਕੀ ਸੰਘੀ ਅਪੀਲ ਅਦਾਲਤ ਨੇ ਟੈਰਿਫਾਂ ਨੂੰ 'ਕਾਨੂੰਨ ਦੇ ਖ਼ਿਲਾਫ਼' ਦੱਸਦੇ ਹੋਏ, ਗ਼ੈਰ-ਕਾਨੂੰਨੀ ਕਰਾਰ ਦਿੱਤਾ ਹੈ, ਹਾਲਾਂਕਿ ਇਹ ਟੈਰਿਫ ਉਦੋਂ ਤੱਕ ਲਾਗੂ ਰਹਿਣਗੇ ਜਦੋਂ ਤੱਕ ਮਾਮਲਾ ਸੁਪਰੀਮ ਕੋਰਟ ਵਿਚ ਨਹੀਂ ਜਾਂਦਾ।

ਅਜਿਹੇ ਵਿਚ ਮੋਦੀ ਦਾ ਸ਼ੀ ਜਿਨਪਿੰਗ ਅਤੇ ਪੁਤਿਨ ਦੇ ਨਾਲ ਮੰਚ 'ਤੇ ਦਿਖਾਈ ਦੇਣਾ, ਜੋ ਦੋਵੇਂ ਹੀ ਅਮਰੀਕੀ ਪਾਬੰਦੀਆਂ ਅਤੇ ਦਬਾਅ ਦੇ ਨਿਸ਼ਾਨੇ 'ਤੇ ਹਨ, ਆਪਣੇ ਆਪ ਵਿਚ ਡੂੰਘੇ ਸੰਕੇਤਾਤਮਿਕ ਮਾਇਨੇ ਰੱਖਦਾ ਸੀ। ਤਿਆਨਜਿਨ ਵਿਚ ਸਟੇਜ 'ਤੇ ਮੋਦੀ-ਸ਼ੀ-ਪੁਤਿਨ ਦਾ ਇਕੱਠੇ ਆਉਣਾ ਅਮਰੀਕਾ ਨੂੰ ਸੰਕੇਤਿਕ ਜਵਾਬ ਹੈ ਕਿ ਤਿੰਨੇ ਮਿਲ ਕੇ ਉਸਦੀਆਂ ਦਬਾਅ ਵਾਲੀਆਂ ਨੀਤੀਆਂ ਦਾ ਸਖ਼ਤੀ ਨਾਲ ਸਾਹਮਣਾ ਕਰ ਸਕਦੇ ਹਨ। ਐਸਸੀਓ ਮੀਟਿੰਗ ਨੇ ਭਾਰਤ ਨੂੰ ਇਹ ਦਿਖਾਉਣ ਲਈ ਇੱਕ ਮੰਚ ਦਿੱਤਾ ਹੈ ਕਿ ਉਸ ਕੋਲ ਅਮਰੀਕਾ ਤੋਂ ਇਲਾਵਾ ਭਾਈਵਾਲ ਵੀ ਹਨ ਅਤੇ ਹੋਰ ਰਸਤੇ ਵੀ ਹਨ।

ਸਾਬਕਾ ਵਿਦੇਸ਼ ਸਕੱਤਰ ਕੰਵਲ ਸਿੱਬਲ ਨੇ ਵੀ ਇੱਕ ਲੇਖ ਵਿਚ ਲਿਖਿਆ ਹੈ, 'ਚੀਨ ਵਿਚ ਐਸ.ਸੀ.ਓ. ਕਾਨਫਰੰਸ ਵਿਚ ਮੋਦੀ ਦੀ ਭਾਗੀਦਾਰੀ ਨੂੰ ਰਣਨੀਤਕ ਤਬਦੀਲੀ ਦੀ ਬਜਾਏ ਇੱਕ ਵੱਡਾ ਕੂਟਨੀਤਕ ਸੰਤੁਲਨ ਬਣਾਉਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾਣਾ ਚਾਹੀਦਾ ਹੈ।"

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਕੁਦਰਤ ਕਹਿਰਵਾਨ

ਵਹਿਣ ਕੁਦਰਤੀ ਪਾਣੀ ਦੇ ਰੋਕ ਲਏ ਨੇ, ਛੱਡ ਸਿਆਣਪਾਂ ਬਿਰਤੀ ਨਾਦਾਨ ਹੋਈ।
ਰੇਤਾ ਵੇਚ ਦਰਿਆਵਾਂ ਦਾ 'ਸ਼ਾਹ' ਹੋਏ, ਨਵੇਂ ਬਣੇ 'ਅਮੀਰਾਂ' ਵਿਚ ਸ਼ਾਨ ਹੋਈ।
ਮਿੱਤਰ ਕੀੜੇ ਵੀ ਅੱਗ ਲਾ ਸਾੜਦੇ ਹਾਂ, ਭੁੱਲੀ ਤੁਕ ਜੀਅ ਦਇਆ ਪ੍ਰਵਾਨ ਹੋਈ।
ਕਈ 'ਵਿਰਾਸਤੀ' ਵਰਤੋਂ-ਵਿਹਾਰ ਛੱਡੇ, ਲਿਸ਼ਕ-ਪੁਸ਼ਕ ਦੀ ਭੁੱਖ ਬਲਵਾਨ ਹੋਈ।
ਪੌਣ-ਪਾਣੀ ਤੇ ਧਰਤੀ ਪਲੀਤ ਕਰ ਲਏ, ਬਹੁਗਿਣਤੀ 'ਲੋਕਾਈ' ਬੇਈਮਾਨ ਹੋਈ।
ਸਹਿ ਬਹੁਤ ਮਨਮਰਜ਼ੀਆਂ ਸਾਡੀਆਂ ਨੂੰ, ਕੁਦਰਤ ਅੱਕ ਕੇ ਹੁਣ ਕਹਿਰਵਾਨ ਹੋਈ!

# ਕੀ ਮਹਾਨ ਕੋਸ਼ ਨੂੰ ਸਮੇਟਣ ਦੇ ਮਾਮਲੇ ਵਿਚ ਬੇਅਦਬੀ ਹੋਈ ਹੈ ?

ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਗੁਰੁਸ਼ਬਦ ਰਤਨਾਕਰ ਮਹਾਨ ਕੋਸ਼ ਸਿੱਖ ਧਰਮ ਦੇ ਉੱਘੇ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਦੀ ਰਚਨਾ ਹੈ ਜਿਸ ਨੂੰ ਸਿੱਖ ਅਧਿਐਨ ਅਤੇ ਪੰਜਾਬ ਦੀ ਪਰੰਪਰਾ ਨਾਲ ਜੁੜੇ ਹੋਏ ਖੋਜੀ ਬਹੁਤ ਹੀ ਮਹੱਤਵਪੂਰਨ ਸਰੋਤ ਮੰਨਦੇ ਹਨ ਅਤੇ ਆਪਣੀ ਖੋਜ ਵਿਚ ਇਸ ਨੂੰ ਪ੍ਰਮਾਣ ਵਜੋਂ ਵਰਤਦੇ ਹਨ। ਇਸ ਕੋਸ਼ ਵਿਚ ਨਗਰਾਂ, ਕਸਬਿਆਂ, ਕਬੀਲਿਆਂ, ਧਾਰਮਿਕ ਅਕੀਦਿਆਂ, ਤਿਉਹਾਰਾਂ, ਫੁੱਲਾਂ, ਫ਼ਲਾਂ, ਫ਼ਸਲਾਂ, ਸਰਕਾਰਾਂ, ਅਧਿਕਾਰੀਆਂ, ਕਰਮਚਾਰੀਆਂ, ਮਾਰੂਥਲਾਂ, ਕਾਰਾਂ, ਬੱਸਾਂ, ਰੇਲਾਂ, ਜਹਾਜ਼ਾਂ, ਦਰਿਆਵਾਂ, ਸਮੁੰਦਰਾਂ, ਜੰਗਲਾਂ, ਪਹਾੜਾਂ, ਖੱਡਾਂ, ਖੇਡਾਂ, ਜਾਨਵਰਾਂ, ਸ਼ਿਕਾਰੀਆਂ, ਔਸ਼ਧੀਆਂ, ਗੁਰਧਾਮਾਂ, ਧਰਮ ਗ੍ਰੰਥਾਂ ਅਤੇ ਵਿਭਿੰਨ ਧਰਮਾਂ ਨਾਲ ਸੰਬੰਧਿਤ ਪ੍ਰਮੁਖ ਸ਼ਖ਼ਸੀਅਤਾਂ ਆਦਿ ਦੀ ਸੰਖੇਪ ਅਤੇ ਭਾਵਪੂਰਤ ਜਾਣਕਾਰੀ ਪ੍ਰਾਪਤ ਹੁੰਦੀ ਹੈ। ਕਿਸੇ ਵੀ ਸ਼ਬਦ ਦੀ ਮੂਲ ਉਤਪਤੀ ਅਤੇ ਉਸ ਦੀ ਵਰਤੋਂ ਸੰਬੰਧੀ ਜਾਣਕਾਰੀ ਪਾਠਕ ਦੇ ਗਿਆਨ ਵਿਚ ਵਾਧਾ ਕਰਨ ਦਾ ਕਾਰਜ ਕਰਦੀ ਹੈ। ਇਸ ਕੋਸ਼ ਵਿਚ ਸਭ ਤੋਂ ਵਧੇਰੇ ਜਾਣਕਾਰੀ ਗੁਰਬਾਣੀ, ਗੁਰ-ਇਤਿਹਾਸ, ਸਿੱਖ ਇਤਿਹਾਸ, ਸਿੱਖ ਮਰਯਾਦਾ, ਸਿੱਖ ਪਰੰਪਰਾ ਆਦਿ ਦੀ ਜਾਣਕਾਰੀ ਦੇਖਣ ਨੂੰ ਮਿਲਦੀ ਹੈ ਜਿਹੜੀ ਕਿ ਸਿੱਖ ਸਰੋਤਾਂ ਦੇ ਮੂਲ ਪਾਠ ਨਾਲ ਜੋੜਨ ਅਤੇ ਉਨ੍ਹਾਂ ਨੂੰ ਸਮਝਣ ਦਾ ਕਾਰਜ ਕਰਦੀ ਹੈ।

ਭਾਈ ਕਾਨ੍ਹ ਸਿੰਘ ਨੇ ਨਾਭਾ ਰਿਆਸਤ ਵਿਖੇ ਆਪਣੀ ਪਦਵੀ ਤੋਂ ਅਸਤੀਫਾ ਦੇ ਕੇ ਮਈ 1912 ਵਿਚ ਇਹ ਕਾਰਜ ਆਰੰਭ ਕੀਤਾ ਸੀ ਜੋ ਫਰਵਰੀ 1926 ਵਿਚ ਸੰਪੂਰਨ ਹੋਇਆ। ਨਾਭਾ ਰਿਆਸਤ ਦੇ ਰਾਜੇ ਰਿਪੁਦਮਨ ਸਿੰਘ ਇਸ ਕਾਰਜ ਨੂੰ ਛਪਵਾਉਣ ਲਈ ਵਚਨਬੱਧ ਸਨ ਪਰ ਇਸ ਦੇ ਸੰਪੂਰਨ ਹੋਣ ਤੋਂ ਪਹਿਲਾਂ ਹੀ 1923 ਵਿਚ ਉਨ੍ਹਾਂ ਨੂੰ ਨਾਭਾ ਦੀ ਰਾਜਗੱਦੀ ਤੋਂ ਹਟਾ ਦਿੱਤਾ ਗਿਆ ਸੀ। ਇਸ ਵੱਡ-ਅਕਾਰੀ ਕੋਸ਼ ਦੀ ਛਪਾਈ ਦਾ ਮਸਲਾ ਬਹੁਤ ਵੱਡਾ ਸੀ, ਜੋ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ ਹੱਲ ਕਰ ਦਿੱਤਾ। 1930 ਵਿਚ ਲਗਪਗ 51,000 ਰੁਪਏ ਖਰਚ ਕੇ ਇਹ ਗ੍ਰੰਥ ਚਾਰ ਜਿਲਦਾਂ ਵਿਚ ਛਪਿਆ ਸੀ। ਉਸ ਸਮੇਂ ਇਸ ਦੀ ਕੀਮਤ 110 ਰੁਪਏ ਰੱਖੀ ਗਈ ਸੀ ਜਿਹੜੀ ਕਿ ਬਹੁਤ ਜਿਆਦਾ ਸੀ। 1950 ਦੇ ਖਾਲਸਾ ਸਮਾਚਾਰ ਤੋਂ ਉਸ ਸਮੇਂ ਦੇ ਪਾਠਕਾਂ ਤੋਂ ਇਸ ਕੋਸ਼ ਸੰਬੰਧੀ ਦਰਪੇਸ਼ ਆ ਰਹੀਆਂ ਮੁਸ਼ਕਲਾਂ ਸੰਬੰਧੀ ਇਹ ਜਾਣਕਾਰੀ ਪ੍ਰਾਪਤ ਹੁੰਦੀ ਹੈ:

1. ਇਸ ਦਾ ਅਕਾਰ ਵੱਡਾ ਹੈ ਅਤੇ ਵਧੇਰੇ ਕੀਮਤ ਹੋਣ ਕਰਕੇ ਆਮ ਪਾਠਕ ਨੂੰ ਇਸ ਦਾ ਕੋਈ ਲਾਭ ਨਹੀਂ।
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਵਾਲੇ ਸੋਧ ਕੇ ਦੇਣੇ ਚਾਹੀਦੇ ਹਨ।
3. ਗੁਰਬਾਣੀ ਸਿੱਖ ਸਾਹਿਤ ਅਤੇ ਸਿੱਖ ਪਰੰਪਰਾ ਨਾਲ ਜੁੜੇ ਹੋਏ ਸ਼ਬਦਾਂ ਨੂੰ ਪੰਥ ਦੀਆਂ ਮਾਨਯੋਗ ਹਸਤੀਆਂ ਦੀ ਸਹਾਇਤਾ ਨਾਲ ਸੋਧ ਲਿਆ ਜਾਣਾ ਚਾਹੀਦਾ ਹੈ।

ਆਮ ਪਾਠਕਾਂ ਤੱਕ ਇਸ ਗ੍ਰੰਥ ਨੂੰ ਲਿਜਾਣ ਲਈ ਵੱਡਾ ਯਤਨ ਭਾਸ਼ਾ ਵਿਭਾਗ ਨੇ ਕੀਤਾ, ਜਿਸ ਨੇ ਇਸ ਨੂੰ ਇਕੋ ਜਿਲਦ ਵਿਚ ਛਾਪਣ ਦਾ ਸਫ਼ਲ ਯਤਨ ਕੀਤਾ ਸੀ। ਇਸ ਤੋਂ ਬਾਅਦ ਇਸ ਦੀ ਕੀਮਤ ਬਹੁਤ ਘੱਟ ਗਈ ਅਤੇ ਇਹ ਖੋਜਾਰਥੀਆਂ, ਵਿਦਿਆਰਥੀਆਂ ਅਤੇ ਆਮ ਪਾਠਕਾਂ ਦੇ ਹੱਥਾਂ ਵਿਚ ਪਹੁੰਚ ਸਕਿਆ ਸੀ। ਭਾਵੇਂ ਕਿ ਭਾਸ਼ਾ ਵਿਭਾਗ ਨੇ ਬਹੁਤ ਸਾਰੀਆਂ ਵਡਮੁੱਲੀਆਂ ਪੁਸਤਕਾਂ ਅਤੇ ਕੋਸ਼ ਛਾਪੇ ਹਨ ਪਰ ਇਸ ਦੀ ਮੰਗ ਅੱਜ ਵੀ ਸਭ ਤੋਂ ਵਧੇਰੇ ਹੈ।

ਇਸ ਮਹਾਨ ਕੋਸ਼ ਦੇ ਮਹੱਤਵ ਨੂੰ ਸਾਹਮਣੇ ਰੱਖਦੇ ਹੋਏ ਇਸ ਨੂੰ ਹੋਰਨਾਂ ਭਾਸ਼ਾਵਾਂ ਵਿਚ ਲਿਜਾਣ ਦੀ ਲੋੜ ਸਮਝੀ ਜਾ ਰਹੀ ਸੀ। ਇਹ ਕਾਰਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਤਤਕਾਲੀ ਵਾਈਸ ਚਾਂਸਲਰ ਸ. ਸਵਰਨ ਸਿੰਘ ਬੋਪਾਰਾਏ ਦੇ ਸਮੇਂ ਅਰੰਭ ਹੋਇਆ ਸੀ ਅਤੇ ਡਾ. ਜਸਪਾਲ ਸਿੰਘ ਦੇ ਵਾਈਸ ਚਾਂਸਲਰ ਬਣਨ ਉਪਰੰਤ ਇਸ ਦੀ ਛਪਾਈ ਦਾ ਕਾਰਜ ਸਾਹਮਣੇ ਆਉਣ ਲੱਗਾ ਸੀ। 2009 ਤੋਂ 2015 ਤੱਕ ਇਸ ਕਾਰਜ ਦੀਆਂ ਜਿਲਦਾਂ ਸਾਹਮਣੇ ਆਉਣ ਲੱਗੀਆਂ ਅਤੇ ਇਸ ਦਾ



ਵਿਸ਼ਲੇਸ਼ਣ ਅਰੰਭ ਹੋਣ ਲੱਗਾ ਸੀ। ਇਸ ਸੰਬੰਧੀ ਸਭ ਤੋਂ ਪਹਿਲਾ ਧਿਆਨ ਸਿੱਖ ਅਧਿਐਨ ਦੇ ਖੋਜੀਆਂ ਵੱਲ ਗਿਆ ਅਤੇ ਉਨ੍ਹਾਂ ਨੇ ਪੰਜਾਬੀ ਭਾਸ਼ਾ ਵਿਚ ਸਾਹਮਣੇ ਆਈਆਂ ਜਿਲਦਾਂ ਵਿਚ ਸਪਸ਼ਟ ਤੌਰ 'ਤੇ ਦਿਖਾਈ ਦਿੰਦੀਆਂ ਗਲਤੀਆਂ ਨੂੰ ਪਾਠਕਾਂ ਅਤੇ ਯੂਨੀਵਰਸਿਟੀ ਅਧਿਕਾਰੀਆਂ ਸਾਹਮਣੇ ਪ੍ਰਗਟ ਕਰਨਾ ਸ਼ੁਰੂ ਕੀਤਾ। ਇਸ ਸਮੇਂ ਦੌਰਾਨ ਇਸ ਗ੍ਰੰਥ ਦਾ ਹਿੰਦੀ ਅਤੇ ਅੰਗਰੇਜ਼ੀ ਅਨੁਵਾਦ ਵੀ ਕੀਤਾ ਜਾ ਰਿਹਾ ਸੀ, ਜਿਸ ਵਿਚ ਸਾਹਮਣੇ ਆਈਆਂ ਗਲਤੀਆਂ ਨੂੰ ਵੀ ਉਜਾਗਰ ਕੀਤਾ ਜਾਣ ਲੱਗਿਆ। ਜਦੋਂ ਇਹ ਕੋਸ਼ ਪਾਠਕਾਂ ਤੱਕ ਪੁੱਜਾ ਤਾਂ ਉਨ੍ਹਾਂ ਦੇ ਮਨ ਵਿਚ ਇਸ ਸੰਬੰਧੀ ਇਹ ਭਾਵਨਾ ਉਜਾਗਰ ਹੋਈ ਕਿ ਪਰੂਫ਼ ਰੀਡਿੰਗ ਦੀਆਂ ਜਿਹੜੀਆਂ ਗਲਤੀਆਂ ਇਸ ਕੋਸ਼ ਵਿਚ ਨਜ਼ਰ ਆ ਰਹੀਆਂ ਹਨ ਉਹ ਅਗਲੀ ਪੀੜ੍ਹੀ ਨੂੰ ਸਹੀ ਜਾਣਕਾਰੀ ਪ੍ਰਦਾਨ ਨਹੀਂ ਕਰ ਸਕਦੀਆਂ ਅਤੇ ਇਨ੍ਹਾਂ ਨੂੰ ਦਰੁਸਤ ਕਰ ਕੇ ਛਾਪਣਾ ਯੋਗ ਹੋਵਗਾ।

ਉਸ ਸਮੇਂ ਸਾਰੇ ਪਾਠਕ ਅਤੇ ਵਿਦਵਾਨ ਇਹ ਸਮਝਦੇ ਸਨ ਕਿ ਕਿਸੇ ਵੀ ਕਾਰਜ ਵਿਚ ਗਲਤੀ ਹੋ ਜਾਣੀ ਸੁਭਾਵਕ ਹੈ ਅਤੇ ਉਸ ਨੂੰ ਦਰੁਸਤ ਕਰਕੇ ਅਗਲੇ ਐਡੀਸ਼ਨ ਵਿਚ ਛਾਪਣ ਦੀ ਬੇਨਤੀ ਵੀ ਲਗਪਗ ਸਮੂਹ ਪੁਸਤਕਾਂ ਵਿਚ ਦੇਖਣ ਨੂੰ ਮਿਲ ਜਾਂਦੀ ਹੈ। ਇੱਥੋਂ ਤੱਕ ਕਿ ਲੇਖਕ ਜਦੋਂ ਆਪਣੀ ਛਾਪੀ ਹੋਈ ਪੁਸਤਕ ਨੂੰ ਦੁਬਾਰਾ ਪੜ੍ਹਦਾ ਹੈ ਤਾਂ ਉਸ ਨੂੰ ਵੀ ਪਰੂਫ਼ ਰੀਡਿੰਗ ਜਾਂ ਕੁੱਝ ਹੋਰ ਗਲਤੀਆਂ ਆਪ ਵੀ ਨਜ਼ਰ ਆਉਣ ਲੱਗ ਪੈਂਦੀਆਂ ਅਤੇ ਉਹ ਇਨ੍ਹਾਂ ਨੂੰ ਸੁਧਾਰਨ ਲਈ ਹਮੇਸ਼ਾਂ ਯਤਨਸ਼ੀਲ ਰਹਿੰਦਾ ਹੈ। ਇਸ ਮਹਾਨ ਕੋਸ਼ ਨੂੰ ਦੂਜੀਆਂ ਪੁਸਤਕਾਂ ਤੋਂ ਵਧੇਰੇ ਪ੍ਰਮਾਣਿਕ ਅਤੇ ਮਹੱਤਵਪੂਰਨ ਸਮਝਦੇ ਹੋਏ ਇਸ ਨੂੰ ਖੋਜ ਦੇ ਅਧਾਰ ਸਰੋਤਾਂ ਦੀ ਸੂਚੀ ਵਿਚ ਪ੍ਰਮੁਖ ਸਥਾਨ ਪ੍ਰਦਾਨ ਕੀਤਾ ਜਾਂਦਾ ਹੈ ਜਿਸ ਕਰਕੇ ਇਸ ਕੋਸ਼ ਵਿਚ ਗਲਤੀਆਂ ਸੰਬੰਧੀ ਰਾਇ ਦੂਜੀਆਂ ਪੁਸਤਕਾਂ ਤੋਂ ਵੱਖਰੀ ਸੀ। ਵਿਦਵਾਨ ਇਹ ਸਮਝ ਅਤੇ ਕਹਿ ਰਹੇ ਸਨ ਕਿ ਜੇਕਰ ਇਸ ਕੋਸ਼ ਵਿਚ ਗਲਤੀਆਂ ਰਹਿ ਗਈਆਂ ਤਾਂ ਉਹ ਖੋਜ ਕਰਨ ਵਾਲਿਆਂ ਨੂੰ ਗਲਤ ਜਾਣਕਾਰੀ ਦੇ ਸਕਦੀਆਂ ਹਨ, ਜੋ ਹਰ ਹਾਲ ਰੋਕੀ ਜਾਣੀ ਚਾਹੀਦੀ ਹੈ।

2016 ਵਿਚ ਇਸ ਕੋਸ਼ ਦੀ ਛਪਾਈ ਰੋਕਣ ਲਈ ਚੰਡੀਗੜ੍ਹ ਦੇ ਚਾਰ ਸੱਜਣਾਂ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਇਕ ਜਨ-ਹਿਤ ਪਟੀਸ਼ਨ ਦਾਇਰ ਕਰ ਦਿੱਤੀ ਸੀ। ਇਸੇ ਸਾਲ ਹੀ ਪ੍ਰੋ. ਕਿਰਪਾਲ ਸਿੰਘ ਬਡੂੰਗਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ ਅਤੇ ਇਹ ਮਸਲਾ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਗਿਆ ਸੀ। ਮਸਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਉਨ੍ਹਾਂ ਤਿੰਨ ਮਾਹਰਾਂ ਦੀ ਇਕ ਕਮੇਟੀ ਬਣਾਈ, ਜਿਨ੍ਹਾਂ ਕੋਸ਼ ਵਿਚਲੀਆਂ ਗਲਤੀਆਂ ਨੂੰ ਉਜਾਗਰ ਕਰਕੇ ਇਸ ਦੇ ਪੁਨਰ-ਪ੍ਰਕਾਸ਼ਨ ਨੂੰ ਰੋਕਣ ਦੀ ਸਿਫ਼ਾਰਿਸ਼ ਕੀਤੀ। ਜਿਹੜੀ ਪਟੀਸ਼ਨ ਹਾਈਕੋਰਟ ਵਿਚ ਪਾਈ ਗਈ, ਦੱਸਿਆ ਜਾਂਦਾ ਹੈ ਕਿ 2018 ਵਿਚ ਇਸ ਦਾ ਨਿਬੇੜਾ ਇਸ ਅਧਾਰ 'ਤੇ ਕਰ ਦਿੱਤਾ ਗਿਆ ਸੀ ਕਿ ਯੂਨੀਵਰਸਿਟੀ ਵੱਲੋਂ ਇਸ ਕੋਸ਼ ਵਿਚਲੀਆਂ ਗਲਤੀਆਂ ਨੂੰ ਦਰੁਸਤ ਕਰ ਲਿਆ ਜਾਵੇਗਾ। ਸੁਧਾਈ ਹੋਣ ਤੱਕ ਪ੍ਰਕਾਸ਼ਿਤ ਹੋ ਚੁੱਕੇ ਐਡੀਸ਼ਨ ਦੀ ਵਿਕਰੀ 'ਤੇ ਰੋਕ ਲੱਗ ਗਈ।

ਇਹ ਮਸਲਾ ਨਿਰੰਤਰ ਚੱਲਦਾ ਰਿਹਾ। ਚੰਡੀਗੜ੍ਹ ਦੇ ਖੋਜੀਆਂ ਦਾ ਇਕ ਗਰੁੱਪ ਇਸ ਮਸਲੇ ਨਾਲ ਨਿਰੰਤਰ ਜੁੜਿਆ ਹੋਇਆ ਸੀ। ਉਨ੍ਹਾਂ ਦੀ ਰਾਇ ਸੀ ਕਿ ਸਭ ਤੋਂ ਪਹਿਲਾਂ ਪੰਜਾਬੀ ਭਾਸ਼ਾ ਵਿਚ ਛਪੇ ਚਾਰ ਭਾਗਾਂ ਵਿਚਲੀਆਂ ਗਲਤੀਆਂ ਨੂੰ ਦੂਰ ਕੀਤਾ ਜਾਵੇ ਅਤੇ ਫਿਰ ਇਸ ਦਾ ਅਨੁਵਾਦ ਕਾਰਜ ਅੱਗੇ ਤੋਰਿਆ ਜਾਣਾ ਚਾਹੀਦਾ ਹੈ। ਇਸ ਕੋਸ਼ ਨੂੰ ਪਾਠਕਾਂ ਤਕ ਜਾਣ ਤੋਂ ਰੋਕਣ ਅਤੇ ਸਮੇਟਣ ਲਈ ਯਤਨ ਨਿਰੰਤਰ ਜਾਰੀ ਰਹੇ। ਜਦੋਂ ਇਹ ਮਸਲਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਦੇ ਧਿਆਨ ਵਿਚ ਲਿਆਂਦਾ ਗਿਆ ਤਾਂ ਉਨ੍ਹਾਂ ਨੇ ਇਸ ਕਾਰਜ ਦੀ ਪੈਰਵਾਈ ਕਰਦੇ ਹੋਏ ਸੰਬੰਧਿਤ ਕਮੇਟੀ ਅਤੇ ਯੂਨੀਵਰਸਿਟੀ ਦੇ ਸੰਬੰਧਿਤ ਵਿਭਾਗ ਨਾਲ ਇਕ ਮੀਟਿੰਗ ਕੀਤੀ ਜਿਸ ਵਿਚ ਹੋਏ ਫੈਸਲਿਆਂ ਵਿਚੋਂ ਇਕ ਪ੍ਰਮੁਖ ਆਦੇਸ਼ ਇਹ ਸੀ ਕਿ ਪੰਜਾਬੀ ਯੂਨੀਵਰਸਿਟੀ ਇਸ ਕੋਸ਼ ਦੀਆਂ ਸਮੂਹ ਕਾਪੀਆਂ ਨੂੰ ਤਿੰਨ ਹਫ਼ਤੇ ਦੇ ਅੰਦਰ-ਅੰਦਰ ਸਮੇਟ ਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੂੰ ਸੂਚਿਤ ਕਰੇ।

ਇਸ ਕਮੇਟੀ ਵਿਚ ਹੋਏ ਫੈਸਲੇ ਦੀ ਲੋਅ ਵਿਚ ਇਸ ਗ੍ਰੰਥ ਨੂੰ ਸਮੇਟਣ ਦਾ ਮਸਲਾ ਵੱਡਾ ਸੀ ਜਿਹੜਾ ਗੰਭੀਰ ਰੂਪ ਧਾਰਨ ਕਰ ਗਿਆ। ਯੂਨੀਵਰਸਿਟੀ ਨੇ ਇਸ ਕੋਸ਼ ਨੂੰ ਸਮੇਟਣ ਦਾ ਜਿਹੜਾ ਢੰਗ ਵਰਤਿਆ, ਵਿਦਿਆਰਥੀਆਂ ਨੇ ਉਸ 'ਤੇ ਇਤਰਾਜ ਕਰ ਦਿੱਤਾ ਜਿਸ ਨਾਲ ਇਹ ਮਸਲਾ ਪੰਜਾਬ ਅਤੇ ਪੰਥ ਦੇ ਵਿਭਿੰਨ ਵਿਦਵਾਨਾਂ ਅਤੇ ਸੂਝਵਾਨਾਂ ਦੇ ਦ੍ਰਿਸ਼ਟੀਗੋਚਰ ਹੋਇਆ। ਸਭ ਨੇ ਇਹ ਮਹਿਸੂਸ ਕੀਤਾ ਕਿ ਭਾਵੇਂ ਗਲਤੀਆਂ ਵਾਲੇ ਇਸ ਕੋਸ਼ ਨੂੰ ਸਮੇਟਣਾ ਜਰੂਰੀ ਸੀ ਪਰ ਜਿਹੜਾ ਢੰਗ ਵਰਤਿਆ ਗਿਆ ਉਹ ਸਥਾਨਕ ਅਤੇ ਸਿੱਖ ਮਰਯਾਦਾ ਦੇ ਅਨੁਕੂਲ ਨਹੀਂ ਸੀ। ਵਿਦਿਆਰਥੀਆਂ ਦੁਆਰਾ ਲਗਾਇਆ ਗਿਆ ਧਰਨਾ ਯੂਨੀਵਰਸਿਟੀ ਅਧਿਕਾਰੀਆਂ 'ਤੇ ਕੇਸ ਦਰਜ ਕਰਨ ਉਪਰੰਤ ਚੁੱਕ ਲਿਆ ਗਿਆ। ਯੂਨੀਵਰਸਿਟੀ ਪ੍ਰਸ਼ਾਸਨ ਨੇ ਮਸਲੇ ਦੀ ਗੰਭੀਰਤਾ ਅਤੇ ਸ੍ਰੀ ਅਕਾਲ ਤਖ਼ਤ ਤੋਂ ਹੋਏ ਆਦੇਸ਼ ਦੀ ਲੋਅ ਵਿਚ ਸ੍ਰੀ ਅਖੰਡਪਾਠ ਸਾਹਿਬ ਰੱਖਿਆ ਤਾਂ ਕਿ ਹੋਈਆਂ ਭੁੱਲਾਂ ਲਈ ਖਿਮਾ ਜਾਚਨਾ ਕੀਤੀ ਜਾ ਸਕੇ।

ਇਹ ਮਸਲਾ ਧਾਰਮਿਕ ਰੰਗਤ ਗ੍ਰਹਿਣ ਕਰ ਗਿਆ ਹੈ ਅਤੇ ਇਹ ਚਰਚਾ ਅਰੰਭ ਹੋ ਗਈ ਹੈ ਕਿ ਕੀ ਇਸ ਨੂੰ ਬੇਅਦਬੀ ਕਿਹਾ ਜਾ ਸਕਦਾ ਹੈ। ਇਸ ਸੰਬੰਧੀ ਵਿਭਿੰਨ ਰਾਵਾਂ ਸੋਸ਼ਲ ਮੀਡੀਆ 'ਤੇ ਚੱਲ ਰਹੀਆਂ ਹਨ। ਸੂਝਵਾਨ ਸਿੱਖ ਇਹ ਮਹਿਸੂਸ ਕਰ ਰਹੇ ਹਨ ਕਿ ਇਹ ਮਸਲਾ ਬੇਅਦਬੀ ਦਾ ਨਹੀਂ ਹੈ। ਇਹ ਤਾਂ ਕੇਵਲ ਕਿਸੇ ਕਾਰਜ ਨੂੰ ਸਮੇਟਣ ਵਿਚ ਹੋਈ ਭੁੱਲ ਨਾਲ ਸੰਬੰਧਿਤ ਦੇਖਿਆ ਜਾ ਸਕਦਾ ਹੈ ਜਿਸ ਸੰਬੰਧੀ ਧਾਰਮਿਕ ਮਰਯਾਦਾ ਸੰਗਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਖਿਮਾ ਜਾਚਨਾ ਕਰਨੀ ਹੀ ਸਭ ਤੋਂ ਵਧੇਰੇ ਯੋਗ ਹੈ। ਪੰਜਾਬੀ ਯੂਨੀਵਰਸਿਟੀ ਦੇ ਮੌਜੂਦਾ ਵਾਈਸ ਚਾਂਸਲਰ ਨੇ ਕੁੱਝ ਮਹੀਨੇ ਪਹਿਲਾਂ ਹੀ ਇਸ ਯੂਨੀਵਰਸਿਟੀ ਦਾ ਕਾਰਜ ਸੰਭਾਲਿਆ ਅਤੇ ਅਤੇ ਜਿਹੜੇ ਵੀ ਸੱਜਣ ਇਨ੍ਹਾਂ ਨੂੰ ਮਿਲੇ ਹਨ, ਉਹ ਇਨ੍ਹਾਂ ਦੀ ਹਲੀਮੀ ਅਤੇ ਨਿਮਰਤਾ ਤੋਂ ਪ੍ਰਭਾਵਿਤ ਹਨ। ਵਾਈਸ ਚਾਂਸਲਰ ਨੇ ਵੀ ਬਹੁਤ ਖੁਲ੍ਹੇ ਮਨ ਨਾਲ ਆਪਣਾ ਸਪਸ਼ਟੀਕਰਨ ਦਿੰਦੇ ਹੋਏ ਲਿਖਤੀ ਰੂਪ ਵਿਚ ਕਿਹਾ ਹੈ ਕਿ 'ਨੇਕ ਇਰਾਦੇ ਤਹਿਤ ਕਾਰਜ ਕਰਦਿਆਂ ਅਣਜਾਣੇ ਵਿਚ ਹੋਈ ਭੁੱਲ ਦਾ ਮੈਨੂੰ ਗਹਿਰਾ ਅਫਸੋਸ ਹੈ'। ਇਸ ਸੰਬੰਧ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਜੀ ਨੇ ਜਿੱਥੇ ਇਸ ਘਟਨਾ ਦੇ ਪਸਚਾਤਾਪ ਲਈ ਸ੍ਰੀ ਅਖੰਡਪਾਠ ਸਾਹਿਬ ਆਰੰਭ ਕਰਕੇ ਖਿਮਾ ਜਾਚਨਾ ਦੀ ਅਰਦਾਸ ਕਰਨ ਦਾ ਆਦੇਸ਼ ਦਿੱਤਾ ਹੈ, ਉੱਥੇ ਉਨ੍ਹਾਂ ਨੇ ਸਮੂਹ ਸਿੱਖ ਜਥੇਬੰਦੀਆਂ ਅਤੇ ਵਿਦਿਆਰਥੀਆਂ ਨੂੰ ਵੀ ਸ਼ਾਂਤਮਈ ਰਹਿਣ ਦੀ ਅਪੀਲ ਕੀਤੀ ਹੈ।

ਸਮੁੱਚੀ ਘਟਨਾ 'ਤੇ ਨਜ਼ਰਸਾਨੀ ਕਰਨ ਵਾਲੇ ਸੂਝਵਾਨ ਇਹ ਮੰਨਦੇ ਹਨ ਕਿ ਸਿੱਖ ਸਾਹਿਤ ਨਾਲ ਜੁੜਿਆ ਹੋਇਆ ਇਹ ਕੋਸ਼ ਅਧਿਐਨ ਦੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਹੈ ਅਤੇ ਪਿਛਲੇ ਵਾਈਸ ਚਾਂਸਲਰਾਂ ਦੇ ਸਮੇਂ ਹੋਏ ਇਸ ਕਾਰਜ ਨੂੰ ਸਮੇਟਣ ਦਾ ਕੰਮ ਮੌਜੂਦਾ ਵਾਈਸ ਚਾਂਸਲਰ ਨੂੰ ਕਰਨਾ ਪਿਆ ਹੈ। ਇਸ ਕੋਸ਼ ਨੂੰ ਸਮੇਟਣ ਵਿਚ ਹੋਈ ਭੁੱਲ ਨੂੰ ਬੇਅਦਬੀ ਸ਼ਬਦ ਨਾਲ ਜੋੜਨਾ ਬਿਲਕੁਲ ਵੀ ਉਚਿਤ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਖਿਮਾ ਜਾਚਨਾ ਕਰਨ ਉਪਰੰਤ ਇਹ ਮਸਲਾ ਖਤਮ ਹੋ ਜਾਣਾ ਚਾਹੀਦਾ ਹੈ ਅਤੇ ਵਿਦਿਆਰਥੀਆਂ ਨੂੰ ਆਪ ਅੱਗੇ ਆ ਕੇ ਇਸ ਘਟਨਾ ਸੰਬੰਧੀ ਦਰਜ ਹੋਏ ਕੇਸ ਨੂੰ ਵਾਪਸ ਲੈਣ ਲਈ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਕਿ ਯੂਨੀਵਰਸਿਟੀ ਦਾ ਅਕਾਦਮਿਕ ਕਾਰਜ ਸੁਚਾਰੂ ਰੂਪ ਵਿਚ ਜਾਰੀ ਰੱਖਿਆ ਜਾ ਸਕੇ।

# ਅਰੁੰਧਤੀ ਰਾਏ ਦੀਆਂ ਆਪਣੀ ਮਾਂ ਬਾਰੇ ਯਾਦਾਂ: ਮਦਰ ਮੇਰੀ ਕਮਜ਼ ਟੂ ਮੀ

***ਅਰੁੰਧਤੀ ਰਾਏ ਨੇ ਕਦੇ ਵੀ ਆਪਣੀ ਜੀਵਨੀ ਲਿਖਣ ਦੀ ਯੋਜਨਾ ਨਹੀਂ ਬਣਾਈ ਸੀ। ਇਹ ਉਦੋਂ ਬਦਲ ਗਿਆ ਜਦੋਂ ਉਸ ਕੋਲੋਂ ਉਸਦਾ ਸਭ ਤੋਂ ਦਿਲਚਸਪ ਅਤੇ ਗੁੰਝਲਦਾਰ ਵਿਸ਼ਾ- ਮਾਂ ਮੇਰੀ ਰਾਏ-ਖੁੱਸ ਗਿਆ। ਮਦਰ ਮੇਰੀ ਕਮਜ਼ ਟੂ ਮੀ ਮੇਰੀ ਰਾਏ ਦੀ ਦੁਨੀਆ ਦੀ ਝਲਕ ਹੈ: ਅਜਿਹੀ ਔਰਤ ਜਿਸਨੇ ਜ਼ੀਰੋ ਤੋਂ ਸ਼ੁਰੂ ਕਰਕੇ ਸਕੂਲ ਬਣਾਇਆ, ਈਸਾਈ ਵਿਰਾਸਤ ਕਾਨੂੰਨਾਂ ਤਹਿਤ ਔਰਤਾਂ ਦੇ ਬਰਾਬਰ ਹੱਕਾਂ ਲਈ ਲੜਾਈ ਲੜੀ ਅਤੇ 89 ਸਾਲ ਦੀ ਉਮਰ ਤੱਕ ਦਬੰਗ ਤੜ ਵਾਲੀ ਸੁਪਰ-ਹੀਰੋ ਵਾਂਗ ਕੋਟਿਆਮ ਵਿਚ ਜ਼ਿੰਦਗੀ ਗੁਜ਼ਾਰੀ। ਬਹੁਤ ਹੀ ਭਾਵਨਾਤਮਕ, ਸਰੀਰਕ ਅਤੇ ਸਮਾਜਿਕ ਹਿੰਸਾ ਨਾਲ ਵਿਆਕੁਲ ਇਸ ਦੁਨੀਆ ਵਿਚ ਇਹ ਕਿਤਾਬ ਹੈਰਤਅੰਗੇਜ਼, ਈਮਾਨਦਾਰ ਯਾਦ ਦਿਵਾਉਂਦੀ ਹੈ ਕਿ ਅਸੀਂ ਸਾਰੇ ਟੁੱਟੇ ਹੋਏ ਹਾਂ ਪਰ ਫਿਰ ਵੀ ਪਿਆਰ ਕਰਨ, ਗੁੱਸਾ ਕਰਨ, ਭਿਆਨਕ ਚੀਜ਼ਾਂ ਕਰਨ ਅਤੇ ਅਤਿਅੰਤ ਦਰਿਆਦਿਲੀ ਦਿਖਾਉਣ ਦੇ ਸਮਰੱਥ ਹਾਂ। ਜਿਵੇਂ ਕਿ ਅਰੁੰਧਤੀ ਕਹਿੰਦੀ ਹੈ: 'ਕਿਉਂਕਿ ਲੋਕ ਵਿਚਾਰਧਾਰਾਵਾਂ ਨਹੀਂ ਹੁੰਦੇ, ਉਹ ਜੰਗਲੀ ਹੁੰਦੇ ਹਨ। ਕੁਝ ਨੂੰ ਸਾਫ਼ ਵੰਡਾਂ, ਸ਼੍ਰੇਣੀਆਂ, ਜਾਂ 'ਨਕਲੀ-ਥੈਰੇਪੀ' ਲੇਬਲਾਂ ਦੇ ਤਹਿਤ ਨਹੀਂ ਰੱਖਿਆ ਜਾ ਸਕਦਾ, ਅਤੇ ਫਿਰ ਵੀ ਉਨ੍ਹਾਂ ਨੂੰ ਸਾਹਿਤ ਅਤੇ ਇਤਿਹਾਸ ਦਾ ਹਿੱਸਾ ਬਣਾਏ ਜਾਣ ਦੀ ਲੋੜ ਹੈ।' ਉਨ੍ਹਾਂ ਨਾਲ ਇਹ ਗੱਲਬਾਤ ਪੱਤਰਕਾਰ ਨੇਹਾ ਦੀਕਸ਼ਤ ਨੇ ਕੀਤੀ, ਜੋ 28 ਅਗਸਤ ਨੂੰ 'ਦ ਹਿੰਦੂ' ਵਿਚ ਪ੍ਰਕਾਸ਼ਿਤ ਹੋਈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਸਦਾ ਪੰਜਾਬੀ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ ਜੋ ਸਾਡੇ ਕਾਲਮ-ਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। - ਸੰਪਾਦਕ***

**ਬੂਟਾ ਸਿੰਘ ਮਹਿਮੂਦਪੁਰ**

ਸਵਾਲ: ਇਕ ਐਸੀ ਦੁਨੀਆ, ਜਿਸ ਵਿਚ ਹਰ ਚੀਜ਼ ਤੇ ਹਰ ਬੰਦੇ ਲਈ ਕੋਈ ਨਾ ਕੋਈ ਸ਼ਬਦ ਤੈਅ ਹੈ ਅਤੇ ਜਿਸ ਵਿਚ ਸਿਰਫ਼ ਸ਼ੁੱਧ ਇਨਕਲਾਬੀਆਂ ਨੂੰ ਹੀ ਪ੍ਰਵਾਨਗੀ ਹਾਸਲ ਹੁੰਦੀ ਹੈ, ਉਸ ਵਿਚ ਆਪਣੀ ਮਾਂ ਮੇਰੀ ਰਾਏ ਬਾਰੇ ਲਿਖਣਾ ਮਹੱਤਵਪੂਰਨ ਕਿਵੇਂ ਹੈ?

ਜਵਾਬ: ਲੋਕ ਹੁਣ ਬਹੁਤ ਹਿੰਸਕ ਹੋ ਗਏ ਹਨ, ਹੁਣ ਹਰ ਆਦਮੀ ਕਿਸੇ ਨਾ ਕਿਸੇ ਫ਼ੈਸਲੇ 'ਤੇ ਅੱਪੜਣ ਦੀ ਕਾਹਲ ਵਿਚ ਹੈ। ਜਦੋਂ ਮੈਂ ਇਹ ਕਿਤਾਬ ਲਿਖ ਰਹੀ ਸੀ ਤਾਂ ਅਜਿਹਾ ਕਈ ਵਾਰ ਮਹਿਸੂਸ ਹੋਇਆ ਕਿ ਆਪਣੇ ਅਤੀਤ ਵਿਚ ਭੋਗੇ ਹੋਏ ਕੁਝ ਦੁੱਖਾਂ ਨੂੰ ਲੈ ਕੇ ਮੇਰੇ ਅੰਦਰ ਸ਼ਰਮਿੰਦਗੀ ਦੀ ਭਾਵਨਾ ਹੈ। ਉਹ ਜਦ ਇਸ ਦੁਨੀਆ ਤੋਂ ਰੁਖ਼ਸਤ ਹੋਈ ਤਾਂ 89 ਸਾਲ ਦੀ ਸੀ ਅਤੇ ਮੈਂ 61 ਸਾਲ ਦੀ। ਮੈਂ ਸੋਚਿਆ ਕਿਉਂ?

ਅਤੇ ਇਸ ਤੱਥ ਨੂੰ ਸਮਝਣਾ ਕਿ ਸਿਰਫ਼ ਕਿਸੇ ਨੂੰ ਆਪਣੀ ਜ਼ਿੰਦਗੀ ਵਿਚ ਬਣਾਈ ਰੱਖਣ ਲਈ ਹੀ ਤੁਹਾਨੂੰ ਖ਼ੁਦ ਨੂੰ ਅਜੀਬ ਜਿਹੀ ਸ਼ਕਲ 'ਚ ਢਲਣਾ ਪਿਆ ਸੀ ਅਤੇ ਹੁਣ ਉਹੀ ਸ਼ਕਲ ਬਿਲਕੁਲ ਹੀ ਬੇਮਾਇਨੇ ਲੱਗਣ ਲੱਗੀ ਹੈ। ਮਿਸਾਲ ਵਜੋਂ, ਕੋਈ ਆਦਮੀ ਕਈ ਮਾਅਨਿਆਂ ਵਿਚ ਬਹੁਤ ਜ਼ਿਆਦਾ ਅਗਾਂਹਵਧੂ ਤੇ ਸਾਫ਼ਗੋ ਹੋ ਸਕਦਾ ਹੈ ਅਤੇ ਫਿਰ ਅਚਾਨਕ ਹੀ ਉਹ ਪੂਰੀ ਤਰ੍ਹਾਂ ਜਾਤੀਵਾਦੀ ਵਿਚਾਰਧਾਰਾ ਦਾ ਰੁਖ਼ ਕਰ ਲੈਂਦਾ ਹੈ ਅਤੇ ਤੁਸੀਂ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਇਕ ਸਾਂਚੇ ਵਿਚ ਰੱਖ ਕੇ ਕਿਵੇਂ ਦੇਖ ਅਤੇ ਸਮਝ ਲਵੋਗੇ? ਪਰ ਇਹੀ ਤਾਂ ਮਨੁੱਖ ਹੋਣਾ ਹੈ। ਲੋਕ ਅਜਿਹੇ ਹੀ ਹੁੰਦੇ ਹਨ। ਉਹ ਵੱਖ-ਵੱਖ ਬਿਖਰੇ ਹੋਏ ਟੁਕੜਿਆਂ ਵਰਗੇ ਹਨ ਜਿਨ੍ਹਾਂ ਨੂੰ ਉਨ੍ਹਾਂ ਦੀਆਂ ਮਾਸਪੇਸ਼ੀਆਂ ਅਤੇ ਲਹੂ ਨੇ ਇਕ ਦੂਜੇ ਨਾਲ ਬੰਨ੍ਹ ਕੇ ਅਤੇ ਜੋੜ ਕੇ ਰੱਖਿਆ ਹੈ।

ਸਵਾਲ: ਆਪਣੇ ਮਾਤਾ-ਪਿਤਾ ਨੂੰ ਉਨ੍ਹਾਂ ਦੇ ਅਸਲ ਰੂਪ ਵਿਚ ਯਾਨੀ ਜਿਵੇਂ ਉਹ ਹਨ ਉਸੇ ਰੂਪ ਵਿਚ ਸਵੀਕਾਰ ਕਰ ਲੈਣ ਲਈ ਕੀ ਦਰਕਾਰ ਹੁੰਦਾ ਹੈ?

ਜਵਾਬ: ਇਕ ਦਿਨ ਮੈਂ ਕਿਸੇ ਨੂੰ ਕਹਿ ਰਹੀ ਸੀ ਕਿ ਮੈਨੂੰ ਲੱਗਦਾ ਹੈ ਕਿ ਸੱਚ ਇਹ ਹੈ ਕਿ ਮੈਂ ਉਨ੍ਹਾਂ ਦੀ ਮਾਂ ਸੀ। ਉਹ ਮੈਂ ਹੀ ਸੀ ਜਿਸਨੇ ਉਸ ਹਿੰਸਕ, ਪ੍ਰਤਿਭਾਸ਼ਾਲੀ, ਕਠੋਰ, ਨਿਰਦਈ ਅਤੇ ਅਦਭੁਤ ਬੱਚੇ ਨੂੰ ਝੱਲਿਆ। ਉਹ ਮੈਂ ਹੀ ਸੀ ਜਿਸਨੂੰ ਉਨ੍ਹਾਂ ਦੀ ਬਿਮਾਰੀ ਕਾਰਨ ਸ਼ਾਂਤ ਅਤੇ ਚੁੱਪ-ਚਾਪ ਰਹਿਣਾ ਪੈਂਦਾ ਸੀ। ਕਈ ਮਾਅਨਿਆਂ ਵਿਚ, ਸਾਡੀਆਂ ਭੂਮਿਕਾਵਾਂ ਇਕ ਦੂਜੇ ਤੋਂ ਬਿਲਕੁਲ ਉਲਟ ਸਨ। ਮੈਨੂੰ ਇੰਝ ਮਹਿਸੂਸ ਹੋਇਆ ਕਿ ਅੰਤ ਵਿਚ ਅਸੀਂ ਦੋਵੇਂ ਜਣੀਆਂ ਦੋ ਅਜਿਹੀਆਂ ਬਾਲਗ ਸਾਂ ਜਿਨ੍ਹਾਂ ਨੇ ਕਿਸੇ ਨਾ ਕਿਸੇ ਤਰ੍ਹਾਂ ਇਕ ਦੂਜੀ ਨੂੰ ਝੱਲਣਾ ਅਤੇ ਨਜਿੱਠਣਾ ਸੀ। ਬਹੁਤ ਪਹਿਲਾਂ ਹੀ ਮੈਂ ਧੀ ਹੋਣਾ ਤਿਆਗ ਕੇ ਉਨ੍ਹਾਂ ਤੋਂ ਆਪਣੀ ਮਾਂ ਹੋਣ ਦੀ ਉਮੀਦ ਛੱਡ ਚੁੱਕੀ ਸੀ। ਮੈਂ ਉਸ ਤੋਂ ਦੂਰ ਚਲੀ ਗਈ। ਕਿਉਂਕਿ ਜੇਕਰ ਮੈਂ ਅਜਿਹਾ ਨਾ ਕਰਦੀ ਤਾਂ ਟੁੱਟ ਜਾਂਦੀ...ਪਰ ਮੈਂ ਕਦੇ ਨਹੀਂ ਚਾਹਿਆ ਕਿ ਉਹ ਮੇਰੇ ਤੋਂ ਹਾਰ ਜਾਵੇ। ਨਾ ਹੀ ਮੈਂ ਇਹ ਚਾਹੁੰਦੀ ਸੀ ਕਿ ਮੈਂ ਜਿੱਤ ਜਾਵਾਂ। ਮੈਂ ਚਾਹੁੰਦੀ ਸੀ ਕਿ ਉਹ ਇਸ ਦੁਨੀਆ ਤੋਂ ਰਾਣੀ ਵਾਂਗ ਵਿਦਾ ਹੋਵੇ। ਅਤੇ ਉਸ ਨੇ ਇੰਝ ਹੀ ਕੀਤਾ।

ਸਵਾਲ: ਤੁਸੀਂ ਆਪਣੇ ਪਿਤਾ ਨਾਲ ਵੀ ਇੰਝ ਹੀ ਕੀਤਾ, ਜਦੋਂ ਤੁਸੀਂ ਉਸ ਨੂੰ ਪਹਿਲੀ ਵਾਰ ਮਿਲੇ ਤਾਂ ਉਸ ਨੂੰ ਉਵੇਂ ਹੀ ਰਹਿਣ ਦਿੱਤਾ, ਜਿਵੇਂ ਉਹ ਸੀ।

ਜਵਾਬ: ਜਿਵੇਂ ਕਿ ਮੈਂ ਇਸ ਕਿਤਾਬ ਵਿਚ ਲਿਖਿਆ ਹੈ, ਮੈਂ ਪੂਰੀ ਰਾਤ ਆਪਣੇ ਬਾਰੇ ਸੋਚਦੇ ਹੋਏ ਗੁਜ਼ਾਰੀ, ਇਹ ਸੋਚਦੇ ਹੋਏ ਕਿ ਹੇ ਰੱਬਾ, ਮੈਨੂੰ ਕੀ ਚਾਹੀਦਾ ਹੈ ਅਤੇ ਫਿਰ ਸਭ ਕੁਝ ਮੇਰੀ ਕਲਪਨਾ ਤੇ ਉਮੀਦ ਤੋਂ ਪਰੇ ਸੀ। ਮੇਰੀ ਉਮਰ ਉਸ ਸਮੇਂ 25 ਸਾਲ ਸੀ। ਉਦੋਂ ਤੱਕ ਮੈਂ ਇਕ ਅਜਿਹੀ ਸ਼ਖ਼ਸ ਬਣ ਚੁੱਕੀ ਸੀ, ਜਿਸਦੀ ਆਪਣੀ ਰਾਜਨੀਤਿਕ ਸੋਚ ਸੀ। ਜਦੋਂ ਮੈਂ ਉਸ ਨੂੰ ਉਸ ਹਾਲਤ ਵਿਚ ਦੇਖਿਆ- ਪਿਸ਼ਾਬ ਨਾਲ ਲਿੱਬੜੇ ਕੱਪੜੇ, ਥਾਂ-ਥਾਂ ਤੋਂ ਕੱਟੇ ਹੋਏ ਕੰਨ, ਪੂਰੀ ਤਰ੍ਹਾਂ ਹਾਲੋ-ਬੇਹਾਲ, ਤਾਂ ਮੈਨੂੰ ਉਸ ਝਟਕੇ ਤੋਂ ਬਾਹਰ ਆਉਣ ਵਿਚ ਸਿਰਫ਼ ਤਿੰਨ ਸਕਿੰਟ ਲੱਗੇ। ਅਤੇ ਫਿਰ ਅਚਾਨਕ ਮੇਰੇ ਮਨ ਵਿਚ ਆਇਆ- ਸ਼ੁਕਰ ਏ ਰੱਬਾ, ਉਹ ਸੀਈਓ ਨਹੀਂ ਹੈ! ਕਿਉਂਕਿ ਫਿਰ ਉਸ ਨਾਲ ਨਜਿੱਠਣਾ ਮੇਰੇ ਲਈ ਜ਼ਿਆਦਾ ਮੁਸ਼ਕਲ ਹੋਣਾ ਸੀ।

ਸਵਾਲ: ਤੁਸੀਂ ਆਪਣੀ ਮਾਂ ਬਾਰੇ ਲਿਖਿਆ ਹੈ ਕਿ ਉਸ ਨੇ ਆਪਣੇ ਬਾਪ ਦੀ ਹਿੰਸਾ ਤੋਂ ਬਚਣ ਲਈ ਆਪਣੀ ਜ਼ਿੰਦਗੀ ਵਿਚ ਆਉਣ ਵਾਲੇ ਪਹਿਲੇ ਹੀ ਮਰਦ ਨਾਲ ਵਿਆਹ ਕਰ ਲਿਆ ਸੀ। ਇਹ ਗੱਲ ਪੀੜ੍ਹੀ-ਦਰ-ਪੀੜ੍ਹੀ ਚੱਲਣ ਵਾਲੀ ਹਿੰਸਾ ਬਾਰੇ ਕੀ ਦੱਸਦੀ ਹੈ? ਇਸ ਤਰ੍ਹਾਂ ਦੀ ਹਾਲਤ ਨਾਲ ਕਿਸ ਤਰ੍ਹਾਂ ਦੇ ਸ਼ਖ਼ਸ ਅਤੇ ਸਮਾਜ ਦੀ ਉਸਾਰੀ ਹੁੰਦੀ ਹੈ?

ਜਵਾਬ: ਸਿਰਫ਼ ਏਨਾ ਹੀ ਨਹੀਂ ਕਿ ਮੇਰੀ ਮਾਂ ਨੇ ਆਪਣੇ ਬਾਪ ਦੀ ਹਿੰਸਾ ਝੱਲੀ, ਸਗੋਂ ਉਸ ਹਿੰਸਾ ਨੇ ਉਸ ਦੇ ਅੰਦਰ ਆਪਣੀ ਪੱਕੀ ਜਗ੍ਹਾ ਬਣਾ ਲਈ ਸੀ। ਉਸ ਨੇ ਉਸਨੂੰ ਆਤਮਸਾਤ ਕਰ ਲਿਆ ਸੀ। ਇਹ ਮਹਿਜ਼ ਉਸ ਹਿੰਸਾ ਦਾ ਪ੍ਰਤੀਕਰਮ ਨਹੀਂ ਸੀ। ਸਗੋਂ ਉਹ ਖ਼ੁਦ ਵੀ ਉਹੋ ਜਹੀ ਹੀ ਬਣ ਗਈ ਸੀ। ਮੈਨੂੰ ਚੇਤੇ ਹੈ ਕਿ ਕਿਵੇਂ ਮੇਰੇ ਦੋਵੇਂ ਭਰਾ ਅਤੇ ਮੈਂ, ਤਿੰਨੋਂ ਹੀ ਇਹ ਸੁਚੇਤ ਯਤਨ ਕਰਦੇ ਰਹਿੰਦੇ ਸਾਂ ਕਿ ਅਸੀਂ ਉਸ ਹਿੰਸਾ ਨੂੰ ਨਾ ਦੁਹਰਾਈਏ। ਪਰ ਮੇਰਾ ਮੰਨਣਾ ਹੈ ਕਿ ਪੀੜ੍ਹੀਗਤ ਹਿੰਸਾ ਅਤੇ ਸਦਮੇ ਸੱਚੀਂ-ਮੁੱਚੀਂ ਦਾ ਵਰਤਾਰਾ ਹਨ। ਇਹ ਸਿਰਫ਼ ਪਰਿਵਾਰ ਦੇ ਅੰਦਰ ਹੀ ਨਹੀਂ ਹੁੰਦਾ ਸਗੋਂ ਜਾਤਪਾਤੀ, ਨਸਲੀ ਅਤੇ ਧਾਰਮਿਕ, ਸਾਰੇ ਪੱਧਰਾਂ 'ਤੇ ਮੌਜੂਦ ਹੁੰਦਾ ਹੈ।


ਕਈ ਵਾਰ ਤੁਹਾਨੂੰ ਮਹਿਸੂਸ ਹੁੰਦਾ ਹੈ ਕਿ ਤੁਸੀਂ ਆਪਣੇ ਸਰੀਰ ਦੇ ਜਾਲ ਵਿਚ ਹੀ ਫਸੇ ਹੋਏ ਹੋ। ਮੈਨੂੰ ਇੰਝ ਲੱਗਦਾ ਹੈ ਕਿ ਜੇਕਰ ਹਿੰਸਾ ਹੁੰਦੀ ਆ ਰਹੀ ਹੈ ਅਤੇ ਤੁਸੀਂ ਉਸ ਤੋਂ ਭਾਵਨਾਤਮਕ, ਸਰੀਰਕ, ਲਿੰਗਕ ਜਾਂ ਸਮਾਜਿਕ ਕਿਸੇ ਵੀ ਪੱਧਰ 'ਤੇ ਪੀੜਤ ਰਹੇ ਹੋ ਤਾਂ ਉਸ ਹਾਲਤ ਵਿਚ ਖ਼ੁਦ ਨੂੰ ਇਕ ਪੀੜਤ ਵਜੋਂ ਨਾ ਦੇਖਣ ਲਈ ਤੁਹਾਨੂੰ ਬਹੁਤ ਤਾਕਤ ਜੁਟਾਉਣੀ ਪੈਂਦੀ ਹੈ। ਜਿਉਂ ਹੀ ਤੁਸੀਂ ਖ਼ੁਦ ਨੂੰ ਇਕ ਪੀੜਤ ਮੰਨ ਲੈਂਦੇ ਹੋ, ਤੁਹਾਡੀਆਂ ਸੀਮਾਵਾਂ ਤੈਅ ਹੋ ਜਾਂਦੀਆਂ ਹਨ। ਜਿਵੇਂ ਕਿ ਸਾਡੀਆਂ ਸਮਾਜਿਕ ਬਣਤਰਾਂ ਹਨ, ਉਨ੍ਹਾਂ ਵਿਚ ਇਹ ਕਰ ਸਕਣਾ ਸੌਖਾ ਨਹੀਂ ਹੈ। ਭਾਵੇਂ ਤੁਸੀਂ ਮੁਸਲਮਾਨ ਹੋ, ਔਰਤ ਹੋ ਜਾਂ ਕੁਝ ਹੋਰ, ਅੱਜ ਦੇ ਭਾਰਤ ਵਿਚ ਤਾਂ ਇਹ ਹੋਰ ਵੀ ਮੁਸ਼ਕਲ ਹੈ। ਪਰ ਮੁਸ਼ਕਲ ਹੋਣ ਦੇ ਬਾਵਜੂਦ, ਇਹੀ ਉਹ ਕੰਮ ਹੈ ਜੋ ਤੁਸੀਂ ਕਰਨਾ ਹੈ। ਕੋਈ ਹੋਰ ਆ ਕੇ ਤੁਹਾਨੂੰ ਇਸ 'ਚੋਂ ਬਾਹਰ ਨਹੀਂ ਕੱਢ ਸਕਦਾ।

ਸਵਾਲ: ਤੁਹਾਡੀ ਸ਼ਖ਼ਸੀਅਤ ਬਹੁਤ ਵੱਡੀ ਹੈ। ਭਲਾ ਕਿਸਨੇ ਸੋਚਿਆ ਹੋਵੇਗਾ ਕਿ ਇਕ ਨਿੱਕੇ ਜਿਹੇ ਸ਼ਹਿਰ ਤੋਂ ਵੱਡੇ ਸ਼ਹਿਰ ਵਿਚ ਖ਼ੁਦ ਨੂੰ ਸਥਾਪਤ ਕਰਨ ਦੇ ਦੌਰਾਨ ਤੁਹਾਡੇ ਵੀ ਆਪਣੇ ਸੰਘਰਸ਼ ਰਹੇ ਹਨ। ਇਸ ਬਾਰੇ ਕੀ ਕਹਿਣਾ ਚਾਹੋਗੇ?

ਜਵਾਬ: ਸੱਚੀ ਆਜ਼ਾਦੀ, ਸੱਚੀ ਸੁਤੰਤਰਤਾ ਦੀ ਖੋਜ ਸਦਾ ਮੇਰਾ ਰਾਹ-ਦਰਸਾਵਾ ਰਹੀ ਹੈ। ਜ਼ਾਹਿਰ ਹੈ, ਘਰ ਵਿਚ ਜੋ ਕੁਝ ਹੋ ਰਿਹਾ ਸੀ ਉਸ ਤੋਂ ਆਜ਼ਾਦੀ। ਲੋਕ ਕਹਿੰਦੇ ਹਨ -'ਤੂੰ ਕਿੰਨੀ ਬਹਾਦਰ ਸੀ।' ਪਰ ਮੈਂ ਕਹਿੰਦੀ ਹਾਂ, 'ਨਹੀਂ, ਮੈਂ ਬਹਾਦਰ ਨਹੀਂ ਸੀ। ਮੇਰੇ ਕੋਲ ਕੋਈ ਹੋਰ ਬਦਲ ਹੀ ਨਹੀਂ ਸੀ। ਮੇਰੇ ਸਾਹਮਣੇ ਜਾਂ ਤਾਂ ਟੁੱਟ ਕੇ ਬਿਖਰ ਜਾਣ ਦਾ ਬਦਲ ਸੀ ਜਾਂ ਫਿਰ ਉੱਥੋਂ ਬਾਹਰ ਨਿਕਲ ਜਾਣ ਦਾ ਰਾਹ।' ਇਸ ਲਈ ਇਹ ਬਹਾਦਰੀ ਨਹੀਂ ਸੀ, ਇਸਨੂੰ ਤੁਸੀਂ ਮਜਬੂਰੀ ਕਹਿ ਸਕਦੇ ਹੋ। ਪਰ ਇਕ ਵਾਰ ਜਦੋਂ ਤੁਸੀਂ ਉਹ ਰਾਹ ਚੁਣ ਲੈਂਦੇ ਹੋ ਤਾਂ ਕਿਉਂ ਦਾ ਸਵਾਲ ਤੁਹਾਡੇ ਸਾਹਮਣੇ ਖੜ੍ਹਾ ਹੋ ਜਾਂਦਾ ਹੈ। ਅਤੇ ਇਸ ਕਿਉਂ ਦੇ ਜਵਾਬ ਵਿਚ ਮੈਂ ਕਹਿੰਦੀ ਹਾਂ ਕਿਉਂਕਿ ਮੈਂ ਖ਼ੁਸ਼ ਹੋਣਾ ਚਾਹੁੰਦੀ ਹਾਂ, ਕਿਉਂਕਿ ਮੈਂ ਦੁੱਖ ਨਹੀਂ ਝੱਲਣਾ ਚਾਹੁੰਦੀ।

ਇਹ ਇਕ ਤਰ੍ਹਾਂ ਨਾਲ ਮੇਰੇ ਦਿਮਾਗ ਵਿਚ ਲਗਾਤਾਰ ਚੱਲਣ ਵਾਲੀ ਖੋਜ ਰਹੀ ਹੈ। ਇੰਝ ਲੱਗਦਾ ਹੈ ਜਿਵੇਂ ਮੇਰੇ ਦਿਮਾਗ ਵਿਚ ਕੁਝ ਰਸਾਇਣਕ ਪ੍ਰਤੀਕਿਰਿਆਵਾਂ ਹੁੰਦੀਆਂ ਰਹਿੰਦੀਆਂ ਹਨ ਅਤੇ ਮੈਂ ਉਨ੍ਹਾਂ ਦੀ ਗੰਧ ਦਾ ਪਿੱਛਾ ਕਰਦੀ ਹੋਈ ਹੀ ਆਜ਼ਾਦੀ ਤਲਾਸ਼ਦੀ ਰਹਿੰਦੀ ਹਾਂ। ਇਸਦਾ ਮਤਲਬ ਹੈ ਲਗਾਓ ਤੋਂ ਪੈਦਾ ਹੋਣ ਵਾਲੇ ਬੰਧਨਾਂ ਤੋਂ ਆਜ਼ਾਦ ਹੋਣਾ। ਮਾਇਆ ਦੇ ਲੋਭ ਤੋਂ, ਹਮੇਸ਼ਾ ਮਸ਼ਹੂਰ ਬਣੇ ਰਹਿਣ ਦੀ ਚਾਹਤ ਤੋਂ, ਜਾਂ ਹਮੇਸ਼ਾ ਜਵਾਨ ਦਿਸਣ ਦੀ ਚਾਹ ਤੋਂ- ਇੱਥੋਂ ਤੱਕ ਕਿ ਬੋਟਾਕਸ ਲਗਾ ਕੇ ਜਵਾਨੀ ਬਣਾਈ ਰੱਖਣ ਦੀ ਕੋਸ਼ਿਸ਼ ਤੋਂ ਵੀ ਮੁਕਤ ਹੋਣਾ। ਮੈਂ ਇਹ ਸਭ ਨਹੀਂ ਚਾਹੁੰਦੀ। ਮੈਂ ਸਿਰਫ਼ ਬਣੀ ਰਹਿਣਾ ਚਾਹੁੰਦੀ ਹਾਂ, ਮੈਂ ਚਾਹੁੰਦੀ ਹਾਂ ਕਿ ਮੈਂ ਜਿਵੇਂ ਹਾਂ, ਮੈਨੂੰ ਉਵੇਂ ਰਹਿਣ ਦਿੱਤਾ ਜਾਵੇ।






***ਅਰੁੰਧਤੀ ਰਾਏ ਅਤੇ ਉਸਦੀ ਕਿਤਾਬ ਮਦਰ ਮੇਰੀ ਕਮਜ਼ ਟੂ ਮੀ ਦਾ ਸਰਵਰਕ।***

ਸਵਾਲ: ਤੁਸੀਂ ਕਈ ਵਾਰ ਇਹ ਜ਼ਿਕਰ ਕਰਦੇ ਹੋ ਕਿ 'ਮੈਂ ਆਪਣੀ ਸਭ ਤੋਂ ਮਹਿਫ਼ੂਜ਼ ਜਗ੍ਹਾ ਨੂੰ ਸਭ ਤੋਂ ਖ਼ਤਰਨਾਕ ਬਣਾ ਦਿੰਦੀ ਹਾਂ। ਅਤੇ ਜਦੋਂ ਉਹ ਜਗ੍ਹਾ ਖ਼ਤਰਨਾਕ ਨਹੀਂ ਹੁੰਦੀ, ਤਾਂ ਵੀ ਮੈਂ ਉਸਨੂੰ ਵੈਸਾ ਹੀ ਬਣਾ ਲੈਂਦੀ ਹਾਂ।' ਇਸਦਾ ਕੀ ਭਾਵ ਹੈ?

ਜਵਾਬ: ਜਦੋਂ ਤੁਹਾਡਾ ਬਚਪਨ ਪੂਰੀ ਤਰ੍ਹਾਂ ਅਸੁਰੱਖਿਅਤ ਰਿਹਾ ਹੋਵੇ...ਕਹਿਣ ਦਾ ਭਾਵ, ਮੰਨ ਲਓ ਤੁਹਾਡੀ ਜ਼ਿੰਦਗੀ ਕਸ਼ਮੀਰ ਵਿਚ ਗੁਜ਼ਰੀ ਹੋਵੇ ਜਾਂ ਤੁਸੀਂ ਸੜਕਾਂ 'ਤੇ ਹੀ ਜ਼ਿੰਦਗੀ ਗੁਜ਼ਾਰੀ ਹੋਵੇ ਅਤੇ ਅਜਿਹੇ ਹਾਲਾਤ ਵਿਚ ਤੁਹਾਨੂੰ ਬਾਹਰੀ ਚੀਜ਼ਾਂ ਦਾ ਖ਼ਤਰਾ ਹੁੰਦਾ ਹੈ। ਪਰ ਜਦੋਂ ਉਹ ਖ਼ਤਰਾ ਖ਼ੁਦ ਤੁਹਾਡੀ ਮਾਂ ਹੀ ਹੋਵੇ ਤਾਂ ਮਾਮਲਾ ਬਿਲਕੁਲ ਵੱਖਰਾ ਹੋ ਜਾਂਦਾ ਹੈ। ਫਿਰ ਤੁਹਾਡਾ ਕਿਸੇ ਵੀ ਚੀਜ਼ 'ਤੇ ਭਰੋਸਾ ਨਹੀਂ ਬੱਝਦਾ। ਮੈਂ ਹਮੇਸ਼ਾ ਹੀ ਅਸੁਰੱਖਿਆ ਵੱਲ ਖਿੱਚੀ ਚਲੀ ਜਾਂਦੀ ਹਾਂ। ਮੈਂ ਅਸੁਰੱਖਿਆ ਨੂੰ ਬਹੁਤ ਸੌਖਿਆਂ ਸਮਝ ਲੈਂਦੀ ਹਾਂ। ਇਹ ਸੁਖੀ ਪਰਿਵਾਰ ਵਰਗੀ ਬਕਵਾਸ ਧਾਰਨਾ ਮੇਰੇ ਪੱਲੇ ਨਹੀਂ ਪੈਂਦੀ। ਇਸ ਲਈ ਕਈ ਵਾਰ, ਜਦੋਂ ਕੋਈ ਰਿਸ਼ਤਾ ਬਹੁਤ ਸੁਰੱਖਿਅਤ ਦਿਸ ਰਿਹਾ ਹੁੰਦਾ ਹੈ ਤਾਂ ਮੈਨੂੰ ਘੁਟਣ ਮਹਿਸੂਸ ਹੋਣ ਲੱਗਦੀ ਹੈ। ਮੇਰਾ ਦਿਮਾਗ ਉਸ 'ਖ਼ਤਰੇ' ਨੂੰ ਲੱਭਣ ਵਿਚ ਜੁੱਟ ਜਾਂਦਾ ਹੈ। ਜਿਵੇਂ, ਮੈਂ ਸੋਚਣ ਲੱਗ ਜਾਂਦੀ ਹਾਂ 'ਖ਼ਤਰਾ ਕਿੱਥੇ ਹੈ? ਮੈਨੂੰ ਇੱਥੋਂ ਨਿਕਲਣਾ ਹੋਵੇਗਾ!'

ਸਵਾਲ: ਇਸ ਪ੍ਰਸੰਗ 'ਚ ਪਿਆਰ ਨੂੰ ਕਿਵੇਂ ਸਮਝਿਆ ਜਾ ਸਕਦਾ ਹੈ? ਸਿਰਫ਼ ਮਨੁੱਖਾਂ ਤੋਂ ਹੀ ਨਹੀਂ ਬਲਕਿ ਉਨ੍ਹਾਂ ਜੀਵਾਂ ਤੋਂ ਵੀ, ਜਿਨ੍ਹਾਂ ਦਾ ਜ਼ਿਕਰ ਤੁਸੀਂ ਆਪਣੀ ਕਿਤਾਬ ਵਿਚ ਕੀਤਾ ਹੈ- ਕਾਟੋਆਂ, ਕੁੱਤਿਆਂ, ਖਿੜਕੀ 'ਚੋਂ ਦਿਸਣ ਵਾਲੇ ਪੇੜ-ਪੌਦਿਆਂ ਤੋਂ ਵੀ?

ਜਵਾਬ: ਮੈਨੂੰ ਲੱਗਦਾ ਹੈ ਕਿ ਇਹ ਇਕ ਬਦਲ ਹੈ ਜੋ ਇਨਸਾਨ ਖ਼ੁਦ ਚੁਣਦਾ ਹੈ। ਇਕ ਪਰੰਪਰਾਗਤ ਪਿਆਰ ਹੁੰਦਾ ਹੈ- ਜਿਵੇਂ ਮਾਂ-ਬਾਪ ਦਾ, ਪੁੱਤਰ ਦਾ, ਜਾਂ ਬੱਚਿਆਂ ਦਾ। ਪਰ, ਜੇਕਰ ਇਹ ਤੁਹਾਡੇ ਹਿੱਸੇ ਨਹੀਂ ਆਇਆ ਹੈ ਜਾਂ ਫਿਰ ਤੁਸੀਂ ਇਹ ਨਹੀਂ ਚੁਣਿਆ ਹੈ ਤਾਂ ਫਿਰ ਕੀ ਤੁਸੀਂ ਆਪਣੀ ਪੂਰੀ ਜ਼ਿੰਦਗੀ ਤਲਖ਼ੀ ਵਿਚ ਗੁਜ਼ਾਰ ਦਿਓਗੇ? ਜਾਂ ਤੁਸੀਂ ਉਸ 'ਚੋਂ ਬਾਹਰ ਨਿਕਲ ਕੇ ਆਪਣੇ ਲਈ ਇਕ ਐਸੀ ਭਰਪੂਰ ਦੁਨੀਆ ਦੀ ਖੋਜ ਕਰੋਗੇ ਜਿਸ ਵਿਚ ਦੋਸਤ ਹੋਣਗੇ, ਕੁਦਰਤ ਹੋਵੇਗੀ, ਇਕ ਵੱਖਰਾ ਅਤੇ ਨਵਾਂ ਸੰਸਾਰ ਹੋਵੇਗਾ, ਜੋ ਸਹਿਜੇ-ਸਹਿਜੇ ਤੁਹਾਡੀ ਬਹੁਤ ਪਿਆਰੀ ਅਤੇ ਨਿੱਜੀ ਸ਼ੈਅ ਬਣ ਜਾਵੇਗੀ। ਮੇਰੇ ਲਈ ਤਾਂ ਸਿਆਸਤ ਨਾਲ ਜੁੜੇ ਉਹ ਵਿਸ਼ੇ ਵੀ ਅਜਿਹੀਆਂ ਹੀ ਚੀਜ਼ਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ ਜਿਨ੍ਹਾਂ ਬਾਰੇ ਅਤੇ ਜਿਨ੍ਹਾਂ ਉੱਪਰ ਮੈਂ ਲਿਖਦੀ ਰਹਿੰਦੀ ਹਾਂ। ਜਾਂ ਇਹ ਕਿਤਾਬ, ਜੋ ਗਾਜ਼ਾ ਦੇ ਪਿਛੋਕੜ ਵਿਚ ਲਿਖੀ ਗਈ ਹੈ- ਇਹ ਮੇਰੇ ਲਈ ਉਨੀ ਹੀ ਵਿਅਕਤੀਗਤ ਹੈ, ਜਿੰਨੀ ਕੋਈ ਹੋਰ ਸ਼ੈਅ ਹੋ ਸਕਦੀ ਹੈ। ਅਤੇ ਖ਼ਾਸ ਕਰਕੇ ਔਰਤਾਂ ਨੂੰ ਮੈਂ ਕਿਸੇ ਤਰ੍ਹਾਂ ਦਾ ਉਪਦੇਸ਼ ਨਹੀਂ ਦਿੰਦੀ ਕਿ 'ਇਹ ਨਾ ਕਰੋ', 'ਵਿਆਹ ਨਾ ਕਰੋ'। ਨਹੀਂ। ਪਰ ਹਾਂ, ਮੈਂ ਇਹ ਜ਼ਰੂਰ ਕਹਿੰਦੀ ਹਾਂ ਕਿ ਹੋਰ ਵੀ ਬਹੁਤ ਸਾਰੇ ਰਾਹ ਹਨ। ਜ਼ਿੰਦਗੀ ਜਿਉਣ ਦੇ ਹੋਰ ਬਥੇਰੇ ਤਰੀਕੇ ਹਨ। ਉਨ੍ਹਾਂ ਤੈਅਸ਼ੁਦਾ ਛੋਟੇ-ਛੋਟੇ ਨਕਸ਼ਿਆਂ ਤੋਂ ਵੱਖਰੇ, ਜੋ ਸਮਾਜ ਤੁਹਾਡੇ ਹੱਥ ਵਿਚ ਫੜਾ ਦਿੰਦਾ ਹੈ।

ਸਵਾਲ: ਤੁਸੀਂ ਕਿਤਾਬ ਵਿਚ ਜ਼ਿਕਰ ਕੀਤਾ ਹੈ ਕਿ ਕਿਵੇਂ ਬੁੱਕਰ ਪੁਰਸਕਾਰ ਮਿਲਣ ਤੋਂ ਬਾਅਦ ਲੋਕ ਦ ਗਾਡ ਆਫ਼ ਸਮਾਲ ਥਿੰਗਜ਼ ਬਾਰੇ ਤਰ੍ਹਾਂ-ਤਰ੍ਹਾਂ ਨਾਲ ਗੱਲ ਕਰਨ ਲੱਗੇ ਅਤੇ ਉਸਨੂੰ ਉਸਦੀ ਸਿਆਸਤ ਤੋਂ ਵੱਖਰਾ ਕਰਨ ਲੱਗੇ। ਕੀ ਕੋਈ ਐਸੀ ਮਸ਼ੀਨਰੀ ਕੰਮ ਕਰ ਰਹੀ ਹੈ ਜੋ ਸਾਹਿਤ 'ਚੋਂ ਸਿਆਸਤ ਜਾਂ ਜ਼ਮੀਨੀ ਹਕੀਕਤ ਨੂੰ ਮਿਟਾਉਣਾ ਚਾਹੁੰਦੀ ਹੈ?

ਜਵਾਬ: ਮੈਨੂੰ ਲੱਗਦਾ ਹੈ ਕਿ ਨਿਸ਼ਚਿਤ ਤੌਰ 'ਤੇ ਹੀ ਅਜਿਹਾ ਕੁਝ ਹੈ। ਪਰ ਇਸਦਾ ਇਹ ਮਤਲਬ ਬਿਲਕੁਲ ਨਹੀਂ ਹੈ ਕਿ ਇਹ ਹਮੇਸ਼ਾ ਹੀ ਕਾਰਗਰ ਹੁੰਦਾ ਹੈ ਪਰ ਹਾਂ ਕੋਸ਼ਿਸ਼ਾਂ ਜ਼ਰੂਰ ਹੁੰਦੀਆਂ ਰਹਿੰਦੀਆਂ ਹਨ। ਪੰਜ-ਛੇ ਸਾਲ ਪਹਿਲਾਂ, ਲੋਕਾਂ ਦੀ ਸ਼ਾਇਦ ਅਜਿਹੀ ਸਮਝ ਸੀ ਕਿ ਸਾਹਿਤ ਕੁਝ ਹੋਰ ਹੈ ਅਤੇ ਸਿਆਸਤ ਕੁਝ ਹੋਰ। ਹੁਣ ਮੈਨੂੰ ਲੱਗਦਾ ਹੈ ਕਿ ਚੀਜ਼ਾਂ ਬਦਲ ਗਈਆਂ ਹਨ ਕਿਉਂਕਿ ਪੂਰੀ ਦੀ ਪੂਰੀ ਦੁਨੀਆ ਹੀ ਇਕ ਵੱਖਰੇ ਦੇਸ-ਕਾਲ ਵਿਚ ਜਾ ਚੁੱਕੀ ਹੈ। ਅਸੀਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ ਹਾਂ ਕਿ ਸਾਹਿਤ ਅਤੇ ਸਿਆਸਤ ਨੂੰ ਦੋ ਵੱਖ-ਵੱਖ ਚੀਜ਼ ਮੰਨਣ ਵਾਲੇ ਸਾਹਿਤਕਾਰਾਂ, ਲੇਖਕਾਂ ਦਾ ਇਕ ਪੂਰਾ ਸਮੂਹ ਸੀ, ਪਰ ਅਸਲੀਅਤ ਇਹ ਹੈ ਕਿ ਭਾਵੇਂ ਤੁਸੀਂ ਕਿੰਨਾ ਵੀ ਸੋਚੋ ਕਿ ਤੁਸੀਂ ਗੈਰ-ਸਿਆਸੀ ਲਿਖ ਰਹੇ ਹੋ, ਤੁਹਾਡੀ ਸਿਆਸਤ ਤਾਂ ਉਸ ਵਿਚੋਂ ਝਲਕ ਹੀ ਪੈਂਦੀ ਹੈ।

ਸਵਾਲ: ਸੰਨ 2000 ਦੇ ਦਹਾਕੇ ਵਿਚ ਜਦੋਂ ਤੁਸੀਂ ਲੋਕਾਂ ਦੇ ਅੰਦੋਲਨਾਂ ਦੀ ਗੱਲ ਕਰ ਰਹੇ ਸੀ ਤਾਂ ਤੁਹਾਡੇ 'ਤੇ 'ਸੈਲੀਬ੍ਰਿਟੀ' ਹੋਣ ਦਾ ਇਲਜ਼ਾਮ ਲੱਗਦਾ ਸੀ। ਪਰ ਹੁਣ ਅਸੀਂ ਸਾਰੇ ਇਕ ਅਜਿਹੀ ਦੁਨੀਆ ਵਿਚ ਜੀ ਰਹੇ ਹਾਂ ਜਿੱਥੇ ਸੋਸ਼ਲ ਮੀਡੀਆ ਇਨਫਲੂਐਂਸਰਾਂ ਦਾ ਦਬਦਬਾ ਹੈ, ਅਤੇ ਹੁਣ ਹਰ ਕੋਈ ਸੈਲੀਬ੍ਰਿਟੀ ਹੋਣਾ ਚਾਹੁੰਦਾ ਹੈ। ਅਜਿਹੇ ਹਾਲਾਤ ਵਿਚ ਤੁਸੀਂ ਇਸ ਨਵੀਂ ਦੁਨੀਆ ਦਾ ਮੁਲਾਂਕਣ ਕਿਵੇਂ ਕਰਦੇ ਹੋ? ਉਸਨੂੰ ਕਿਵੇਂ ਦੇਖਦੇ ਹੋ?

ਜਵਾਬ: ਜਦੋਂ ਮੈਂ 'ਦ ਗਾਡ ਆਫ ਸਮਾਲ ਥਿੰਗਜ਼' ਲਿਖਿਆ, ਤਾਂ ਇਕਦਮ ਤਕਰੀਬਨ ਸਾਰੇ ਹੀ ਰਸਾਲਿਆਂ ਦੇ ਮੁੱਖ ਪੰਨੇ 'ਤੇ ਮੇਰੀ ਤਸਵੀਰ ਛਪਣ ਲੱਗੀ ਅਤੇ ਮੈਂ ਇਕ ਸੈਲੀਬ੍ਰਿਟੀ ਬਣ ਗਈ। ਉਸ ਤੋਂ ਬਾਅਦ ਜਦੋਂ ਮੈਂ 'ਦ ਐਂਡ ਆਫ ਇਮੇਜਿਨੇਸ਼ਨ' ਲਿਖਿਆ ਅਤੇ ਨਰਮਦਾ 'ਤੇ ਲਿਖਣ ਲੱਗੀ ਤਾਂ ਗੁੱਸੇ ਦੀ ਇਹ ਲਹਿਰ ਉੱਠ ਖੜ੍ਹੀ।

ਤੁਹਾਨੂੰ ਅਜਿਹੇ ਦੌਰ 'ਚੋਂ ਲੰਘਣਾ ਪੈਂਦਾ ਹੈ ਜਦੋਂ ਲੋਕ ਤੁਹਾਨੂੰ ਗ਼ਲਤ ਸਮਝ ਲੈਂਦੇ ਹਨ, ਤੁਹਾਨੂੰ ਤਰ੍ਹਾਂ-ਤਰ੍ਹਾਂ ਦੇ ਕੁਨਾਂ ਦੇਣ ਲੱਗਦੇ ਹਨ, ਤੁਹਾਡੇ ਇਰਾਦਿਆਂ 'ਤੇ ਸਵਾਲ ਉਠਾਉਣ ਲੱਗਦੇ ਹਨ। ਮੈਨੂੰ ਲੱਗਦਾ ਹੈ ਕਿ ਮੇਰੀ ਮਾਂ ਮੇਰੀ ਰਾਏ ਨਾਲ ਰਹਿਣ ਦੇ ਦੌਰਾਨ ਜੋ ਸਿਖਲਾਈ ਮਿਲੀ ਉਸ ਨਾਲ ਮੈਨੂੰ ਆਪਣੇ ਹਿੱਸੇ ਦੇ ਇਸ ਦੌਰ 'ਚੋਂ ਨਿਕਲਣ ਵਿਚ ਮੱਦਦ ਮਿਲੀ। ਮੈਂ ਠਾਣ ਲਿਆ ਕਿ ਮੈਂ ਸਿਰਫ਼ ਉਹੀ ਕਰਦੀ ਰਹਾਂਗੀ ਜੋ ਮੈਂ ਕਰਨਾ ਹੈ, ਉਦੋਂ ਤੱਕ, ਜਦ ਤੱਕ ਲੋਕ ਥੱਕ ਨਾ ਜਾਣ, ਅੱਕ ਨਾ ਜਾਣ, ਜਾਂ ਫਿਰ ਘੱਟੋਘੱਟ ਇਸ ਗੱਲ ਨੂੰ ਨਾ ਸਮਝ ਲੈਣ ਕਿ ਉਨ੍ਹਾਂ ਵੱਲੋਂ ਲਗਾਏ ਇਲਜ਼ਾਮ ਸੱਚ ਨਹੀਂ ਹਨ।

ਮਜ਼ੇਦਾਰ ਗੱਲ ਇਹ ਹੈ ਕਿ ਜਦੋਂ ਮੈਂ ਉਹ ਲੇਖ ਲਿਖ ਰਹੀ ਸੀ ਤਾਂ ਮੈਨੂੰ ਪਤਾ ਸੀ ਕਿ ਮੈਨੂੰ ਲੋਕਾਂ ਦੀ ਨਫ਼ਰਤ ਦਾ ਸਾਹਮਣਾ ਕਰਨਾ ਪਵੇਗਾ। ਪਰ ਉਂਝ ਵੀ ਮੈਂ ਪਸੰਦ ਕੀਤੇ ਜਾਣ ਲਈ ਨਹੀਂ ਲਿਖ ਰਹੀ ਸੀ। ਉਸ ਸਮੇਂ ਲਾਈਕ ਬਟਨ ਵਰਗੀ ਕੋਈ ਚੀਜ਼ ਨਹੀਂ ਸੀ ਹੁੰਦੀ। ਮੈਨੂੰ ਤਾਂ ਹੈਰਾਨੀ ਹੁੰਦੀ ਹੈ ਕਿ ਕਦੇ ਅਜਿਹਾ ਜ਼ਮਾਨਾ ਵੀ ਸੀ। ਕਿਉਂਕਿ ਅੱਜ ਤਾਂ ਭਾਵੇਂ ਤੁਸੀਂ ਮੁਤਵਾਜ਼ੀ ਮੀਡੀਆ ਵਿਚ ਹੀ ਕਿਉਂ ਨਾ ਹੋਵੋ, ਤੁਹਾਡੇ ਲਈ ਜ਼ਰੂਰੀ ਹੁੰਦਾ ਹੈ ਤੁਸੀਂ ਲੋਕਾਂ ਨੂੰ ਪਸੰਦ ਆਵੋ, ਇਹ ਇਕ ਤਰ੍ਹਾਂ ਦੀ ਮਜਬੂਰੀ ਹੋ ਗਈ ਹੈ। ਤੁਹਾਨੂੰ ਕਿਸੇ ਨਾ ਕਿਸੇ ਸਮੂਹ ਦਾ ਹਿੱਸਾ ਬਣਨਾ ਹੀ ਪੈਂਦਾ ਹੈ। ਜਦਕਿ ਓਦੋਂ ਮੈਂ ਇਸ ਸਭ ਕਾਸੇ ਤੋਂ ਅਟੰਕ ਸੀ- ਮੈਂ ਤਾਂ ਬਸ ਉਹੀ ਕਹਿ ਰਹੀ ਸੀ ਜੋ ਮੈਨੂੰ ਸਹੀ ਲੱਗਦਾ ਸੀ।

ਹੁਣ ਹਾਲਾਤ ਬਦਲ ਗਏ ਹਨ, ਆਨਲਾਈਨ ਦੇ ਕਾਰਨ ਇਕ ਪੱਧਰ 'ਤੇ ਲੋਕਤੰਤਰੀਕਰਨ ਤਾਂ ਹੋਇਆ ਹੈ। ਪਰ ਇਹ ਵੀ ਸੱਚ ਹੈ ਕਿ ਇਹ ਕਾਰਪੋਰੇਟ ਸਪੇਸ ਹੈ ਜੋ ਪੂਰੀ ਤਰ੍ਹਾਂ ਕਾਰਪੋਰੇਟ ਦੇ ਕੰਟਰੋਲ 'ਚ ਹੈ। ਸਭ ਨੂੰ ਆਨਲਾਈਨ ਧੱਕ ਦਿੱਤਾ ਜਾਂਦਾ ਹੈ, ਅਤੇ ਫਿਰ ਮਹੀਨਿਆਂ ਤੱਕ ਇੰਟਰਨੈੱਟ ਬੰਦ ਕਰ ਦਿੱਤਾ ਜਾਂਦਾ ਹੈ। ਜਿਵੇਂ ਕਸ਼ਮੀਰ ਵਿਚ ਕੀਤਾ ਗਿਆ। ਇਹ ਤਾਂ ਇੰਝ ਹੈ ਕਿ ਤੁਸੀਂ ਆਰਥਕ ਤੌਰ 'ਤੇ, ਮੀਡੀਆ ਦੇ ਪੱਧਰ 'ਤੇ ਸਭ ਨੂੰ ਆਨਲਾਈਨ ਜਾਣ ਲਈ ਮਜਬੂਰ ਕਰ ਦਿੰਦੇ ਹੋ ਅਤੇ ਫਿਰ ਉਸਨੂੰ ਆਪਣੇ ਕੰਟਰੋਲ ਵਿਚ ਲੈ ਲੈਂਦੇ ਹੋ। ਅਤੇ ਜਿਵੇਂ ਹੀ ਚੀਜ਼ਾਂ ਤੁਹਾਡੀ ਪਸੰਦ ਤੋਂ ਅਲੱਗ ਹੋਣ ਲੱਗਦੀਆਂ ਹਨ, ਤੁਸੀਂ ਉਨ੍ਹਾਂ ਨੂੰ ਸਵਿੱਚ ਆਫ ਕਰ ਦਿੰਦੇ ਹੋ। ਅਤੇ ਅਸੀਂ ਸਾਰੇ ਸੋਚਦੇ ਰਹਿੰਦੇ ਹਾਂ ਕਿ ਇਹ ਸਾਰਾ ਕੁਝ ਆਜ਼ਾਦ ਹੈ ਅਤੇ ਅਜਿਹਾ ਹੋਰ ਕੁਝ।

ਸਵਾਲ: ਕਿਤਾਬ ਵਿਚ ਤੁਸੀਂ ਲਿਖਿਆ ਹੈ ਕਿ ਤੁਸੀਂ ਇਕੱਲੇ ਬਹਿ ਕੇ ਸੋਚਣਾ ਚਾਹੁੰਦੇ ਸੀ। ਪਰ ਸੋਸ਼ਲ ਮੀਡੀਆ ਦੇ ਜ਼ਮਾਨੇ 'ਚ ਕੋਈ ਇਕੱਲੇ ਰਹਿ ਕੇ ਕਿਹੋ ਜਿਹਾ ਸੋਚ ਸਕਦਾ ਹੈ?

ਜਵਾਬ: ਮੈਂ ਤਾਂ ਕਹਾਂਗੀ ਕਿ ਹਫ਼ਤੇ ਵਿਚ ਘੱਟੋ-ਘੱਟ ਕੁਝ ਦਿਨ ਤਾਂ ਇਸਨੂੰ ਪੂਰੀ ਤਰ੍ਹਾਂ ਸਵਿੱਚ ਆਫ ਕਰ ਦੇਣਾ ਚਾਹੀਦਾ ਹੈ। ਮੈਂ ਸੋਸ਼ਲ ਮੀਡੀਆ ਦੇ ਖ਼ਿਲਾਫ਼ ਨਹੀਂ ਹਾਂ। ਮੈਂ ਫੇਸਬੁੱਕ ਜਾਂ ਕਿਸੇ ਹੋਰ (ਮਾਰਕ ਜ਼ੁਕਰਬਰਗ ਦੀ ਸਿਆਸਤ ਵੱਖਰੀ ਗੱਲ ਹੈ) ਦੇ ਖ਼ਿਲਾਫ਼ ਨਹੀਂ ਹਾਂ। ਮੇਰੇ ਸੋਸ਼ਲ ਮੀਡੀਆ ਉੱਪਰ ਨਾ ਹੋਣ ਦਾ ਕਾਰਨ ਨੈਤਿਕ ਨਿਰਣਾ ਨਹੀਂ ਹੈ। ਮੈਂ ਸੋਸ਼ਲ ਮੀਡੀਆ 'ਤੇ ਇਸ ਲਈ ਨਹੀਂ ਹਾਂ ਕਿਉਂਕਿ ਮੈਨੂੰ ਇਸ ਗੱਲ ਦਾ ਡਰ ਰਹਿੰਦਾ ਹੈ ਕਿ ਮੇਰਾ ਦਿਮਾਗ ਹਮੇਸ਼ਾ ਹੀ ਬੇਵਜ੍ਹਾ ਦੇ ਸ਼ੋਰ ਨਾਲ ਭਰਿਆ ਰਹੇਗਾ, ਅਤੇ ਇਹ ਵੀ ਕਿ ਮੈਨੂੰ ਰੁਕਣ ਤੇ ਰੁਕ ਕੇ ਸੋਚਣ ਤੱਕ ਦਾ ਸਮਾਂ ਵੀ ਨਹੀਂ ਮਿਲੇਗਾ। ਕਿਉਂਕਿ ਜਦੋਂ ਤੁਸੀਂ ਇਕੱਲੇ ਵੀ ਹੁੰਦੇ ਹੋ, ਤਾਂ ਵੀ ਤੁਸੀਂ ਕਦੇ ਇਕੱਲੇ ਨਹੀਂ ਹੁੰਦੇ। ਜਿਵੇਂ ਕਿ ਮੈਂ ਆਪਣੀ ਕਿਤਾਬ ਵਿਚ ਲਿਖਿਆ ਹੈ, ਮੇਰਾ ਬਚਪਨ ਨਦੀ ਕਿਨਾਰੇ

(ਬਾਕੀ ਅਗਲੇ ਸਫੇ 'ਤੇ)

# ਪੰਜਾਬ ਹੈਰਾਨ-ਪਰੇਸ਼ਾਨ ਹੈ ਭਾਈ!

ਪਰਵਾਸ, ਲੋੜਾਂ-ਥੋੜ੍ਹਾਂ, ਖਰਾਬ ਬੁਨਿਆਦੀ ਢਾਂਚੇ, ਵਿਆਪਕ ਬੇਰੁਜ਼ਗਾਰੀ, ਖੇਤੀ ਸੰਕਟ, ਸਿਹਤ ਅਤੇ ਸਿੱਖਿਆ ਦੇ ਉਥਲ-ਪੁਥਲ ਹੋਏ ਢਾਂਚੇ ਨਾਲ ਝੰਬੇ ਪਏ ਪੰਜਾਬ ਲਈ ਆਈ ਇੱਕ ਹੋਰ ਆਫ਼ਤ ਮੌਕੇ ਪੰਜਾਬ ਢਹਿ-ਢੇਰੀ ਹੋਇਆ ਜਾਪਦਾ ਹੈ। ਪੰਜਾਬ ਸਰਕਾਰ ਬੇਵੱਸ ਹੈ! ਅੱਧਾ ਪੰਜਾਬ ਹੜ੍ਹਾਂ ਦੀ ਮਾਰ ਹੇਠ ਹੈ। ਕੇਂਦਰ ਸਰਕਾਰ ਚੁੱਪ ਹੈ! ਪੰਜਾਬ ਦੇ ਹੜ੍ਹਾਂ ਵੇਲੇ ਪੰਜਾਬ ਨੂੰ ਕੌਮੀ ਆਫ਼ਤ ਕਿਉਂ ਨਹੀਂ ਐਲਾਨਿਆ ਗਿਆ, ਲੋਕ ਪੁੱਛਦੇ ਹਨ।

ਅਧਿਕਾਰੀਆਂ ਦਾ ਅੰਦਾਜ਼ਾ ਹੈ ਕਿ ਡੇਢ ਲੱਖ ਏਕੜ ਖੜ੍ਹੀ ਫ਼ਸਲ — ਗੰਨਾ, ਝੋਨਾ, ਮੱਕੀ ਪਾਣੀ 'ਚ ਡੁੱਬ ਗਈ ਹੈ। ਅਸਲ ਅੰਕੜੇ ਇਸ ਤੋਂ ਵੀ ਵੱਧ ਹਨ। ਲਗਭਗ ਅੱਧਾ ਪੰਜਾਬ ਪਾਣੀ 'ਚ ਡੁੱਬਿਆ ਪਿਆ ਹੈ। ਭਾਖੜਾ ਡੈਮ ਆਫਰਿਆ ਪਿਆ ਹੈ।



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਰਣਜੀਤ ਸਾਗਰ ਡੈਮ ਦੇ ਖੋਲ੍ਹੇ ਫਲੱਡ ਗੇਟਾਂ ਕਾਰਨ ਪਾਣੀ ਦਾ ਪੱਧਰ ਵਧਣ ਨਾਲ ਪਿੰਡਾਂ ਦੇ ਪਿੰਡ ਡੁੱਬ ਰਹੇ ਹਨ। ਮਾਲ-ਡੰਗਰ, ਪਸ਼ੂ-ਪੰਛੀ, ਮਾਲ-ਅਸਬਾਬ, ਮਰਦ-ਔਰਤਾਂ, ਬੱਚੇ-ਬਜ਼ੁਰਗ — ਪੰਜਾਬ ਵਿਚ ਪਿਛਲੇ 37 ਸਾਲਾਂ 'ਚ ਆਏ ਸਭ ਤੋਂ ਭਿਆਨਕ ਹੜ੍ਹਾਂ ਨਾਲ ਜੂਝ ਰਹੇ ਹਨ। ਪੰਜਾਬ ਦੇ ਮਾਲ-ਅਸਬਾਬ ਦਾ ਅਰਬਾਂ-ਖ਼ਰਬਾਂ ਦਾ ਨੁਕਸਾਨ ਹੋ ਗਿਆ ਹੈ। ਸੈਂਕੜੇ ਮੌਤਾਂ ਹੋ ਗਈਆਂ ਹਨ।

ਜਿੱਥੇ ਕੱਲ੍ਹ ਖ਼ੁਸ਼ੀਆਂ ਸਨ, ਜ਼ਿੰਦਗੀ ਹੱਸਦੀ-ਮੁਸਕਰਾਉਂਦੀ ਸੀ, ਅੱਜ ਜ਼ਿੰਦਗੀ ਹੜ੍ਹਾਂ ਦੀ ਮਾਰ ਹੇਠ ਹੈ। ਲੋਕ ਦਰਦ, ਹੰਝੂਆਂ, ਸੰਘਰਸ਼ ਤੇ ਗੁੱਸੇ ਨਾਲ ਭਰੇ ਪਏ ਹਨ। ਫ਼ਿਕਰ ਇਸ ਗੱਲ ਦਾ ਹੈ ਕਿ ਪਾਣੀ ਘਟਣ ਉਪਰੰਤ ਜਦੋਂ ਉਹ ਮੁੜ ਘਰਾਂ ਨੂੰ ਵਾਪਸ ਆਉਣਗੇ, ਤਾਂ ਜ਼ਿੰਦਗੀ ਫਿਰ ਕਿਵੇਂ ਸ਼ੁਰੂ ਕਰਨਗੇ? ਉਨ੍ਹਾਂ ਦਾ ਗੁੱਸਾ ਸਰਕਾਰ ਅਤੇ ਪ੍ਰਸ਼ਾਸਨ ਦੇ ਖ਼ਿਲਾਫ਼ ਹੈ ਕਿ ਉਨ੍ਹਾਂ ਨੇ ਸਮੇਂ ਸਿਰ ਬਚਾਅ ਕਾਰਜ ਕਿਉਂ ਨਹੀਂ ਸ਼ੁਰੂ ਕੀਤੇ? ਪੁਲ ਜਿਹੜੇ ਟੁੱਟ ਰਹੇ ਸਨ, ਉਨ੍ਹਾਂ ਦੀ ਮੁਰੰਮਤ ਪਹਿਲਾਂ ਕਿਉਂ ਨਹੀਂ ਕੀਤੀ? ਰੇਤ ਖਣਨ, ਜਿਸ ਨੇ ਦਰਿਆਵਾਂ ਦਾ ਸਰੂਪ ਹੀ ਵਿਗਾੜ ਦਿੱਤਾ, ਨੂੰ ਕਿਉਂ ਨਹੀਂ ਰੋਕਿਆ ਗਿਆ? ਸੜਕਾਂ ਦੀ ਮੁਰੰਮਤ ਕਿਉਂ ਨਹੀਂ ਕਰਵਾਈ ਗਈ?

ਸਰਕਾਰ ਆਖਦੀ ਤਾਂ ਇਹ ਹੈ ਕਿ ਉਸਦੇ ਖ਼ਜ਼ਾਨੇ ਮਾਲੋ-ਮਾਲ ਹਨ, ਭਰੇ ਪਏ ਹਨ, ਤਾਂ ਕਦੇ ਸ਼ਹਿਰਾਂ-ਪਿੰਡਾਂ ਦੀਆਂ ਸੜਕਾਂ ਦਾ ਹਾਲ ਕਿਉਂ ਨਹੀਂ ਵੇਖਦੀ? ਮੇਨ ਹਾਈਵੇ ਤੋਂ ਬਿਨਾਂ ਪਿੰਡਾਂ ਦੀਆਂ ਲਿੰਕ ਸੜਕਾਂ ਦਾ ਬੁਰਾ ਹਾਲ ਹੈ। ਸ਼ਹਿਰਾਂ ਦੀਆਂ ਸੜਕਾਂ 'ਚ ਟੋਏ ਹਨ। ਮੀਂਹ ਪੈਂਦਾ ਹੈ ਤਾਂ ਸੜਕਾਂ ਭਰ ਜਾਂਦੀਆਂ ਹਨ, ਨਿਕਾਸੀ ਦਾ ਸਹੀ ਪ੍ਰਬੰਧ ਨਹੀਂ ਹੈ। ਆਖਰ ਪੰਜਾਬੀਆਂ ਦਾ ਕਸੂਰ ਕੀ ਹੈ ਜੋ ਉਨ੍ਹਾਂ ਨੂੰ ਸਰਕਾਰਾਂ ਨੇ ਆਪਣੇ ਹਾਲ 'ਤੇ ਛੱਡ ਦਿੱਤਾ ਹੈ?

ਦਰਿਆਈ ਪਾਣੀ ਦੀ ਵੰਡ ਦਾ ਮਸਲਾ ਆਉਂਦਾ ਹੈ ਤਾਂ ਦੂਜੇ ਰਾਜਾਂ ਲਈ ਵੱਧ ਪਾਣੀ ਦੀ ਹਾਲ-ਦੁਹਾਈ ਸੁਣਾਈ ਦਿੰਦੀ ਹੈ। ਭਾਖੜਾ ਮੈਨੇਜਮੈਂਟ ਬੋਰਡ ਦੀ ਗੱਲ ਆਉਂਦੀ ਹੈ ਤਾਂ ਕੇਂਦਰ ਉਸ ਉੱਤੇ ਪੂਰਾ ਕਬਜ਼ਾ ਚਾਹੁੰਦਾ ਹੈ। ਪਰ ਹੜ੍ਹਾਂ-ਮੀਂਹਾਂ ਵੇਲੇ ਛੱਡੇ ਪਾਣੀ ਦਾ ਖਮਿਆਜ਼ਾ ਪੰਜਾਬ ਦੇ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਨਿੱਤ ਨਵੀਆਂ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਲੋਕ ਅੱਜ ਅਤਿ ਦੇ ਪਰੇਸ਼ਾਨ ਹਨ।

ਹਾਲੇ ਦਿਨ ਹੀ ਬੀਤੇ ਹਨ ਕਿ ਪੰਜਾਬ ਦੇ ਕਿਸਾਨ ਆਪਣੀਆਂ ਜ਼ਮੀਨਾਂ ਸਰਕਾਰ ਤੋਂ ਬਚਾਉਣ ਲਈ ਸੜਕਾਂ ਉੱਤੇ ਸਨ, ਸੰਘਰਸ਼ ਕਰ ਰਹੇ ਸਨ। ਕੇਂਦਰ ਦੇ ਖੇਤੀ ਕਾਨੂੰਨਾਂ ਦੀ ਮਾਰ ਤੋਂ ਬਚਾਅ ਬਾਅਦ, ਸੂਬੇ ਦੀ ਸਰਕਾਰ ਦਾ ਜ਼ਮੀਨ ਹਥਿਆਉਣ ਦਾ "ਲੈਂਡ-ਪੂਲਿੰਗ" ਕਾਨੂੰਨ ਉਨ੍ਹਾਂ ਦੀ ਨੀਂਦ ਹਰਾਮ ਕਰ ਰਿਹਾ ਸੀ। ਉਸ ਤੋਂ ਸਾਹ ਆਇਆ ਤਾਂ ਹੜ੍ਹਾਂ ਨੇ ਸਾਹ ਸੂਤ ਦਿੱਤੇ ਹਨ!

ਸਰਕਾਰ ਕਹਿੰਦੀ ਹੈ ਕਿ ਉਹ 'ਹੜ੍ਹ - ਰਿਲੀਫ਼' ਦੇਣ ਲਈ ਪੱਬਾਂ ਭਾਰ ਹੈ, ਪਰ ਉਸ ਦੇ ਪੱਬ ਭਾਰ ਨਹੀਂ ਝੱਲ ਰਹੇ। ਲੋਕ ਹੀ ਲੋਕਾਂ ਦੀ ਮਦਦ ਕਰ ਰਹੇ ਹਨ। ਪਰ ਮੁਸੀਬਤ ਐਡੀ ਵੱਡੀ ਹੈ ਕਿ ਇਸਦਾ ਟਾਕਰਾ ਕਰਨਾ ਦਿਲ-ਗੁਰਦੇ ਦਾ ਹੀ ਕੰਮ ਨਹੀਂ; ਸਹੀ ਵਿਉਂਤਬੰਦੀ, ਸਾਜ਼ੋ-ਸਾਮਾਨ ਅਤੇ ਮਨੁੱਖੀ ਸਿਰਾਂ ਦੀ ਅਤਿਅੰਤ ਲੋੜ ਹੈ। ਲੋਕ ਘਰਾਂ 'ਚ ਬੈਠੇ ਹਨ। ਕੁਦਰਤ ਦੀ ਕਰੋਪੀ ਦੇ ਠੱਲ੍ਹ ਪੈ ਜਾਣ ਦੀ ਉਡੀਕ ਕਰ ਰਹੇ ਹਨ। ਆਪਣੇ ਕਰਮਾਂ ਤੇ ਸਰਕਾਰਾਂ ਨੂੰ ਦੋਸ਼ ਦੇ ਰਹੇ ਹਨ, ਰੱਬ ਅੱਗੇ ਅਰਦਾਸਾਂ ਕਰ ਰਹੇ ਹਨ। ਉਹ ਸੋਚਦੇ ਹਨ, ਮੁਸੀਬਤ ਆਈ ਹੈ, ਆਖਰ ਟਲ ਜਾਏਗੀ, ਪਰ ਇਹ ਮੁਸੀਬਤ ਮੁੜ ਨਾ ਆਏ, ਇਹੋ ਜਿਹੀ ਸਥਿਤੀ ਤੇ ਪ੍ਰਬੰਧ ਕਿਵੇਂ ਹੋਣਗੇ? ਇਸ ਸਭ ਕੁਝ ਲਈ ਤਾਂ ਆਖਰ ਸੋਚਣਾ ਹੀ ਪਏਗਾ — ਸਰਕਾਰਾਂ ਨੂੰ, ਲੋਕਾਂ ਨੂੰ, ਬੁੱਧੀਮਾਨਾਂ ਨੂੰ, ਵਿਚਾਰਵਾਨਾਂ ਨੂੰ ਅਤੇ ਸਭ ਤੋਂ ਵੱਧ ਉਨ੍ਹਾਂ ਨੂੰ, ਜਿਹੜੇ 'ਵੋਟਾਂ ਬਟੋਰਨ' ਲਈ ਇਸ ਦੁੱਖ ਦੀ ਘੜੀ 'ਚ ਵੀ ਸਿਆਸਤ ਕਰਨੋਂ ਨਹੀਂ ਟਲ ਰਹੇ।

ਹਿਮਾਲਾ ਖੇਤਰ ਇਸ ਵੇਲੇ ਬੱਦਲ ਫਟਣ, ਧਰਤੀ ਦੇ ਖਿਸਕਣ, ਮਿੱਟੀ ਦੇ ਖੋਰੇ ਅਤੇ ਹੜ੍ਹਾਂ ਦੀ ਤਰਾਸਦੀ ਨਾਲ ਜੂਝ ਰਿਹਾ ਹੈ। ਨਦੀਆਂ ਦਾ ਵਹਿਣ ਆਪਣੇ ਰਸਤੇ ਵਿਚ ਆਉਣ ਵਾਲੀ ਹਰ ਚੀਜ਼ ਨੂੰ ਨਸ਼ਟ ਕਰ ਰਿਹਾ ਹੈ। ਇਸ ਮਾਨਸੂਨ ਵਿਚ ਸਥਿਤੀ ਭਿਅੰਕਰ ਹੋ ਗਈ ਹੈ। ਬੱਦਲ ਫਟਣ ਨਾਲ ਅਚਾਨਕ ਆਏ ਹੜ੍ਹ ਬੁਨਿਆਦੀ ਢਾਂਚੇ ਤੇ ਘਰਾਂ ਨੂੰ ਤਹਿਸ-ਨਹਿਸ ਕਰ ਰਹੇ ਹਨ। ਸਾਇੰਸਦਾਨਾਂ ਨੇ ਇਹ ਖੁਲਾਸਾ ਕੀਤਾ ਹੈ ਕਿ ਹਿਮਾਲਾ ਖੇਤਰ 'ਚ ਜਿਹੜੇ ਹੜ੍ਹ 10 ਸਾਲਾਂ 'ਚ ਇੱਕ ਵਾਰੀ ਆਉਂਦੇ ਸਨ, ਉਹ ਇਸ ਵਾਰ ਦੋ ਮਹੀਨੇ 'ਚ ਤਿੰਨ ਵਾਰੀ ਆ ਗਏ ਹਨ। ਢਲਾਣਾਂ ਖਿਸਕਣ ਲੱਗੀਆਂ ਹਨ। ਅਚਾਨਕ ਆ ਰਹੇ ਹੜ੍ਹ



ਜਾਨਲੇਵਾ ਹੋ ਗਏ ਹਨ। ਕਾਰਨ ਸਪੱਸ਼ਟ ਹੈ ਕਿ ਪਹਾੜਾਂ 'ਚ ਨਿਰਮਾਣ ਵਧ ਰਿਹਾ ਹੈ। ਕੰਕਰੀਟ ਦੀਆਂ ਇਮਾਰਤਾਂ ਜੰਗਲਾਂ ਦੀ ਜਗ੍ਹਾ ਲੈ ਰਹੀਆਂ ਹਨ। ਇਹ ਪਾਣੀ ਦਾ ਵਹਾਅ ਰੋਕ ਰਹੀਆਂ ਹਨ। ਪਹਾੜ ਅਸੁਰੱਖਿਅਤ ਹੋ ਰਹੇ ਹਨ।

ਜੰਮੂ-ਕਸ਼ਮੀਰ, ਉੱਤਰਾਖੰਡ, ਹਿਮਾਚਲ ਪ੍ਰਦੇਸ਼ 'ਚ ਹਾਲਾਤ ਵਿਗੜੇ ਹਨ। ਹਿਮਾਚਲ 'ਚ ਅਚਾਨਕ ਆਏ ਹੜ੍ਹ ਨੇ ਖਿੱਤੇ 'ਚ ਆਫ਼ਤ ਲਿਆ ਦਿੱਤੀ ਹੈ, ਜਿਸ ਦਾ ਖਮਿਆਜ਼ਾ ਹਿਮਾਚਲ ਪ੍ਰਦੇਸ਼ ਨਾਲੋਂ ਵੱਧ ਪੰਜਾਬ ਨੂੰ ਭੁਗਤਣਾ ਪੈ ਰਿਹਾ ਹੈ। ਸੋਚਣ ਵਾਲੀ ਗੱਲ ਹੈ ਕਿ ਇਹ ਵਿਨਾਸ਼, ਇਹ ਤਬਾਹੀ ਆਖ਼ਰ ਹੋ ਕਿਉਂ ਰਹੀ ਹੈ?

ਕਾਰਨ ਸਪਸ਼ਟ ਹਨ। ਟੂਰਿਜ਼ਮ ਦਾ ਦਬਾਅ ਹਿਮਾਚਲ ਪ੍ਰਦੇਸ਼ ਵੱਲ ਜ਼ਿਆਦਾ ਹੈ। ਤੀਰਥ-ਯਾਤਰੀਆਂ ਦਾ ਹਿਮਾਚਲ ਪੁੱਜਣਾ ਵਧ ਰਿਹਾ ਹੈ। ਸਿੱਟੇ ਵਜੋਂ ਬੁਨਿਆਦੀ ਢਾਂਚੇ ਦਾ ਵਿਸਥਾਰ ਪਹਾੜਾਂ ਦੀ ਬਲੀ ਦੇ ਕੇ ਕੀਤਾ ਜਾ ਰਿਹਾ ਹੈ। ਨਾਜ਼ੁਕ ਖੇਤਰਾਂ 'ਚ ਹੋਟਲ, ਰਿਜ਼ੋਰਟ ਤੇਜ਼ੀ ਨਾਲ ਵਧੇ ਹਨ। ਸਿੱਟੇ ਵਜੋਂ ਹਿਮਾਚਲ ਦੇ ਸ਼ਹਿਰਾਂ 'ਚ ਅਬਾਦੀ ਵਧ ਰਹੀ ਹੈ। ਵਿਕਾਸ ਪਰਿਯੋਜਨਾਵਾਂ 'ਚ ਵਾਧਾ ਹੋ ਰਿਹਾ ਹੈ। ਨਦੀਆਂ ਦੇ ਤੱਟਾਂ ਉੱਤੇ ਭਵਨ ਨਿਰਮਾਣ ਕਾਰਨ ਜੋਖ਼ਮ ਵਧਿਆ ਹੈ।

ਪਿਛਲੇ 16 ਸਾਲਾਂ 'ਚ ਪਹਿਲੀ ਵਾਰ ਮਾਨਸੂਨ ਨੇ ਵੱਡੀ ਦਸਤਕ ਦਿੱਤੀ ਹੈ। ਜੂਨ, ਜੁਲਾਈ, ਅਗਸਤ ਵਿਚ ਭਾਰੀ ਮੀਂਹ ਨੇ ਬੇਹਾਲ ਕੀਤਾ ਹੈ। ਇਸ ਨਾਲ ਖੇਤੀ ਦੇ ਨਾਲ-ਨਾਲ ਸਮੂਹਿਕ ਜਨ-ਜੀਵਨ ਪ੍ਰਭਾਵਿਤ ਹੋਇਆ ਹੈ। ਇਹ ਵੀ ਸੋਚਣ ਵਾਲੀ ਗੱਲ ਹੈ ਕਿ ਮੌਸਮ ਨਿਰੰਤਰ ਬਦਲ ਰਹੇ ਹਨ। ਸਮਝ ਹੀ ਨਹੀਂ ਆਉਂਦਾ ਕਿ ਕਦੋਂ ਕਿਹੜੀ ਰੁੱਤ ਚੱਲ ਰਹੀ ਹੈ। ਉੱਤਰ ਤੋਂ ਦੱਖਣ ਤੇ ਪੂਰਬ ਤੋਂ ਪੱਛਮ ਤੱਕ ਬੀਤੇ ਅੱਠ ਮਹੀਨਿਆਂ ਵਿਚ ਕਿਧਰੇ ਹੜ੍ਹ ਨਾਲ ਹਾਹਾਕਾਰ ਅਤੇ ਕਿਧਰੇ ਲੂ-ਪਸੀਨੇ ਨਾਲ ਗੜਬੜੀ ਹੋ ਰਹੀ ਹੈ। ਚਿੰਤਾਜਨਕ ਇਹ ਹੈ ਕਿ ਜਲਵਾਯੂ ਬਦਲ ਰਿਹਾ ਹੈ। ਇਸ ਦੇ ਨਾਲ-ਨਾਲ ਆਫ਼ਤਾਂ ਆਉਣ ਦੀ ਸੰਭਾਵਨਾ ਬਣ ਰਹੀ ਹੈ। ਇਸ ਨਾਲ ਸਿਹਤ ਵਿਗਾੜ ਵਧਣਗੇ।

ਪਰੇਸ਼ਾਨ ਕਰਨ ਵਾਲੀ ਗੱਲ ਤਾਂ ਇਹ ਹੈ ਕਿ ਦੇਸ਼ ਨੂੰ ਵੱਡੀ ਖੁਰਾਕ ਦੇਣ ਵਾਲਾ ਪੰਜਾਬ ਬੁਰੀ ਤਰ੍ਹਾਂ ਹੜ੍ਹਾਂ ਦੀ ਮਾਰ ਹੇਠ ਹੈ, ਇਸ ਨਾਲ ਫ਼ਸਲ ਉਤਪਾਦਕਤਾ ਉੱਤੇ ਵੱਡਾ ਅਸਰ ਪਏਗਾ। ਉਪਜਾਊ ਮਿੱਟੀ ਹੜ੍ਹਾਂ ਨਾਲ ਖੁਰ ਕੇ ਨਦੀਆਂ-ਸਮੁੰਦਰਾਂ ਦਾ ਹਿੱਸਾ ਬਣ ਜਾਏਗੀ। ਉਪਜਾਊ ਧਰਤੀ ਉਥੇ ਹੁਣ ਪੰਜਾਬ, ਜਿਹੜਾ ਖੇਤੀ ਲਈ ਕਦੇ ਜ਼ਮੀਨ ਹੇਠਲੇ ਪਾਣੀ ਦੀ ਥੁੜ੍ਹ ਦਾ ਸਾਹਮਣਾ ਕਰਕੇ ਮਾਰੂਥਲ ਬਣਨ ਵੱਲ ਵਧ ਰਿਹਾ ਹੈ — ਉਸ ਦੀ ਧਰਤੀ ਦੀ ਉੱਪਰਲੀ ਉਪਜਾਊ ਮਿੱਟੀ ਦੇ ਖੁਰ ਜਾਣ ਨਾਲ ਆਖਰ ਖੇਤੀ-ਪ੍ਰਧਾਨ ਸੂਬੇ ਪੰਜਾਬ ਦਾ ਕੀ ਬਣੇਗਾ? ਉਂਝ ਵੀ, ਪਾਣੀ ਨੇ ਜਿਸ ਢੰਗ ਨਾਲ ਪੰਜਾਬ 'ਤੇ ਹਮਲਾ ਕੀਤਾ ਹੈ, ਉਸ ਨਾਲ ਮਲੇਰੀਆ, ਹੈਜ਼ਾ, ਡੇਂਗੂ, ਚਿਕਨਗੁਨੀਆ ਜਿਹੀਆਂ ਬਿਮਾਰੀਆਂ ਫੈਲਣ ਦਾ ਖਤਰਾ ਵਧੇਗਾ। ਹੜ੍ਹਾਂ ਨਾਲ ਪਸ਼ੂਆਂ-ਜੀਵ ਜੰਤੂਆਂ ਦਾ ਜੋ ਨੁਕਸਾਨ ਹੋ ਰਿਹਾ ਹੈ, ਉਹ ਘਾਤਕ ਬਣ ਗਿਆ ਹੈ। ਕੀ ਸਰਕਾਰਾਂ ਇਸ ਗੱਲ ਤੋਂ ਅਣਜਾਣ ਹਨ?

ਬੁਨਿਆਦੀ ਢਾਂਚੇ ਦੇ ਨਾਂ 'ਤੇ ਬਣ ਰਹੇ ਵੱਡੇ ਹਾਈਵੇ ਪਹਿਲਾਂ ਹੀ ਪੰਜਾਬ ਦੀ ਖੇਤੀ ਯੋਗ ਜ਼ਮੀਨ ਦਾ ਨਾਸ਼ ਕਰ ਰਹੇ ਹਨ, ਜਿਨ੍ਹਾਂ ਦਾ ਫ਼ਾਇਦਾ ਆਮ ਆਦਮੀ ਨੂੰ ਨਹੀਂ, ਸਿਰਫ਼ ਧਨ-ਕੁਬੇਰਾਂ ਨੂੰ ਹੈ। ਇਸ ਅਖੌਤੀ ਵਿਕਾਸ ਹਾਈਵੇ, ਕਾਰਪੋਰੇਟਾਂ ਲਈ ਕੱਚੇ ਮਾਲ ਦੀ ਢੋਆ-ਢੁਆਈ ਅਤੇ ਇਨ੍ਹਾਂ ਲਈ ਵੱਡੇ ਫ਼ਾਇਦੇ ਦੇਣ ਵੱਲ ਸੇਧਿਤ ਹੈ।

ਸਵਾਲ ਤਾਂ ਇਹ ਹੈ ਕਿ ਕੁਦਰਤ ਨਾਲ ਜ਼ਿਆਦਤੀਆਂ ਕਦੋਂ ਤੱਕ ਜਾਰੀ ਰਹਿਣਗੀਆਂ? ਕਦੋਂ ਸਰਕਾਰਾਂ ਦੀ ਸੋਚ ਲੋਕ-ਪੱਖੀ ਹੋਏਗੀ? ਕਦੋਂ ਇਨ੍ਹਾਂ ਮਾਰੂ ਯੋਜਨਾਵਾਂ ਉੱਤੇ ਰੋਕ ਲੱਗੇਗੀ? ਕਦੋਂ ਆਪਣੇ ਸੁੱਖ-ਚੈਨ ਲਈ ਜਲ, ਜ਼ਮੀਨ, ਜੰਗਲ ਨਾਲ ਜ਼ੁਲਮ ਅਤੇ ਬੇਇਨਸਾਫ਼ੀ ਕਰਕੇ ਬਣਾਈਆਂ ਜਾ ਰਹੀਆਂ ਯੋਜਨਾਵਾਂ ਉੱਤੇ ਰੋਕ ਲੱਗੇਗੀ? ਜਲ-ਜ਼ਮੀਨ-ਜੰਗਲ ਨਾਲ ਕੀਤਾ ਖਿਲਵਾੜ ਖਿੱਤੇ ਦੇ ਕੁਝ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ, ਜਿਵੇਂ ਹਿਮਾਚਲ ਖੇਤਰ ਦੇ ਹਿੱਸੇ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਨੂੰ ਸਭ ਤੋਂ ਵੱਧ ਇਹ ਭੁਗਤਣਾ ਪੈ ਰਿਹਾ ਹੈ।

ਪਿਛਲੇ ਵਰ੍ਹਿਆਂ 'ਚ ਪੰਜਾਬ 'ਚ ਜੰਗਲਾਂ ਦਾ ਖੇਤਰ ਘਟਿਆ ਹੈ। ਖੇਤੀ ਜ਼ਮੀਨ ਉੱਤੇ ਲਗਾਤਾਰ ਡਾਕੇ ਪਏ ਹਨ। ਪਾਣੀ ਦੀ ਥੁੜ੍ਹ ਨੇ ਪੰਜਾਬ ਹੱਥਲ ਕਰ ਦਿੱਤਾ ਹੋਇਆ ਹੈ ਤੇ ਹੁਣ ਵਧੇਰੇ ਪਾਣੀ ਨੇ ਪੰਜਾਬ ਪਰੇਸ਼ਾਨ ਕੀਤਾ ਹੋਇਆ ਹੈ।

ਸਾਰੀਆਂ ਸਿਆਸੀ ਧਿਰਾਂ ਪੰਜਾਬ ਨੂੰ ਆਪਣੇ ਹੱਥ ਕਰਨ ਲਈ ਪੱਬਾਂ ਭਾਰ ਹਨ। ਪੰਜਾਬ ਦੀਆਂ ਵੱਡੀਆਂ ਸਮੱਸਿਆਵਾਂ, ਜਿਨ੍ਹਾਂ ਵਿਚ ਪਰਵਾਸ, ਬੇਰੁਜ਼ਗਾਰੀ, ਖੇਤੀ ਸੰਕਟ ਦੇ ਨਾਲ ਹੜ੍ਹਾਂ ਦੇ ਪ੍ਰਕੋਪ ਦਾ ਜੋ ਵਾਧਾ ਹੋ ਗਿਆ ਹੈ, ਉਸ ਨੂੰ ਹੱਲ ਕੌਣ ਕਰੇਗਾ? ਦੋਸ਼ ਤਾਂ ਪੰਜਾਬ 'ਤੇ ਬਥੇਰੇ ਲੱਗਦੇ ਹਨ — ਕਿ ਪੰਜਾਬ ਵਿਚ ਪਰਾਲੀ ਸਾੜਨ ਨਾਲ ਦਿੱਲੀ ਦੂਸ਼ਿਤ ਹੁੰਦੀ ਹੈ, ਪੰਜਾਬ ਗੁਆਂਢੀ ਸੂਬਿਆਂ ਨੂੰ ਪਾਣੀ ਨਹੀਂ ਦਿੰਦਾ। ਪਰ ਪੰਜਾਬ 'ਚ ਆਫ਼ਤ ਸਮੇਂ ਪੰਜਾਬ ਨਾਲ ਕੌਣ ਖੜ੍ਹਿਆ ਹੈ ਅਤੇ ਖੜ੍ਹੇਗਾ? ਸਿਰਫ਼ ਵਕਤੀ ਸਹਾਇਤਾ, ਭੋਜਨ, ਰਿਲੀਫ਼ ਕੈਂਪ — ਭਲਾ ਪੰਜਾਬੀਆਂ ਦਾ ਕੀ ਸੁਆਰਨਗੇ?

ਪੰਜਾਬ ਹੈਰਾਨ-ਪਰੇਸ਼ਾਨ ਹੈ ਭਾਈ! ਪੰਜਾਬੀ ਸੋਚਣ ਲੱਗੇ ਹਨ ਕਿ ਇਹ ਪੰਜਾਬ ਦੀ ਤਬਾਹੀ ਲਈ ਕੋਈ ਗਿਣੀ-ਮਿਥੀ ਸਾਜ਼ਿਸ਼ ਤਾਂ ਨਹੀਂ? ਜਿਵੇਂ ਸਾਜ਼ਿਸ਼ ਅਧੀਨ ਪੰਜਾਬ ਦਾ ਬਟਵਾਰਾ ਹੋਇਆ। ਜਿਵੇਂ ਪੰਜਾਬ 'ਚ ਸਰਦ-ਗਰਮ ਮੁਹਿੰਮਾਂ ਚਲਾ ਕੇ ਨੌਜਵਾਨਾਂ ਦਾ ਘਾਣ ਕੀਤਾ ਗਿਆ। ਜਿਵੇਂ ਪੰਜਾਬ 'ਚ ਨਸ਼ੇ ਫੈਲਾ ਕੇ ਨੌਜਵਾਨਾਂ ਦਾ ਖ਼ਾਤਮਾ ਕਰਨ ਜਿਹੇ ਕੁਕਰਮ ਸਮੇਂ-ਸਮੇਂ 'ਤੇ ਹਾਕਮ ਜਮਾਤ ਵੱਲੋਂ ਕੀਤੇ ਜਾਂਦੇ ਰਹੇ ਅਤੇ ਇਹ ਵੀ ਅਤਿਕਥਨੀ ਨਹੀਂ ਕਿ ਕਿਵੇਂ ਪੰਜਾਬ ਦੇ ਪੰਜਾਬੀ ਬੋਲਦੇ ਖੇਤਰ ਤੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਤੋਂ ਖੋਹੇ ਜਾਣ ਦੀਆਂ ਸਾਜ਼ਿਸ਼ਾਂ ਰਚੀਆਂ ਗਈਆਂ ਹਨ!

ਬਿਨਾਂ ਸ਼ੱਕ, ਪੰਜਾਬ ਇਨ੍ਹੀਂ ਦਿਨੀਂ ਉਦਾਸ ਹੈ, ਪਰ ਹੌਸਲੇ 'ਚ ਹੈ। ਆਪਣੇ ਹੱਥੀਂ ਆਪਣਾ ਕਾਰਜ ਆਪ ਸਵਾਰਨ ਹਿੱਤ ਪੰਜਾਬ ਅੱਜ ਫਿਰ ਇਸ ਵੱਡੀ ਆਫ਼ਤ ਵੇਲੇ ਵੱਡੀ ਲੜਾਈ ਲੜ ਰਿਹਾ ਹੈ।

ਪੰਜਾਬ ਜਿੱਤੇਗਾ। ਪੰਜਾਬ ਜ਼ਿੰਦਾਬਾਦ।

---

## ਅਰੁੰਧਤੀ ਰਾਏ...

*(ਪਿਛਲੇ ਸਫੇ ਦਾ ਬਾਕੀ)*

ਬੀਤਿਆ, ਕਾਟੋਆਂ ਨਾਲ, ਜਿੱਥੇ ਨਾ ਤਾਂ ਕੋਈ ਦੁਕਾਨ ਸੀ ਤੇ ਨਾ ਹੀ ਰੈਸਤਰਾਂ ਅਤੇ ਨਾ ਹੀ ਕੋਈ ਸਿਨੇਮਾ ਹਾਲ, ਫ਼ੋਨ ਵੀ ਨਹੀਂ ਸੀ। ਇਹੀ ਮੇਰੀ ਸ਼ਖਸੀਅਤ ਦੀ ਬੁਨਿਆਦ ਹੈ, ਅਤੇ ਮੈਂ ਮੰਨਦੀ ਹਾਂ ਕਿ ਇਹ ਮੇਰਾ ਸੁਭਾਗ ਸੀ। ਅੱਜ ਤਾਂ ਲੋਕਾਂ ਦੇ ਦਿਮਾਗ ਵਿਕਸਤ ਹੋਣ ਤੋਂ ਪਹਿਲਾਂ ਹੀ ਹੱਥਾਂ ਵਿਚ ਫ਼ੋਨ ਆ ਜਾਂਦਾ ਹੈ ਅਤੇ ਉਹ ਉਸਦੇ ਨਾਲ ਹੀ ਵੱਡੇ ਹੋ ਰਹੇ ਹਨ। ਲੋਕਾਂ ਦੇ ਸਾਹਮਣੇ ਜਾਣਕਾਰੀਆਂ ਅਤੇ ਸੂਚਨਾਵਾਂ ਦਾ ਅੰਬਾਰ ਹੈ, ਇੰਨੀਆਂ ਜਾਣਕਾਰੀਆਂ ਜਿੰਨੀਆਂ ਕੋਈ ਇਨਸਾਨੀ ਦਿਮਾਗ ਕਦੇ ਸੰਭਾਲ ਹੀ ਨਹੀਂ ਸਕਦਾ।

ਇਸ ਲਈ ਮੈਨੂੰ ਲੱਗਦਾ ਹੈ ਕਿ ਅਸੀਂ ਇਕ ਵਿਆਪਕ ਮਾਨਸਿਕ ਸਿਹਤ ਸੰਕਟ ਵੱਲ ਵਧ ਰਹੇ ਹਾਂ। ਪਹਿਲਾਂ ਕਿਹਾ ਜਾਂਦਾ ਸੀ ਕਿ ਪਾਗਲਪਨ ਦਾ ਸੰਬੰਧ ਦਿਮਾਗ ਵਿਚ ਸੁਣਾਈ ਦੇਣ ਵਾਲੀਆਂ ਆਵਾਜ਼ਾਂ ਨਾਲ ਹੁੰਦਾ ਹੈ। ਪਰ ਹੁਣ ਹਾਲਤ ਅਜਿਹੀ ਹੈ ਕਿ ਤੁਸੀਂ ਕਦੇ ਇਕੱਲੇ ਹੁੰਦੇ ਹੀ ਨਹੀਂ। ਇਹ ਆਵਾਜ਼ਾਂ, ਇਹ ਸ਼ੋਰ ਹਮੇਸ਼ਾ ਹੀ ਤੁਹਾਡੇ ਨਾਲ ਹੁੰਦਾ ਹੈ।

ਸਵਾਲ: ਸਾਨੂੰ ਉਸ ਟਰੱਸਟ ਬਾਰੇ ਦੱਸੋ, ਜੋ ਤੁਸੀਂ ਪੈਸਾ ਵੰਡਣ ਲਈ ਬਣਾਇਆ। ਤੁਸੀਂ ਉਸ ਕੰਮ ਦੀ ਗੱਲ ਕਰਦੇ ਹੋ, ਜੋ ਕਰਨਾ ਜ਼ਰੂਰੀ ਹੈ ਪਰ ਜਿਸ ਨੂੰ ਵੱਡਾ ਸਰਮਾਇਆ ਫੰਡ ਨਹੀਂ ਦਿੰਦਾ।

ਜਵਾਬ: ਮੈਂ ਕੈਪੀਟਲਿਜ਼ਮ: ਦ ਘੋਸਟ ਸਟੋਰੀ (ਸਰਮਾਏਦਾਰੀ: ਪ੍ਰੇਤ-ਕਥਾ) ਨਾਂ ਦਾ ਲੇਖ ਲਿਖਿਆ ਸੀ। ਉਸ ਵਿਚ ਮੈਂ ਇਹ ਦੱਸਿਆ ਸੀ ਕਿ ਦਾਨ ਦਰਅਸਲ ਉਹ ਢੰਗ ਹੈ ਜਿਸਦੀ ਵਰਤੋਂ ਵੱਡੇ-ਵੱਡੇ ਕਾਰਪੋਰੇਟ ਸਮੂਹ ਆਪਣੀ ਪਕੜ ਮਜ਼ਬੂਤ ਬਣਾਉਣ ਲਈ ਕਰਦੇ ਹਨ। ਉਹ ਨਾ ਸਿਰਫ਼ ਪ੍ਰਭਾਵ ਪਾਉਂਦੇ ਹਨ ਬਲਕਿ ਨੀਤੀ ਬਣਾਉਣ ਦੇ ਅਮਲ ਨੂੰ ਆਪਣੇ ਕਬਜ਼ੇ ਵਿਚ ਵੀ ਲੈ ਲੈਂਦੇ ਹਨ। ਇਸ ਲਈ ਇਕ ਮਜ਼ਬੂਤ ਆਲੋਚਨਾ ਅਤੇ ਇਨ੍ਹਾਂ ਕਾਰਪੋਰੇਟ ਸੰਸਥਾਵਾਂ ਪ੍ਰਤੀ ਤਿੱਖਾ ਵਿਰੋਧ ਵਿਕਸਤ ਹੋਇਆ। ਇਹ ਪਤਾ ਸੀ ਕਿ ਉਹ ਅਧਿਕਾਰਾਂ ਨੂੰ ਦਾਨ ਵਿਚ ਬਦਲ ਰਹੇ ਹਨ, ਕਾਰਕੁਨਾਂ ਨੂੰ ਕਰਮਚਾਰੀ ਬਣਾ ਰਹੇ ਹਨ, ਇਹੀ ਸਭ ਹੋ ਰਿਹਾ ਸੀ।

ਜਦੋਂ ਮੈਨੂੰ ਆਪਣੀਆਂ ਕਿਤਾਬਾਂ 'ਤੋਂ ਮੇਰੀ ਜ਼ਰੂਰਤ ਤੋਂ ਜ਼ਿਆਦਾ ਪੈਸਾ ਆਉਣ ਲੱਗਾ ਤਾਂ ਮੇਰੇ ਮਨ ਵਿਚ ਇਹ ਖ਼ਿਆਲ ਆਇਆ ਕਿ ਲੋਕ ਇਹ ਗੱਲ ਕਹਿ ਹੀ ਨਹੀਂ ਪਾਉਂਦੇ ਕਿ ਮੈਨੂੰ ਐਨੇ ਪੈਸਿਆਂ ਦੀ ਜ਼ਰੂਰਤ ਨਹੀਂ ਹੈ। ਮੈਂ ਖੁਸ਼ ਹਾਂ। ਮੈਂ ਕਿਸੇ ਤਰ੍ਹਾਂ ਦਾ ਕੋਈ ਤਿਆਗ ਨਹੀਂ ਕਰ ਰਹੀ। ਮੈਂ ਮਨਪਸੰਦ ਕੱਪੜੇ ਪਾਉਂਦੀ ਹਾਂ, ਮੌਜ-ਮਸਤੀ ਕਰਦੀ ਹਾਂ ਤਾਂ ਫਿਰ ਜੋ ਵਾਧੂ ਹੈ ਉਹ ਹੋਰਾਂ ਨਾਲ ਕਿਉਂ ਨਾ ਵੰਡਾਂ?

ਪਰ ਹੁਣ ਇਹ ਨਾਜ਼ੁਕ ਪ੍ਰਕਿਰਿਆ ਹੋ ਗਈ ਹੈ ਕਿ ਇਸ ਕੰਮ ਨੂੰ ਕੀਤਾ ਕਿਵੇਂ ਜਾਵੇ। ਇਹ ਕਿਵੇਂ ਸਪੱਸ਼ਟ ਕੀਤਾ ਜਾਵੇ ਕਿ ਇਹ ਸਿਆਸੀ ਇਕਮੁੱਠਤਾ ਦਾ ਕਾਰਜ ਹੈ, ਨਾ ਕਿ ਦਾਨ ਜਾਂ ਖ਼ੈਰਾਤ। ਇਹ ਕਿਸੇ ਅਪਰਾਧ-ਬੋਧ 'ਚੋਂ ਕੀਤਾ ਗਿਆ ਕੰਮ ਨਹੀਂ ਹੈ।

ਇਹ ਮੇਰੇ ਬਾਪ ਦਾ ਪੈਸਾ ਨਹੀਂ ਹੈ, ਇਹ ਮੈਂ ਆਪਣੀ ਮਿਹਨਤ ਨਾਲ ਕਮਾਇਆ ਹੈ। ਇਹ ਉਹੀ ਗੱਲ ਹੈ ਜਿਵੇਂ ਕਿ ਸਿਆਸੀ ਚੀਜ਼ਾਂ ਵਿਅਕਤੀਗਤ ਹੁੰਦੀਆਂ ਹਨ ਅਤੇ ਵਿਅਕਤੀਗਤ ਚੀਜ਼ਾਂ ਸਿਆਸੀ।

ਇਸੇ ਸੋਚ ਨਾਲ ਅਸੀਂ ਇਹ ਟਰੱਸਟ ਬਣਾਇਆ- ਉਨ੍ਹਾਂ ਲੋਕਾਂ ਨਾਲ ਮਿਲ ਕੇ ਜਿਨ੍ਹਾਂ ਨੂੰ ਮੈਂ ਪਿਆਰ ਕਰਦੀ ਹਾਂ ਅਤੇ ਜਿਨ੍ਹਾਂ ਦੀ ਸਿਆਸੀ ਸਮਝ ਮੇਰੀ ਸਿਆਸੀ ਸਮਝ ਨਾਲ ਮੇਲ ਖਾਂਦੀ ਹੈ। ਇਸਦਾ ਸਾਲਮ ਮਕਸਦ ਇਹੀ ਸੀ ਕਿ ਅਸੀਂ ਕਿਸੇ ਉੱਪਰ ਪੈਸਾ ਨਹੀਂ ਸੁੱਟਾਂਗੇ। ਜੇਕਰ ਕੋਈ ਪਹਿਲਾਂ ਤੋਂ ਕੁਝ ਕੰਮ ਕਰ ਰਿਹਾ ਹੈ ਅਤੇ ਉਸਨੂੰ ਥੋੜ੍ਹਾ ਸਹਾਰਾ ਚਾਹੀਦਾ ਹੈ, ਤਾਂ ਹੀ ਮੱਦਦ ਕਰਾਂਗੇ। ਪਰ ਸਿਰਫ਼ ਪੈਸੇ ਦੇ ਕੇ ਕਿਸੇ ਨੂੰ ਨਵਾਂ ਕੰਮ ਸ਼ੁਰੂ ਕਰਾਉਣ ਦੀ ਗੱਲ ਨਹੀਂ ਸੀ। ਸ਼ਰਤ ਇਹੀ ਸੀ ਕਿ ਉਹ ਵਿਅਕਤੀ ਜਾਂ ਸੰਸਥਾ ਪਹਿਲਾਂ ਤੋਂ ਹੀ ਉਸ ਕੰਮ ਵਿਚ ਲੱਗਿਆ ਹੋਵੇ।

ਦੂਜੀ ਗੱਲ, ਬਹੁਤ ਸਾਰੇ ਲੋਕ ਅਜਿਹੇ ਹਨ ਜਿਨ੍ਹਾਂ ਨੂੰ ਇਹ ਐਨ.ਜੀ.ਓ. ਵਾਲੀ ਮਸ਼ੀਨਰੀ ਚਲਾਉਣੀ ਨਹੀਂ ਆਉਂਦੀ, ਨਾ ਤਜਵੀਜ਼ਾਂ ਲਿਖਣੀਆਂ ਆਉਂਦੀਆਂ ਹਨ, ਨਾ ਅੰਗਰੇਜ਼ੀ ਵਿਚ ਕਾਗਜ਼ ਤਿਆਰ ਕਰਨੇ ਆਉਂਦੇ ਹਨ। ਪਰ ਉਹ ਸਾਰੇ ਲੋਕ ਬਹੁਤ ਚੰਗਾ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਤਾਂ ਬਸ ਥੋੜ੍ਹੀ ਜਿਹੀ ਮੱਦਦ ਚਾਹੀਦੀ ਹੈ- ਕਦੇ ਸਫ਼ਰ ਦਾ ਖ਼ਰਚ, ਕਦੇ ਜਿਉਂਦੇ ਰਹਿਣ ਲਈ ਮੱਦਦ।

ਇਹ ਕੋਈ ਆਪਣੇ ਲਈ ਕੀਤਾ ਜਾਣ ਵਾਲਾ ਕੰਮ ਨਹੀਂ ਹੈ। ਇਹ ਜਨਤਾ ਦਾ ਪੈਸਾ ਹੈ, ਅਤੇ ਇਸਨੂੰ ਜ਼ਿੰਮੇਵਾਰੀ ਨਾਲ ਵਰਤਣਾ ਜ਼ਰੂਰੀ ਹੈ। ਅਤੇ ਮੈਨੂੰ ਲੱਗਦਾ ਹੈ ਕਿ ਲੋਕ- ਲੇਖਕ ਵਗੈਰਾ - ਪੈਸਿਆਂ ਬਾਰੇ ਲਿਖਦੇ ਹੀ ਨਹੀਂ।

ਸਵਾਲ: ਤੁਸੀਂ ਹਿੰਦੂ ਰਾਸ਼ਟਰਵਾਦ ਅਤੇ ਕਾਰਪੋਰੇਟ ਹਿੱਤਾਂ ਦੇ ਮੇਲ ਦੀ ਮਿਸ਼ਰਤ-ਧਾਤ (ਅਲੌਏ) ਬਾਰੇ ਲਿਖਦੇ ਹੋ। ਪਿਛਲੇ 11-12 ਵਰ੍ਹਿਆਂ ਵਿਚ ਇਸਨੇ ਨਾ ਸਿਰਫ਼ ਭਾਰਤ, ਬਲਕਿ ਸਾਡੇ ਆਲੇ-ਦੁਆਲੇ ਦੀ ਦੁਨੀਆ ਨੂੰ ਕਿਵੇਂ ਘੜਿਆ ਹੈ?

ਜਵਾਬ: 'ਦ ਡਾਕਟਰ ਐਂਡ ਦ ਸੇਂਟ' ਵਿਚ ਮੈਂ ਲਿਖਿਆ ਸੀ, ਜੇਕਰ ਤੁਸੀਂ ਜ਼ਰਾ ਕੁ ਗੌਰ ਨਾਲ ਦੇਖੋ ਕਿ ਇਹ ਕਾਰਪੋਰੇਸ਼ਨਾਂ ਕੌਣ ਹਨ ਅਤੇ ਇਹ ਪਰਿਵਾਰ ਕਿਸ ਜਾਤੀ 'ਚੋਂ ਹਨ...ਤਾਂ ਇਸ ਤੋਂ ਕੀ ਪਤਾ ਲੱਗਦਾ ਹੈ?

ਇਹ ਸਿਰਫ਼ ਹਿੰਦੂ ਰਾਸ਼ਟਰਵਾਦ ਦੀ ਗੱਲ ਨਹੀਂ ਹੈ। ਇਹ ਤਾਂ ਉਸ ਤਰੀਕੇ ਨਾਲ ਜਾਤੀ ਨੂੰ ਆਧੁਨਿਕ ਅਤੇ ਕਾਰਪੋਰੇਟ ਰੂਪ ਵਿਚ ਢਾਲਣ ਜਿਹਾ ਹੈ। ਇਹ ਬਿਲਕੁਲ ਹੈਰਾਨ ਕਰਨ ਵਾਲੀ ਗੱਲ ਹੈ। ਫਿਰ ਤੁਸੀਂ ਜੱਜਾਂ ਨੂੰ ਦੇਖੋ, ਮੀਡੀਆ ਨੂੰ ਦੇਖੋ, ਉਸਦੇ ਮਾਲਕਾਂ ਨੂੰ ਦੇਖੋ - ਸਭ ਮਿਲਾ ਕੇ ਇਹ ਅਜਿਹਾ ਹੈ ਜਿਵੇਂ ਤੁਸੀਂ ਇਕ ਨਸਲਵਾਦੀ (ਅਪਾਰਥਾਈਡ) ਸਮਾਜ ਚਲਾ ਰਹੇ ਹੋ, ਪਰ ਇਹ ਰੰਗਭੇਦ 'ਤੇ ਆਧਾਰਤ ਨਹੀਂ ਹੈ, ਬਲਕਿ ਕਿਸੇ ਹੋਰ ਕੋਡ 'ਤੇ ਆਧਾਰਤ ਹੈ। ਇਸਦਾ ਮਕਸਦ ਕੀ ਹੈ? ਇਸਦਾ ਮਕਸਦ ਸਿਰਫ਼ ਏਨਾ ਹੈ ਕਿ ਰਾਸ਼ਟਰਵਾਦ ਦੇ ਭੇਸ ਵਿਚ, ਕੁਝ ਖ਼ਾਸ ਜਾਤੀਆਂ ਦਾ ਸੱਤਾ ਉੱਪਰ ਕਬਜ਼ਾ ਬਰਕਰਾਰ ਰਹੇ। ਅਤੇ ਦੌਲਤ-ਜਾਇਦਾਦ ਹੌਲੀ-ਹੌਲੀ ਹੋਰ ਵੀ ਥੋੜ੍ਹੇ ਲੋਕਾਂ ਦੇ ਹੱਥਾਂ ਵਿਚ ਸਿਮਟਦੀ ਚਲੀ ਜਾਵੇ।


ਸਵਾਲ: ਹਾਲ ਹੀ ਵਿਚ ਤੁਹਾਡੀ ਕਿਤਾਬ 'ਆਜ਼ਾਦੀ' ਉੱਤੇ ਕਸ਼ਮੀਰ ਵਿਚ ਪਾਬੰਦੀ ਲਗਾ ਦਿੱਤੀ ਗਈ। ਤੁਹਾਡੇ ਖ਼ਿਲਾਫ਼ ਯੂ.ਏ.ਪੀ.ਏ. ਕਾਨੂੰਨ ਦੇ ਮੁਕੱਦਮੇ ਵੀ ਦਰਜ ਹੋਏ, ਤੁਸੀਂ ਜੇਲ੍ਹ ਵੀ ਗਏ। ਪਰ ਫਿਰ ਵੀ ਤੁਸੀਂ ਕਿਤਾਬ ਵਿਚ ਲਿਖਦੇ ਹੋ 'ਜਿੰਨਾ ਮੈਨੂੰ ਦੇਸ਼ਦ੍ਰੋਹੀ ਕਹਿ ਕੇ ਸਤਾਇਆ ਗਿਆ, ਉਨਾ ਹੀ ਮੈਨੂੰ ਯਕੀਨ ਹੁੰਦਾ ਗਿਆ ਕਿ ਭਾਰਤ ਹੀ ਉਹ ਜਗ੍ਹਾ ਹੈ ਜਿਸਨੂੰ ਮੈਂ ਪਿਆਰ ਕਰਦੀ ਹਾਂ, ਭਾਰਤ ਹੀ ਮੇਰੀ ਆਪਣੀ ਜਗ੍ਹਾ ਹੈ।' ਇਸ 'ਤੇ ਕੀ ਕਹਿਣਾ ਚਾਹੋਗੇ?

ਜਵਾਬ: ਪੱਛਮੀ ਮੁਲਕਾਂ ਵਿਚ ਰਹਿਣ ਵਾਲੇ ਬਹੁਤ ਸਾਰੇ ਲੋਕ ਥੋੜ੍ਹੀ ਜਹੀ ਸਰਪ੍ਰਸਤੀ ਵਾਲੀ ਭਾਵਨਾ ਨਾਲ ਮੈਥੋਂ ਪੁੱਛਦੇ ਹਨ ਕਿ 'ਤੁਸੀਂ ਇਸ ਜਗ੍ਹਾ ਨੂੰ ਛੱਡ ਕਿਉਂ ਨਹੀਂ ਦਿੰਦੇ? ਜਾਂ ਕੀ ਤੁਸੀਂ ਇਸ ਜਗ੍ਹਾ ਨੂੰ ਛੱਡਣ ਬਾਰੇ ਸੋਚਦੇ ਹੋ?' ਹੁਣ ਤੁਸੀਂ ਹੀ ਸੋਚੋ ਕਿ ਇਹ ਕਿਹੋ ਜਿਹਾ ਸਵਾਲ ਹੈ? ਉੱਥੇ ਜਾ ਕੇ ਮੈਂ ਕੀ ਕਰਾਂਗੀ? ਇਕ ਚੂਹੇ ਵਾਂਗ ਆਪਣੀ ਜ਼ਿੰਦਗੀ ਗੁਜ਼ਾਰਾਂਗੀ, ਬਿਨਾਂ ਕੁਝ ਕੀਤੇ ਚੁੱਪ-ਚਾਪ ਰਹਾਂਗੀ ਨਾ?

ਇੱਥੇ ਰਹਿ ਕੇ ਤੁਸੀਂ ਘੱਟੋ-ਘੱਟ ਅਜਿਹੀ ਚੀਜ਼ ਲਈ ਲੜ ਰਹੇ ਹੋ ਜਿਸਨੂੰ ਤੁਸੀਂ ਪਿਆਰ ਕਰਦੇ ਹੋ। ਇਸ ਜਗ੍ਹਾ ਬਾਰੇ ਬਹੁਤ ਸਾਰੀਆਂ ਚੀਜ਼ਾਂ ਹਨ ਜਿਨ੍ਹਾਂ ਨੂੰ ਇਨਸਾਨ ਸੱਚਮੁੱਚ ਪਿਆਰ ਕਰਦਾ ਹੈ। ਉਹੀ ਗੁੱਸੇ ਨੂੰ ਊਰਜਾ ਦਿੰਦੀਆਂ ਹਨ। ਅਜਿਹਾ ਨਹੀਂ ਹੈ ਕਿ ਤੁਹਾਨੂੰ ਕੋਈ ਫ਼ਰਕ ਨਹੀਂ ਪੈਂਦਾ। ਅਤੇ ਸਾਨੂੰ ਸਭ ਨੂੰ ਚੇਤੇ ਹੈ ਕਿ ਚੰਗੇ ਦਿਨਾਂ ਵਿਚ ਮਾਣ-ਇੱਜ਼ਤ ਦਾ ਕੀ ਮਤਲਬ ਹੁੰਦਾ ਸੀ, ਜੋ ਹੁਣ ਗਾਇਬ ਹੋ ਚੁੱਕਾ ਹੈ। ਇਹ ਹੁਣ ਸਮਾਜਿਕ ਤੌਰ 'ਤੇ ਵੀ, ਰਾਜਨੀਤਿਕ ਤੌਰ 'ਤੇ ਵੀ ਗਾਇਬ ਹੋ ਚੁੱਕਾ ਹੈ। ਹੁਣ ਲੋਕ ਬਿਨਾਂ ਵਜ੍ਹਾ ਚੌੜੇ ਹੋ ਕੇ ਘੁੰਮਦੇ ਫਿਰਦੇ ਹਨ ਅਤੇ ਇਹ ਬੇਹੱਦ ਸ਼ਰਮਨਾਕ ਹੈ। ਮੈਨੂੰ ਕਿਸੇ ਤਰ੍ਹਾਂ ਦਾ ਕੋਈ ਰਾਸ਼ਟਰੀ ਮਾਣ ਨਹੀਂ ਹੈ। ਜਦ ਤੱਕ ਕੋਈ ਮੈਨੂੰ ਇਹ ਨਾ ਦੱਸ ਦੇਵੇ ਕਿ ਆਖ਼ਿਰਕਾਰ ਮੈਨੂੰ ਕਿਸ ਗੱਲ 'ਤੇ ਮਾਣ ਹੋਣਾ ਚਾਹੀਦਾ ਹੈ। ਮੈਨੂੰ ਇਸ ਜਗ੍ਹਾ ਨਾਲ ਬਹੁਤ ਪਿਆਰ ਹੈ, ਪਰ ਕੌਮੀ ਮਾਣ ਵਰਗੀ ਕੋਈ ਭਾਵਨਾ ਮੇਰੇ ਅੰਦਰ ਨਹੀਂ ਹੈ।

'ਦ ਹਿੰਦੂ' ਦੇ ਧੰਨਵਾਦ ਸਹਿਤ॥

# ਵਧਾਈਆਂ ! ਵਧਾਈਆਂ ! ਵਧਾਈਆਂ !





'ਪੰਜਾਬ ਟਾਈਮਜ਼' ਸਲਾਹਕਾਰ ਬੋਰਡ ਦੇ ਮੈਂਬਰ ਸ. ਦਰਸ਼ਨ ਸਿੰਘ ਦਰੜ, ਉਨ੍ਹਾਂ ਦੀ ਪਤਨੀ ਸਰਦਾਰਨੀ ਪਰਮਜੀਤ ਕੌਰ ਅਤੇ ਸਮੂਹ ਦਰੜ ਪਰਿਵਾਰ ਨੂੰ 'ਜਸ ਰਾਜਾ'ਸ ਪ੍ਰੀਤ ਫਾਰਮ' ਦੀ ਓਪਨਿੰਗ 'ਤੇ ਅਸੀਂ ਉਨ੍ਹਾਂ ਨੂੰ ਤਹਿ ਦਿਲੋਂ ਮੁਬਾਰਕਬਾਦ ਦਿੰਦੇ ਹਾਂ। ਅਸੀਂ ਅਰਦਾਸ ਕਰਦੇ ਹਾਂ ਕਿ ਪਰਮਾਤਮਾ ਉਨ੍ਹਾਂ ਨੂੰ ਹੋਰ ਤਰੱਕੀਆਂ ਬਖਸ਼ੇ ਅਤੇ ਇਹੋ ਜਿਹੇ ਸੁੰਦਰ ਘਰ ਨੂੰ ਮਾਨਣ ਲਈ ਤੰਦਰੁਸਤੀ ਅਤੇ ਲੰਮੀਆਂ ਉਮਰਾਂ ਬਖਸ਼ੇ। ਘਰ ਦੇ ਜੀਆਂ ਵਿਚ ਪਿਆਰ ਤੇ ਇਤਫਾਕ ਬਣਿਆ ਰਹੇ।

**ਵਲੋਂ: ਜਸਪ੍ਰੀਤ ਕੌਰ ਅਤੇ ਸ. ਮਨਦੀਪ ਸਿੰਘ ਜੰਮੂ**

# ਜੀਵਨ-ਰਾਹਾਂ ਦੀ ਨਿਸ਼ਾਨਦੇਹੀ

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
ਫੋਨ: 216-556-2080

ਜੀਵਨ ਇਕ ਯਾਤਰਾ। ਵੱਖ ਵੱਖ ਪੜਾਅ। ਹਰੇਕ ਪੜਾਅ ਦੀ ਆਪਣੀ ਕਹਾਣੀ, ਆਪਣੀ ਰਵਾਨੀ ਅਤੇ ਆਪਣੀ ਤਰਜਮਾਨੀ। ਹਰ ਪੜਾਅ ਦੇ ਵੱਖ-ਵੱਖ ਰੰਗ-ਢੰਗ ਤੇ ਤਰੰਗ। ਪੜਾਵਾਂ ਵਿਚੋਂ ਗੁਜਰਦਿਆਂ ਹੀ ਬੰਦਾ ਜ਼ਿੰਦਗੀ ਦੀਆਂ ਉਨ੍ਹਾਂ ਪਰਤਾਂ ਥੀਂ ਗੁਜਰਦਾ ਜਿਨ੍ਹਾਂ ਦਾ ਕਦੇ ਚਿੱਤ-ਚੇਤਾ ਵੀ ਨਹੀਂ ਹੁੰਦਾ।

ਜੀਵਨ ਦੇ ਪੜਾਵਾਂ ਦੀਆਂ ਭਾਵਨਾਵਾਂ, ਤਮੰਨਾਵਾਂ ਅਤੇ ਤਰਜੀਹਾਂ ਵੀ ਵਿਭਿੰਨ। ਇਨ੍ਹਾਂ ਦੇ ਸੁਪਨੇ, ਸੰਵੇਦਨਾ, ਸੁਚੇਤਨਾ ਅਤੇ ਸੰਜੀਦਗੀ ਵੀ ਵੱਖਰੀ। ਇਨ੍ਹਾਂ ਵਿਚੋਂ ਹੀ ਬੰਦੇ ਦੀ ਮਾਨਸਿਕਤਾ ਨੂੰ ਪੜ੍ਹਦਿਆਂ, ਉਸਦੇ ਵਿਅਕਤੀਤੱਵ ਵਿਕਾਸ ਨੂੰ ਚਿੱਤਵਦੇ। ਇਹ ਵਿਕਾਸ ਉਤਪਤੀ ਵੱਲ ਨੂੰ ਜਾਂਦਾ ਜਾਂ ਵਿਨਾਸ਼ ਵੱਲ ਨੂੰ ਤਿਲਕਦਾ, ਇਹ ਬੰਦੇ ਦੀ ਚੇਤਨਾ ਅਤੇ ਚਿੰਤਾ ਵਿਚੋਂ ਜੱਗ-ਜਾਹਰ।

ਕਿਸੇ ਵਿਅਕਤੀ ਦੇ ਆਰ-ਪਾਰ ਦੇਖਣ ਲਈ ਉਸਦੀ ਮਾਨਸਿਕਤਾ ਨੂੰ ਪੜ੍ਹਨਾ ਪੈਂਦਾ। ਉਸਦੀ ਬੋਲ-ਬਾਣੀ, ਪੈਰ-ਚਾਲ, ਵਰਤਾਰਾ ਅਤੇ ਉਸਦੀ ਹਰ ਕਿਰਿਆ ਵਿਚਲੀ ਤਰਕੀਬ ਤੇ ਤਹਿਜ਼ੀਬ, ਉਸਦੀ ਤਕਦੀਰ ਦੀ ਨਿਸ਼ਾਨਦੇਹੀ ਕਰਦੀ।

ਜੀਵਨ ਯਾਤਰਾ ਦੇ ਵੱਖ ਵੱਖ ਪੜਾਵਾਂ ਦੌਰਾਨ ਕਿਸੇ ਦਾ ਰਹਿਣ-ਸਹਿਣ, ਵਰਤੋਂ-ਵਿਹਾਰ ਅਤੇ ਸਰੋਕਾਰਾਂ ਵਿਚਲਾ ਸੰਤੁਲਨ ਹੀ ਮਨੁੱਖੀ ਬਿਰਤੀਆਂ ਦਾ ਲੇਖਾ-ਜੋਖਾ ਕਰਦਾ। ਅਕਸਰ ਹੀ ਅਸੀਂ ਬੰਦੇ ਨੂੰ ਉਸਦੀਆਂ ਆਰਥਿਕ ਕਾਮਯਾਬੀਆਂ ਵਿਚੋਂ ਹੀ ਦੇਖਦੇ। ਪਰ ਇਹ ਕਾਮਯਾਬੀ ਕਿਵੇਂ ਮਿਲੀ, ਕਿੰਨਾ ਕਪਟ-ਫਰੇਬ ਕੀਤਾ, ਕਿੰਨਿਆਂ ਦੇ ਹੱਕਾਂ 'ਤੇ ਡਾਕਾ ਮਾਰਿਆ, ਕਿੰਨਿਆਂ ਦੇ ਸੁਪਨਿਆਂ ਦਾ ਸਿਵਾ ਸੇਕਿਆ, ਕਿੰਨਿਆਂ ਦੀਆ ਆਸਾਂ ਤੇ ਪਾਣੀ ਫੇਰਿਆ, ਕਿੰਨਿਆਂ ਮਾਪਿਆਂ ਦੇ ਨੈਣਾਂ ਵਿਚ ਅੱਥਰੂਆਂ ਦੇ ਸੈਲਾਬ ਉਗਾਏ, ਕਿੰਨੀਆਂ ਰੂਹਾਂ ਨੂੰ ਤੜਫਾਇਆ, ਕਿੰਨਿਆਂ ਦੇ ਰਾਹਾਂ ਵਿਚ ਕੰਡੇ ਉਗਾਏ ਜਾਂ ਕਿੰਨੀਆਂ ਦੀ ਪੱਤ ਚੌਰਾਹੇ ਵਿਚ ਰੋਲੀ? ਜਾਂ ਇਸ ਕਾਮਯਾਬੀ ਲਈ ਕਿੰਨੇ ਸਾਲ ਤਪੱਸਿਆ ਕੀਤੀ, ਕਿੰਨੀ ਘਾਲਣਾ ਅਤੇ ਸਿਰੜ ਸਾਧਨਾ ਛੁਪੀ ਹੋਈ ਹੈ। ਕਿੰਨੀਆਂ ਰਾਤਾਂ ਹੰਘਾਲੀਆਂ, ਪਸੀਨਾ ਵਹਾਇਆ, ਕਿੰਨੇ ਜ਼ਫ਼ਰ ਜਾਲੇ ਅਤੇ ਕਿੰਨੀਆਂ ਅਸਫਲਤਾਵਾਂ ਦੀ ਦਲਦਲ ਵਿਚੋਂ ਲੰਘ ਕੇ ਸਫਲਤਾ ਦਾ ਸਿਰਨਾਵਾਂ ਬਣੇ?

ਦਰਅਸਲ ਕਾਮਯਾਬੀ ਨੂੰ ਇਕਹਿਰੀ ਅੱਖ ਨਾਲ ਦੇਖਣਾ ਬਹੁਤ ਵੱਡਾ ਫਰੇਬ। ਮਨ ਦਾ ਫਰੇਮ ਅਜੇਹਾ ਹੋਣਾ ਚਾਹੀਦੈ ਕਿ ਅਸੀਂ ਇਸ ਵਤੀਰੇ ਵਿਚ ਅਣਦੱਸੇ, ਅਣਦੇਖੇ ਤੇ ਅਣਐਲਾਨੇ ਭੇਤਾਂ ਦੀ ਜਾਣਕਾਰੀ ਹਾਸਲ ਕਰਕੇ, ਇਸ ਕਾਮਯਾਬੀ ਦਾ ਸਹੀ ਮੁਲਾਂਕਣ ਕਰ ਸਕੀਏ।

ਇਹ ਤੀ ਯਾਦ ਰੱਖਣਾ ਚਾਹੀਦਾ ਕਿ ਜੀਵਨ ਵਿਚਲੀ ਕਾਮਯਾਬੀ ਇਹ ਨਹੀਂ ਕਿ ਅਸੀਂ ਕਿੰਨੀਆਂ ਮਿਲਖਾਂ ਅਤੇ ਜਗੀਰਾਂ ਦੇ ਮਾਲਕ ਬਣੇ। ਮਹਾਂ ਧਨ-ਕੁਬੇਰਾਂ ਵਿਚ ਖੁਦ ਨੂੰ ਸ਼ਾਮਲ ਕੀਤਾ। ਸਾਡੇ ਸ਼ਹੀ ਫੁਰਮਾਨਾਂ ਦੀ ਕਦੇ ਅਵੱਗਿਆ ਨਹੀਂ ਹੋਈ ਅਤੇ ਅਸੀਂ ਨਾਦਰਸ਼ਾਹੀ ਹੁਕਮਾਂ ਨਾਲ ਹਰ ਮਨੁੱਖ ਨੂੰ ਰੋਲਿਆ ਅਤੇ ਉਨ੍ਹਾਂ ਦੀਆਂ ਤਾਜੀਆਂ ਕਬਰਾਂ ਤੇ ਆਪਣੀਆਂ ਕਾਮਯਾਬੀ ਦਾ ਝੰਡਾ ਗੱਡਿਆ।

ਕਾਮਯਾਬੀ ਤਾਂ ਇਹ ਹੁੰਦੀ ਕਿ ਤੁਸੀਂ ਸਮਾਜ ਵਿਚ ਵਿਚਰਦਿਆਂ ਕਿੰਨਾ ਕੁ ਮਨੁੱਖ ਸੀ? ਤੁਹਾਡੀ ਦਰਿਆ-ਦਿਲੀ ਦੀਆਂ ਕਿਹੜੀਆਂ ਕਥਾਵਾਂ ਲੋਕ-ਚੇਤਿਆਂ ਵਿਚ ਵੱਸੀਆਂ ਨੇ? ਤੁਹਾਡੀ ਰਹਿਮਦਿਲੀ ਅਤੇ ਫਰਾਖਦਿਲੀ ਦੇ ਕਿੰਨੇ ਚਰਚੇ ਨੇ? ਤੁਸੀਂ ਕਦੇ ਲੋੜਵੰਦ ਦੀ ਮਦਦ ਕਰਦਿਆਂ ਕਦੇ ਵਿਤਕਰਾ ਨਹੀਂ ਕੀਤਾ? ਤੁਹਾਡੀ ਮਦਦ ਦਾ ਆਲਮ ਅਜੇਹਾ ਕਿ ਸੱਜੇ ਹੱਥ ਨਾਲ ਕੀਤੇ ਦਾਨ ਦਾ ਖੱਬੇ ਹੱਥ ਨੂੰ ਪਤਾ ਨਹੀਂ ਹੁੰਦਾ।

ਜੀਵਨੀ ਸਫ਼ਰ ਦੇ ਹਰ ਪੜਾਅ ਨੂੰ ਜ਼ਿਕਰਯੋਗ ਤੇ ਯਾਦਗਾਰੀ ਬਣਾਉਣ ਲਈ ਖੁਦ ਨੂੰ ਪਤਾ ਹੋਵੇ ਕਿ ਸਾਧਨਾ ਨਾਲ ਤਰਜੀਹਾਂ ਅਤੇ ਤਸ਼ਬੀਹਾਂ ਨੂੰ ਕਿਸ ਰੰਗ ਅਤੇ ਰੂਪ ਵਿਚ ਪ੍ਰਗਟ ਕਰਨਾ। ਦਰਅਸਲ ਕਈ ਵਾਰ ਅਸੀਂ ਉਹ ਹੁੰਦੇ ਨਹੀਂ ਜੋ ਸਮਾਜ ਨੂੰ ਨਜ਼ਰ ਆਉਂਦੇ ਹਾਂ ਅਤੇ ਜੋ ਕੁਝ ਅਸਲ ਵਿਚ ਹੁੰਦੇ, ਉਹ ਸਮਾਜ ਨੂੰ ਨਜ਼ਰ ਹੀ ਨਹੀਂ ਆਉਂਦਾ। ਅਸੀਂ ਬਹੁ-ਰੂਪਾਂ ਵਿਚ ਜਿਊਣ ਦੇ ਆਦੀ ਅਤੇ ਮੋਢੇ ਤੇ ਲਟਕਦੇ ਝੋਲੇ ਵਿਚ ਪਏ ਮਖੌਟਿਆਂ ਨੂੰ ਮੌਕਿਆਂ ਮੁਤਾਬਕ ਵਰਤ ਲੈਂਦੇ।

ਜੀਵਨ ਇਕ ਸਾਧਨਾ। ਖੁਦ ਨੂੰ ਖੁਦ ਦੇ ਰੂਬਰੂ ਕਰਨਾ। ਖੁਦ ਵਿਚੋਂ ਖੁਦਦਾਰੀ ਨੂੰ ਦੂਰ ਕਰਕੇ ਖੁਦਾਈ ਨੂੰ ਆਪਣਾ ਹਮਸਫ਼ਰ ਬਣਾਉਣਾ ਅਤੇ ਆਪਣੇ ਆਪੇ ਤੇ ਫ਼ਕੀਰਾਨਾ ਰੂਪ ਚੜਾਉਣਾ।

ਜੀਵਨ ਦੇ ਖ਼ੂਬਸੂਰਤ ਰਾਹਾਂ 'ਤੇ ਚੱਲਦਿਆਂ ਕਦੇ ਵੀ ਮੰਜ਼ਲ ਦਾ ਸਿਰਨਾਵਾਂ ਨਹੀਂ ਪੁੱਛੀਦਾ। ਖ਼ੂਬਸੂਰਤ ਰਾਹਾਂ ਹੀ ਹੁਸੀਨ ਪੈੜਾਂ ਸਿਰਜਦਿਆਂ ਜਿਹੜੀਆਂ ਜੀਵਨ ਨੂੰ ਯਾਦਗਾਰੀ ਪਲਾਂ ਨਾਲ ਨਿਵਾਜਦੀਆਂ।

ਜੀਵਨ-ਰਾਹਾਂ ਤੇ ਕਦੇ ਖੱਡੇ ਤੇ ਖਾਈਆਂ, ਕਦੇ ਘੱਟਾ-ਮਿੱਟੀ, ਕਦੇ ਚਿੱਕੜ, ਪਰ ਕਦੇ ਕਦੇ ਤੁਹਾਡੇ ਰਾਹਾਂ ਵਿਚ ਫੁੱਲ ਪੱਤੀਆਂ ਵੀ ਵਿੱਛਦੀਆਂ। ਤੁਸੀਂ ਸਭ ਕੁਝ ਭੁਲਾ ਕੇ ਸਿਰਫ਼ ਫੁੱਲ-ਪੱਤੀਆਂ 'ਤੇ ਪੋਲੇ ਪੱਬੀਂ ਕੀਤਾ ਸਫ਼ਰ ਹੀ ਯਾਦ ਰੱਖਦੇ।

ਬਾਹਾਂ 'ਚ ਬਾਹਾਂ ਪਾ, ਕਦਮ ਮਿਲਾ, ਪਿਆਰ ਦੇ ਨਾਲ-ਨਾਲ ਤੁਰਦਿਆਂ ਜੀਵਨ-ਰਾਹਾਂ ਦਾ ਸਫ਼ਰ ਸੱਭ ਤੋਂ ਸੁਹਾਵਣਾ ਅਤੇ ਯਾਦਗਾਰੀ। ਕਦੇ ਇਸ ਸਫ਼ਰ 'ਤੇ ਜ਼ਰੂਰ ਤੁਰਨਾ। ਇਹੀ ਤੁਹਾਡੀ ਜੀਵਨ-ਪੂੰਜੀ ਬਣ ਜਾਵੇਗਾ।




ਜੀਵਨ-ਰਾਹਾਂ ਨੂੰ ਆਪਣੇ ਦਿਮਾਗ ਨਾਲ ਨਾ ਮਿੱਥੋ ਸਗੋਂ ਦਿਲ ਨਾਲ ਮਿੱਥਣਾ। ਦੇਖਣਾ! ਰੂਹਦਾਰ ਨਾਲ ਰੂਹਦਾਰੀ ਵਾਲਾ ਸਫ਼ਰ ਹੁਸੀਨ ਅਤੇ ਰੰਗੀਨ ਸਫ਼ਰ ਦਾ ਸਿੱਖਰ ਹੁੰਦਾ।

ਜੀਵਨ ਨੂੰ ਸੁੰਦਰ, ਸੰਤੁਲਤ, ਸਮਰਪਿਤ ਅਤੇ ਸੁਚਾਰੂ ਬਣਾਉਣ ਲਈ ਜ਼ਰੂਰੀ ਹੈ ਕਿ ਸਾਡੇ ਮਨ ਵਿਚ ਕੁਝ ਚੰਗੇਰਾ, ਵਡੇਰਾ ਅਤੇ ਸੁਚਿਆਰਾ ਕਰਨ ਦਾ ਵਿਚਾਰ ਪੈਦਾ ਹੋਵੇ। ਇਸ ਵਿਚੋਂ ਕੁਝ ਅਜੇਹੀਆਂ ਧਾਰਨਾਵਾਂ ਨੂੰ ਆਪਣੀ ਸੋਚ-ਸਾਧਨਾ ਵਿਚ ਪ੍ਰਗਟ ਕਰ ਸਕੀਏ ਕਿ ਉਹ ਸਾਡੀ ਜੀਵਨ-ਸ਼ੈਲੀ ਦਾ ਅਧਾਰ ਬਣ ਜਾਣ।

ਜਿਊਣ ਲਈ ਸਿਰਫ਼ ਸਾਹ ਲੈਣਾ ਅਤੇ ਭੁੱਖ ਦੀ ਤ੍ਰਿਪਤੀ ਹੀ ਅਹਿਮ ਨਹੀਂ। ਮਹੱਤਵਪੂਰਨ ਹੁੰਦਾ ਹੈ ਜੀਵਨ ਦੀਆਂ ਕਦਰਾਂ-ਕੀਮਤਾਂ ਨੂੰ ਧਾਰਨ ਕਰਨਾ, ਜੀਵਨ ਦੇ ਸੁੱਚਮ ਦੀ ਬਰਕਰਾਰੀ ਅਤੇ ਇਸਦੀਆਂ ਨਿਆਮਤਾਂ ਦੀ ਸ਼ੁਕਰਗੁਜਾਰੀ ਵਿਚੋਂ ਆਪਣੀਆਂ ਪਹਿਲਾਂ ਨੂੰ ਨਿਰਧਾਰਤ ਕਰਨਾ।

ਦਰਅਸਲ ਜੀਵਨ ਯਾਤਰਾ ਨੂੰ ਮਨੁੱਖ ਦੋ ਪ੍ਰਮੁੱਖ ਤਰੀਕਿਆਂ ਰਾਹੀਂ ਪੂਰਾ ਕਰ, ਨਵੀਆਂ ਪ੍ਰਾਪਤੀਆਂ ਦਾ ਸਿਰਲੇਖ ਬਣ, ਨਿੱਜੀ ਛਾਪ ਵਾਲੀ ਜੀਵਨ-ਜਾਚ ਦਾ ਕਰਮਦਾਤਾ ਬਣ ਸਕਦਾ ਹੈ। ਪਰ ਇਸ ਦਿਸ਼ਾ ਵੱਲ ਪਹਿਲ ਤਾਂ ਮਨ ਵਿਚ ਪੈਦਾ ਹੋਈ ਚਾਹਨਾ ਹੁੰਦੀ।

ਬੰਦਾ ਜੀਵਨ-ਯਾਤਰਾ ਦੌਰਾਨ ਵੱਖ-ਵੱਖ ਪਾਤਰਾਂ ਦਾ ਰੋਲ ਨਿਭਾਉਂਦਾ, ਖੁਦ ਨੂੰ ਸਰਬ ਕਲਾ ਸਮਰੱਥ ਬਣਨ ਦਾ ਭਰਮ ਪੈਦਾ ਕਰਦਾ। ਤਾਂ ਹੀ ਕਲਮ ਨੂੰ ਕਹਿਣਾ ਪਿਆ;

ਐ ਬੰਦੇ! ਤੂੰ.........
ਕਦੇ ਧੁੱਪ ਬਣ ਜਾਵੇਂ, ਕਦੇ ਛਾਂ ਹੁੰਦਾ।
ਕਦੇ ਬਾਪ ਬਣ ਜਾਵੇਂ, ਕਦੇ ਮਾਂ ਹੁੰਦਾ।
ਕਦੇ ਪੂਰਬ ਤੋਂ ਝਰਦਾ ਸਵੇਰਾ ਹੁੰਦਾ।
ਕਦੇ ਚਾਨਣ 'ਚ ਭਿਜਿਆ ਬਨੇਰਾ ਹੁੰਦਾ।
ਕਦੇ ਫ਼ਿਜ਼ਾ 'ਚ ਮਹਿਕ ਦਾ ਅੰਦਾਜ਼ ਹੁੰਦਾ।
ਕਦੇ ਪੌਣਾਂ ਵਿਚ ਪੱਤਿਆਂ ਦਾ ਸਾਜ਼ ਹੁੰਦਾ।
ਕਦੇ ਰੂਹ 'ਚੋਂ ਕਸ਼ੀਦ ਕੀਤੀ ਲੋਅ ਹੁੰਦਾ।
ਕਦੇ ਦਿਲ ਵਿਚ ਪੈਂਦੀ ਹੋਈ ਖੋਹ ਹੁੰਦਾ।
ਕਦੇ ਤਾਰਿਆਂ ਦੀ ਮਹਿਫ਼ਲ ਦਾ ਅੰਗ ਹੁੰਦਾ।
ਕਦੇ ਮੁੱਖ ਉਤੇ ਛਾਈ ਹੋਈ ਸੰਗ ਹੁੰਦਾ।
ਕਦੇ ਚੰਨ ਨਾਲ ਮਾਣੇ ਹੋਏ ਪਲ ਹੁੰਦਾ।
ਕਦੇ ਸਰੋਵਰ ਦਾ ਠਹਿਰਿਆ ਜਲ ਹੁੰਦਾ।
ਕਦੇ ਕਦਮਾਂ 'ਚ ਸਫ਼ਰ-ਆਗਾਜ਼ ਹੁੰਦਾ।
ਕਦੇ ਬਾਜ਼ ਦੀ ਭਰੀ ਪਰਵਾਜ਼ ਹੁੰਦਾ।
ਕਦੇ ਨੈਣਾਂ 'ਚ ਮਿਲਣੇ ਦਾ ਸੱਚ ਹੁੰਦਾ।
ਕਦੇ ਹੇਰਵੇ 'ਚ ਭਰਿਆ ਗੱਚ ਹੁੰਦਾ।
ਕਦੇ ਸੰਦਲੀ ਸੁਪਨੇ ਦੀ ਅੱਖ ਹੁੰਦਾ।
ਕਦੇ ਅੱਖ ਵਿਚ ਪਿਆ ਕੱਖ ਹੁੰਦਾ।
ਕਦੇ ਹੋਠਾਂ 'ਤੇ ਜੰਮੀ ਚੀਸ ਹੁੰਦਾ।
ਕਦੇ ਬੋਲਾਂ 'ਚ ਸਹਿਮੀ ਟੀਸ ਹੁੰਦਾ।
ਕਦੇ ਚੁੱਪ 'ਚ ਡਰੀ ਹੋਈ ਵਾਜ਼ ਹੁੰਦਾ।
ਕਦੇ ਖੁਦ ਤੋਂ ਛੁਪਾਉਂਦਾ ਰਾਜ਼ ਹੁੰਦਾ।
ਕਦੇ ਛੰਨਾਂ ਤੇ ਕੁਲੀਆਂ ਦੀ ਸ਼ਾਨ ਹੁੰਦਾ।
ਕਦੇ ਆਪੇ ਹੱਥੋਂ ਹੋਇਆ ਅਪਮਾਨ ਹੁੰਦਾ।
ਕਦੇ ਪੱਤੀਆਂ ਦੇ ਸੂਹੇ ਸੂਹੇ ਰੰਗ ਹੁੰਦਾ।
ਕਦੇ ਫੱਕਰ ਫ਼ਕੀਰ ਤੇ ਮਲੰਗ ਹੁੰਦਾ।
ਕਦੇ ਆਪੇ 'ਤੋਂ ਹੋਇਆ ਦਿਲਗੀਰ ਹੁੰਦਾ।
ਕਦੇ ਹੰਝੂਆਂ ਬੰਨਾਈ ਹੋਈ ਧੀਰ ਹੁੰਦਾ।
ਕਦੇ ਅੱਖਰਾਂ 'ਚੋਂ ਪੈਦਾ ਹੋਈ ਲੋਅ ਹੁੰਦਾ।
ਕਦੇ ਸਫ਼ਿਆਂ 'ਤੇ ਅਰਥਾਂ ਦੀ ਸੋਅ ਹੁੰਦਾ।
ਕਦੇ ਦੂਰ-ਦੂਰ ਜਾਂਦਾ ਪਰਛਾਂਵਾਂ ਹੁੰਦਾ।
ਕਦੇ ਚੇਤਿਆਂ 'ਚ ਤਾਜਾ ਸਿਰਨਾਵਾਂ ਹੁੰਦਾ।
ਕਦੇ ਕੋਚਰੀ ਦੀ ਡੂੰਘੀ ਰਾਤੇ ਹੂਕ ਹੁੰਦਾ।
ਕਦੇ ਅੰਬ 'ਤੇ ਬੈਠੀ ਕੋਇਲੀ ਕੂਕ ਹੁੰਦਾ।
ਕਦੇ ਸਫ਼ਰਾਂ 'ਤੇ ਜਾਂਦਾ ਪੁੱਤ ਹੁੰਦਾ।
ਕਦੇ ਦਰਾਂ 'ਤੇ ਉਡੀਕਦਾ ਬੁੱਤ ਹੁੰਦਾ।
ਕਦੇ ਮਾਂ ਦੀਆਂ ਦਿੱਤੀਆਂ ਦੁਆਵਾਂ ਹੁੰਦਾ।
ਕਦੇ ਅੱਧੀਆਂ ਅਧੂਰੀਆਂ ਇੱਛਾਵਾਂ ਹੁੰਦਾ।
ਕਦੇ ਬਾਪ ਦੇ ਪਰਨੇ ਦੀ ਛਾਂ ਹੁੰਦਾ।
ਕਦੇ ਗੋਦ 'ਚ ਖਿਡਾਉਂਦਾ ਗਰਾਂ ਹੁੰਦਾ।
ਕਦੇ ਦਰਦਾਂ ਦੀ ਉਲਝੀ ਤਾਣੀ ਹੁੰਦਾ।
ਕਦੇ ਫ਼ਿਜ਼ਾਂ ਵਿਚ ਘੁੱਲੀ ਬਾਣੀ ਹੁੰਦਾ।
ਕਦੇ ਪਿੰਡ ਅਤੇ ਕਦੇ ਸ਼ਹਿਰ ਹੁੰਦਾ।
ਕਦੇ ਖੜਾ ਪਾਣੀ, ਕਦੇ ਲਹਿਰ ਹੁੰਦਾ।
ਕਦੇ ਬਾਪ ਦੀਆਂ ਸੱਧਰਾਂ ਦਾ ਰਾਗ ਹੁੰਦਾ
ਕਦੇ ਮਾਂ ਦੀਆਂ ਆਸਾਂ ਦਾ ਚਿਰਾਗ ਹੁੰਦਾ
ਕਦੇ ਧਰਤੀ ਦੀ ਜ਼ਰਖ਼ੇਜ਼ ਹਿੱਕ ਹੁੰਦਾ।
ਕਦੇ ਬੀਜ 'ਚ ਪੁੰਗਰਨ ਦੀ ਸਿੱਕ ਹੁੰਦਾ।
ਕਦੇ ਪਾਣੀਆਂ 'ਚ ਘੁਲੀ ਪਿਆਸ ਹੁੰਦਾ।
ਕਦੇ ਬੋਲਾਂ ਨਾਲ ਲਿਪਟੀ ਮਿਠਾਂਸ ਹੁੰਦਾ।
ਕਦੇ ਤੱਕਣੀ 'ਚ ਨੈਣਾਂ ਦਾ ਸਰੂਰ ਹੁੰਦਾ।
ਕਦੇ ਦਿੱਖ ਵਿਚ ਖੁਦ ਦਾ ਗਰੂਰ ਹੁੰਦਾ।
ਕਦੇ ਹੰਭਿਆਂ ਨੂੰ ਦਿੱਤੀ ਦਿਲਜੋਈ ਹੁੰਦਾ।
ਕਦੇ ਵਕਤਾਂ ਨੂੰ ਵੰਡੀ ਖ਼ੁਸ਼ਬੋਈ ਹੁੰਦਾ।
ਕਦੇ ਹਾਰ ਕੇ ਜਿੱਤ ਦਾ ਨਿਸ਼ਾਨ ਹੁੰਦਾ।
ਕਦੇ ਜਿੱਤ ਕੇ ਵੀ ਹੋਇਆ ਅਪਮਾਨ ਹੁੰਦਾ।
ਕਦੇ ਵੇਦਨਾ ਨੂੰ ਮਿਲੀ ਹੋਈ ਢੋਈ ਹੁੰਦਾ।
ਕਦੇ ਪਿੰਡੇ ਉਤੇ ਫ਼ਿਕਰਾਂ ਦੀ ਲੋਈ ਹੁੰਦਾ।
ਕਦੇ ਸਰਘੀ ਦੀ ਧੁੱਪ-ਬਰਸਾਤ ਹੁੰਦਾ।
ਕਦੇ ਤਾਰਿਆਂ ਨਾਲ ਸਜੀ ਰਾਤ ਹੁੰਦਾ।
ਕਦੇ ਫ਼ਕਰਾਂ ਦੀ ਗਲੀ ਵਿਚ ਹੇਕ ਹੁੰਦਾ।
ਕਦੇ ਚਾਅ ਪਿਘਲਾਉਂਦਾ ਸੇਕ ਹੁੰਦਾ।
ਕਦੇ ਕਮਰੇ 'ਚ ਪਸਰੀ ਉਦਾਸੀ ਹੁੰਦਾ।
ਕਦੇ ਵਿਹੜੇ ਵਿਚ ਖਿੜੀ ਹਾਸੀ ਹੁੰਦਾ।
ਕਦੇ ਘਰ ਵਿਚ ਘਰ ਦਾ ਨਸੀਬ ਹੁੰਦਾ।
ਕਦੇ ਘਰ ਦਾ ਹੀ ਬਣਿਆ ਰਕੀਬ ਹੁੰਦਾ।
ਕਦੇ ਦਰਾਂ ਵਿਚ ਸਿੰਮ ਆਇਆ ਰੋਣ ਹੁੰਦਾ।
ਕਦੇ ਆਪਣੇ ਹੀ ਘਰ ਵਿਚ 'ਕੌਣ' ਹੁੰਦਾ।
ਕਦੇ ਕੰਧਾਂ 'ਤੇ ਬਨੇਰਿਆਂ 'ਚ ਥੋੜ੍ਹ ਹੁੰਦਾ।
ਕਦੇ ਘਰ ਨੂੰ ਹੀ ਘਰਦਿਆਂ ਦੀ ਥੋੜ੍ਹ ਹੁੰਦਾ।
ਕਦੇ ਖੇਤੀਂ ਉਗੀ ਕਬਰ ਦਾ ਨਾਮ ਹੁੰਦਾ।
ਕਦੇ ਆੜ ਵੱਗੇ ਜਿਊਣ ਦਾ ਪੈਗਾਮ ਹੁੰਦਾ।
ਕਦੇ ਮਨ ਦੀਆਂ ਮੰਨਤਾਂ ਦੀ ਲੋੜ ਹੁੰਦਾ।
ਕਦੇ ਅੰਦਰ 'ਚ ਬੈਠਾ ਹੋਇਆ ਸ਼ੋਰ ਹੁੰਦਾ।
ਕਦੇ ਉਜੜਿਆ ਹੋਇਆਂ ਵੀ ਅਬਾਦ ਹੁੰਦਾ।
ਕਦੇ ਚਿੱਤ ਨੂੰ ਲੁਭਾਉਣਾ ਸੂਹੀ ਰਾਗ ਹੁੰਦਾ।
ਕਦੇ ਪੈਰਾਂ ਵਿਚ ਅਟਕੀ ਖੜੌਤ ਹੁੰਦਾ।
ਕਦੇ ਹੰਝੂਆਂ ਦਾ ਵਗਦਾ ਸਰੋਤ ਹੁੰਦਾ।
ਕਦੇ ਭਾਵਾਂ 'ਚ ਪੈਦਾ ਹੋਇਆ ਰੋਹ ਹੁੰਦਾ।
ਕਦੇ ਗੈਰਾਂ ਲਈ ਮਨ ਵਿਚ ਮੋਹ ਹੁੰਦਾ।
ਕਦੇ ਖੁਦ ਨੂੰ ਹੀ ਮਿਲਣ ਦਾ ਚਾਅ ਹੁੰਦਾ।
ਕਦੇ ਆਪਣੇ ਲਈ ਖ਼ੁਦ ਲੱਭੀ ਰਾਹ ਹੁੰਦਾ।

ਪਰ ਬਹੁਤ ਅਹਿਮ ਹੁੰਦਾ ਏ ਇਹ ਸਾਰੇ ਰੂਪ ਹੰਢਾਉਂਦਿਆਂ, ਜੀਵਨ ਦੇ ਦੋ ਪੈਂਡਿਆਂ ਨੂੰ ਬਾਖੂਬੀ ਪੂਰਾ ਕਰ, ਸਾਹਾਂ ਨੂੰ ਸਕਾਰਥ ਕਰਨਾ।

ਸੱਭ ਤੋਂ ਪਹਿਲਾਂ ਜ਼ਰੂਰੀ ਹੁੰਦਾ ਕਿ ਵਿਅਕਤੀ ਆਪਣੀ ਅੰਦਰਲੀ ਯਾਤਰਾ ਤੇ ਤੁੱਰਨ ਦਾ ਆਹਰ ਕਰੇ। ਉਸਦੇ ਮਨ ਵਿਚ ਤੀਬਰਤਾ ਹੋਵੇ ਕਿ ਉਸਨੇ ਆਪਣੇ ਆਪੇ ਦੀ ਪਛਾਣ ਕਰਨੀ। ਆਪਣੀ ਕਮੀਆਂ, ਕਮੀਨਗੀਆਂ ਤੇ ਕੁਤਾਹੀਆਂ ਨੂੰ ਚਿਤਾਰਨਾ। ਆਪਣੇ ਕੋਹਜਾਂ, ਕਪਟਾਂ ਤੇ ਕਰਤੂਤਾਂ 'ਤੇ ਉਂਗਲ ਧਰਨੀ। ਅੰਤਰੀਵ ਵਿਚ ਪਨਪੇ ਝੂਠ, ਫਰੇਬ, ਠੱਗੀ, ਈਰਖਾ, ਘ੍ਰਿਣਾ ਅਤੇ ਨਫ਼ਰਤ ਦਾ ਪਤਾ ਲਗਾਉਣਾ। ਇਹ ਵੀ ਅਹਿਸਾਸ ਕਰਨਾ ਕਿ ਕਾਲਖੀ ਪਰਤਾਂ ਵਿਚ ਜਿਊਂਦਿਆਂ, ਉਸਦਾ ਅੰਦਰਲਾ ਮਨੁੱਖ ਚਾਨਣ ਨੂੰ ਤਰਸਦਾ। ਤਾਂ ਹੀ ਰੌਸ਼ਨੀ ਦੀ ਕਾਤਰ ਭਾਲਣ ਦੇ ਮਾਰਗ 'ਤੇ ਤੁਰਨ ਦੀ ਚਾਹਨਾ ਉਸਦੇ ਮਨ ਵਿਚ ਪੈਦਾ ਹੋਵੇਗੀ। ਜਦ ਕੋਈ ਆਪਣੇ ਅੰਦਰ ਝਾਤੀ ਮਾਰ ਕੇ ਆਪਣੇ ਅੰਤਰੀਵ ਨੂੰ ਪੂਰਨ ਰੂਪ ਵਿਚ ਪਛਾਣ ਲੈਂਦਾ, ਹਨੇਰੇ ਖੂੰਝਿਆਂ ਦੀ ਨਿਸ਼ਾਨਦੇਹੀ ਕਰ ਲੈਂਦਾ ਤਾਂ ਇਹ ਮਨੁੱਖ ਦੀ ਬਾਹਰ ਤੋਂ ਅੰਦਰ ਨੂੰ ਕੀਤੀ ਯਾਤਰਾ ਦਾ ਸੱਭ ਤੋਂ ਸਫ਼ਲ ਸਫ਼ਰ ਹੁੰਦਾ। ਬਹੁਤ ਘੱਟ ਲੋਕ ਇਸ ਯਾਤਰਾ ਤੇ ਤੁੱਰਨ ਦਾ ਹੌਂਸਲਾ ਕਰਦੇ ਕਿਉਂਕਿ ਬੰਦੇ ਦੀ ਫਿਤਰਤ ਹੈ ਕਿ ਉਹ ਪਰਦਾਦਾਰੀ ਕਰਕੇ ਆਪਣਾ ਉਹ ਰੂਪ ਨਹੀਂ ਦਿਖਾਉਣਾ ਚਾਹੁੰਦਾ ਜਿਹੜਾ ਉਸਦਾ ਸੱਚ ਹੁੰਦਾ।

ਜਦ ਬੰਦੇ ਨੂੰ ਖੁਦ ਦਾ ਗਿਆਨ ਹੋ ਜਾਵੇ। ਉਹ ਆਪਣੇ ਆਪ ਦੇ ਰੂਬਰੂ ਹੋ, ਖੁਦ ਸ਼ਰਮਿੰਦਾ ਨਾ ਹੋਵੇ ਤਾਂ ਉਸਦੀ ਰੂਹ ਪਾਕੀਜ਼ ਹੋ ਜਾਂਦੀ, ਚਾਨਣ 'ਚ ਦੁੱਧ ਚਿੱਟੀ ਹੋ ਜਾਂਦੀ। ਇਹੀ ਚਾਨਣ ਫਿਰ ਅੰਦਰ ਤੋਂ ਬਾਹਰ ਦੇ ਸਫ਼ਰ 'ਤੇ ਨਿਕਲਦਾ ਤਾਂ ਚਾਨਣ ਨਾਲ ਧੋਤੀਆਂ ਜਾਂਦੀਆਂ ਰਾਹਾਂ, ਫ਼ਿਜ਼ਾਵਾਂ ਅਤੇ ਥਾਵਾਂ। ਚਾਨਣ ਦਾ ਵਣਜਾਰਾ ਚਾਨਣ ਵੰਡਦਾ, ਹਰ ਗਲੀ ਨੁੱਕਰ ਜਾਂ ਵਿਹੜੇ ਵਿਚ ਧੁੱਪਾਂ ਦਾਨ ਦਿੰਦਾ। ਹਰੇਕ ਦੀਆਂ ਰਾਹਾਂ ਰੁੱਸ਼ਨਾਉਂਦਾ ਤਾਂ ਕਿ ਹਰ ਕੋਈ ਨਵੀਆਂ ਅਤੇ ਨਿਵੇਕਲੀਆਂ ਪੈੜਾਂ ਵਾਲਾ ਰਾਹਗੀਰ ਬਣ ਜਾਵੇ।

ਚਾਨਣ 'ਚ ਰੱਤੇ ਫ਼ਕੀਰ ਦਾ ਇਹੀ ਕਰਮ ਹੁੰਦਾ ਕਿ ਉਹ ਬਹਿਰੇ ਕੰਨਾਂ, ਗੁੰਗੇ ਬੋਲਾਂ ਅਤੇ ਅੱਖਾਂ ਹੁੰਦਿਆਂ ਨੇਤਰਹੀਣ ਬਣਿਆਂ ਦੀਆਂ ਝੋਲੀਆਂ ਨੂੰ ਆਪਣੀਆਂ ਨਿਆਮਤਾਂ ਨਾਲ ਨਿਵਾਜਦਾ, ਜੀਵਨ ਨੂੰ ਜਿਊਣ-ਜੋਗਾ ਕਰ ਜਾਂਦਾ।

ਜੋ ਵੀ ਸਖ਼ਸ਼ ਜ਼ਿੰਦਗੀ ਦੀਆਂ ਇਨ੍ਹਾਂ ਦੋਵੇਂ ਰਾਹਾਂ ਦਾ ਰਾਹੀ ਬਣ ਕੇ ਇਨ੍ਹਾਂ ਨੂੰ ਆਪਣੀਆਂ ਸੁਖਨਵਰ ਪੈੜਾਂ ਨਾਲ ਨਿਵਾਜਦਾ ਅਤੇ ਆਪਣੇ ਨਕਸ਼ ਉਕਰਦਾ, ਉਹ ਰੌਸ਼ਨ ਚਿਰਾਗ ਬਣ ਕੇ ਸਮਾਜ, ਪਰਿਵਾਰ ਅਤੇ ਕੁਦਰਤ ਦਾ ਸੱਭ ਤੋਂ ਲਾਡਲਾ ਅਤੇ ਅਨਮੋਲ ਪੁੱਤ ਬਣਦਾ। ਸਭ ਦੀ ਖਿਦਮਤ ਨਾਲ ਸਰਬੱਤ ਦੇ ਭਲੇ ਦਾ ਗੁਣਗਾਣ ਆਪਣੇ ਹੋਠਾਂ ਦੇ ਨਾਮ ਲਾਉਂਦਾ ਅਤੇ ਜੀਵਨ ਯਾਤਰਾ ਨੂੰ ਸਫ਼ਲਾ ਬਣਾਉਂਦਾ।

ਕਦੇ ਖੁਦ ਦੀ ਤਲਾਸ਼ ਵਿਚ ਨਿਕਲਿਆ ਕਰ, ਮਨਾਂ ਐਵੇਂ ਕਾਹਤੋਂ ਉਦਾਸ ਏਂ।

ਤੂੰ 'ਕੇਰਾਂ ਚੱਲ ਤਾਂ ਸਹੀ ਵਕਤ ਨੂੰ ਵੀ ਤੇਰੇ ਵਰਗਿਆ ਤੋਂ ਹੀ ਕੁਝ ਆਸ ਏ।

# ਪੱਥਰ ਚੱਟ ਕੇ ਪਰਤੀ ਮੱਛੀ

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

ਕਨੇਡਾ ਪੜ੍ਹਨ ਆਏ ਦੀ ਇੱਕ ਨਾਲ ਕੰਮ ਕਰਦੀ ਗੋਰੀ ਨਾਲ ਨੇੜਤਾ ਵਧ ਗਈ ਤੇ ਨਾਲ ਹੀ ਡਰੱਗਾਂ ਸਮੈਕਾਂ ਦਾ ਨਾ ਮੁੱਕਣ ਵਾਲਾ ਦੌਰ ਸ਼ੁਰੂ ਹੋ ਗਿਆ...ਕੁਝ ਮਹੀਨਿਆਂ ਵਿਚ ਹੀ ਐਨਾ ਬੁਰਾ ਹਾਲ ਹੋ ਗਿਆ ਕਿ ਅਕਸਰ ਹੀ ਨਾਲਦਿਆਂ ਨੂੰ ਆਖਿਆ ਕਰਦਾ ਕਿ ਮਰਨ ਨੂੰ ਜੀ ਕਰਦਾ ਏ!

ਜ਼ਿਕਰਯੋਗ ਹੈ ਕਿ ਮਾਂ ਬਾਪ ਨਿੱਕੇ ਹੁੰਦਿਆਂ ਹੀ ਤੁਰ ਗਏ ਸਨ ਤੇ ਉਸਨੂੰ ਦਾਦੇ ਨੇ ਹੀ ਨਿੱਕੇ ਹੁੰਦਿਆਂ ਤੋਂ ਪਾਲਿਆ ਸੀ....ਕਨੇਡਾ ਵੀ ਦਾਦੇ ਨਾਲ ਲੜ ਝਗੜ ਕੇ ਜ਼ਿਦ ਕਰ ਕੇ ਹੀ ਆਇਆ ਸੀ! ਖ਼ੈਰ ਕਿਸੇ ਤਰ੍ਹਾਂ ਇਨ੍ਹਾਂ ਹਾਲਾਤਾਂ ਦੀ ਖ਼ਬਰ ਦਾਦੇ ਤੱਕ ਜਾ ਅੱਪੜੀ।

ਅੱਗੋਂ ਬੇਬਸ ਬਜ਼ੁਰਗ ਆਖਣ ਲੱਗਾ ਕਿ ਪੁੱਤ ਨਾ ਤੇ ਹੁਣ ਮੇਰੀਆਂ ਬਾਹਵਾਂ ਵਿਚ ਏਨਾ ਜ਼ੋਰ ਰਿਹਾ ਏ ਤੇ ਨਾ ਹੀ ਵਜੂਦ ਵਿਚ ਏਨੀ ਤਾਕਤ ਕਿ ਕੋਈ ਐਸਾ ਵੈਸਾ ਧੱਕਾ ਬਰਦਾਸ਼ਤ ਕਰ ਸਕਾਂ ਪਰ ਏਨਾ ਜ਼ਰੂਰ ਆਖਦਾ ਹਾਂ ਕਿ ਉਸ ਗੋਰੀ ਦਾ ਪਿੱਛਾ ਛੱਡ ਦੇ....!

ਅੱਗੋਂ ਆਖਣ ਲੱਗਾ ਕਿ ਮੈਥੋਂ ਨਹੀਂ ਛੱਡਿਆ ਜਾਂਦਾ ਇਹ ਸਭ ਕੁਝ...ਬੜਾ ਬੇਬਸ ਤੇ ਨਕਾਰਾ ਕਰ ਛੱਡਿਆ ਏ ਮੈਨੂੰ ਉਸ ਨੇ...ਜਦੋਂ ਵੀ ਸ਼ਾਮ ਪੈਂਦੀ ਏ ਤਾਂ ਪਤਾ ਨੀ ਦਿਮਾਗ 'ਤੇ ਕਿਹੜੀ ਸ਼ੈਅ ਭਾਰੂ ਹੋ ਜਾਂਦੀ ਕਿ ਮੇਰੀ ਕਾਰ ਮਲੋ-ਮੱਲੀ ਉਸਦੇ ਅਪਾਰਟਮੈਂਟ ਅੱਗੇ ਜਾ ਖਲੋਂਦੀ ਏ ਤੇ ਬਸ ਇੱਕ ਚਾਬੀ ਵਾਲਾ ਖਿਡੌਣਾ ਬਣ ਕੇ ਰਹਿ ਜਾਂਦਾ ਹਾਂ...!

ਦਾਦਾ ਆਖਣ ਲੱਗਾ, 'ਪੁੱਤ ਇਸ ਅਲਾਮਤ ਦਾ ਇੱਕ ਕਾਰਗਰ ਇਲਾਜ ਤੇ ਹੈ ਪਰ ਮਨ ਨੂੰ ਕਰੜਾ ਕਰ ਮੰਨਣਾ ਪੈਣਾ ਏ...'। ਅੱਗੋਂ ਕਹਿੰਦਾ ਦਾਰ ਜੀ ਜੋ ਆਖੋਗੇ ਮੰਨਾਂਗਾ ਪਰ ਮੈਨੂੰ ਬੱਸ ਇਸ ਚਿੱਕੜ 'ਚੋਂ ਬਾਹਰ ਕੱਢੋ ਕਿਸੇ ਤਰ੍ਹਾਂ!

ਦਾਦਾ ਥੋੜ੍ਹੀ ਦੇਰ ਚੁੱਪ ਹੋ ਗਿਆ ਤੇ ਫੇਰ ਆਖਣ ਲੱਗਾ ਕਿ ਪੁੱਤ ਇੰਝ ਕਰਿਆ ਕਰ ਕੇ ਜਦੋਂ ਮਨ ਵਿਚ ਕੋਈ ਐਸਾ ਵੈਸਾ ਲੋਰ ਭਾਰੂ ਹੋਣ ਲੱਗੇ ਤਾਂ ਓਸੇ ਵੇਲੇ ਮਨ ਕਰੜਾ ਕਰ ਆਪਣੀ ਕਾਰ ਗੁਰਦੁਆਰੇ ਵਾਲੇ ਪਾਸੇ ਨੂੰ ਮੋੜ ਲਿਆ ਕਰ ਤੇ ਅੱਖਾਂ ਬੰਦ ਕਰ ਉਨੀ ਦੇਰ ਤੱਕ ਗੁਰੂ ਦੀ ਹਜ਼ੂਰੀ ਵਿਚ ਬੈਠਾ ਰਿਹਾ ਕਰ ਜਿੰਨੀ ਦੇਰ ਤੱਕ ਮਨ ਵਿਚ ਉਠਦੇ ਕਈ ਤਰ੍ਹਾਂ ਦੇ ਵਲਵਲੇ ਤੇ ਜਵਾਰਭਾਟੇ ਪੂਰੀ ਤਰ੍ਹਾਂ ਸ਼ਾਂਤ ਨਹੀਂ ਹੋ ਜਾਂਦੇ...ਬਾਕੀ ਦਰਬਾਰ ਸਾਬ ਤੱਕ ਜਾਣ ਜੋਗਾ ਤੇ ਮੈਂ ਹੈਗਾਂ ਅਜੇ...ਨਿੱਤ ਅਰਦਾਸ ਕਰਿਆ ਕਰੂੰ ਆਪਣੇ ਪੁੱਤ ਦੀ....ਗੁਰੂ ਭਲੀ ਕਰੇਗਾ!

ਦਾਦੇ ਦੀ ਕਹੀ ਖਾਨੇ ਪੈ ਗਈ ਤੇ ਮੁੰਡਾ ਦਿਨਾਂ ਵਿਚ ਹੀ ਮੁੜ ਲੀਹਾਂ 'ਤੇ ਆ ਗਿਆ।

ਸੋ, ਕਈ ਵਾਰ ਇੰਝ ਦੀਆਂ ਕਰਾਮਾਤਾਂ ਸੱਤ ਸਮੁੰਦਰ ਪਾਰ ਵੀ ਹੋ ਜਾਂਦੀਆਂ ਬਸ਼ਰਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ 'ਤੇ ਸੱਚੇ ਮਨ ਨਾਲ ਟੇਕ ਰੱਖੀ ਜਾਵੇ...ਇੱਕ ਗੱਲ ਹੋਰ....ਇਥੇ ਇਨ੍ਹਾਂ ਮੁਲਖਾਂ ਵਿਚ ਬਹੁਤੀਆਂ ਮੱਛੀਆਂ ਪੱਥਰ ਚੱਟ ਕੇ ਹੀ ਵਾਪਿਸ ਮੁੜਦੀਆਂ ਹਨ!

# 'ਸੂਚਨਾ-ਜਾਲਾਂ ਦਾ ਸੰਖੇਪ ਇਤਿਹਾਸ'

ਅੱਜ ਦੇ ਪ੍ਰਸਿੱਧ ਇਤਿਹਾਸਕਾਰ-ਫਿਲਾਸਫਰ ਯੁਵਾਲ ਨੋਆ ਹਰਾਰੀ ਵਲੋਂ ਲਿਖੀ ਅਤੇ 2024 ਵਿਚ ਛਪੀ ਕਿਤਾਬ 'ਨੈਕਸਜ' (Nexus), ਸੰਸਾਰ ਦੀਆਂ 'ਬੈਸਟ ਸੈਲਰਜ' ਵਿਚੋਂ ਵੀ ਚੋਟੀ ਦੀ ਕਿਤਾਬ ਹੈ। ਇਹ ਪੱਥਰ ਯੁਗ ਤੋਂ ਲੈ ਕੇ, ਅੱਜ ਦੀ ਏ.ਆਈ ਤੱਕ ਦੇ ਸੂਚਨਾ-ਜਾਲਾਂ (ਇਨਫਾਰਮੇਸ਼ਨ ਨੈਟ-ਵਰਕਸ) ਦਾ ਸੰਖੇਪ ਇਤਿਹਾਸ ਹੈ। ਸੂਚਨਾ-ਜਾਲ ਤੋਂ ਭਾਵ ਹੈ ਸੂਚਨਾ (ਜਾਣਕਾਰੀ) ਦੇ ਸੰਚਾਰ ਜਾਂ ਪ੍ਰਸਾਰ ਦਾ ਸਿਸਟਮ, ਤਾਣਾ-ਬਾਣਾ। ਪੱਥਰ-ਯੁਗ ਤੋਂ ਸ਼ੁਰੂ ਹੋ ਕੇ ਸਮੇਂ-ਸਮੇਂ, ਸਥਾਨਕ ਲੋੜਾਂ ਅਤੇ ਹਾਲਾਤਾਂ ਅਨੁਸਾਰ, ਸੂਚਨਾ-ਪ੍ਰਸਾਰ ਦੇ ਅਨੇਕਾਂ ਸਿਸਟਮ ਵਿਕਸਿਤ ਹੋਏ ਹਨ- ਉਦਾਹਰਨ ਵਜੋਂ, ਅਵਾਜ਼ਾਂ ਰਾਹੀਂ, ਪੈਦਲ ਅਤੇ ਘੋੜ-ਸਵਾਰਾਂ ਰਾਹੀਂ, ਕਬੂਤਰਾਂ ਰਾਹੀਂ। ਢਾਈ ਹਜ਼ਾਰ ਸਾਲ ਪਹਿਲਾਂ ਦੌੜਾਕ ਫਾਈਡਿਪੀਡੀਜ਼ ਨੇ, ਮੈਰਾਥਨ ਦੇ ਯੁੱਧ ਦੀ ਜਿੱਤ ਦੀ ਸੂਚਨਾ, ਯੂਨਾਨ ਦੀ ਰਾਜਧਾਨੀ

**ਇੰਜ. ਈਸ਼ਰ ਸਿੰਘ**
**ਫੋਨ: 647 640 2014**

ਐਥਨਜ਼ ਤੱਕ ਦੌੜ ਕੇ ਹੀ ਪਹੁੰਚਾਈ ਸੀ। ਡਾਕ-ਤਾਰ ਵਿਭਾਗ, ਟੈਲੀਫ਼ੋਨ, ਰੇਡੀਓ, ਇੰਟਰਨੈੱਟ ਆਦਿ ਮਾਡਰਨ ਯੁਗ ਦੇ ਸੂਚਨਾ-ਜਾਲਾਂ ਦੀਆਂ ਉਦਾਹਰਨਾਂ ਹਨ।

ਸੂਚਨਾ ਦੇ ਅਣਗਿਣਤ ਪ੍ਰਸਾਰ-ਸਾਧਨ ਹਨ ਅਤੇ ਇਹ ਇਕੱਲਾ ਲਿਖਤਾਂ ਜਾਂ ਬੋਲੀਆਂ ਰਾਹੀਂ ਹੀ ਨਹੀਂ ਹੁੰਦਾ। ਕਿਸੇ ਚੌਕ 'ਚ ਲੱਗੀਆਂ ਲਾਲ-ਹਰੀਆਂ ਲਾਈਟਾਂ ਵੀ ਕਿਸੇ ਸੂਚਨਾ-ਜਾਲ ਦਾ ਹਿੱਸਾ ਹਨ। ਛੋਟੇ ਬੱਚੇ ਦਾ ਰੋਣਾ ਮਾਂ ਲਈ ਸੂਚਨਾ ਹੈ ਅਤੇ ਮਾਂ ਦੀ ਤੱਕਣੀ ਵਿਚ ਬੱਚੇ ਲਈ ਸੂਚਨਾ ਹੈ। ਸੂਚਨਾ-ਜਾਲਾਂ ਨੇ ਤਕਨਾਲੋਜੀ, ਸਮਾਜਿਕ ਢਾਂਚਿਆਂ, ਰਾਜਨੀਤਕ ਪ੍ਰਣਾਲੀਆਂ, ਅਰਥ-ਵਿਵਸਥਾਵਾਂ ਅਤੇ ਸਭਿਆਚਾਰਾਂ ਦੇ ਵਿਕਾਸ ਅਤੇ ਬਦਲਾਓ ਵਿਚ ਅਹਿਮ ਭੂਮਿਕਾ ਨਿਭਾਈ ਹੈ। ਅਰਥਾਤ ਇਨ੍ਹਾਂ ਨੇ ਸੰਸਾਰ ਦੇ ਹੋਰ 'ਨੈਟ-ਵਰਕਸ' 'ਤੇ ਬਹੁਤ ਡੂੰਘਾ ਅਸਰ ਪਾਇਆ ਹੈ। ਇਤਿਹਾਸ ਗਵਾਹ ਹੈ ਕਿ ਸੂਚਨਾ-ਪ੍ਰਸਾਰ ਦੀ ਹਰ ਵੱਡੀ ਕਾਢ ਤੋਂ ਬਾਅਦ, ਸੰਸਾਰ ਵਿਚ ਅਭੂਤ-ਪੂਰਬ ਤਬਦੀਲੀਆਂ ਹੁੰਦੀਆਂ ਰਹੀਆਂ ਹਨ। ਇੱਥੋਂ ਤੱਕ ਕਿ ਕ੍ਰਾਂਤੀਆਂ ਵੀ ਹੁੰਦੀਆਂ ਰਹੀਆਂ ਹਨ। ਹੁਣ ਤੱਕ ਅਸੀਂ ਆਪਣੇ ਇਤਿਹਾਸ ਨੂੰ ਰਾਜਨੀਤਕ, ਆਰਥਿਕ, ਸਮਾਜਿਕ ਅਤੇ ਧਾਰਮਿਕ ਪਰਿਪੇਖਾਂ ਅਨੁਸਾਰ ਲਿਖਿਆ-ਪੜ੍ਹਿਆ ਹੈ ਪਰ ਹੁਣ ਇਸ ਨੂੰ, ਇਸ ਤਰ੍ਹਾਂ ਦੇ ਅਹਿਮ ਪਰ ਅਣਗੌਲੇ ਪੱਖਾਂ ਤੋਂ ਵੀ ਵਿਚਾਰਿਆ ਜਾਣ ਲੱਗਾ ਹੈ।

ਸੂਚਨਾ ਦਾ ਅਸਲੀਅਤ ਅਤੇ ਸੱਚ ਨਾਲ ਬਹੁਤਾ ਸੰਬੰਧ ਨਹੀਂ। ਮਨੁੱਖ ਵਲੋਂ ਇਸ ਦੀ ਵਰਤੋਂ ਕਹਾਣੀਆਂ, ਮਿੱਥ, ਸੰਕਲਪ, ਵਿਸ਼ਵਾਸ ਅਤੇ ਬਿਰਤਾਂਤ ਸਿਰਜਣ ਅਤੇ ਝੂਠ ਬੋਲਣ ਵਿਚ ਵੀ ਬਹੁਤ ਹੁੰਦੀ ਸੀ ਅਤੇ ਹੈ। ਇਨ੍ਹਾਂ ਕਹਾਣੀਆਂ, ਮਿੱਥਾਂ, ਬਿਰਤਾਂਤਾਂ ਅਤੇ ਸੰਕਲਪਾਂ ਆਦਿ ਨੇ ਹੀ ਮਨੁੱਖ ਨੂੰ ਵਿਸ਼ਾਲ ਸਮੂਹ ਬਣਾ ਕੇ ਇਕੱਠੇ ਰਹਿਣ ਅਤੇ ਰਲ ਕੇ ਕੰਮ ਕਰਨਾ ਸਿਖਾਇਆ। ਇਸ ਸਮਰੱਥਾ ਨੇ ਹੀ ਉਸ ਨੂੰ ਬਾਕੀ ਸਾਰੇ ਜੀਵਾਂ ਨਾਲੋਂ ਸ਼ਕਤੀਸ਼ਾਲੀ ਬਣਾਇਆ। ਹੋਰ ਜੀਵ ਇਸ ਤਰ੍ਹਾਂ ਨਹੀਂ ਕਰ ਸਕਦੇ ਭਾਵੇਂ ਕਿ ਬੋਲੀਆਂ ਉਨ੍ਹਾਂ ਦੀਆਂ ਵੀ ਹਨ। ਇਨ੍ਹਾਂ ਗੁਣਾਂ (ਔਗੁਣਾਂ) ਨੇ ਸਾਨੂੰ ਛੋਟੇ-ਛੋਟੇ ਸਮੂਹਾਂ ਨੂੰ ਇਕੱਠੇ ਕਰ ਕੇ, ਵੱਡੇ ਸਮਾਜ ਬਣਾਉਣ ਦੀ ਸਮਰੱਥਾ ਦਿੱਤੀ। ਇਨ੍ਹਾਂ ਅਦਿੱਖ ਤਾਣਿਆਂ-ਬਾਣਿਆਂ ਨੇ ਮਨੁੱਖ ਨੂੰ ਇੱਕ-ਦੂਜੇ ਨਾਲ ਇਸ ਤਰ੍ਹਾਂ ਜੋੜ ਦਿੱਤਾ ਕਿ ਓਹ ਇਕੱਲੇ ਖ਼ੂਨ ਦੇ ਰਿਸ਼ਤੇ ਨਾਲ ਹੀ ਨਹੀਂ, ਬਲਕਿ ਸਾਂਝੀਆਂ ਕਹਾਣੀਆਂ, ਸਾਂਝੇ ਮਿੱਥਾਂ ਅਤੇ ਬਿਰਤਾਂਤਾਂ ਦੇ ਰਿਸ਼ਤਿਆਂ ਰਾਹੀਂ ਵੀ ਜੁੜੇ ਹੋਏ ਸਨ। ਭਾਵ ਇਹ ਕਿ ਸੂਚਨਾ (ਜਾਣਕਾਰੀ) ਦੇ ਸ਼ੁਰੂਆਤੀ ਨੈਟ-ਵਰਕ ਕਹਾਣੀਆਂ ਅਤੇ ਵਿਸ਼ਵਾਸਾਂ 'ਤੇ ਆਧਾਰਿਤ ਸਨ। ਡਾ. ਹਰਾਰੀ ਇਹ ਗੱਲ ਜ਼ੋਰ ਦੇ ਕੇ ਕਹਿੰਦੇ ਹਨ ਕਿ ਸਾਨੂੰ ਜੋੜਨ ਲਈ ਅਸਲੀਅਤ ਅਤੇ ਸੱਚ ਦੀ ਓਨੀ ਭੂਮਿਕਾ ਨਹੀਂ, ਜਿੰਨੀ ਕਿ ਕਥਾ-ਕਹਾਣੀਆਂ, ਬਿਰਤਾਂਤਾਂ, ਸੰਕਲਪਾਂ ਅਤੇ ਵਿਸ਼ਵਾਸਾਂ ਦੀ ਹੈ। ਭਾਵ ਸੂਚਨਾ ਦਾ ਅਸਲੀਅਤ ਅਤੇ ਸੱਚ ਨਾਲ ਬਹੁਤਾ ਸੰਬੰਧ ਨਹੀਂ, ਜੇ ਹੁੰਦਾ ਤਾਂ ਅੱਜ ਦੀ ਸੂਚਨਾ-ਭਰਪੂਰ ਦੁਨੀਆ 'ਚ, ਸੱਚ ਦਾ ਹੀ ਬੋਲ-ਬਾਲਾ ਹੋਣਾ ਸੀ। ਇਹ ਤੱਥ ਇੱਕ ਗੁੰਝਲਦਾਰ ਬੁਝਾਰਤ ਹੈ ਕਿ ਸੱਚ ਸਾਨੂੰ ਆਪਸ 'ਚ ਜੋੜਨ ਦੀ ਓਨੀ ਸਮਰੱਥਾ ਨਹੀਂ ਰਖਦਾ, ਜਿੰਨਾ ਕਿ ਅਸੀਂ ਸਮਝੀ ਬੈਠੇ ਹਾਂ।

Information is n't truth.——and information networks throughout history have often privileged order over truth (p-400). 'Nexus' By Harari

ਵਿਚਾਰ ਦੀ ਗੱਲ ਹੈ ਕਿ ਜੇ ਇਤਿਹਾਸ ਵਿਚ ਇਹ ਸਭ ਕੁਝ ਹੁੰਦਾ ਰਿਹਾ ਹੈ ਤਾਂ ਅੱਜ ਦੇ ਯੁਗ ਵਿਚ ਡਿਜ਼ੀਟਲ ਡੈਟਾ, ਇੰਟਰਨੈੱਟ, ਸੋਸ਼ਲ ਮੀਡੀਆ ਅਤੇ ਏ.ਆਈ ਦੇ ਸੂਚਨਾ-ਜਾਲਾਂ ਦਾ ਮਨੁੱਖ ਦੇ ਵਰਤਮਾਨ ਅਤੇ ਭਵਿੱਖ 'ਤੇ ਕੀ ਅਸਰ ਪਵੇਗਾ? ਡਾ. ਹਰਾਰੀ ਵਲੋਂ ਇਸ ਵਿਸ਼ੇ ਤੇ ਕਿਤਾਬ ਲਿਖਣਾ ਅਤੇ ਉਸ ਕਿਤਾਬ ਦਾ ਫ਼ੌਰੀ ਤੌਰ 'ਤੇ ਬੈਸਟ-ਸੈਲਰ ਬਣ ਜਾਣਾ, ਇਸ ਵਿਸ਼ੇ ਦੀ ਮਹੱਤਤਾ ਦਰਸਾਉਂਦੇ ਹਨ। ਉਨ੍ਹਾਂ ਦੀ ਕਿਤਾਬ ਦਾ ਮੰਤਵ ਹੀ ਸੰਸਾਰ ਨੂੰ ਇਸ ਸੰਬੰਧੀ ਜਾਗਰੂਕ ਕਰਨਾ ਹੈ। ਉਨ੍ਹਾਂ ਵਲੋਂ ਇਸ ਵਿਚ ਚਿਤਾਵਨੀਆਂ ਦਿੱਤੀਆਂ ਗਈਆਂ ਹਨ ਕਿ ਏ.ਆਈ ਦੀ ਅੰਧਾ-ਧੁੰਦ ਵਰਤੋਂ ਦੇ ਕੀ-ਕੀ ਮੰਦੇ ਪਰਭਾਵ ਪੈਣ ਦੇ ਆਸਾਰ ਹਨ ਅਤੇ ਇਨ੍ਹਾਂ ਤੋਂ ਬਚਣ ਲਈ ਕੀ-ਕੀ ਸਾਵਧਾਨੀਆਂ ਜ਼ਰੂਰੀ ਹਨ। ਡਾ. ਹਰਾਰੀ ਦੀਆਂ ਨਸੀਹਤਾਂ ਦੀ ਅਹਿਮੀਅਤ ਸਮਝਣ ਲਈ ਇਤਿਹਾਸ ਦੇ ਮੁੱਖ ਸੂਚਨਾ-ਜਾਲਾਂ (ਇਨਫਾਰਮੇਸ਼ਨ ਨੈਟ-ਵਰਕਸ) 'ਤੇ ਵਿਚਾਰ ਕਰਦੇ ਹਾਂ। ਇਨ੍ਹਾਂ ਨੂੰ ਪੰਜ ਇਤਿਹਾਸਕ ਯੁਗਾਂ ਅਨੁਸਾਰ ਵੰਡਿਆ ਗਿਆ ਹੈ:

**1. ਪੱਥਰ ਯੁੱਗ- ਸੂਚਨਾ ਦਾ ਮੂੰਹੋ-ਮੂੰਹੀ ਪ੍ਰਸਾਰ**

ਭਾਵੇਂ ਮਨੁੱਖ ਸ੍ਰਿਸ਼ਟੀ ਦਾ ਸਭ ਤੋਂ ਤਾਕਤਵਰ ਪ੍ਰਾਣੀ ਨਹੀਂ, ਪਰ ਭਾਸ਼ਾ ਅਤੇ ਬੋਲੀ ਨੇ ਉਸ ਨੂੰ ਇਸ ਦਾ ਮਾਲਕ ਬਣਾ ਦਿੱਤਾ ਹੈ, ਅਤੇ ਇਹੀ ਸਾਡੀ ਸੂਚਨਾ (ਜਾਣਕਾਰੀ) ਦੇ ਪ੍ਰਸਾਰ ਦਾ ਮੁੱਖ ਆਧਾਰ ਬਣੀ ਹੈ। ਸਪਸ਼ਟ ਹੈ ਕਿ ਸੂਚਨਾ, ਗਿਆਨ ਅਤੇ ਸ਼ਕਤੀ ਦਾ ਮੁੱਖ ਸਾਧਨ ਸੀ ਅਤੇ ਹੈ। ਸਾਧਨ ਇਹ ਸਿਆਣਪ ਦਾ ਵੀ ਹੈ, ਪਰ ਮਨੁੱਖ ਇਸ ਕੰਮ ਲਈ ਇਸ ਦੀ ਬਹੁਤੀ ਵਰਤੋਂ ਨਹੀਂ ਕਰਦਾ। ਇਸ ਲਈ ਸੰਸਾਰ 'ਚ ਸਿਆਣਪ ਦੀ ਆਦਿ-ਕਾਲ ਤੋਂ ਹੀ ਘਾਟ ਰਹੀ ਹੈ। ਸ਼ੁਰੂ ਵਿਚ ਸੂਚਨਾ-ਪ੍ਰਸਾਰ ਦਾ ਕੰਮ ਮੂੰਹੋ-ਮੂੰਹੀ ਸੀ ਜੋ ਮਨੁੱਖ ਦੀ ਬੋਲਣ ਸਮਰੱਥਾ ਅਤੇ ਯਾਦ-ਸ਼ਕਤੀ 'ਤੇ ਨਿਰਭਰ ਸੀ। ਪਰ ਇਸ ਨੈਟ-ਵਰਕ ਦੀ ਇੱਕ ਹੱਦ ਸੀ ਕਿਉਂਕਿ ਇਹ ਮਨੁੱਖੀ ਯਾਦ-ਸ਼ਕਤੀ 'ਤੇ ਨਿਰਭਰ ਸੀ। ਜਦੋਂ ਹਜ਼ਾਰਾਂ ਤੋਂ ਵੱਧ ਕੇ ਲੱਖਾਂ ਲੋਕਾਂ ਦਾ ਸਮਾਜ ਬਣਾਉਣ ਦੀ ਗੱਲ ਆਈ, ਤਾਂ ਸਿਰਫ ਯਾਦ-ਸ਼ਕਤੀ 'ਤੇ ਭਰੋਸਾ ਕਰਨਾ ਸਫਲ ਨਹੀਂ ਹੋ ਸਕਿਆ। ਇਨਸਾਨੀ ਦਿਮਾਗ, ਇੰਨਾ 'ਡੈਟਾ' ਅਤੇ ਇੰਨੀ ਜਾਣਕਾਰੀ/ਸੂਚਨਾ ਯਾਦ ਨਹੀਂ ਸੀ ਰੱਖ ਸਕਦਾ। ਮਨੁੱਖਤਾ ਇੱਕ ਐਸੇ ਮੋੜ 'ਤੇ ਪਹੁੰਚ ਗਈ ਸੀ ਜਿੱਥੇ ਉਸਨੂੰ ਵਿਸ਼ਾਲ ਸਾਮਰਾਜ ਅਤੇ ਵੱਡੇ-ਵੱਡੇ ਸ਼ਹਿਰ ਬਣਾਉਣ ਲਈ ਸੂਚਨਾ-ਪ੍ਰਸਾਰ ਦੇ ਨਵੇਂ ਅਤੇ ਵੱਧ ਭਰੋਸੇ-ਮੰਦ ਤਾਣੇ-ਬਾਣੇ ਦੀ ਜ਼ਰੂਰਤ ਸੀ।

**2. ਲਿਖਤ ਦੀ ਖੋਜ**

ਇਨ੍ਹਾਂ ਹਾਲਾਤਾਂ ਨੇ ਸਾਢੇ ਕੁ ਪੰਜ ਹਜ਼ਾਰ ਸਾਲ ਪਹਿਲਾਂ ਲਿਖਾਈ ਦੀ ਕ੍ਰਾਂਤੀ ਨੂੰ ਜਨਮ ਦਿੱਤਾ। ਇਸ ਨੇ ਜਾਣਕਾਰੀ ਨੂੰ ਭੌਤਿਕ ਰੂਪ ਦਿੱਤਾ, ਜਿਸ ਕਰ ਕੇ ਇਸ ਨੂੰ ਦੇਖਿਆ ਜਾ ਸਕਦਾ ਸੀ, ਛਪਵਾਇਆ ਜਾ ਸਕਦਾ ਸੀ ਅਤੇ ਸਾਲਾਂ-ਸਾਲ ਸੰਭਾਲਿਆ ਜਾ ਸਕਦਾ ਸੀ। ਦੁਨੀਆ ਹੁਣ ਸਿਰਫ ਵਿਅਕਤੀਆਂ ਅਤੇ ਵਸਤੂਆਂ ਦਾ ਸਮੂਹ ਹੀ ਨਹੀਂ ਰਹਿ ਗਈ ਸੀ ਬਲਕਿ ਇਹ ਸਿਲਾ-ਲੇਖਾਂ, ਕਾਗਜ਼ਾਂ, ਫ਼ਾਈਲਾਂ, ਰਜਿਸਟਰਾਂ ਅਤੇ ਨਕਸ਼ਿਆਂ ਦਾ ਇੱਕ ਪ੍ਰਣਾਲੀ-ਬੱਧ ਸਿਸਟਮ ਵੀ ਬਣ ਗਈ ਸੀ। ਇਹ ਸੂਚਨਾ/ਜਾਣਕਾਰੀ ਦਾ ਇੱਕ ਨਵਾਂ ਅਤੇ ਜ਼ਿਆਦਾ ਤਾਕਤਵਰ ਨੈਟ-ਵਰਕ ਸੀ ਜੋ ਕਾਗਜ਼, ਸਿਆਹੀ ਅਤੇ ਅਧਿਕਾਰੀ-ਵਰਗ 'ਤੇ ਨਿਰਭਰ ਸੀ। ਸਪਸ਼ਟ ਹੈ ਕਿ ਲਿਖਾਈ ਕਰ ਕੇ ਹੀ ਰੋਮਨ ਜਾਂ ਮੌਰੀਆ ਵਰਗੇ ਵਿਸ਼ਾਲ ਸਾਮਰਾਜ ਸੰਭਵ ਹੋ ਸਕੇ।

ਲਿਖਾਈ ਕਰਕੇ ਹੀ ਧਾਰਮਿਕ ਫ਼ਲਸਫ਼ਿਆਂ ਨੂੰ ਲਿਖਤੀ ਰੂਪ ਦਿੱਤਾ ਗਿਆ, ਜਿਨ੍ਹਾਂ ਨੇ ਅਣਗਿਣਤ ਲੋਕਾਂ ਨੂੰ ਆਪਸ ਵਿਚ ਜੋੜਿਆ ਹੋਇਆ ਸੀ। ਪਰ ਜਿਨ੍ਹਾਂ ਪਵਿੱਤਰ ਕਿਤਾਬਾਂ ਵਿਚ ਇਹ ਦਰਜ ਸਨ ਅਤੇ ਹੋਰ ਰਾਜਸੀ ਫ਼ਰਮਾਨ ਕੁਝ ਬੰਦਿਆਂ ਕੋਲ ਹੀ ਸਨ ਅਤੇ ਆਮ ਆਦਮੀ ਦੀ ਪਹੁੰਚ ਤੋਂ ਬਹੁਤ ਦੂਰ ਸਨ। ਆਮ ਇਨਸਾਨਾਂ ਨੂੰ ਉਹੀ ਮੰਨਣਾ ਪੈਂਦਾ ਸੀ ਜੋ ਉਸ ਦੇ ਧਰਮ ਦੇ ਲੀਡਰ ਜਾਂ ਰਾਜੇ ਦੇ ਅਧਿਕਾਰੀ ਉਨ੍ਹਾਂ ਨੂੰ ਦਸਦੇ ਸਨ। ਗਿਆਨ ਕੁਝ ਖਾਸ ਗਿਰਜਿਆਂ, ਮਠਾਂ, ਮੰਦਰਾਂ ਅਤੇ ਪੁਸਤਕਾਂ ਵਿਚ ਬੰਦ ਹੋ ਗਿਆ। ਲਿਖਾਈ ਦੀ ਕਲਾ ਨੇ ਜਾਣਕਾਰੀ ਨੂੰ ਅਮਰ ਜ਼ਰੂਰ ਬਣਾ ਦਿੱਤਾ, ਪਰ ਨਾਲ ਹੀ ਇਸ ਨੂੰ ਕੁਝ ਚੋਣਵੇਂ ਲੋਕਾਂ ਦੀ ਇਜਾਰੇ-ਦਾਰੀ ਬਣਾ ਦਿੱਤਾ। ਕਿਸੇ ਕਿਤਾਬ ਦੀ ਨਕਲ ਕਰਨਾ ਬਹੁਤ ਮਹਿੰਗਾ ਅਤੇ ਮਿਹਨਤ ਦਾ ਕੰਮ ਸੀ। ਇਸ ਲਈ ਕਿਤਾਬਾਂ ਬਹੁਤ ਥੋੜੀਆਂ ਅਤੇ ਬਹੁਤ ਮਹਿੰਗੀਆਂ ਸਨ। ਨਾ-ਬਰਾਬਰੀ ਅਤੇ ਸਮਾਜਿਕ ਵਰਗੀਕਰਨ ਪੈਦਾ ਵੀ ਹੋਏ ਅਤੇ ਪੱਕੇ ਵੀ ਹੁੰਦੇ ਗਏ। ਹਜ਼ਾਰਾਂ ਸਾਲ ਜਨ-ਸਧਾਰਨ ਇਹ ਸਭ ਸਹਿੰਦੇ ਰਹੇ ਅਤੇ ਦੁਨੀਆ ਬਹੁਤ ਹੀ ਮੱਠੀ ਚਾਲ ਨਾਲ ਚਲਦੀ ਰਹੀ। ਪਰ ਫਿਰ ਇੱਕ ਮਸ਼ੀਨ ਨੇ ਸਭ ਕੁਝ ਬਦਲ ਦਿੱਤਾ।

**3. ਛਪਾਈ ਦਾ ਖੋਜ**

15ਵੀਂ ਸਦੀ ਵਿਚ ਜਰਮਨੀ ਵਿਚ ਬਣਾਈ guitnbrg ਦੀ ਪ੍ਰਿੰਟਿੰਗ ਪ੍ਰੈਸ ਨੇ ਸੂਚਨਾ/ ਜਾਣਕਾਰੀ ਦੇ ਨੈਟ-ਵਰਕ ਨੂੰ ਹਮੇਸ਼ਾ ਲਈ ਬਦਲ ਦਿੱਤਾ। ਇਹ ਮਸ਼ੀਨ ਇੱਕ ਐਸੀ ਕ੍ਰਾਂਤੀ ਸੀ ਜਿਸ ਨੇ ਜੋ ਗਿਆਨ ਪਹਿਲਾਂ ਗਿਰਜਿਆਂ, ਮਠਾਂ ਅਤੇ ਰਾਜ-ਮਹਿਲਾਂ ਵਿਚ ਕੈਦ ਸੀ, ਉਸ ਨੂੰ ਆਮ ਆਦਮੀ ਤੱਕ ਪਹੁੰਚਾ ਦਿੱਤਾ। ਇਸਦਾ ਸਭ ਤੋਂ ਪਹਿਲਾਂ ਅਤੇ ਸਭ ਤੋਂ ਵੱਧ ਅਸਰ ਧਰਮ 'ਤੇ ਪਿਆ ਪਰ ਇਹ ਪ੍ਰਭਾਵ ਧਰਮ ਤੱਕ ਸੀਮਿਤ ਨਹੀਂ ਰਿਹਾ। ਵਿਗਿਆਨ ਦੀ ਦੁਨੀਆ ਵਿਚ ਵੀ ਕੌਪਰਨਿਕਸ, ਗੈਲਿਲਿਓ, ਨਿਊਟਨ ਵਰਗੇ ਵਿਗਿਆਨੀਆਂ ਦੇ ਵਿਚਾਰ ਹੁਣ ਕਿਤਾਬਾਂ ਦੇ ਰੂਪ ਵਿਚ ਛਪ ਕੇ ਪੂਰੇ ਯੂਰਪ ਦੇ ਵਿਗਿਆਨੀਆਂ ਤੱਕ ਪਹੁੰਚਣ ਲੱਗੇ। ਇਸੇ ਕਾਰਨ ਵਿਗਿਆਨਕ ਕ੍ਰਾਂਤੀ ਸੰਭਵ ਹੋ ਸਕੀ, ਜਿਸ ਨੇ ਸਾਨੂੰ ਬ੍ਰਹਿਮੰਡ ਦੇ ਨਿਯਮਾਂ ਨੂੰ ਸਮਝਣ ਦੀ ਤਾਕਤ ਦਿੱਤੀ।

ਇਸ ਮਸ਼ੀਨ ਨੇ ਧਰਮ ਨੂੰ ਚੁਣੌਤੀ ਦਿੱਤੀ, ਵਿਗਿਆਨ ਨੂੰ ਜਨਮ ਦਿੱਤਾ ਅਤੇ ਰਾਸ਼ਟਰਾਂ ਦਾ ਨਿਰਮਾਣ ਕੀਤਾ। ਜਾਣਕਾਰੀ ਦੇ ਨੈਟ-ਵਰਕ ਨੇ ਹੋਰ ਕ੍ਰਾਂਤੀਆਂ ਨੂੰ ਜਨਮ ਦਿੱਤਾ, ਜਿਵੇਂ ਕਿ: ਅਮਰੀਕੀ ਅਤੇ ਫ਼ਰਾਂਸੀਸੀ ਕ੍ਰਾਂਤੀਆਂ। ਆਜ਼ਾਦੀ, ਬਰਾਬਰੀ, ਭਾਈਚਾਰੇ ਵਰਗੇ ਵਿਚਾਰ ਪੁਸਤਕਾਂ ਰਾਹੀਂ ਹੀ ਫੈਲੇ ਅਤੇ ਇਨ੍ਹਾਂ ਨੇ ਹੀ ਲੋਕਾਂ ਨੂੰ ਰਾਜਾ-ਸ਼ਾਹੀ ਵਿਰੁੱਧ ਲਾਮ-ਬੰਦ ਕੀਤਾ। ਇਸਦੇ ਨਾਲ ਹੀ ਰਾਸ਼ਟਰਵਾਦ ਦੀ ਭਾਵਨਾ ਦਾ ਜਨਮ ਹੋਇਆ। ਪਰ ਕਿਤਾਬਾਂ ਆਦਿ ਦਾ ਲਾਭ ਵੀ ਸਮਾਜ ਦੇ ਉੱਚ ਵਰਗਾਂ ਅਤੇ ਸ਼ਹਿਰਾਂ ਤੱਕ ਹੀ ਸੀਮਤ ਰਿਹਾ। ਨਾਲ ਹੀ ਇਸ ਨਵੇਂ ਨੈਟ-ਵਰਕ ਦੀਆਂ ਹੋਰ ਵੀ ਚੁਣੌਤੀਆਂ ਸਨ। ਹੁਣ ਕੋਈ ਕੁਝ ਵੀ



ਛਾਪ ਸਕਦਾ ਸੀ। ਸੱਚ ਦੇ ਨਾਲ ਨਾਲ ਝੂਠ ਦਾ ਪ੍ਰਚਾਰ ਵੀ ਉਤਨੀ ਹੀ ਤੇਜ਼ੀ ਨਾਲ ਫੈਲਾਇਆ ਜਾ ਸਕਦਾ ਸੀ। ਭਾਵੇਂ ਜਾਣਕਾਰੀ ਹੁਣ ਤੇਜ਼ੀ ਨਾਲ ਫੈਲ ਸਕਦੀ ਸੀ ਪਰ ਹੁਣ ਵੀ ਉਸਨੂੰ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਣ ਵਿਚ ਸਮਾਂ ਲਗਦਾ ਸੀ। (ਉਦਾਹਰਣ ਵਜੋਂ ਰਾਸ਼ਟਰਪਤੀ ਲਿੰਕਨ ਦੀ ਹੱਤਿਆ ਦੀ ਖ਼ਬਰ ਯੂਰਪ ਵਿਚ 12 ਦਿਨਾਂ ਬਾਅਦ ਪਹੁੰਚੀ ਸੀ)। ਇਸ ਸੀਮਾ ਨੂੰ ਖ਼ਤਮ ਕਰਨ ਲਈ ਇੱਕ ਹੋਰ ਮਹੱਤਵਪੂਰਣ ਤਕਨਾਲੋਜੀ ਦੀ ਜ਼ਰੂਰਤ ਸੀ ਜੋ ਜਾਣਕਾਰੀ ਨੂੰ ਤੇਜ਼ ਰਫ਼ਤਾਰ ਦੇ ਸਕੇ।

**4. ਟੈਲੀਗ੍ਰਾਫ, ਟੈਲੀਫ਼ੋਨ, ਰੇਡੀਓ ਤੋਂ ਇੰਟਰਨੈੱਟ**

ਫਿਰ 19ਵੀਂ ਸਦੀ ਵਿਚ ਇਨਸਾਨ ਨੇ ਬਿਜਲੀ ਨੂੰ ਕਾਬੂ ਕਰਨਾ ਸਿੱਖ ਲਿਆ ਅਤੇ ਇਸ ਦੀ ਵਰਤੋਂ ਕਰਕੇ ਟੈਲੀਗ੍ਰਾਫ ਦੀ ਕਾਢ ਕੱਢੀ। ਸੂਚਨਾ ਤਾਰਾਂ ਰਾਹੀਂ, ਚਾਨਣ ਦੀ ਗਤੀ ਨਾਲ ਹਜ਼ਾਰਾਂ ਕਿਲੋ ਮੀਟਰ ਦਾ ਸਫਰ ਕਰ ਸਕਦੀ ਸੀ। ਜਲਦੀ ਬਾਅਦ ਹੀ ਟੈਲੀਫ਼ੋਨ ਦਾ ਆਵਿਸ਼ਕਾਰ ਹੋ ਗਿਆ, ਜਿਸ ਨੇ ਮਨੁੱਖੀ ਆਵਾਜ਼ ਨੂੰ ਤਾਰਾਂ ਰਾਹੀਂ ਭੇਜਣਾ ਸੰਭਵ ਬਣਾਇਆ। ਟੈਲੀਵਿਜ਼ਨ ਨੇ ਆਵਾਜ਼ ਹੀ ਨਹੀਂ ਸਗੋਂ ਤਸਵੀਰਾਂ ਨੂੰ ਵੀ ਲੋਕਾਂ ਤੱਕ ਪਹੁੰਚਾਇਆ। ਹੁਣ ਦੁਨੀਆਂ ਦੇ ਕਿਸੇ ਇੱਕ ਕੋਨੇ ਵਿਚ ਹੋ ਰਹੀ ਘਟਨਾ ਦੀ ਖ਼ਬਰ ਅਤੇ ਤਸਵੀਰਾਂ ਤੁਰੰਤ ਪੂਰੀ ਦੁਨੀਆ ਵਿਚ ਪਹੁੰਚ ਜਾਂਦੀਆਂ ਹਨ। ਇਸ ਨਾਲ ਸਾਡੇ ਆਵਾਜਾਈ ਅਤੇ ਢੋਅ-ਢੁਆਈ ਦੇ ਸਿਸਟਮ ਹੋਰ ਮਜਬੂਤ ਹੋਏ। ਵਪਾਰ 'ਚ ਵਾਧਾ ਹੋਇਆ।

**5. ਡਿਜ਼ਿਟਲ ਯੁੱਗ, ਇੰਟਰਨੈੱਟ ਅਤੇ ਏ.ਆਈ**

20ਵੀਂ ਸਦੀ ਦੇ ਅਖ਼ੀਰ ਵਿਚ ਇੱਕ ਐਸੀ ਤਕਨੋਲੋਜੀ ਦਾ ਵਿਕਾਸ ਹੋਇਆ ਜੋ ਹਰ ਸੂਚਨਾ ਦਾ ਪ੍ਰਸਾਰ ਕਰਨ ਤੋਂ ਇਲਾਵਾ ਇਸ ਨੂੰ ਬਣਾਉਣ ਦੀ ਸ਼ਕਤੀ ਵੀ ਰਖਦੀ ਸੀ। ਪਿਛਲੀਆਂ ਕ੍ਰਾਂਤੀਆਂ ਨੇ, ਭਾਵੇਂ ਉਹ ਲਿਖਾਈ ਹੋਵੇ, ਪ੍ਰਿੰਟਿੰਗ ਹੋਵੇ ਜਾਂ ਬਿਜਲੀ ਦਾ ਜਾਲ ਹੋਵੇ, ਜਾਣਕਾਰੀ ਦੇ ਪ੍ਰਵਾਹ ਨੂੰ ਤੇਜ਼ ਅਤੇ ਵਿਸ਼ਵ-ਵਿਆਪੀ ਬਣਾਇਆ। ਪਰ ਉਨ੍ਹਾਂ ਨੂੰ ਬਣਾਉਣ ਅਤੇ ਵਿਆਪਕ ਪੱਧਰ 'ਤੇ ਪ੍ਰਸਾਰ ਕਰਨ ਦਾ ਕੰਮ ਕੁਝ ਕੁ ਲੋਕਾਂ ਦੇ ਹੱਥਾਂ ਵਿਚ ਸੀ। ਚਾਹੇ ਉਹ ਪੁਜਾਰੀ-ਵਰਗ ਹੋਵੇ, ਪ੍ਰਕਾਸ਼ਕ ਹੋਣ ਜਾਂ ਮੀਡੀਆ ਹਾਉਸ ਹੋਣ- ਆਮ ਆਦਮੀ ਇੱਕ ਉਪ-ਭੋਗਤਾ ਸੀ। ਫਿਰ ਇੰਟਰਨੈੱਟ ਆਇਆ ਜਿਸ ਰਾਹੀਂ ਕੋਈ ਵੀ, ਕਦੇ ਵੀ ਆਪਣੀ ਗੱਲ ਸਾਰੀ ਦੁਨੀਆ ਤੱਕ ਪਹੁੰਚਾ ਸਕਦਾ ਸੀ। ਵਿਕੀਪੀਡੀਆ ਨੇ ਦੁਨੀਆਂ ਦੇ ਸਭ ਤੋਂ ਵੱਡੇ ਵਿਸ਼ਵ-ਕੋਸ਼ ਨੂੰ ਸਭ ਲਈ ਮੁਫ਼ਤ ਕਰ ਦਿੱਤਾ। ਗੂਗਲ ਨੇ ਦੁਨੀਆਂ ਦੀ ਕਿਸੇ ਵੀ ਜਾਣਕਾਰੀ ਦੀ ਇੱਕ ਸਕਿੰਟ ਵਿਚ ਖੋਜ ਕਰਨੀ ਸੰਭਵ ਬਣਾ ਦਿੱਤੀ। ਯੂ-ਟਿਊਬ ਨੇ ਸਿੱਖਣ ਅਤੇ ਸਿਖਾਉਣ ਦੇ ਤਰੀਕੇ ਨੂੰ ਬਦਲ ਦਿੱਤਾ। ਪਰ ਜਿਵੇਂ ਕਿ ਡਾ. ਹਰਾਰੀ ਸਾਨੂੰ ਚੇਤਾਵਨੀ ਦਿੰਦੇ ਹਨ ਕਿ ਹਰ ਨਵੇਂ ਸੂਚਨਾ-ਜਾਲ ਦਾ ਵਿਕਾਸ ਆਪਣੇ ਨਾਲ ਨਵੇਂ ਖ਼ਤਰੇ ਲਿਆਉਂਦਾ ਹੈ। ਨਵੀਂ ਸੂਚਨਾ ਤਕਨੋਲੋਜੀ ਸੱਚ ਤੇ ਝੂਠ ਵਿਚਲਾ ਫਰਕ ਮਿਟਾ ਰਹੀ ਹੈ। ਝੂਠੀਆਂ ਖ਼ਬਰਾਂ, ਗਲਤ ਜਾਣਕਾਰੀ ਅਤੇ ਭੰਡੀ-ਪ੍ਰਚਾਰ ਤੇਜ਼ੀ ਨਾਲ ਫੈਲ ਰਹੇ ਹਨ। ਪਹਿਲਾਂ ਜਾਣਕਾਰੀ ਨੂੰ ਦਰੁਸਤ ਕਰਨ ਲਈ ਸੰਪਾਦਕ ਅਤੇ ਪੱਤਰਕਾਰ ਹੁੰਦੇ ਸਨ। ਪਰ ਹੁਣ ਇੱਕ ਝੂਠੀ ਖ਼ਬਰ ਵੀ ਉਤਨੀ ਹੀ ਤੇਜ਼ੀ ਨਾਲ ਫੈਲਦੀ ਹੈ ਜਿੰਨੀ ਕਿ ਸੱਚੀ, ਬਲਕਿ ਓਸ ਤੋਂ ਵੀ ਜ਼ਿਆਦਾ ਤੇਜ਼ੀ ਨਾਲ, ਕਿਉਂਕਿ ਉਹ ਸਾਡੀਆਂ ਭਾਵਨਾਵਾਂ ਨੂੰ ਵੱਧ ਉਤੇਜਿਤ ਕਰਦੀ ਹੈ। ਅਸੀਂ ਸਿਰਫ ਉਹੀ ਵਿਚਾਰ ਸੁਣਦੇ ਹਾਂ, ਜਿਨ੍ਹਾਂ ਨਾਲ ਅਸੀਂ ਪਹਿਲਾਂ ਤੋਂ ਹੀ ਸਹਿਮਤ ਹੁੰਦੇ ਹਾਂ।

ਇਸ ਤਰ੍ਹਾਂ ਦੀ ਸੂਚਨਾ ਬਣਾਉਣ ਵਾਲੀਆਂ ਕੰਪਨੀਆਂ ਸਿਰਫ ਸਾਨੂੰ ਹੀ ਜਾਣਕਾਰੀ ਨਹੀਂ ਦਿੰਦੀਆਂ ਬਲਕਿ ਸਾਡੇ ਬਾਰੇ ਵੀ ਲਗਾਤਾਰ ਜਾਣਕਾਰੀ ਇਕੱਠੀ ਕਰਦੀਆਂ ਹਨ। ਅਸੀਂ ਕੀ ਪਸੰਦ ਕਰਦੇ ਹਾਂ? ਕੀ ਚਾਹੁੰਦੇ ਹਾਂ? ਕਿਸ ਵੀਡੀਓ 'ਤੇ ਕਿੰਨੀ ਦੇਰ ਰੁਕਦੇ ਹਾਂ? ਹਰ ਇਕ ਕਲਿੱਕ ਨੂੰ ਰਿਕਾਰਡ ਕੀਤਾ ਜਾ ਰਿਹਾ ਹੈ। ਇਸ 'ਬਿੱਗ ਡੈਟਾ' ਦਾ ਵਿਸ਼ਲੇਸ਼ਣ ਕਰਕੇ ਏ.ਆਈ ਅਧਾਰਿਤ 'ਅਲਗੋਰਿਦਮ' ਸਾਡਾ ਪ੍ਰੋਫਾਈਲ ਬਣਾਉਂਦੇ ਹਨ। ਉਹ ਸਾਨੂੰ ਸਾਡੇ ਤੋਂ ਬਿਹਤਰ ਜਾਣਦੇ ਹਨ ਕਿ ਸਾਨੂੰ ਕੀ ਪਸੰਦ ਹੈ। ਸਾਡੇ ਰਾਜਨੀਤਕ ਵਿਚਾਰ ਕੀ ਹਨ ਅਤੇ ਸਾਡਾ ਅਗਲਾ ਕਦਮ ਕੀ ਹੋ ਸਕਦਾ ਹੈ। ਫਿਰ ਉਹ ਸਾਨੂੰ ਓਹੀ ਗੱਲਾਂ ਦਿਖਾਉਂਦੇ ਹਨ ਜੋ ਸਾਨੂੰ ਹੋਰ ਜ਼ਿਆਦਾ ਉਕਸਾਉਣ ਅਤੇ ਸਾਨੂੰ ਹੋਰ ਜ਼ਿਆਦਾ ਕਲਿੱਕ ਕਰਨ ਲਈ ਮਜਬੂਰ ਕਰਨ। ਜਾਣਕਾਰੀ ਦਾ ਨੈਟਵਰਕ ਹੁਣ ਸਿਰਫ ਇਨਸਾਨਾਂ ਦੁਆਰਾ ਹੀ ਨਹੀਂ ਬਲਕਿ ਏ.ਆਈ-ਯੁਕਤ ਮਸ਼ੀਨਾਂ ਦੁਆਰਾ ਚਲਾਇਆ ਜਾ ਰਿਹਾ ਹੈ। ਅਸੀਂ ਉਸ ਯੁਗ ਵਿਚ ਪੁੱਜ ਗਏ ਹਾਂ ਜਿੱਥੇ ਇਨਸਾਨੀ ਧਿਆਨ ਹੀ ਸਭ ਤੋਂ ਮਹੱਤਵਪੂਰਨ ਕਰੰਸੀ ਹੈ ਅਤੇ ਵਿਸ਼ਾਲ ਕੰਪਨੀਆਂ ਅਤੇ ਸਰਕਾਰਾਂ ਇਸ ਕਰੰਸੀ ਨੂੰ ਖੋਹਣ ਲਈ ਸਾਡੀਆਂ ਭਾਵਨਾਵਾਂ ਅਤੇ ਕਮਜ਼ੋਰੀਆਂ ਦਾ ਫਾਇਦਾ ਉਠਾ ਰਹੀਆਂ ਹਨ। ਏ.ਆਈ ਹੁਣ ਲੇਖ ਲਿਖ ਸਕਦਾ ਹੈ, ਤਸਵੀਰਾਂ ਬਣਾ ਸਕਦਾ ਹੈ, ਸੰਗੀਤ ਤਿਆਰ ਕਰ ਸਕਦਾ ਹੈ। ਜਦੋਂ ਏ.ਆਈ ਕਿਸੇ ਇਨਸਾਨ ਦੀ ਆਵਾਜ਼ ਅਤੇ ਚਿਹਰੇ ਦੀ ਹੂ-ਬ-ਹੂ ਨਕਲ ਕਰ ਸਕਦਾ ਹੈ, ਤਾਂ ਅਸੀਂ ਆਪਣੇ ਦੋਸਤਾਂ ਅਤੇ ਨੇਤਾਵਾਂ ਉਤੇ ਕਿਵੇਂ ਭਰੋਸਾ ਕਰ ਸਕਾਂਗੇ? ਭਰੋਸੇ ਟੁੱਟ ਰਹੇ ਹਨ। ਅਸੀਂ ਇੱਕ ਐਸਾ ਜਾਲ ਬੁਣ ਲਿਆ ਹੈ ਜੋ ਹੁਣ ਸਾਨੂੰ ਹੀ ਕੰਟਰੋਲ ਕਰਨ ਦੀ ਸਮਰੱਥਾ ਰੱਖਦਾ ਹੈ। ਜਾਣਕਾਰੀ ਦੇ ਜਾਲਾਂ ਨੇ ਮਨੁੱਖ ਨੂੰ ਸ਼ਕਤੀ-ਸ਼ਾਲੀ ਬਣਾਇਆ ਹੈ। ਪਰ ਇਹੀ ਜਾਲ ਮਨੁੱਖੀ ਆਜ਼ਾਦੀ, ਲੋਕਤੰਤਰ ਤੇ ਸੱਚ ਲਈ ਖ਼ਤਰਾ ਬਣ ਸਕਦੇ ਹਨ। ਭਵਿੱਖ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਏ ਆਈ ਅਤੇ ਡਿਜ਼ਿਟਲ ਜਾਲਾਂ ਨੂੰ ਕਿਵੇਂ ਕੰਟਰੋਲ ਕਰਦੇ ਹਾਂ।

**6. ਕਿਤਾਬ ਦਾ ਸਾਰ-ਤੱਤ: ਸਾਡੇ ਭਵਿੱਖ ਦੀਆਂ ਚੁਣੌਤੀਆਂ**

ਯੁਵਾਲ ਨੋਆ ਹਰਾਰੀ ਦੀ ਕਿਤਾਬ (ਨੈਕਸਜ) ਦਾ ਸਾਰ ਇਹ ਹੈ ਕਿ ਮਨੁੱਖੀ ਇਤਿਹਾਸ ਦੀ ਕੁੰਜੀ ਇਹ ਸਮਝਣ ਵਿਚ ਹੈ ਕਿ ਪਹਿਲੇ ਸਮਿਆਂ ਵਿਚ ਜਾਣਕਾਰੀ ਦੇ ਨੈਟ-ਵਰਕ ਕਿਵੇਂ ਵਿਕਸਿਤ ਹੋਏ। ਆਪਣੇ ਸਮਿਆਂ 'ਚ ਉਨ੍ਹਾਂ ਨੇ ਸੰਸਾਰ ਦੇ ਹੋਰ ਨੈਟ-ਵਰਕਾਂ ਅਤੇ ਸਿਸਟਮਾਂ 'ਤੇ ਕੀ-ਕੀ ਪ੍ਰਭਾਵ ਪਏ? ਉਨ੍ਹਾਂ ਤੋਂ ਸਿੱਖਿਆ ਲੈ ਕੇ ਅਸੀਂ ਸਮਝੀਏ ਕਿ ਹੁਣ ਵਿਕਸਤ ਹੋਏ ਸੂਚਨਾ-ਜਾਲ ਸੰਸਾਰ ਨੂੰ ਕਿਵੇਂ ਪ੍ਰਭਾਵਿਤ ਕਰਨਗੇ। ਇਹ ਸਪਸ਼ਟ ਹੈ ਕਿ ਸਰਕਾਰ ਸਦਾ ਉਸ ਕੋਲ ਰਹੀ ਹੈ ਜਿਸ ਨੇ ਇਨ੍ਹਾਂ ਨੈਟ-ਵਰਕਾਂ ਨੂੰ ਕੰਟਰੋਲ ਕੀਤਾ ਹੈ। ਜੋ ਸਾਡਾ ਧਿਆਨ ਕੰਟਰੋਲ ਕਰੇਗਾ, ਓਹੀ ਸਾਡੀ ਸੋਚ ਨੂੰ ਕੰਟਰੋਲ ਕਰੇਗਾ ਅਤੇ ਜੋ ਸਾਡੀ ਸੋਚ ਨੂੰ ਕੰਟਰੋਲ ਕਰੇਗਾ, ਓਹੀ ਸਾਨੂੰ ਕੰਟਰੋਲ ਕਰੇਗਾ। ਅੱਜ ਅਸੀਂ ਇੱਕ ਦੁਰਾਹੇ 'ਤੇ ਖੜੇ ਹਾਂ। ਇਕ ਰਸਤਾ ਸਾਨੂੰ ਇੱਕ ਐਸੇ ਭਵਿੱਖ ਵਲ ਲੈ ਜਾ ਰਿਹਾ ਹੈ ਜਿੱਥੇ ਏ.ਆਈ ਅਤੇ ਜਾਣਕਾਰੀ ਦੀ ਸਹੀ ਵਰਤੋਂ ਕਰਕੇ ਅਸੀਂ ਗਰੀਬੀ, ਬਿਮਾਰੀ, ਨਾ-ਬਰਾਬਰੀ ਅਤੇ ਜੰਗ ਵਰਗੀਆਂ ਸਮੱਸਿਆਵਾਂ ਦਾ ਹੱਲ ਲੱਭ ਸਕਦੇ ਹਾਂ। ਦੂਜਾ ਰਸਤਾ ਐਸੇ ਹਨੇਰੇ ਭਵਿੱਖ ਵੱਲ ਜਾਂਦਾ ਹੈ ਜਿੱਥੇ ਸਾਡੇ ਲਈ ਸਾਰੇ ਫੈਸਲੇ ਐਲਗੋਰਿਦਮ ਅਤੇ ਏ.ਆਈ ਹੀ ਕਰਨਗੇ। ਜਿੱਥੇ ਸਾਡੀ ਆਜ਼ਾਦੀ ਇੱਕ ਧੋਖਾ ਬਣ ਕੇ ਰਹਿ ਜਾਏਗੀ ਅਤੇ ਅਸੀਂ ਆਪਣੀ ਹੀ ਬਣਾਈ ਹੋਈ ਤਕਨੋਲੋਜੀ ਦੇ ਗੁਲਾਮ ਬਣ ਜਾਵਾਂਗੇ। ਇੱਕ ਐਸੀ ਦੁਨੀਆ ਜਿੱਥੇ ਐਸੀ ਡਿਜ਼ੀਟਲ ਤਾਨਾ-ਸ਼ਾਹੀ ਦਾ ਉਭਾਰ ਹੋ ਰਿਹਾ ਹੈ ਜੋ ਇਤਿਹਾਸ ਦੇ ਕਿਸੇ ਵੀ ਤਾਨਾ-ਸ਼ਾਹੀ ਨਾਲੋਂ ਵੱਧ ਖ਼ਤਰਨਾਕ ਹੋਵੇਗੀ, ਕਿਉਂਕਿ ਇਹ ਸਾਡੇ ਦਿਲਾਂ ਅਤੇ ਦਿਮਾਗਾਂ ਨੂੰ ਕੰਟਰੋਲ ਕਰੇਗੀ।

ਫਿਰ ਅਸੀਂ ਕੀ ਕਰੀਏ? ਸਭ ਤੋਂ ਪਹਿਲਾ ਕਦਮ ਹੈ ਜਾਗਰੂਕਤਾ- ਇਹ ਸਮਝਣਾ ਕਿ ਇਹ ਨੈਟ-ਵਰਕ ਕਿਸ ਤਰ੍ਹਾਂ ਕੰਮ ਕਰਦੇ ਹਨ। ਜਦੋਂ ਵੀ ਅਸੀਂ ਆਪਣੇ ਮੋਬਾਈਲ ਦੀ ਵਰਤੋਂ ਕਰਦੇ ਹਾਂ ਤਾਂ ਆਪਣੇ-ਆਪ ਨੂੰ ਪੁੱਛੀਏ ਕਿ ਇਹ ਵੀਡੀਓ ਮੈਨੂੰ ਕਿਉਂ ਦਿਖਾਈ ਜਾ ਰਹੀ ਹੈ? ਇਸਦੇ ਪਿਛੇ ਕਿਸ ਦਾ ਅਤੇ ਕੀ ਮੰਤਵ ਹੈ? ਸਾਨੂੰ ਆਪਣੇ ਧਿਆਨ ਨੂੰ ਲੈ ਕੇ ਬਹੁਤ ਜ਼ਿਆਦਾ ਸਾਵਧਾਨ ਅਤੇ ਜਾਗਰੂਕ ਹੋਣ ਦੀ ਲੋੜ ਹੈ। ਸਾਨੂੰ ਜਾਣਕਾਰੀ ਦੇ ਵੱਖ-ਵੱਖ ਸਰੋਤਾਂ ਨੂੰ ਸਮਝਣਾ ਪਵੇਗਾ। ਸਾਨੂੰ ਆਪਣੇ ਤੋਂ ਅੱਡ ਵਿਚਾਰ ਰੱਖਣ ਵਾਲੇ ਲੋਕਾਂ ਨੂੰ ਵੀ ਸੁਣਨਾ ਚਾਹੀਦਾ ਹੈ ਅਤੇ ਕਿਸੇ ਗੱਲ 'ਤੇ ਅੱਖਾਂ ਬੰਦ ਕਰ ਕੇ ਵਿਸ਼ਵਾਸ ਕਰਨ ਦੀ ਬਜਾਏ ਸਵਾਲ ਪੁੱਛਣ ਦੀ ਆਦਤ ਪਾਉਣੀ ਚਾਹੀਦੀ ਹੈ। ਸਾਨੂੰ ਆਪਣੇ ਬੱਚਿਆਂ ਨੂੰ ਤਕਨੋਲੋਜੀ ਤੋਂ ਇਲਾਵਾ ਇਤਿਹਾਸ, ਰਾਜਨੀਤੀ, ਅਰਥ-ਸਾਸਤਰ, ਮਨੋ-ਵਿਗਿਆਨ ਵਰਗੇ ਵਿਸ਼ੇ ਪੜਾਉਣੇ ਪੈਣਗੇ ਤਾਂ ਜੋ ਉਹ ਸਮਝ ਸਕਣ ਕਿ ਇਹ ਦੁਨੀਆ ਕਿਵੇਂ ਕੰਮ ਕਰਦੀ ਹੈ। ਓਹ ਡਿਜ਼ੀਟਲ ਦੁਨੀਆਂ ਦੇ ਖ਼ਤਰਿਆਂ ਨੂੰ ਸਮਝ ਸਕਣ। ਖੇਡਾਂ ਅਤੇ ਅਧਿਆਤਮਵਾਦ ਵਲ ਮੁੜਨਾ ਪਵੇਗਾ ਅਤੇ ਆਪਣੇ ਸਮਾਜਿਕ ਨੈਟ-ਵਰਕਾਂ ਦਾ ਘੇਰਾ ਵੱਡਾ ਅਤੇ ਤਕੜਾ ਕਰਨਾ ਪਵੇਗਾ।

(ਇਸ ਲੇਖ ਵਿਚ ਦਿੱਤੇ ਸਾਰੇ ਵਿਚਾਰ ਡਾ.ਯੁਵਾਲ ਨੋਆ ਹਰਾਰੀ ਦੀ ਕਿਤਾਬ 'Nexus: A Brief History of Information Networks from the Stone Age to AI' 'ਤੇ ਆਧਾਰਿਤ ਹਨ। ਇਹ ਲੇਖ ਸਿਰਫ ਸਮੀਖਿਆ ਦੇ ਰੂਪ ਵਿਚ ਉਨ੍ਹਾਂ ਪ੍ਰਤੀ ਸਤਿਕਾਰ ਸਹਿਤ ਲਿਖਿਆ ਗਿਆ ਹੈ। ਮੂਲ ਕਿਤਾਬ ਅਤੇ ਇਸਦੇ ਕਾਪੀ-ਰਾਈਟ ਦੇ ਸਭ ਹੱਕ ਲੇਖਕ ਅਤੇ ਪ੍ਰਕਾਸ਼ਕ ਕੋਲ ਹਨ।)

# ਬਿਖੜੇ ਪੈਂਡਿਆਂ ਦਾ ਸਫ਼ਰ-ਪੁਰਖ਼ਾਰ ਵਾਟਾਂ

ਕਨੇਡਾ ਦੀ ਯਾਤਰਾ 'ਤੇ ਆਏ ਮੰਗਤ ਰਾਮ ਜੀ ਪਾਸਲਾ ਨੇ ਘਰ ਆ ਕੇ ਆਪਣੀ ਕਿਤਾਬ 'ਪੁਰਖ਼ਾਰ ਵਾਟਾਂ' ਭੇਟ ਕੀਤੀ।

'ਪਿਆਰੀ ਭੈਣ ਰਜਵੰਤ ਸੰਧੂ ਤੇ ਬਹੁਤ ਹੀ ਸਤਿਕਾਰਤ ਮਿੱਤਰ ਵਰਿਆਮ ਸਿੰਘ ਸੰਧੂ ਹੁਰਾਂ ਨੂੰ ਭੇਟ'

ਮੰਗਤ ਰਾਮ ਪਾਸਲਾ

ਮੈਂ ਇਹ ਕਿਤਾਬ ਪੜ੍ਹੀ ਤਾਂ ਬਹੁਤ ਪ੍ਰਭਾਵਿਤ ਹੋਈ। ਮੇਰਾ ਦਿਲ ਕੀਤਾ ਕਿ ਮੈਂ ਵੀ ਪਾਸਲਾ ਸਾਹਿਬ ਦੀ ਜ਼ਿੰਦਗੀ ਬਾਰੇ ਕੁਝ ਲਿਖਾਂ। ਫਿਰ ਸੋਚਿਆ ਕਿ ਇਹ ਤਾਂ ਕਮਿਊਨਿਸਟ ਸੰਗਠਨ (ਆਰ.ਸੀ.ਪੀ.ਆਈ.) ਦੇ ਵੱਡੇ ਲੀਡਰ ਹਨ। ਕੌਮੀ ਜਨਰਲ ਸਕੱਤਰ ਹਨ ਤੇ ਕਮਿਊਨਿਸਟ ਲਹਿਰ ਬਾਰੇ ਮੇਰੀ



**ਰਜਵੰਤ ਕੌਰ ਸੰਧੂ**
ਵਟਸਐਪ: 91-97790-11385

ਜਾਣਕਾਰੀ ਸੀਮਤ ਹੈ। ਸੋਚਿਆ, ਕਿ ਜਿੰਨੀ ਕੁ ਸਮਝ ਹੈ, ਜ਼ਰੂਰ ਲਿਖਾਂ।

ਪਾਸਲਾ ਸਾਹਿਬ ਸੰਧੂ ਸਾਹਿਬ ਦੇ ਮਿੱਤਰ ਹਨ। ਉਹ ਅਕਸਰ ਸਾਨੂੰ ਮਿਲਣ ਆਉਂਦੇ ਰਹਿੰਦੇ ਹਨ। ਜਲੰਧਰ ਵੀ ਤੇ ਕਨੇਡਾ ਵੀ। ਬੜੇ ਪਿਆਰ ਨਾਲ, ਘਰ ਦੇ ਜੀਆਂ ਵਾਂਗ ਗੱਲਾਂ ਕਰਦੇ ਹਨ। ਬਹੁਤ ਮਿਲਾਪੜੇ, ਨਿੱਘੇ ਸੁਭਾਅ ਵਾਲੇ, ਸੰਵੇਦਨਸ਼ੀਲ, ਹਸਮੁੱਖ, ਹਮਦਰਦ, ਸ਼ਾਇਰਾਨਾ ਰੂਹ ਦੇ ਮਾਲਕ, ਦੂਜਿਆਂ ਦੇ ਦੁੱਖ-ਸੁਖ ਦੇ ਖ਼ਿਆਲ, ਖੁੱਲ੍ਹ ਦਿਲੇ, ਮੁਹੱਬਤਾਂ ਦੇ ਖ਼ਜ਼ਾਨੇ, ਕਦਰਦਾਨ, ਚੰਗੇ ਲੇਖਕ, ਕਵੀ, ਗਾਇਕ, ਬਹੁਤ ਵਧੀਆ ਬੁਲਾਰੇ, ਸੰਗੀਤ ਪ੍ਰੇਮੀ, ਬਚਪਨ ਵਿਚ ਕਥਾ ਕੀਰਤਨ ਸੁਣਨ ਵਾਲੇ, ਵਾਰਾਂ ਸੁਣਨ ਦੇ ਸ਼ੌਕੀਨ। ਕਿਤਾਬ ਪੜ੍ਹਦਿਆਂ ਉਨ੍ਹਾਂ ਦੇ ਜੀਵਨ ਦੇ ਇਨ੍ਹਾਂ ਕਈ ਪੱਖਾਂ ਬਾਰੇ ਪਤਾ ਲੱਗਾ ਜਿਨ੍ਹਾਂ ਬਾਰੇ ਮੇਰੀ ਜਾਣਕਾਰੀ ਅਧੂਰੀ ਸੀ।

ਪਾਸਲਾ ਸਾਹਿਬ ਸਾਰੇ ਗਰੀਬਾਂ, ਜ਼ਿੰਦਗੀ ਦੀਆਂ ਲੋੜੀਂਦੀਆਂ ਸਹੂਲਤਾਂ ਤੋਂ ਵਾਂਝੇ ਰਹਿ ਗਏ ਲੋਕਾਂ ਦੇ ਦੋਸਤ ਤਾਂ ਹਨ ਹੀ, ਪਰ ਨਿੱਜੀ ਤੌਰ 'ਤੇ ਵੀ ਆਪਣੇ ਦੋਸਤਾਂ ਦੇ ਪੱਕੇ ਦੋਸਤ ਹਨ। ਦੋਸਤੀ ਦੀ ਮਿਸਾਲ ਦੇਣੀ ਹੋਵੇ ਤਾ ਗੁਰਦਰਸ਼ਨ ਬੀਕਾ ਤੇ ਜਰਨੈਲ ਸਿੰਘ ਨਾਲ ਉਨ੍ਹਾਂ ਦੀ ਭਰਾਵਾਂ ਵਰਗੀ ਦੋਸਤੀ ਦਾ ਹਵਾਲਾ ਦਿੱਤਾ ਜਾ ਸਕਦਾ ਹੈ ਜੋ ਅਜੇ ਤੱਕ ਤੋੜ ਨਿਭਦੀ ਆ ਰਹੀ ਹੈ।

ਪੁਸਤਕ ਪੜ੍ਹਦਿਆਂ ਪਤਾ ਚਲਿਆ ਕਿ ਇਨ੍ਹਾਂ ਦੀ ਸ਼ਖ਼ਸੀਅਤ ਵਿਚ ਜੋ ਮਿਕਨਾਤੀਸੀ ਖਿੱਚ ਹੈ, ਉਸ ਦੀ ਉਸਾਰੀ ਵਿਚ ਜਿਨ੍ਹਾਂ ਵਿਅਕਤੀਆਂ ਦਾ ਯੋਗਦਾਨ ਹੈ, ਉਨ੍ਹਾਂ ਵਿਚ ਸਭ ਤੋਂ ਵੱਡਾ ਹਿੱਸਾ ਉਨ੍ਹਾਂ ਦੀ ਮਾਂ ਦਾ ਹੈ। ਉਸ ਤੋਂ ਬਾਅਦ ਪੰਜਵੀਂ ਵਿਚ ਪੜ੍ਹਦਿਆਂ ਉਹ ਆਪਣੇ ਪੰਜਾਬੀ ਅਧਿਆਪਕ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਏ। ਫ਼ਿਰ ਜੰਡਿਆਲਾ ਕਾਲਜ ਵਿਚ ਸੰਤ ਸਿੰਘ ਸੇਖੋਂ ਦਾ ਪ੍ਰਿੰਸੀਪਲ ਲੱਗਣਾ, ਓਥੇ ਰਘਬੀਰ ਸਿੰਘ ਸਿਰਜਣਾ ਜਿਹੇ ਅਧਿਆਪਕਾਂ ਦਾ ਹੋਣਾ ਤੇ ਵੱਡੇ ਲੇਖਕਾਂ ਦਾ ਕਾਲਜ ਵਿਚ ਆਉਣਾ, ਇਸ ਸਭ ਕੁਝ ਨੇ ਉਹਦੀ ਸ਼ਖ਼ਸੀਅਤ 'ਤੇ ਅਸਰ ਪਾਇਆ। ਕਾਲਜ ਵਿਚ ਹੀ ਸੰਤੋਖ ਸਿੰਘ ਧੀਰ, ਮੀਸ਼ਾ, ਜਗਤਾਰ ਤੇ ਸ਼ਿਵ ਨੂੰ ਸੁਣਨ ਦਾ ਮੌਕਾ ਮਿਲਣਾ। ਇਨ੍ਹਾਂ ਦੇ ਮਿਲਵੇਂ ਪ੍ਰਭਾਵ ਦਾ ਅਸਰ ਸੀ ਕਿ ਉਹਨੂੰ ਅਗਾਂਹਵਧੂ ਵਿਚਾਰਾਂ ਦੀ ਜਾਗ ਲੱਗੀ, ਕਵਿਤਾ ਤੇ ਸਾਹਿਤ, ਸੰਗੀਤ ਨਾਲ ਰਿਸ਼ਤਾ ਜੁੜਿਆ। ਇਨ੍ਹਾਂ ਦਾ ਮਿਲਾਪ, ਵਿਹਾਰ ਤੇ ਇਨ੍ਹਾਂ ਦੀ ਲਿਖੀ ਕਿਤਾਬ ਤੋਂ ਇਨ੍ਹਾਂ ਦੀ ਸ਼ਖ਼ਸੀਅਤ ਦੀਆਂ ਬਹੁਪੱਖੀ ਪਰਤਾਂ ਖੁੱਲ੍ਹਦੀਆਂ ਹਨ।

ਪਾਸਲਾ ਸਾਹਿਬ ਦੀ ਇਹ ਸਵੈ-ਜੀਵਨੀ ਇਨ੍ਹਾਂ ਦੇ ਜਨਮ ਤੋਂ ਹੁਣ ਤੱਕ ਦੇ ਪਲਾਂ ਦੀ ਵਿਥਿਆ ਹੈ। 1970 ਤੋਂ ਇਹ ਪਾਰਟੀ ਵਿਚ ਦਾਖ਼ਲ ਹੋਏ। ਇੰਝ ਪੰਜਾਹ-ਪਚਵੰਜਾ ਸਾਲ ਦੇ ਕਮਿਊਨਿਸਟ ਪਾਰਟੀ ਵਿਚ ਹੰਢਾਏ ਕੌੜੇ-ਮਿੱਠੇ ਤਜਰਬਿਆਂ ਦੀ ਕਹਾਣੀ ਹੈ। ਇਹਦੇ ਵਿਚ ਪਾਰਟੀ ਦਾ ਇਤਿਹਾਸ ਵੀ ਹੈ, ਪਾਰਟੀ ਦੀ ਮਜ਼ਦੂਰਾਂ, ਮਿਹਨਤਕਸ਼ਾਂ ਨੂੰ ਦੇਣ, ਭਾਈਚਾਰਕ ਤੇ ਸਾਂਝੀਵਾਲਤਾ ਦੇ ਅਸੂਲਾਂ 'ਤੇ ਅਮਲ ਦੀ ਮਾਣਮੱਤੀ ਦੇਣ ਦਾ ਜ਼ਿਕਰ ਹੈ। ਪਾਰਟੀ ਗਰੀਬਾਂ, ਮਿਹਨਤਕਸ਼ਾਂ ਦੇ ਹੱਕਾਂ ਲਈ ਲੜਨ ਵਾਲੀ ਹੈ। ਉਨ੍ਹਾਂ ਨੂੰ ਕਮਿਊਨਿਸਟ ਹੋਣ 'ਤੇ ਮਾਣ ਹੈ।

ਜਿਸ ਤਨ ਲੱਗਦੀ ਹੈ, ਉਹੋ ਹੀ ਉਸ ਪੀੜ ਨੂੰ ਜਾਣਦਾ, ਮਹਿਸੂਸ ਕਰਦਾ ਹੈ। ਇਹ ਪੀੜ ਬਚਪਨ ਤੋਂ ਹੀ ਪਾਸਲਾ ਜੀ ਨੇ ਹੰਢਾਈ। ਇਨ੍ਹਾਂ ਦੇ ਬਚਪਨ ਦੇ ਮੁਢਲੇ ਦਸ ਸਾਲ ਇਸ ਵੱਡੇ ਸੰਕਟ ਦੀ ਕਹਾਣੀ ਹਨ। ਬਾਪ ਦਾਦੇ ਦੇ ਪਿਆਰ ਤੋਂ ਵਾਂਝਾ ਬੱਚਾ। ਚਾਰ ਸਾਲ ਦੇ ਸਨ ਪਾਸਲਾ ਸਾਹਿਬ ਜਦੋਂ ਉਨ੍ਹਾਂ ਦੇ ਬਾਪ ਦੀ ਮੌਤ ਹੋ ਗਈ। ਜਿਨ੍ਹਾਂ ਦਾ ਇਲਾਜ ਵੀ ਨਹੀਂ ਸੀ ਹੋ ਸਕਿਆ। ਬਾਪ ਤੋਂ ਬਾਅਦ ਚਾਚਾ, ਤਾਇਆ ਵੀ ਜਹਾਨ ਤੋਂ ਕੂਚ ਕਰ ਗਏ। ਕੋਈ ਨੇੜਿਉਂ ਪਰਿਵਾਰ ਦੀ ਬਾਂਹ ਫੜਨ ਵਾਲਾ ਨਾ ਰਿਹਾ। ਘਰ ਵਿਚ ਕੋਈ ਕਮਾਈ ਵਾਲਾ ਨਾ ਹੋਣ ਕਰ ਕੇ ਦਾਦੀ ਤੇ ਮਾਂ ਨੇ ਪਰਿਵਾਰ ਦਾ ਪੇਟ ਪਾਲਣ ਲਈ, ਪੀੜ੍ਹੀ ਦਰ ਪੀੜ੍ਹੀ ਚੱਲਿਆ ਆਉਂਦਾ, ਜਜਮਾਨਾਂ ਦੀਆਂ ਬੁੱਤੀਆਂ ਕਰਨ ਵਾਲਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀ ਮਾਂ ਨੇ ਬਰਾਦਰੀ ਵੱਲੋਂ ਪਾਏ ਜ਼ੋਰ ਦੇ ਬਾਵਜੂਦ ਆਪਣੇ ਦਿਉਰ ਨਾਲ ਚਾਦਰ ਪਾਉਣ ਤੋਂ ਇਨਕਾਰ ਕਰ ਕੇ ਵਿਧਵਾ ਦਾ ਜੀਵਨ ਜਿਊਣ ਤੇ ਆਪਣੇ ਬੱਚੇ ਨੂੰ ਪਾਲਣ ਲਈ ਸਤੀ ਸਵਿੱਤਰੀ ਔਰਤ ਵਾਂਗ ਜੀਣਾ ਤੇ ਲੋਕਾਂ ਦੇ ਘਰਾਂ ਦਾ ਕੰਮ ਕਰਨਾ ਪ੍ਰਵਾਨ ਕੀਤਾ। ਲੋਕਾਂ ਦੇ ਵਿਆਹ-ਸ਼ਾਦੀਆਂ, ਜਨਮ, ਮਰਨ, ਖ਼ੁਸ਼ੀ ਗ਼ਮਾਂ ਦੇ ਹਰੇਕ ਮੌਕੇ ਲੋਕਾਂ ਦੇ ਘਰਾਂ ਵਿਚ ਕੰਮ ਕਰਨਾ। ਸਵੇਰੇ ਸਵੱਖਤੇ ਸੱਤ-ਅੱਠ ਵਜੇ ਜਾਂਦੀ ਤੇ ਰਾਤ ਦੇ ਅੱਠ ਨੌਂ ਵਜੇ ਥੱਕੀ ਟੁੱਟੀ ਘਰ ਆਉਂਦੀ। ਏਨੀ ਸਖ਼ਤ ਮਿਹਨਤ ਦੇ ਬਾਵਜੂਦ ਕਈ ਵਾਰ ਕੁਝ ਸੜੇ ਫੁਲਕੇ, ਕੁਝ ਆਟਾ ਤੇ ਚਾਵਲ ਹੀ ਮਿਲਦੇ। ਪਾਸਲਾ ਜੀ ਉਨ੍ਹਾਂ ਦਿਨਾਂ ਨੂੰ ਯਾਦ ਕਰਦੇ ਲਿਖਦੇ ਹਨ ਕਿ ਕਦੀ ਕਦੀ ਵਿਆਹਾਂ ਵਿਚੋਂ ਚੰਗਾ ਭੋਜਨ, ਮਠਿਆਈਆਂ, ਜਲੇਬੀਆਂ, ਗੋਗਲੇ ਵੀ ਮਿਲ ਜਾਂਦੇ, ਪਰ ਕਦੀ-ਕਦੀ। ਜਦ ਕਦੀ ਚੰਗਾ ਭੋਜਨ ਜਾਂ ਮਠਿਆਈ ਮਿਲਦੀ ਤਾਂ ਉਹ ਆਪਣੇ ਦੋਸਤਾਂ ਨਾਲ ਵੰਡ ਕੇ ਖਾਂਦਾ। ਜਿਸਦਾ ਕਦੀ ਪੇਟ ਭਰਦਾ, ਉਦੋਂ ਦਾਨੀ ਬਣ ਜਾਂਦਾ। ਇਸ ਤੋਂ ਪਤਾ ਲੱਗਦਾ ਹੈ ਕਿ ਬਚਪਨ ਵਿਚ ਹੀ ਉਹ ਬਾਬੇ ਨਾਨਕ ਦੀ ਸਿੱਖਿਆ ਮੁਤਾਬਕ 'ਵੰਡ ਕੇ ਖਾਣ' ਵਿਚ ਯਕੀਨ ਰੱਖਦੇ ਸਨ। ਮਾਂ ਨੇ ਤੰਗੀਆਂ ਤੁਰਸ਼ੀਆਂ ਵਾਲੀ ਜ਼ਿੰਦਗੀ ਦਾ ਡਟ ਕੇ ਮੁਕਾਬਲਾ ਕੀਤਾ ਤੇ ਆਪਣੇ ਬੱਚੇ ਦੀ ਹਰ ਲੋੜ ਪੂਰੀ ਕਰਨ ਦਾ ਸੰਭਵ ਯਤਨ ਕੀਤਾ। ਜਦੋਂ ਮਾਂ ਰਾਤ ਨੂੰ ਕੰਮ ਕਰ ਕੇ ਥੱਕੀ ਟੁੱਟੀ, ਪਸੀਨੋਂ-ਪਸੀਨੀ ਹੋਈ ਘਰ ਆਉਂਦੀ ਤਾਂ ਉਸ ਦੀ ਇਹ ਔਖੀ ਜ਼ਿੰਦਗੀ ਵੇਖ ਕੇ ਉਨ੍ਹਾਂ ਨੂੰ ਬਹੁਤ ਦੁੱਖ ਹੁੰਦਾ ਤੇ ਉਹਦੇ 'ਤੇ ਤਰਸ ਤੇ ਪਿਆਰ ਵੀ ਬਹੁਤ ਆਉਂਦਾ। ਉਹ ਮਾਂ ਦੀ ਇਸ ਦੁੱਖਾਂ ਭਰੀ ਜ਼ਿੰਦਗੀ ਨੂੰ ਬਦਲਣ ਲਈ ਪੈਸੇ ਕਮਾ ਕੇ ਉਸ ਦੀ ਮਦਦ ਕਰਨੀ ਚਾਹੁੰਦੇ। 'ਵੰਡ ਛਕਣ' ਦੇ ਸਿਧਾਂਤ ਦੇ ਨਾਲ ਧਰਮ ਦੀ ਕਿਰਤ ਕਰਨੀ ਜ਼ਰੂਰੀ ਸੀ। ਕੋਲ ਕੁਝ ਹੋਵੇਗਾ ਤਾਂ ਹੀ ਵੰਡ ਕੇ ਛਕਿਆ ਜਾ ਸਕਦਾ ਹੈ। ਧਰਮ ਦੀ ਕਿਰਤ ਕਰਨ ਲਈ ਉਨ੍ਹਾਂ ਕਦੀ ਅਖੰਡਪਾਠਾਂ ਮੌਕੇ 'ਤੇ ਧੂਫ਼ੀਏ ਦੀ ਡਿਊਟੀ ਦੇਣੀ, ਕਦੀ ਮਾਤਾ ਦੇ ਜਗਰਾਤਿਆਂ 'ਤੇ ਭੇਟਾ ਗਾ ਕੇ ਤਿਲ-ਫੁੱਲ ਹਾਸਲ ਕਰਨਾ। ਹਾਰਮੋਨੀਅਮ ਵਜਾ ਕੇ ਗਾਉਣਾ ਨਾਟਕ ਮੰਡਲੀਆਂ ਵਿਚ ਹਿੱਸਾ ਲੈਣਾ।


ਪਾਸਲਾ ਜੀ ਕਹਿੰਦੇ ਹਨ ਕਿ ਮੈਂ ਇੱਕ ਤਾਂ ਅਤਿ ਦੀ ਗਰੀਬੀ ਦਾ ਝੰਬਿਆ ਹੋਇਆ ਸਾਂ ਤੇ ਦੂਜਾ ਮੈਨੂੰ ਇਹ ਪ੍ਰਚੱਲਿਤ ਲੋਕ-ਅਖ਼ਾਣ ਬਹੁਤ ਦੁਖੀ ਤੇ ਪਰੇਸ਼ਾਨ ਕਰਦੇ:

ਰੰਡੀ ਦਾ ਪੁਤ, ਸੌਦਾਗਰ ਦਾ ਘੋੜਾ;
ਖਾਊਗਾ ਬਹੁਤਾ, ਚਲੂਗਾ ਥੋੜ੍ਹਾ

ਇਹ ਦੋਵੇਂ ਗੱਲਾਂ ਮਨ ਨੂੰ ਬਹੁਤ ਦੁੱਖ ਦਿੰਦੀਆਂ। ਇਸ ਅਖਾਣ ਨੂੰ ਝੁਠਲਾਉਣ ਵਾਸਤੇ ਜੋ ਵੀ ਛੋਟਾ-ਮੋਟਾ ਕੰਮ ਮਿਲਦਾ, ਕਮਾਈ ਕਰਦੇ। ਇਸਤੋਂ ਇਲਾਵਾ ਮਾਂ ਤੇ ਦਾਦੀ ਨੂੰ ਸਵੇਰੇ ਉੱਠ ਕੇ ਭਗਵਤ ਗੀਤਾ ਦੇ ਅਧਿਆਇ ਸੁੱਚੇ ਮੂੰਹ ਪੜ੍ਹ ਕੇ ਸੁਣਾਉਂਣੇ। ਹਰ ਬਜ਼ੁਰਗ ਨੂੰ 'ਪੈਰੀਂ ਪੈਣਾਂ' ਕਹਿੰਦਾ। ਸਾਰੇ ਉਨ੍ਹਾਂ ਦੇ ਇਸ ਸੁਭਾਅ ਤੋਂ ਪ੍ਰਭਾਵਿਤ ਹੋ ਕੇ ਅਸੀਸਾਂ ਦਿੰਦੇ, 'ਆਪਣੀ ਮਾਂ ਨੂੰ ਰੰਗ ਭਾਗ ਦਿਖਾਵੀਂ।'

ਮਾਂ ਦੀਆਂ ਅਸੀਸਾਂ, ਮਾਂ ਦੇ ਸੰਸਕਾਰ ਤੇ ਚੰਗੇ ਲੋਕਾਂ ਦੀ ਸੁਹਬਤ ਨੇ ਸੰਕਟਮਈ ਜੀਵਨ ਵਿਚੋਂ ਬਾਹਰ ਨਿਕਲਣ ਲਈ ਉਨ੍ਹਾਂ ਸਮਾਜਿਕ ਸਿਸਟਮ ਦਾ ਅਧਿਅਨ ਸ਼ੁਰੂ ਕੀਤਾ। ਇਸੇ ਅਧਿਅਨ ਵਿਚੋਂ ਮਿਲੀ ਸਮਝ ਵਿਚੋਂ ਉਨ੍ਹਾਂ ਨੂੰ ਅਗਲੇਰੇ ਜੀਵਨ ਵਿਚ ਆਪਣੇ ਨਿਸ਼ਾਨੇ ਮਿਥਣ ਦਾ ਰਸਤਾ ਦਿਸਣ ਲੱਗਾ। ਸਮਾਂ ਪਾ ਕੇ ਹੌਲੀ ਹੌਲੀ ਬਿਖੜੇ ਰਾਹਾਂ 'ਤੇ ਤੁਰਦੇ ਉਹ ਵੱਡੇ ਕਮਿਊਨਿਸਟ ਆਗੂ ਦੇ ਰੁਤਬੇ ਤੱਕ ਪਹੁੰਚੇ।

ਉਨ੍ਹਾਂ ਕਮਿਊਨਿਸਟ ਪਾਰਟੀ ਵਾਸਤੇ ਦੇਹ ਜਾਨ ਨਾਲ ਕੰਮ ਕੀਤਾ। ਸਾਧਾਰਨ ਕਾਰਕੁਨ ਤੋਂ ਲੈ ਕੇ ਵੱਡੇ ਰਾਜਸੀ ਲੀਡਰ ਤੱਕ ਉਨ੍ਹਾਂ ਦਾ ਲੰਮਾਂ ਸੰਘਰਸ਼ਮਈ ਜੀਵਨ ਹੈ। ਨੌਜਵਾਨ ਸਭਾਵਾਂ ਵਿਚ ਕੰਮ ਕੀਤਾ, ਮੋਗਾ ਗੋਲੀ ਕਾਂਡ ਵੇਲੇ ਜੇਲ੍ਹ ਯਾਤਰਾ ਕੀਤੀ, ਦੁਆਬਾ ਕਾਲਜ ਵਿਚ ਪੜ੍ਹਦਿਆਂ ਹੋਸਟਲ ਵਾਂਗ ਸ਼ਮਸ਼ਾਨ ਘਾਟ ਵਿਚ ਰਹਿਣਾ ਪਿਆ, ਜਿੱਥੇ ਵੈਣਾਂ, ਕੀਰਨਿਆਂ ਦੀ ਆਵਾਜ਼ਾਂ ਆਉਣੀਆਂ। ਐਮਰਜੈਂਸੀ ਦੇ ਦਿਨਾਂ ਵਿਚ ਵੀ ਜੇਲ੍ਹ ਜਾਣਾ ਪਿਆ। ਬੜੇ ਨਿਧੜਕ ਤੇ ਵਿਚਾਰਧਾਰਕ ਸਪਸ਼ਟਤਾ ਵਾਲੇ ਕਮਿਊਨਿਸਟ ਲੀਡਰ ਬਣ ਕੇ ਵਿਚਰੇ ਤੇ ਗ਼ਲਤ ਨੂੰ ਗ਼ਲਤ ਤੇ ਠੀਕ ਨੂੰ ਠੀਕ ਆਖਣ ਦੀ ਹਿੰਮਤ




ਕੀਤੀ। ਵੱਡੇ ਤੋਂ ਵੱਡੇ ਲੀਡਰ ਨਾਲੋਂ ਆਪਣੇ ਸੱਚ ਨੂੰ ਵੱਡਾ ਸਮਝ ਕੇ ਵਿਰੋਧ ਦੀ ਆਵਾਜ਼ ਵੀ ਉਠਾਈ। ਕਮਿਊਨਿਸਟ ਸਿਧਾਂਤਾਂ ਦੇ ਵਿਰੁੱਧ ਜਾਣ ਵਾਲੇ ਲੀਡਰਾਂ ਦੀ ਬੇਝਿਜਕ ਆਲੋਚਨਾ ਕੀਤੀ। ਪਾਰਟੀ ਵਿਚ ਗ਼ਲਤ ਸੋਮਿਆਂ ਰਾਹੀਂ ਬੇਹਿਸਾਬਾ ਪੈਸਾ ਆਉਣ ਤੇ ਲੈਣ ਕਰ ਕੇ ਪਾਸਲਾ ਸਾਹਿਬ ਦੀ ਕਾਮਰੇਡ ਸੁਰਜੀਤ ਨਾਲ ਵੀ ਦੂਰੀ ਹੋ ਗਈ। ਇਸਦਾ ਮੁੱਲ ਵੀ ਚੁਕਾਉਣਾ ਪਿਆ। ਪਰ ਉਹ ਆਪ ਮਿਥੇ ਕੰਡਿਆਲੇ ਰਾਹਾਂ 'ਤੇ ਤੁਰਦੇ ਰਹੇ।

ਉਹ ਸੱਚੇ-ਸੁੱਚੇ, ਈਮਾਨਦਾਰ, ਕਮਿਊਨਿਸਟ ਪਾਰਟੀ ਦੇ ਆਗੂ ਹਨ। ਇਨ੍ਹਾਂ ਨੇ ਆਪਣਾ ਪੂਰਾ ਜੀਵਨ ਪਾਰਟੀ ਨੂੰ ਸਮਰਪਿਤ ਕੀਤਾ ਹੈ। ਕੁਝ ਪਲ ਅਜਿਹੇ ਵੀ ਆਏ, ਜਦੋਂ ਸੋਚਿਆ ਕਿ ਪੜ੍ਹ ਲਿਖ ਕੇ ਅਧਿਆਪਕ ਲੱਗ ਜਾਣ ਤੇ ਨਾਲ ਨਾਲ ਪਰਿਵਾਰ ਪਾਲੀ ਜਾਣ। ਇਸ ਮਕਸਦ ਲਈ ਬੀ ਐੱਡ ਵਿਚ ਦਾਖ਼ਲਾ ਵੀ ਮਿਲ ਗਿਆ। ਪਰ ਇੰਝ ਉਹ ਪਾਰਟੀ ਦਾ ਕੰਮ ਲਗਾਤਾਰ ਨਹੀਂ ਕਰ ਸਕੇਗਾ, ਇਸ ਲਈ ਬੀ ਐੱਡ ਕਰਨੀ ਛੱਡ ਕੇ ਪਾਰਟੀ ਸਫ਼ਾਂ ਵਿਚ ਕੁੱਦਣ ਦਾ ਫ਼ੈਸਲਾ ਕੀਤਾ। ਨਿੱਜੀ ਜੀਵਨ ਦੀਆਂ ਖ਼ੁਸ਼ੀਆਂ ਪਾਰਟੀ ਤੋਂ ਕੁਰਬਾਨ ਕਰ ਦਿੱਤੀਆਂ। 1975 ਦੀ ਐਮਰਜੈਂਸੀ ਵਿਚ ਗ੍ਰਿਫ਼ਤਾਰੀ ਵਾਰੰਟ ਨਿਕਲੇ ਤੇ ਉਧਰੋਂ ਇਨ੍ਹਾਂ ਦਾ ਵਿਆਹ ਸੀ। ਬਰਾਤ ਨੇ ਫਗਵਾੜੇ ਜਾਣਾ ਸੀ। ਪੁਲਿਸ ਦੇ ਡਰ ਤੋਂ ਘਰੋਂ ਬਾਹਰ ਰਹਿੰਦੇ ਸਨ, ਵਿਆਹ ਵਾਲੇ ਦਿਨ ਕਿਸੇ ਦੋਸਤ ਦੇ ਟਿਊਬਵੈੱਲ 'ਤੇ ਨਹਾ ਕੇ ਮਾਤਾ ਤੋਂ ਆਸ਼ੀਰਵਾਦ ਲੈ ਕੇ ਪੰਜ ਦੋਸਤ ਬਰਾਤੀ ਲੈ ਕੇ ਫਗਵਾੜੇ ਢੁੱਕੇ। ਇਹ ਦੋਸਤ ਸਨ, ਗੁਰਦਰਸ਼ਨ ਬੀਕਾ, ਉਹਦਾ ਪਿਤਾ ਗੁਰਮੀਤ ਸਿੰਘ, ਕਾਮਰੇਡ ਫ਼ਕੀਰ ਮੁਹੰਮਦ, ਬੋਪਾਰਾਏ ਤੇ ਇੱਕ ਭਾਈਬੰਦ ਦਰਬਾਰਾ ਸਿੰਘ। ਫ਼ਕੀਰ ਮੁਹੰਮਦ ਨੇ ਮਾਮੇ ਦੀ ਮਿਲਣੀ ਕੀਤੀ। ਸਕਾ ਮਾਮਾ ਤਾਂ ਡਰਦਾ ਵਿਆਹ ਵਿਚ ਹੀ ਨਹੀਂ ਸੀ ਆਇਆ। ਚਾਰ ਵਜੇ ਵਿਆਹ ਕੇ ਪਾਸਲੇ ਪੁੱਜ ਗਏ। ਪਰ ਫਿਰ ਭਗੌੜੇ ਹੋ ਗਏ। ਪਤਨੀ ਨੂੰ ਜਦੋਂ 48 ਘੰਟੇ ਬਾਅਦ ਮਿਲਿਆ ਤਾਂ ਪਹਿਲੀ ਗੱਲਬਾਤ ਕਰਦਿਆਂ ਹੀ ਪਤਨੀ ਨੇ ਪੁੱਛਿਆ, 'ਆਪ ਸ਼ਾਦੀ ਕਰ ਕੇ ਲਾਏ ਹੋ ਯਾ ਭਗਾ ਕਰ ਲਾਏ ਹੋ!'

ਪਾਸਲਾ ਸਾਹਿਬ ਲਾਜਵਾਬ ਹੋ ਗਏ। ਵਿਆਹ ਤੋਂ ਬਾਅਦ ਦੇ ਇਹ ਦਿਨ ਔਰਤ ਦੀ ਜ਼ਿੰਦਗੀ ਵਿਚ ਬੜੇ ਮਹੱਤਵਪੂਰਨ ਹੁੰਦੇ ਹਨ। ਪਾਸਲਾ ਜੀ ਦੇ ਜੀਵਨ ਦੀਆਂ ਅਜਿਹੀਆਂ ਘਟਨਾਵਾਂ ਦੱਸਦੀਆਂ ਹਨ ਕਿ ਇਨਕਲਾਬ ਦੇ ਰਾਹਾਂ 'ਤੇ ਤੁਰਨ ਵਾਲਿਆਂ ਦੀਆਂ ਔਰਤਾਂ, ਮਾਵਾਂ, ਭੈਣਾਂ ਤੇ ਪਤਨੀਆਂ ਨੂੰ ਕਿੰਨੇ ਦੁੱਖ ਭੋਗਣੇ ਪੈਂਦੇ ਹਨ। ਇੰਝ ਮਾਵਾਂ ਤੇ ਪਤਨੀਆਂ ਦੀ ਭਾਵੇਂ ਇਨਕਲਾਬ ਨੂੰ ਕੋਈ ਦਿਸਦੀ ਸਿੱਧੀ ਦੇਣ ਨਾ ਵੀ ਹੋਵੇ ਪਰ ਉਨ੍ਹਾਂ ਦੀ ਅਣਦਿਸਦੀ ਕੁਰਬਾਨੀ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ।

ਕੁਝ ਸਮੇਂ ਬਾਅਦ ਪਤਨੀ ਗਰਭਵਤੀ ਹੋ ਗਈ ਤਾਂ ਉਸ ਨੂੰ ਮਾਂ ਕੋਲ ਛੱਡ ਆਏ। ਉਦੋਂ ਐਸਮਾਂ ਵੂਲਜ਼ ਮਿੱਲ ਛੇਹਰਟਾ ਵਿਚ ਹੜਤਾਲ ਚੱਲ ਰਹੀ ਸੀ। ਉਹ ਹੜਤਾਲ ਵਿਚ ਰੁੱਝ ਗਏ। ਪਤਨੀ ਨੂੰ ਲੋੜੀਂਦੀਆਂ ਡਾਕਟਰੀ ਸਹੂਲਤਾਂ ਨਾ ਮਿਲਣ ਕਰ ਕੇ ਉਨ੍ਹਾਂ ਦਾ ਪਹਿਲਾ ਬੇਟਾ ਕਈ ਘੰਟੇ ਮਾਂ ਦੇ ਪੇਟ ਵਿਚ ਤੜਫ਼ਤਦਾ ਮਰ ਗਿਆ॥ ਉਹ ਪਾਰਟੀ ਦੀਆਂ ਸਰਗਰਮੀਆਂ ਵਿਚ ਤਨੋ-ਮਨੋ ਏਨਾ ਖੁਭ ਗਏ ਕਿ ਨਿੱਜੀ ਜ਼ਿੰਦਗੀ ਦੀਆਂ ਖ਼ੁਸ਼ੀਆਂ ਗ਼ਮੀਆਂ ਵੀ ਵਿਸਾਰ ਦਿੱਤੀਆਂ। ਉਹ ਆਪਣੇ ਮਰ ਗਏ ਬੱਚੇ ਦਾ ਮੂੰਹ ਨਹੀਂ ਵੇਖ ਸਕੇ, ਕੇਵਲ ਪਤਨੀ ਦੇ ਡੁੱਲ੍ਹਦੇ ਅੱਥਰੂ ਹੀ ਵੇਖੇ।

ਇਹ ਜੀਵਨੀ ਉਨ੍ਹਾਂ ਨੇ ਪੰਜਾਹ ਸਾਲਾਂ ਦੇ ਸਿਆਸੀ ਜੀਵਨ ਦਾ ਲੇਖਾ ਜੋਖਾ ਹੈ। 1951 ਤੋਂ ਲੈ ਕੇ ਹੁਣ ਤੱਕ ਜੀਵਨ ਸਫ਼ਰ ਦੀ ਕਹਾਣੀ ਹੈ। ਇਹ ਕਹਾਣੀ ਜੀਵਨ ਦੀਆਂ ਮੁਢਲੀਆਂ ਸਹੂਲਤਾਂ ਤੋਂ ਵਾਂਝੇ ਰਹੇ ਉਨ੍ਹਾਂ ਦੇ ਜੀਵਨ ਦੀ ਕਹਾਣੀ ਹੀ ਨਹੀਂ ਸਗੋਂ ਉਨ੍ਹਾਂ ਸਾਰਿਆਂ ਦੇ ਜੀਵਨ ਦੀ ਕਹਾਣੀ ਹੈ ਜੋ ਇਨ੍ਹਾਂ ਸਹੂਲਤਾਂ ਤੋਂ ਵਾਂਝੇ ਰਹੇ ਹਨ। ਉਨ੍ਹਾਂ ਨੇ ਲੋਕਾਈ ਦੇ ਦੁੱਖਾਂ, ਸੁੱਖਾਂ, ਹਸਰਤਾਂ, ਸੰਘਰਸ਼ਾਂ ਦੀ ਗੱਲ ਹੀ ਨਹੀਂ ਕੀਤੀ ਸਗੋਂ ਉਨ੍ਹਾਂ ਲੋਕਾਂ ਦੇ ਹੱਕ ਦਿਵਾਉਣ ਲਈ ਸਰਗਰਮ ਲੀਡਰ ਵਜੋਂ ਮਿਸਾਲੀ ਸੰਘਰਸ਼ ਵੀ ਕੀਤਾ ਹੈ। ਨਿੱਜੀ ਦੁਖਾਂ ਨੂੰ ਅੰਦਰੇ ਅੰਦਰ ਸਹਿ ਕੇ ਉਹ ਪਾਰਟੀ ਲਈ ਜੂਝਦੇ ਰਹੇ। ਜਵਾਨ ਪੁੱਤਰ ਪਾਵੇਲ ਪਾਸਲਾ ਜਬਰਦਸਤ ਐਕਸੀਡੈਂਟ ਹੋਣ ਨਾਲ ਅਪਾਹਜ ਹੋ ਗਿਆ। ਇਨ੍ਹਾਂ ਦੁਖਦਾਈ ਘੜੀਆਂ ਵਿਚ ਵੀ ਪਾਸਲਾ ਜੀ ਨੇ ਹੌਸਲਾ ਨਹੀਂ ਹਾਰਿਆ। ਇਹ ਦੁੱਖ ਵੀ ਕਸੀਸ ਵੱਟ ਕੇ ਜਰਿਆ ਤੇ ਪਾਰਟੀ ਲਈ ਸਰਗਰਮੀ ਨਾ ਤਿਆਗੀ। ਬੇਸ਼ੱਕ ਅੱਜ ਕੱਲ ਪਾਵੇਲ ਤੰਦਰੁਸਤ ਹੈ ਤੇ ਅਧਿਆਪਨ ਦਾ ਕਾਰਜ ਕਰ ਰਿਹਾ ਹੈ, ਪਰ ਪਾਸਲਾ ਜੀ ਨੂੰ ਪੁੱਤਰ ਦੇ ਹਾਦਸਾ ਗ੍ਰੱਸਤ ਹੋਣ ਵੇਲੇ ਦੀ ਪੀੜ ਅਜੇ ਵੀ ਕੰਬਣੀ ਛੇੜ ਦਿੰਦੀ ਹੈ

ਭਾਵੇਂ ਉਨ੍ਹਾਂ ਦੀ ਪਤਨੀ ਪਾਰਟੀ ਵਿਚ ਸਰਗਰਮ ਨਹੀਂ ਰਹੀ, ਪਰ ਉਸ ਉੱਤੇ ਵੀ ਉਦੋਂ ਪਾਰਟੀ ਦਾ ਰੰਗ ਚੜ੍ਹ ਗਿਆ, ਜਦੋਂ ਬੇਅੰਤ ਸਿੰਘ ਦੇ ਪੋਤਰੇ ਨੇ ਕਿਸੇ ਵਿਦੇਸ਼ੀ ਲੜਕੀ ਨਾਲ ਛੇੜ-ਛਾੜ ਕੀਤੀ ਤਾਂ ਇਸਤਰੀ ਸਭਾ ਵੱਲੋਂ ਕੀਤੀ ਐਜੀਟੇਸ਼ਨ ਵਿਚ ਭਾਗ ਲੈਂਦਿਆਂ ਪਤਨੀ ਊਸ਼ਾ ਨੂੰ ਵੀ ਇੱਕ ਮਹੀਨਾ ਬੁੜੈਲ ਦੀ ਜੇਲ੍ਹ ਵਿਚ ਰਹਿਣਾ ਪਿਆ।

ਪਾਸਲਾ ਜੀ ਇੱਕ ਰਾਜਨੀਤਕ ਆਗੂ ਤੇ ਵਧੀਆ ਬੁਲਾਰੇ ਹੀ ਨਹੀਂ ਸਗੋਂ ਇੱਕ ਬਹੁਤ ਵਧੀਆ ਸ਼ਾਇਰ ਵੀ ਹਨ। ਉਨ੍ਹਾਂ ਦੀ ਹਾਲ ਵਿਚ ਹੀ ਛਪੀ ਕਵਿਤਾ ਦੀ ਕਿਤਾਬ 'ਕਿਣਮਿਣ' ਉਨ੍ਹਾਂ ਦੇ ਉੱਤਮ ਕਵੀ ਹੋਣ ਦੀ ਪਛਾਣ ਹੈ।

ਇਹ ਪੁਸਤਕ ਨਿੱਜੀ ਜੀਵਨ ਵਿਚ ਹੰਢਾਈ ਪੀੜ ਤੋਂ ਮੁਕਤ ਹੋਣ ਤੇ ਅਖਾਣ 'ਰੰਡੀ ਦਾ ਪੁੱਤ ਸੌਦਾਗਰ ਦਾ ਘੋੜਾ, ਖਾਊਗਾ ਬਹੁਤਾ ਦੌੜੇਗਾ ਥੋੜਾ' ਨੂੰ ਝੂਠਾ ਕਰਨ ਦੀ ਕਹਾਣੀ ਵੀ ਹੈ। ਥੋੜਾ ਖਾ ਕੇ ਵੀ ਉਹ ਸਰਪਟ ਦੌੜੇ ਤੇ ਸਿਰਫ਼ ਆਪਣੀ ਮਾਂ ਦੇ ਹੀ ਸੁਪਨੇ ਹੀ ਪੂਰੇ ਕਰਨ ਲਈ ਜੱਦੋਜਹਿਦ ਹੀ ਨਹੀਂ, ਸਗੋਂ ਕਰੋੜਾਂ ਮਾਵਾਂ ਦੇ ਸੁਪਨੇ ਪੂਰੇ ਕਰਨ ਲਈ ਲੜੀ ਲੜਾਈ ਦੀ ਕਹਾਣੀ ਹੈ। ਇਹ ਜੀਵਨ ਗਾਥਾ ਪੜ੍ਹਨ ਤੋਂ ਬਾਅਦ ਮੈਂ ਇਸ ਪ੍ਰੇਰਨਾ ਦੇਣ ਵਾਲੀ ਕਿਤਾਬ ਨੂੰ ਪੜ੍ਹਨ ਦੀ ਸਿਫ਼ਾਰਿਸ਼ ਕਰਦੀ ਹਾਂ।

ਅਖੀਰ 'ਤੇ ਮੈਂ ਕਿਤਾਬ ਵਿਚ ਸਾਡੇ ਪਰਿਵਾਰ ਨਾਲ ਜੁੜੇ ਇੱਕ ਪਰਸੰਗ ਦਾ ਜ਼ਿਕਰ ਕਰਨਾ ਚਾਹਾਂਗੀ। ਇਸ ਵਿਚੋਂ ਪਾਸਲਾ ਜੀ ਦੀ ਸ਼ਖ਼ਸੀਅਤ ਦੇ ਸੁਭਾਅ ਦਾ ਬੜਾ ਪਿਆਰਾ ਤੇ ਹਮਦਰਦ ਪੱਖ ਸਾਹਮਣੇ ਆਉਂਦਾ ਹੈ। ਜਿਨ੍ਹਾਂ ਦਿਨਾਂ ਵਿਚ ਕੋਵਿਡ ਸਿਖ਼ਰ 'ਤੇ ਸੀ। ਕੋਈ ਕਿਸੇ ਦੇ ਘਰ ਨਹੀਂ ਸੀ ਜਾਂਦਾ। ਕੋਵਿਡ ਦੀ ਦਹਿਸ਼ਤ ਤੋਂ ਡਰਦੇ ਲੋਕ ਘਰਾਂ ਵਿਚ ਕੈਦ ਸਨ। ਕਈ ਧੀਆਂ-ਪੁੱਤਾਂ ਨੇ ਆਪਣੇ ਮਾਂ-ਬਾਪ ਤੇ ਕਈਆਂ ਨੇ ਆਪਣੇ ਪਤੀਆਂ ਦੇ ਸਸਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਬਦਕਿਸਮਤੀ ਨਾਲ ਮੇਰੇ ਪਤੀ ਵਰਿਆਮ ਸਿੰਘ ਸੰਧੂ ਨੂੰ ਪਿਸ਼ਾਬ ਦੀ ਇਨਫ਼ੈਕਸ਼ਨ ਹੋ ਗਈ। ਲਗਾਤਾਰ 103-104 ਬੁਖ਼ਾਰ ਰਹਿਣ ਲੱਗਾ। ਸਾਡੇ ਫੈਮਿਲੀ ਡਾਕਟਰ ਦਰਸ਼ਨ ਸਿੰਘ ਨੇ ਵੀ ਹੱਥ ਖੜੇ ਕਰ ਦਿੱਤੇ। ਅਸੀਂ ਦੋਵੇਂ ਜੀਅ ਘਰ ਵਿਚ ਇਕੱਲੇ। ਸੰਧੂ ਸਾਹਿਬ ਉੱਠ ਕੇ ਬਾਥਰੂਮ ਤਕ ਵੀ ਨਹੀਂ ਸੀ ਜਾ ਸਕਦੇ। ਅਸੀਂ ਸੋਚਿਆ ਕਿ ਸਾਡੀ ਆਬਾਦੀ ਗੋਲਡਨ ਐਵੇਨਿਊ ਵਿਚ ਦੋ ਕੁ ਸੌ ਮੀਟਰ ਦੂਰ ਸਥਿਤ ਐਸ ਜੀ ਐਲ ਹਸਪਤਾਲ ਜਾ ਕੇ ਵੇਖੀਏ, ਪਰ ਜਾਈਏ ਕਿਵੇਂ? ਕਾਰ ਇਹ ਚਲਾ ਨਹੀਂ ਸੀ ਸਕਦੇ। ਬੇਬਸੀ ਦੀ ਹਾਲਤ ਵਿਚ ਘਰ ਵਿਚ ਬੈਠੇ ਸਾਂ ਕਿ ਅਚਾਨਕ ਪਾਸਲਾ ਜੀ ਦਾ ਫ਼ੋਨ ਆ ਗਿਆ। ਸੰਧੂ ਸਾਹਿਬ ਦੀ ਆਵਾਜ਼ ਵਿਚ ਪਹਿਲਾਂ ਵਾਲਾ ਜੋਸ਼ ਨਾ ਵੇਖ ਕੇ ਉਨ੍ਹਾਂ ਕਾਰਨ ਪੁੱਛਿਆ ਤਾਂ ਸੰਧੂ ਸਾਹਿਬ ਨੇ ਦੱਸਿਆ ਕਿ ਉਹ ਪਿਛਲੇ ਕਈ ਦਿਨਾਂ ਤੋਂ ਬੀਮਾਰ ਹਨ। ਡਾ ਦਰਸ਼ਨ ਸਿੰਘ ਵੱਲੋਂ ਮਿਲੇ ਜਵਾਬ ਤੇ ਐਸ ਜੀ ਐਲ ਵਿਚ ਨਾ ਜਾ ਸਕਣ ਦੀ ਬੇਬਸੀ ਬਾਰੇ ਦੱਸਿਆ ਤਾਂ ਪਾਸਲਾ ਜੀ ਕਹਿੰਦੇ ਕਿ ਉਹ ਹੁਣੇ ਆਪਣੀ ਪਾਰਟੀ ਦੀ ਕਾਰ ਭੇਜ ਰਹੇ ਹਨ। ਕਾਰ ਆ ਗਈ। ਹਸਪਤਾਲ ਵਾਲਿਆਂ ਕਿਹਾ ਕਿ ਜਿੰਨਾਂ ਚਿਰ ਤੁਸੀਂ ਸਰਕਾਰੀ ਹਸਤਪਤਾਲ ਵਿਚੋਂ ਜਾ ਕੇ ਕੋਵਿਡ ਦਾ ਟੈਸਟ ਨਹੀਂ ਕਰਾਉਂਦੇ, ਅਸੀਂ ਤੁਹਾਡਾ ਇਲਾਜ ਨਹੀਂ ਕਰ ਸਕਦੇ। ਅਗਲੀ ਕਹਾਣੀ ਬੜੀ ਲੰਮੀ ਹੈ ਕਿ ਕਿਵੇਂ ਅਸੀਂ ਹਸਪਤਾਲ ਗਏ ਕਿਵੇਂ ਕੋਵਿਡ ਦਾ ਟੈਸਟ ਕਰਵਾਉਣ ਵਿਚ ਦਿੱਕਤਾਂ ਆਈਆਂ। ਇਸ ਸਭ ਨੂੰ ਛੱਡ ਕੇ ਉਸ ਮੌਕੇ ਨਾਲ ਜੁੜੇ ਪ੍ਰਸੰਗ ਨੂੰ ਜਿਵੇਂ ਪਾਸਲਾ ਜੀ ਨੇ 'ਪੁਰਖ਼ਾਰ ਵਾਟਾਂ' ਵਿਚ ਬਿਆਨ ਕੀਤਾ ਹੈ, ਪਹਿਲਾਂ ਉਹ ਪੜ੍ਹ ਲੈਣਾ ਚਾਹੀਦਾ ਹੈ।

...ਕਰੋਨਾ ਮਹਾਂਮਾਰੀ ਦੌਰਾਨ ਹਾਲਾਤ ਇੰਨੇ ਖ਼ਤਰਨਾਕ ਬਣ ਗਏ ਸਨ ਕਿ ਕਈ ਲੋਕ ਆਪਣੇ ਹੀ ਪਰਿਵਾਰ ਦੇ ਪੀੜਿਤ ਵਿਅਕਤੀ ਦੀ ਦੇਖਭਾਲ ਕਰਨੋ ਝਿਜਕਣ ਲੱਗ ਪਏ ਸਨ। ਤਰ੍ਹਾਂ ਤਰ੍ਹਾਂ ਦੀਆਂ ਅਫਵਾਹਾਂ ਨਾਲ ਡਰ ਤੇ ਬੇਵਿਸ਼ਵਾਸੀ ਦਾ ਮਾਹੌਲ ਸਾਰੇ ਪਾਸੇ ਹੀ ਦੇਖਿਆ ਜਾ ਸਕਦਾ ਸੀ। ਮੈਂ ਤੇ ਮੇਰਾ ਬੇਟਾ ਪਾਵੇਲ ਵੀ ਕੁਝ ਦਿਨ ਕਰੋਨਾ ਤੋਂ ਪੀੜਤ ਰਹੇ। ਉਨ੍ਹਾਂ ਦਿਨਾਂ ਦੀ ਅਜਿਹੀ ਹੀ ਇੱਕ ਘਟਨਾ ਮੇਰੇ ਜ਼ਿਹਨ ਵਿਚ ਅੱਜ ਵੀ ਉਸੇ ਤਰ੍ਹਾਂ ਘੁੰਮ ਰਹੀ ਹੈ। ਪ੍ਰੋਫੈਸਰ ਵਰਿਆਮ ਸਿੰਘ ਸੰਧੂ ਜੀ ਮੇਰੇ ਬਹੁਤ ਹੀ ਪਿਆਰੇ ਮਿੱਤਰ ਹਨ ਮੈਂ ਉਨ੍ਹਾਂ ਨੂੰ ਆਪਣਾ 'ਸਾਹਿਤਕ ਗੁਰੂ' ਵੀ ਆਖ ਸਕਦਾ ਹਾਂ, ਉਹ ਇਸ ਕਰੋਨਾ ਮਹਾਮਾਰੀ ਦੇ ਦੌਰਾਨ ਕੁਝ ਬੀਮਾਰ ਹੋ ਗਏ। ਇਕ ਦਿਨ ਟੈਲੀਫੋਨ ਕਰਕੇ ਜਦੋਂ ਮੈਂ ਉਨ੍ਹਾਂ ਦਾ ਹਾਲ-ਚਾਲ ਪੁੱਛਿਆ ਤਾਂ ਉਨ੍ਹਾਂ ਨੇ ਬਹੁਤ ਹੀ ਮਯੂਸੀ ਭਰੀ ਮੱਧਮ ਆਵਾਜ਼ ਵਿਚ ਦੱਸਿਆ ਕਿ ਉਹ ਸਖ਼ਤ ਬਿਮਾਰ ਹਨ ਪਰੰਤੂ ਹਸਪਤਾਲ ਜਾਣ ਦਾ ਕੋਈ ਪ੍ਰਬੰਧ ਨਹੀਂ ਹੋ ਰਿਹਾ। ਮੈਂ ਥੋੜੇ ਜਿਹੇ ਪਿਆਰ ਤੇ ਨਿਹੋਰੇ ਨਾਲ ਕਿਹਾ, 'ਸੰਧੂ ਸਾਹਿਬ ਕੀ ਕਰਦੇ ਹੋ? ਮੈਂ ਅਜੇ ਜਿਉਂਦਾ ਹਾਂ।' ਮੈਂ ਤੁਰੰਤ ਹੀ ਪਾਰਟੀ ਦੀ ਕਾਰ ਲੈ ਕੇ ਡਰਾਈਵਰ ਨੂੰ ਸੰਧੂ ਸਾਹਿਬ ਦੇ ਘਰ ਜਾਣ ਲਈ ਕਿਹਾ।

ਖ਼ੈਰ ਸੰਧੂ ਸਾਹਿਬ ਹਸਪਤਾਲ ਚਲੇ ਗਏ। ਇਲਾਜ ਕਰਾ ਕੇ ਪੂਰੀ ਤਰ੍ਹਾਂ ਪਹਿਲਾਂ ਵਾਂਗ ਜਲੌਅ ਵਿਚ ਪਰਤ ਆਏ। ਉਨ੍ਹਾਂ ਨੇ ਮੈਨੂੰ ਕੋਈ ਟੈਲੀਫੋਨ ਨਾ ਕੀਤਾ। ਇੱਕ ਦਿਨ ਫੋਨ ਦੀ ਘੰਟੀ ਵੱਜੀ ਤੇ ਸੰਧੂ ਜੀ ਦੀ ਮਿੱਠੀ ਜ਼ੁਬਾਨ ਸੁਣਾਈ ਦਿੱਤੀ। ਉਨ੍ਹਾਂ ਦੱਸਿਆ, 'ਪਾਸਲਾ ਸਾਹਿਬ! ਮੈਡੀਕਲ ਟੈਸਟ ਅਨੁਸਾਰ ਮੈਨੂੰ ਕਰੋਨਾ ਨਹੀਂ ਸੀ, ਬਲਕਿ ਸਧਾਰਨ ਬੁਖ਼ਾਰ ਸੀ ਤੇ ਹੁਣ ਮੈਂ ਪੂਰੀ ਤਰ੍ਹਾਂ ਠੀਕ ਹਾਂ। ਪਰ ਮੈਂ ਓਨਾ ਚਿਰ ਤੁਹਾਨੂੰ ਟੈਲੀਫੋਨ ਕਰਨ ਦੀ ਹਿੰਮਤ ਨਹੀਂ ਕਰ ਸਕਿਆ ਜਿੰਨੀ ਦੇਰ ਕਰੋਨਾ ਦਾ ਟੈਸਟ 'ਨੈਗੇਟਿਵ' ਨਹੀਂ ਆ ਗਿਆ। ਮੈਨੂੰ ਇਹ ਡਰ ਸਤਾ ਰਿਹਾ ਸੀ ਕਿ ਕਿਤੇ ਮੇਰੀ ਲਾਗ ਨਾਲ ਮੇਰੇ ਪੋਤਰੇ ਅਯਾਨ (ਮੇਰੇ ਬੇਟੇ ਪਵੇਲ ਦੇ ਪੁੱਤਰ) ਨੂੰ ਵੀ ਇਹ ਰੋਗ ਨਾ ਲੱਗ ਜਾਵੇ, ਕਿਉਂਕਿ ਮੈਂ ਤੁਹਾਡੀ ਕਾਰ ਚ ਹਸਪਤਾਲ ਗਿਆ ਸਾਂ, ਜਿਸ ਵਿਚ ਤੁਹਾਡਾ ਪਰਿਵਾਰ ਵੀ ਸਫ਼ਰ ਕਰਦਾ ਹੈ।' 'ਚ ਸੰਧੂ ਜੀ ਨੇ ਬੜੇ ਭਾਵਕ ਸ਼ਬਦਾਂ ਚ ਮੇਰਾ ਧੰਨਵਾਦ ਕੀਤਾ, ਜਿਹੜਾ ਨਹੀਂ ਸੀ ਕੀਤਾ ਜਾਣਾ ਚਾਹੀਦਾ। ਮੈਂ ਅੱਜ ਵੀ ਕਦੇ ਕਦੇ ਸੋਚਦਾ ਹਾਂ 'ਸੰਧੂ ਸਾਹਿਬ ਨੇ ਤੁਰੰਤ ਮੈਨੂੰ ਟੈਲੀਫੋਨ ਕਰਕੇ ਆਪਣੀ ਬਿਮਾਰੀ ਦੀ ਸੂਚਨਾ ਕਿਉਂ ਨਹੀਂ ਦਿੱਤੀ? ਸ਼ਾਇਦ ਹਾਲੇ ਮੇਰੀ ਵਰਿਆਮ ਸੰਧੂ ਜੀ ਪ੍ਰਤੀ ਮੁਹੱਬਤ 'ਚ ਹੀ ਕੋਈ ਘਾਟ ਹੋਵੇ। ਨਹੀਂ ਤਾਂ ਮੈਂ 'ਆਪਣੇ' ਹੋਰ ਕਿਸ ਕੰਮ ਲਈ ਹੁੰਦੇ ਨੇ।' ਖ਼ੈਰ ਸੰਧੂ ਸਾਹਿਬ ਦੀ ਲੰਬੀ ਉਮਰ ਹੋਵੇ ਤੇ ਸਾਡੀ ਮੁਹੱਬਤ ਨੂੰ ਹੋਰ ਵੀ ਗੂੜਾ ਰੰਗ ਚੜ੍ਹੇ। ...

ਇਨ੍ਹਾਂ ਸ਼ਬਦਾਂ ਵਿਚੋਂ ਪਾਸਲਾ ਜੀ ਦੀ ਸੰਧੂ ਸਾਹਿਬ ਤੇ ਸਾਡੇ ਪਰਿਵਾਰ ਨਾਲ ਡੁੱਲ੍ਹ-ਡੁੱਲ੍ਹ ਪੈਂਦੀ ਮੁਹੱਬਤ ਦਾ ਝਲਕਾਰਾ ਤਾਂ ਮਿਲਦਾ ਹੀ ਹੈ, ਇਹ ਵੀ ਪਤਾ ਲੱਗਦਾ ਹੈ ਕਿ ਕਿ ਜਦੋਂ ਉਹ ਇੱਕ ਬੀਮਾਰ ਬੰਦੇ ਲਈ ਆਪਣੀ ਕਾਰ ਭੇਜ ਰਹੇ ਸਨ ਤਾਂ ਉਨ੍ਹਾਂ ਨੂੰ ਵੀ ਤਾਂ ਇਲਮ ਹੋਵੇਗਾ ਹੀ ਕਿ ਸੰਧੂ ਸਾਹਿਬ ਨੂੰ ਕਰੋਨਾ ਵੀ ਹੋ ਸਕਦਾ ਹੈ। ਜਿਹੜਾ ਖ਼ਦਸ਼ਾ ਸੰਧੂ ਸਾਹਿਬ ਦੇ ਮਨ ਵਿਚ ਆਇਆ, ਇਹ ਭਲਾ ਉਨ੍ਹਾਂ ਦੇ ਮਨ ਵਿਚ ਕਿਉਂ ਨਾ ਆਇਆ ਹੋਵੇਗਾ! ਪਰ ਉਹ ਤਾਂ ਪਾਸਲਾ ਸਾਹਿਬ ਨੇ। ਖ਼ਤਰਾ ਸਹੇੜ ਕੇ ਦੂਜੇ ਦੇ ਕੰਮ ਆਉਣਾ ਹੀ ਤਾਂ ਸੱਚੇ ਲੋਕ-ਸੇਵਕ ਹੋਣ ਦਾ ਪ੍ਰਮਾਣ ਹੈ।

ਜਿਵੇਂ ਪਾਸਲਾ ਜੀ ਸੰਧੂ ਸਾਹਿਬ ਨੂੰ ਵੱਡੇ ਭਰਾਵਾਂ ਵਾਲਾ ਆਦਰ ਦਿੰਦੇ ਨੇ, ਮੈਨੂੰ ਵੀ ਮਾਣ ਹੈ ਕਿ ਉਹ ਮੈਨੂੰ ਵੱਡੀ ਭੈਣ ਸਮਝਦੇ ਹਨ।

# ਉੱਘੇ ਪੱਤਰਕਾਰ ਕੰਵਰ ਸੰਧੂ ਨਾਲ ਰੂ-ਬ-ਰੂ: ਪੰਜਾਬ ਦੇ ਹਾਲਾਤ 'ਤੇ ਹੋਈ ਚਰਚਾ


## ਐਨ.ਆਰ.ਆਈਜ਼ ਨੂੰ ਹੜ੍ਹ ਪੀੜਤਾਂ ਦੀ ਮਦਦ ਕਰਨ ਦਾ ਸੱਦਾ; ਸਰੋਤਿਆਂ ਦੇ ਸਵਾਲਾਂ ਦੇ ਦਿੱਤੇ ਤਸੱਲੀਬਖਸ਼ ਜਵਾਬ

**ਸ਼ਿਕਾਗੋ:** ਫਾਈਵ ਰਿਵਰ ਐਂਟਰਟੇਨਮੈਂਟ ਦੇ ਅੰਮ੍ਰਿਤਪਾਲ ਮਾਂਗਟ, ਗੁਰਪ੍ਰੀਤ ਸਿੰਘ ਸਿੱਧੂ, ਇੰਦਰ ਵਿਰਕ, ਜਿਗਰਦੀਪ ਢਿਲੋਂ ਅਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਦਿਲੋਂ ਮੁਹੱਬਤ ਕਰਨ ਵਾਲੇ ਤੇ ਪੰਜਾਬੀ ਭਾਈਚਾਰੇ ਦੇ ਹਰੇਕ ਪ੍ਰੋਗਰਾਮ ਵਿਚ ਵਧ-ਚੜ੍ਹ ਕੇ ਯੋਗਦਾਨ ਪਾਉਣ ਵਾਲੇ ਡਾ. ਵਿਕਰਮ ਗਿੱਲ ਅਤੇ ਜਿਨ੍ਹਾਂ ਨੂੰ ਪੰਜਾਬੀ ਸਾਹਿਤ





















ਨਾਲ ਖਾਸ ਮੋਹ ਹੈ, ਅਕਸਰ ਪੰਜਾਬ ਦੀਆਂ ਮਹਾਨ ਹਸਤੀਆਂ ਨੂੰ ਆਪਣੇ ਗ੍ਰਿਹਿ ਵਿਖੇ ਬੁਲਾ ਕੇ ਪੰਜਾਬੀਆਂ ਨੂੰ ਇਕੱਠੇ ਕਰਨ ਦਾ ਸਬੱਬ ਬਣਾਈ ਰੱਖਦੇ ਨੇ। ਆਪਣੀਆਂ ਇਨ੍ਹਾਂ ਰੁਚੀਆਂ ਦੇ ਤਹਿਤ ਹੀ ਉਨ੍ਹਾਂ ਨੇ ਇਸ ਵਾਰ ਪੰਜਾਬ ਤੇ ਭਾਰਤ ਦੇ ਨਾਮੀ ਪੱਤਰਕਾਰ, ਇੰਡੀਅਨ ਐਕਸਪ੍ਰੈਸ, ਹਿੰਦੁਸਤਾਨ ਟਾਈਮਜ਼ ਅਤੇ ਦਿ ਟ੍ਰਿਬਿਊਨ ਦੇ ਸਾਬਕਾ ਸੰਪਾਦਕ, ਸਾਬਕਾ ਵਿਧਾਇਕ ਤੇ ਲੋਕਾਂ ਵਿਚ ਖਾਸ ਥਾਂ ਰੱਖਣ ਵਾਲੇ ਸ. ਕੰਵਰ ਸੰਧੂ ਨੂੰ ਆਪਣੇ ਗ੍ਰਿਹਿ ਬੁਲਾ ਕੇ ਪੰਜਾਬੀ ਪਿਆਰਿਆਂ ਦੇ ਰੂਬਰੂ ਕੀਤਾ। ਕੰਵਰ ਸੰਧੂ ਨਾਲ ਹੋਈ ਇਸ ਮੁਲਾਕਾਤ ਦੌਰਾਨ ਪੰਜਾਬ ਦੇ ਇਤਿਹਾਸ ਤੋਂ ਲੈ ਕੇ ਮੌਜੂਦਾ ਹਾਲਾਤ ਬਾਰੇ ਖੁੱਲ੍ਹ ਕੇ ਚਰਚਾ ਹੋਈ। ਉਨ੍ਹਾਂ ਵੱਲੋਂ ਸਰੋਤਿਆਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ ਗਏ।

ਪ੍ਰੋਗਰਾਮ ਦੀ ਸ਼ੁਰੂਆਤ ਸ. ਗੁਰਮੁਖ ਸਿੰਘ ਭੁੱਲਰ ਨੇ ਵਿਸ਼ੇਸ਼ ਤੌਰ 'ਤੇ ਟੋਰਾਂਟੋ ਤੋਂ ਪੁੱਜੇ ਕੰਵਰ ਸੰਧੂ, ਉਨ੍ਹਾਂ ਦੀ ਪਤਨੀ ਸਫੀਨਾ ਸੰਧੂ, ਸਪੁੱਤਰ ਤਨਵੀਰ ਸੰਧੂ ਅਤੇ ਆਏ ਪਤਵੰਤਿਆਂ ਨੂੰ ਜੀ ਆਇਆਂ ਆਖਦਿਆਂ ਕੀਤੀ। ਉਨ੍ਹਾਂ ਨੇ 'ਪੰਜਾਬ ਕੋਨਕਲੇਵ' ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰੋਗਰਾਮ ਵਿਚ ਪੰਜਾਬ ਨਾਲ ਸਬੰਧਤ ਉਨ੍ਹਾਂ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ ਜਾਂਦੀ ਹੈ, ਜੋ ਸਾਰਿਆਂ ਦੇ ਸਾਂਝੇ ਹਨ, ਜਿਵੇਂ ਪਿਛਲੇ ਸਾਲ ਵਾਤਾਵਰਨ, ਖੇਤੀਬਾੜੀ ਅਤੇ ਸਿਹਤ ਬਾਰੇ ਚਰਚਾ ਕੀਤੀ ਗਈ ਸੀ ਤੇ ਐਤਕੀਂ 'ਜਨਤਕ ਸੁਰੱਖਿਆ' ਦੀ ਗੱਲ ਕੀਤੀ ਗਈ ਹੈ, ਕਿਉਂਕਿ ਇਸ ਸਮੇਂ ਇਹ ਵੱਡਾ ਮਸਲਾ ਹੈ। ਉਨ੍ਹਾਂ ਆਖਿਆ ਕਿ ਪੰਜਾਬ ਵਿਚ ਫੈਲੇ ਗੈਂਗਵਾਦ ਬਾਰੇ ਸਾਰਿਆਂ ਨੂੰ ਪਤਾ ਹੀ ਹੈ, ਜੋ ਹੁਣ ਬਾਹਰਲੇ ਮੁਲਕਾਂ ਵਿਚ ਵੀ ਪੈਰ ਪਸਾਰ ਰਿਹਾ ਹੈ। ਇਨਫਰਾਸਟਰੱਕਚਰ ਤੇ ਸਿਹਤ ਵੀ ਵੱਡੇ ਮਸਲੇ ਹਨ।

ਸ. ਕੰਵਰ ਸੰਧੂ ਨੇ ਦੱਸਿਆ ਕਿ ਉਨ੍ਹਾਂ ਨੂੰ ਜਿੱਥੇ 45 ਸਾਲ ਪੱਤਰਕਾਰੀ ਦੇ ਖੇਤਰ ਵਿਚ ਹੋ ਗਏ ਹਨ ਉਥੇ ਹੀ ਉਨ੍ਹਾਂ ਪੰਜਾਬ ਦੇ ਸੁਧਾਰ ਲਈ ਰਾਜਨੀਤੀ ਵਿਚ ਵੀ ਹੱਥ ਅਜ਼ਮਾਏ ਪਰ ਜੋ ਬਦਲਾਅ ਹੋਣੇ ਚਾਹੀਦੇ ਸਨ, ਉਹ ਹੋਏ ਨਹੀਂ, ਜਿਸ ਕਾਰਨ ਉਹ ਇਸ ਤੋਂ ਪਿੱਛੇ ਹਟ ਗਏ। ਉਨ੍ਹਾਂ 4-5 ਦਹਾਕਿਆਂ ਦੌਰਾਨ ਪੰਜਾਬ ਦੇ ਹਾਲਾਤ ਵਿਚ ਆਏ ਨਿਘਾਰ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਚੌਰਾਹੇ 'ਤੇ ਖੜ੍ਹਾ ਹੈ, ਤੇ ਪੰਜਾਬੀਆਂ ਨੂੰ ਪਤਾ ਨਹੀਂ ਲੱਗ ਰਿਹਾ ਕਿ ਉਨ੍ਹਾਂ ਕਰਨਾ ਕੀ ਹੈ। ਉਨ੍ਹਾਂ 'ਆਈਡੈਂਟਿਟੀ ਕਰਾਈਸਿਸ' ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਸਾਡੀ ਕੌਮ ਕੁਰਬਾਨੀਆਂ 'ਚੋਂ ਨਿਕਲੀ ਹੈ ਤੇ ਮਹਾਰਾਜਾ ਰਣਜੀਤ ਸਿੰਘ ਤੋਂ ਲੈ ਕੇ ਸੰਸਾਰ ਯੁੱਧਾਂ ਵਿਚ ਪੰਜਾਬੀ ਮੂਹਰਲੇ ਫਰੰਟ 'ਤੇ ਰਹੇ ਹਨ। ਪਰ ਮਗਰੋਂ ਪੰਜਾਬ ਨੂੰ ਕਈ ਸੱਟਾਂ ਝੱਲਣੀਆਂ ਪਈਆਂ, ਜਿਨ੍ਹਾਂ ਵਿਚ 1947 ਦੀ ਵੰਡ ਅਹਿਮ ਹੈ। ਭਾਵੇਂ ਪੰਜਾਬ ਵੰਡ ਨਹੀਂ ਸੀ ਚਾਹੁੰਦਾ, ਪਰ ਅਖੀਰ ਲੀਡਰਾਂ ਦੀ ਮਿਹਰਬਾਨੀ ਸਦਕਾ ਵੰਡ ਹੋ ਗਈ ਤੇ ਪੰਜਾਬ ਦਾ 52% ਹਿੱਸਾ ਇਸ ਤੋਂ ਵੱਖ ਹੋ ਗਿਆ। 1966 ਵਿਚ ਮੁੜ ਹੋਈ ਵੰਡ ਮਗਰੋਂ 41% ਹਿੱਸਾ ਹੀ ਪੰਜਾਬ ਕੋਲ ਰਹਿ ਗਿਆ। ਹੁਣ ਪੰਜਾਬ ਕੋਲ ਇਸਦਾ ਲਗਪਗ ਚੌਥਾ ਹਿੱਸਾ ਹੀ ਰਹਿ ਗਿਆ ਹੈ। ਹੁਣ ਮੁੜ ਸਿੱਖ ਰਾਜ ਦੀ ਮੰਗ ਕੀਤੀ ਜਾ ਰਹੀ ਹੈ, ਪਰ ਲੋਕਾਂ ਵਿਚ ਸਹਿਮ ਹੈ ਕਿ ਕਿਤੇ ਮੁੜ ਉਨ੍ਹਾਂ ਨੂੰ ਉਹੀ ਮਾਰ ਨਾ ਸਹਿਣੀ ਪਏ।

ਦੂਜਾ ਵੱਡਾ ਸੰਕਟ ਲੀਡਰਸ਼ਿਪ ਦਾ ਹੈ। ਉਨ੍ਹਾਂ ਦੁਖ ਜਾਹਰ ਕਰਦਿਆਂ ਕਿਹਾ ਕਿ ਭਾਵੇਂ ਪੰਜਾਬ ਦੇ ਹੁਣ ਤੱਕ 16-17 ਮੁੱਖ ਮੰਤਰੀ ਰਹਿ ਚੁੱਕੇ ਹਨ ਪਰ ਕਿੰਨੇ ਕੁ ਹਨ, ਜਿਨ੍ਹਾਂ ਨੇ ਪੰਜਾਬ ਲਈ ਅਸਲ ਵਿਚ ਕੁਝ ਕੀਤਾ। ਉਨ੍ਹਾਂ ਸਾਬਕਾ ਦੋ ਮੁੱਖ ਮੰਤਰੀਆਂ ਦੇ ਕੰਮਾਂ ਨੂੰ ਸਰਾਹਿਆ, ਜਿਨ੍ਹਾਂ ਨੇ ਅਸਲ ਵਿਚ ਪੰਜਾਬ ਲਈ ਸਟੈਂਡ ਲਿਆ, ਪਹਿਲੇ ਸ. ਲਸ਼ਮਣ ਸਿੰਘ ਗਿੱਲ, ਜੋ ਭਾਵੇਂ ਨੌਂ ਮਹੀਨੇ ਹੀ ਮੁੱਖ ਮੰਤਰੀ ਰਹੇ ਪਰ ਪਰ ਉਨ੍ਹਾਂ ਵਲੋਂ ਪੰਜਾਬੀ ਭਾਸ਼ਾ ਲਈ ਜੋ ਕੰਮ ਕੀਤਾ ਗਿਆ, ਉਹ ਕਿਸੇ ਹੋਰ ਨੇ ਨਹੀਂ ਕੀਤਾ। ਉਨ੍ਹਾਂ ਵਲੋਂ ਲਿੰਕ ਸੜਕਾਂ ਲਈ ਕੀਤੇ ਕੰਮਾਂ ਨੂੰ ਵੀ ਸਰਾਹਿਆ। ਦੂਜੇ ਸ. ਪ੍ਰਤਾਪ ਸਿੰਘ ਕੈਰੋਂ ਜਿਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਮੈਡੀਕਲ ਕਾਲਜ, ਪੀ ਜੀ ਆਈ ਹਸਪਤਾਲ, ਤੇ ਪੰਜਾਬੀ ਯੂਨੀਵਰਸਿਟੀ ਦਾ ਨਿਰਮਾਣ ਕਰਵਾ ਕੇ ਪੰਜਾਬੀ ਹੋਣ ਦਾ ਫਰਜ਼ ਨਿਭਾਇਆ।

ਉਨ੍ਹਾਂ ਪੰਜਾਬ ਵਿਚ ਖਤਮ ਹੋ ਰਹੀ ਇਕੌਨਮੀ 'ਤੇ ਚਿੰਤਾ ਜ਼ਾਹਰ ਕਰਦਿਆਂ ਆਖਿਆ ਕਿ ਖੇਤਰੀ ਪਾਰਟੀਆਂ ਨੇ ਸਟੈਂਡ ਨਹੀਂ ਲਿਆ, ਜਿਸ ਕਰਕੇ ਇਕੌਨਮੀ ਖਤਮ ਹੋ ਗਈ ਹੈ ਤੇ ਕੇਂਦਰੀਕਰਨ ਨੇ ਜ਼ੋਰ ਫੜ ਲਿਆ ਹੈ। ਪੰਜਾਬ ਨੂੰ ਬਾਕੀ ਰਾਜਾਂ ਨਾਲ ਇਕਜੁੱਟ ਹੋ ਕੇ ਆਪਣੀਆਂ ਮੰਗਾਂ ਕੇਂਦਰ ਕੋਲ ਰੱਖਣੀਆਂ ਚਾਹੀਦੀਆਂ ਹਨ। ਰਾਜਧਾਨੀ ਚੰਡੀਗੜ੍ਹ ਸਣੇ ਪਾਣੀਆਂ ਦੇ ਮਸਲੇ ਜਿਉਂ ਦੇ ਤਿਉਂ ਬਣੇ ਹੋਏ ਹਨ। 1955 ਵਿਚ ਹੋਏ ਸਮਝੌਤੇ ਤਹਿਤ ਪੰਜਾਬ ਨੂੰ ਪਾਣੀਆਂ ਦਾ ਵੱਡਾ ਨੁਕਸਾਨ ਝੱਲਣਾ ਪਿਆ। ਉਨ੍ਹਾਂ ਇਸ ਲਈ ਪੰਜਾਬ ਦੇ ਉਸ ਵੇਲੇ ਦੇ ਮੁੱਖ ਮੰਤਰੀ ਨੂੰ ਜ਼ਿੰਮੇਵਾਰ ਠਹਿਰਾਇਆ।

ਪੰਜਾਬ ਦੇ ਮੌਜੂਦਾ ਹਾਲਾਤ ਦਾ ਜ਼ਿਕਰ ਕਰਦਿਆਂ ਸ. ਸੰਧੂ ਨੇ ਦੱਸਿਆ ਕਿ ਪੰਜਾਬ ਸਿਰ ਇਸ ਵੇਲੇ 4 ਲੱਖ ਕਰੋੜ ਦਾ ਕਰਜ਼ਾ ਹੈ, ਜੋ 2027 ਤੱਕ 5 ਲੱਖ ਕਰੋੜ ਦਾ ਹੋ ਜਾਵੇਗਾ। ਸਾਡੇ ਰੈਵੇਨਿਊ ਦਾ 122% ਹਿੱਸਾ ਤਾਂ ਵੱਖ-ਵੱਖ ਸਬਸਿਡੀਆਂ ਅਤੇ ਸਕੀਮਾਂ 'ਤੇ ਹੀ ਖਰਚ ਹੋ ਜਾਂਦਾ ਹੈ। ਉਨ੍ਹਾਂ ਫਰੀ ਸੇਵਾਵਾਂ ਬਾਰੇ ਵੀ ਜ਼ਿਕਰ ਕੀਤਾ, ਜੋ ਪੰਜਾਬ ਨੂੰ ਕੰਗਾਲੀ ਵੱਲ ਲਿਜਾ ਰਹੀਆਂ ਹਨ। ਪੰਜਾਬ ਵਿਚ ਪੈਰ ਪਸਾਰ ਚੁੱਕੀ ਬੇਰੁਜ਼ਗਾਰੀ ਕਾਰਨ ਬਹੁਤ ਸਾਰੇ ਨੌਜਵਾਨ ਜਿੱਥੇ ਪਰਵਾਸ ਕਰ ਗਏ, ਉਥੇ ਹੀ ਕੁਝ ਨਸ਼ਿਆਂ ਦੀ ਲਪੇਟ ਵਿਚ ਆ ਗਏ ਜਾਂ ਗੈਂਗਸਟਰ ਬਣ ਗਏ। ਸਿਹਤ ਸੇਵਾਵਾਂ ਬਾਰੇ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਇਸ ਵੇਲੇ ਡਾਕਟਰਾਂ ਤੇ ਮੈਡੀਕਲ ਅਫਸਰਾਂ ਦੀ 50% ਘਾਟ ਹੈ। ਪੂਰੇ ਪੰਜਾਬ ਵਿਚ ਸਰਕਾਰੀ ਡੈਂਟਿਸਟ 300 ਹਨ। 97,000 ਲੋਕਾਂ ਵਾਸਤੇ ਇਕ ਸਰਕਾਰੀ ਡੈਂਟਿਸਟ ਮੌਜੂਦ ਹੈ।

ਕੰਵਰ ਸੰਧੂ ਨੇ ਆਪਣੀ ਗੱਲ ਜਾਰੀ ਰਖਦਿਆਂ ਦੱਸਿਆ ਕਿ ਪੰਜਾਬ ਉਪਰੋਂ ਭਾਵੇਂ ਸੋਹਣਾ ਦਿਸਦਾ ਹੈ ਪਰ ਅੰਦਰੋਂ ਖੋਖਲਾ ਹੋ ਚੁੱਕਾ ਹੈ। ਪਿੰਡਾਂ ਵਿਚ ਘਰ ਖਾਲੀ ਪਏ ਨੇ, ਤੇ ਲੋਕ ਪਰਵਾਸ ਕਰ ਗਏ ਨੇ। ਬਾਕੀ ਸੂਬਿਆਂ ਨੇ ਪੰਜਾਬੀਆਂ ਨੂੰ ਆਪਣੇ ਰਾਜਾਂ ਵਿਚ ਜਾਇਦਾਦਾਂ ਖਰੀਦਣ 'ਤੇ ਰੋਕ ਲਗਾ ਦਿੱਤੀ ਹੈ।

ਪੰਜਾਬ ਵਿਚ ਹੜ੍ਹਾਂ ਦੇ ਮੌਜੂਦਾ ਹਾਲਾਤ ਬਾਰੇ ਉਨ੍ਹਾਂ ਕਿਹਾ ਕਿ ਡੈਮਜ਼ ਦੀ ਮੈਨੇਜਮੈਂਟ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਭਾਵੇਂ ਭਾਖੜਾ ਡੈਮ ਵਿਚ ਪੰਜਾਬ ਦਾ ਛੋਟਾ ਜਿਹਾ ਹਿੱਸਾ ਹੈ ਪਰ ਇਸ ਦੇ ਗੇਟ ਖੁੱਲ੍ਹਣ ਨਾਲ ਨੁਕਸਾਨ ਪੰਜਾਬ ਨੂੰ ਹੀ ਝੱਲਣਾ ਪੈਂਦਾ ਹੈ। ਇਸ ਦੀ 40% ਕਪੈਸਿਟੀ ਖਤਮ ਕਰ ਦਿੱਤੀ ਗਈ ਹੈ, ਇਸ ਵਿਚ ਸਿਲਟ ਭਰੀ ਹੈ, ਜਿਸ ਕਾਰਨ ਹੜ੍ਹ ਦੇ ਹਾਲਾਤ ਬਣਦੇ ਹਨ। 1988 ਦੇ ਹੜ੍ਹਾਂ ਤੋਂ ਵੀ ਅਸੀਂ ਕੁਝ ਨਹੀਂ ਸਿੱਖਿਆ ਤੇ ਹੁਣ ਮੁੜ ਪੰਜਾਬ ਨੂੰ ਆਫਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਇਸ ਲਈ ਕਈ ਕਦਮ ਚੁਕੇ ਜਾਣ 'ਤੇ ਜ਼ੋਰ ਦਿੱਤਾ ਤੇ ਐਨ ਆਰ ਆਈਜ਼ ਨੂੰ ਆਪੋ-ਆਪਣੇ ਖੇਤਰਾਂ ਵਿਚ ਹੜ੍ਹ ਪੀੜਤਾਂ ਲਈ ਅੱਗੇ ਆਉਣ ਦਾ ਸੱਦਾ ਦਿੱਤਾ।

ਬੌਬ ਹੁੰਦਲ ਨੇ ਜਦੋਂ ਪੁੱਛਿਆ ਕਿ ਪੰਜਾਬ ਨੂੰ ਇਨ੍ਹਾਂ ਹਾਲਾਤ ਵਿਚੋਂ ਕਿਵੇਂ ਕੱਢਿਆ ਜਾ ਸਕਦਾ ਹੈ, ਤਾਂ ਸ. ਸੰਧੂ ਨੇ ਕਿਹਾ ਕਿ ਗੱਲਬਾਤ ਹੀ ਮਸਲਿਆਂ ਦਾ ਹੱਲ ਹੈ। ਜਦੋਂ ਲੀਡਰ ਵੋਟਾਂ ਮੰਗਣ ਆਉਣ ਤਾਂ ਲੋਕਾਂ ਨੂੰ ਉਨ੍ਹਾਂ ਤੋਂ ਤਿੱਖੇ ਸਵਾਲ ਪੁੱਛਣੇ ਚਾਹੀਦੇ ਹਨ, ਤਾਂ ਕਿ ਉਹ ਉਨ੍ਹਾਂ ਦੀ ਭਲਾਈ ਲਈ ਸੰਜੀਦਾ ਹੋ ਕੇ ਕੰਮ ਕਰਨ।

ਅਮਿਤ ਪਾਲ ਸਿੰਘ ਗਿੱਲ ਦੇ ਸਵਾਲ 'ਕੇਂਦਰ ਸਰਕਾਰ ਕੋਲੋਂ ਪੈਸੇ ਮੰਗਣ ਵਿਚ ਪੰਜਾਬ ਨੂੰ ਕੀ ਹਰਜ਼ ਹੈ?' ਦਾ ਜਵਾਬ ਦਿੰਦਿਆਂ ਕੰਵਰ ਸੰਧੂ ਨੇ ਕਿਹਾ ਕਿ ਜੇ ਕੇਂਦਰ ਤੇ ਰਾਜ ਵਿਚ ਇਕੋ ਪਾਰਟੀ ਦੀ ਸਰਕਾਰ ਹੈ ਤਾਂ ਕੇਂਦਰ ਮਦਦ ਕਰਦਾ ਹੈ, ਨਹੀਂ ਤਾਂ ਵਿਤਕਰਾ ਕੀਤਾ ਜਾਂਦਾ ਹੈ, ਜੋ ਕਿ ਸ਼ਰਮਨਾਕ ਵਰਤਾਰਾ ਹੈ। ਕਈ ਵਾਰ ਰਾਜ ਸਰਕਾਰਾਂ ਵਲੋਂ ਵੀ ਅਣਗਹਿਲੀ ਕੀਤੀ ਜਾਂਦੀ ਹੈ। ਉਨ੍ਹਾਂ ਰੂਰਲ ਡਿਵੈਲਪਮੈਂਟ ਫੰਡ, ਸਿਹਤ ਤੇ ਐਜੂਕੇਸ਼ਨ ਸਕੀਮ ਲਈ ਰੋਕੇ ਫੰਡਾਂ ਦਾ ਵੀ ਜ਼ਿਕਰ ਕੀਤਾ। ਪੰਜਾਬ ਕਈ ਸਾਲਾਂ ਤੋ ਪੈਕੇਜ ਦੀ ਮੰਗ ਕਰ ਰਿਹਾ ਹੈ, ਪਰ ਕੇਂਦਰ ਵਲੋਂ ਕੋਈ ਮਦਦ ਨਹੀਂ ਕੀਤੀ ਜਾ ਰਹੀ, ਜੋ ਸਾਡੀ ਬਦਕਿਸਮਤੀ ਹੈ।

ਬਾਬਾ ਦਲਜੀਤ ਸਿੰਘ ਵਲੋਂ ਪੰਜਾਬੀਆਂ ਦੇ ਦੂਜੇ ਰਾਜਾਂ ਵਿਚ ਜ਼ਮੀਨ ਖਰੀਦਣ 'ਤੇ ਰੋਕ ਸਬੰਧੀ ਕਿਸੇ ਵਲੋਂ ਸੁਪਰੀਮ ਕੋਰਟ ਤੱਕ ਪਹੁੰਚ ਕਰਨ ਦੇ ਉਤਰ ਵਿਚ ਸ. ਸੰਧੂ ਨੇ ਦੱਸਿਆ ਕਿ ਕਿਸੇ ਨੇ ਵੀ ਇਹ ਉੱਦਮ ਨਹੀਂ ਕੀਤਾ। ਸਰਕਾਰਾਂ ਜ਼ਰੂਰ ਰੌਲਾ ਪਾਉਂਦੀਆਂ ਰਹੀਆਂ ਪਰ ਲੋਕਾਂ ਵਲੋਂ ਕੋਈ ਉਪਰਾਲਾ ਨਹੀਂ ਕੀਤਾ ਗਿਆ। ਰਾਜਸਥਾਨ ਨੂੰ ਜਾਂਦੇ ਪਾਣੀਆਂ ਬਾਰੇ ਕਿਸਾਨ ਜਥੇਬੰਦੀਆਂ ਵਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਦੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਰਾਜਸਥਾਨ ਕਨਾਲ 'ਤੇ ਰੌਇਲਟੀ ਦਿੱਤੀ ਜਾਣੀ ਚਾਹੀਦੀ ਹੈ, ਜੇ ਨਹੀਂ ਤਾਂ ਉਥੇ ਪੰਜਾਬੀਆਂ ਨੂੰ ਵੱਸਣ ਦੀ ਇਜਾਜ਼ਤ ਦੇ ਦੇਣੀ ਚਾਹੀਦੀ ਹੈ। ਕੁਦਰਤੀ ਪਾਣੀ ਦੇ ਸਰੋਤਾਂ ਨੂੰ ਮਤਲ ਕੇ ਇਮਾਰਤਾਂ ਉਸਾਰਨ ਬਾਰੇ ਸਵਾਲ ਦੇ ਜਵਾਬ ਵਿਚ ਕੰਵਰ ਸੰਧੂ ਨੇ ਮੱਤੇਵਾੜਾ ਮੋਰਚੇ ਦਾ ਜ਼ਿਕਰ ਕੀਤਾ।

ਹਰਬੀਰ ਸਿੰਘ ਵਿਰਕ ਦੇ ਸਵਾਲਾਂ ਦੇ ਜਵਾਬ ਵਿਚ ਕੰਵਰ ਸੰਧੂ ਨੇ ਸਰਕਾਰਾਂ ਵਲੋਂ ਸਿਹਤ ਤੇ ਸਿੱਖਿਆ ਵੱਲ ਧਿਆਨ ਨਾ ਦੇਣ ਦੀ ਗੱਲ ਆਖੀ, ਜਿਸ ਕਾਰਨ ਬਿਹਤਰੀ ਨਹੀਂ ਹੋ ਸਕਦੀ। ਉਨ੍ਹਾਂ ਪਿੰਡਾਂ ਵਿਚ ਚੰਗੇ ਸਕੂਲਾਂ ਅਤੇ ਸਕੂਲਾਂ ਵਿਚ ਲੋੜੀਂਦੇ ਅਧਿਆਪਕਾਂ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਚੱਲ ਰਹੀਆਂ ਸਕੀਮਾਂ ਨੂੰ ਹੀ ਜਾਰੀ ਰੱਖਣ ਦੀ ਗੱਲ ਵੀ ਆਖੀ। ਹਰਵਿੰਦਰ ਪਾਲ ਸਿੰਘ ਨੇ ਜੀ ਐਸ ਟੀ ਦੀ ਗੱਲ ਕਰਦਿਆਂ ਕਿਹਾ ਕਿ ਟੈਕਸ ਸਿੱਧਾ ਸਟੇਟਾਂ ਨੂੰ ਕਿਉਂ ਨਹੀਂ ਜਾਂਦਾ? ਦੇ ਜਵਾਬ ਵਿਚ ਸ. ਸੰਧੂ ਨੇ ਕਿਹਾ ਕਿ ਕਮਜ਼ੋਰ ਸਟੇਟਾਂ ਤੇ ਸਰਕਾਰਾਂ ਕਰਕੇ ਹਰ ਚੀਜ਼ ਦਾ ਕੇਂਦਰੀਕਰਨ ਹੋ ਰਿਹਾ ਹੈ। ਉਨ੍ਹਾਂ ਆਖਿਆ ਕਿ ਟੈਕਸ 50% ਰਾਜਾਂ ਤੇ 50% ਸਿੱਧਾ ਕੇਂਦਰ ਨੂੰ ਜਾਣਾ ਚਾਹੀਦਾ ਹੈ ਪਰ ਸਾਰਾ ਪੈਸਾ ਕੇਂਦਰ ਕੋਲ ਜਾਣ ਕਰਕੇ ਰਾਜਾਂ ਦਾ ਨੁਕਸਾਨ ਹੋ ਰਿਹਾ ਹੈ।

ਠਾਕਰ ਸਿੰਘ ਬਸਾਤੀ ਨੇ ਨੇਤਾਵਾਂ ਕੋਲੋਂ ਸਵਾਲ ਨਾ ਪੁੱਛੇ ਜਾਣ ਅਤੇ ਵੋਟਾਂ ਵੇਲੇ ਦਿੱਤੇ ਜਾਂਦੇ ਪੈਸੇ ਤੇ ਸ਼ਰਾਬ ਬਾਰੇ ਜ਼ਿਕਰ ਕੀਤਾ।

ਡਾ. ਵਿਕਰਮ ਗਿੱਲ ਨੇ ਸ਼ੇਅਰ- 'ਇਨ ਫਾਸਲੋਂ ਕੇ ਰਹਿਬਰ ਵਹੀ ਬਣੇ, ਜਿਸਕੀ ਨਿਗ੍ਹਾ ਦੇਖ ਸਕੇ ਸਦੀਓਂ ਕੇ ਪਾਰ ਭੀ' ਨਾਲ ਆਪਣੀ ਗੱਲ ਸ਼ੁਰੂ ਕਰਦਿਆਂ ਕਿਹਾ ਕਿ ਪੰਜਾਬ ਵਿਚ ਹੋਰਨਾਂ ਕੰਗਾਲੀਆਂ ਦੇ ਨਾਲ ਬੌਧਿਕ ਕੰਗਾਲੀ ਵੀ ਆ ਚੁੱਕੀ ਹੈ, ਜਿਸ ਦਾ ਕੋਈ ਹੱਲ ਨਹੀਂ। ਹੁਣ ਕੋਈ ਕਵੀ, ਸ਼ਾਇਰ ਪੰਜਾਬ ਵਿਚ ਪੈਦਾ ਨਹੀਂ ਹੋ ਰਿਹਾ। ਇਸ ਬਾਰੇ ਕੰਵਰ ਸੰਧੂ ਨੇ ਕਿਹਾ ਕਿ ਭਾਸ਼ਾਵਾਂ ਨੂੰ ਅਸੀਂ ਧਰਮਾਂ ਨਾਲ ਜੋੜ ਦਿੱਤਾ ਹੈ, ਜਿਸ ਕਾਰਨ ਭਾਸ਼ਾਵਾਂ ਦਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਆਖਿਆ ਕਿ ਧਾਰਮਿਕ ਸੰਸਥਾਵਾਂ ਨੂੰ ਵੀ ਯੋਗਦਾਨ ਪਾਉਣਾ ਚਾਹੀਦਾ ਹੈ ਤੇ ਸਿੱਖਿਆ ਦਾ ਖਾਸ ਰੋਲ ਹੋਵੇਗਾ।

ਭ੍ਰਿਸ਼ਟਾਚਾਰ ਬਾਰੇ ਕੰਵਰ ਸੰਧੂ ਨੇ ਸਾਬਕਾ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਵਲੋਂ ਚਲਾਈ ਐਂਟੀ ਕੁਰੱਪਸ਼ਨ ਮੁਹਿੰਮ ਦਾ ਜ਼ਿਕਰ ਕੀਤਾ, ਜੋ ਸ਼ਲਾਘਾਯੋਗ ਸੀ ਪਰ ਉਸ ਤੋਂ ਬਾਅਦ ਅਜਿਹਾ ਕੁਝ ਨਹੀਂ ਕੀਤਾ ਗਿਆ। ਉਨ੍ਹਾਂ ਭਗਵੰਤ ਮਾਨ ਸਰਕਾਰ ਦੀ ਪਹਿਲੇ ਛੇ ਮਹੀਨੇ ਕੀਤੀ ਕਾਰਵਾਈ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਆਖਿਆ ਕਿ ਭਾਰਤ ਵਿਚ ਪੁਲਿਸ ਵਿਭਾਗ ਨੂੰ ਸਰਕਾਰਾਂ ਦੇ ਕੰਟਰੋਲ ਤੋਂ ਵੱਖ ਕਰਨਾ ਚਾਹੀਦਾ ਹੈ। ਪਰਸ਼ਨ ਸਿੰਘ ਮਾਨ, ਪਰਮਿੰਦਰ ਸਿੰਘ ਵਾਲੀਆ, ਅੰਮ੍ਰਿਤ ਪਾਲ ਮਾਂਗਟ, ਡਾ. ਕੁਲਦੀਪ ਵਰਮਾ, ਪ੍ਰੀਤ ਢਿੱਲੋਂ ਨੇ ਵੀ ਸਵਾਲ ਪੁੱਛੇ, ਜਿਨ੍ਹਾਂ ਦੇ ਉਨ੍ਹਾਂ ਤਸੱਲੀਬਖਸ਼ ਜਵਾਬ ਦਿੱਤੇ। ਉਨ੍ਹਾਂ ਫਰੀ ਮੀਡੀਆ ਇਨੀਸ਼ੀਏਟਿਵ ਬਾਰੇ ਵੀ ਜਾਣਕਾਰੀ ਦਿੱਤੀ, ਜਿਸ ਰਾਹੀਂ ਕਿਸੇ ਵਿਸ਼ੇ 'ਤੇ ਡਾਕੂਮੈਂਟਰੀ ਫਿਲਮਾਂ ਬਣਾਈਆਂ ਜਾਦੀਆਂ ਹਨ। ਅਖੀਰ ਵਿਚ ਗੁਰਮੁਖ ਭੁੱਲਰ ਨੇ ਸਾਰਿਆਂ ਦਾ ਧੰਨਵਾਦ ਕੀਤਾ।

## ਤੂੰਬੇ ਅਲਗੋਜ਼ੇ ਦੀ ਗਾਇਕੀ ਵਿਚ ਨਵੀਆਂ ਪੈੜਾਂ ਪਾਉਣ ਵਾਲੇ-ਮੰਡੇਰ ਭਰਾ

# ਜਸਕੰਵਰ ਅਤੇ ਨਵਕੰਵਰ

ਪੰਜਾਬ ਦੀਆਂ ਲੋਕ ਗਾਇਣ ਵੰਨਗੀਆਂ ਵਿਚ ਤੂੰਬੇ ਅਲਗੋਜ਼ੇ ਦੀ ਗਾਇਕੀ ਦਾ ਸਨਮਾਨਯੋਗ ਸਥਾਨ ਰਿਹਾ ਹੈ। ਮਨੋਰੰਜਨ ਦੇ ਆਧੁਨਿਕ ਸਾਧਨਾਂ ਦੇ ਆਉਣ ਨਾਲ ਹੌਲੀ ਹੌਲੀ ਇਸ ਗਾਇਕੀ ਦਾ ਘੇਰਾ ਸੁੰਗੜਦਾ ਗਿਆ। ਹੁਣ ਕੇਵਲ ਗਿਣਤੀ ਦੇ ਜੁੱਟ ਹੀ ਇਸ ਖੇਤਰ ਵਿਚ ਕੰਮ ਕਰ ਰਹੇ ਹਨ। ਤਸੱਲੀ ਵਾਲੀ ਗੱਲ ਇਹ ਹੈ ਕਿ ਪਿਛਲੇ ਸਮੇਂ ਦੌਰਾਨ ਕੁੱਝ ਨੌਜਵਾਨ ਗਾਇਕਾਂ ਨੇ ਇਸ ਗਾਇਕੀ ਦੇ ਖੇਤਰ ਵਿਚ ਪ੍ਰਵੇਸ਼ ਕੀਤਾ ਹੈ। ਉਨ੍ਹਾਂ ਨੂੰ ਦਰਸ਼ਕਾਂ/ਸਰੋਤਿਆਂ ਦਾ ਭਰਪੂਰ ਹੁੰਘਾਰਾ ਮਿਲ ਰਿਹਾ ਹੈ। ਇਨ੍ਹਾਂ

**ਹਰਦਿਆਲ ਸਿੰਘ ਥੂਹੀ**



ਨੌਜਵਾਨ ਰਾਗੀ ਜੁੱਟਾਂ ਵਿਚੋਂ ਹੀ ਇੱਕ ਜੁੱਟ ਹੈ ਜਸਕੰਵਰ ਸਿੰਘ ਅਤੇ ਨਵਕੰਵਰ ਸਿੰਘ ਮੰਡੇਰ ਭਰਾ, ਜੋ ਇਸ ਗਾਇਕੀ ਵਿਚ ਨਵੀਆਂ ਪੈੜਾਂ ਪਾ ਰਹੇ ਹਨ। ਜਸਕੰਵਰ ਅਤੇ ਨਵਕੰਵਰ ਦਾ ਜਨਮ ਕ੍ਰਮਵਾਰ 11 ਫਰਵਰੀ 2002 ਅਤੇ 24 ਸਤੰਬਰ 2005 ਨੂੰ ਲੁਧਿਆਣਾ ਜ਼ਿਲ੍ਹੇ ਦੇ ਇਤਿਹਾਸਕ ਅਤੇ ਮੇਲੇ ਕਾਰਨ ਪ੍ਰਸਿੱਧੀ ਪ੍ਰਾਪਤ ਪਿੰਡ ਜਰਗ ਵਿਖੇ ਪਿਤਾ ਸ੍ਰ. ਨਵਜੋਤ ਸਿੰਘ ਮੰਡੇਰ ਦੇ ਘਰ ਮਾਤਾ ਸ੍ਰੀਮਤੀ ਜਸਬੀਰ ਕੌਰ ਦੀ ਕੁੱਖੋਂ ਹੋਇਆ। ਇਨ੍ਹਾਂ ਦੇ ਦਾਦਾ ਸਵਰਗੀ ਸ. ਹਰਦੇਵ ਸਿੰਘ ਸਰਪੰਚ ਖੁਦ ਲੋਕ ਸੰਗੀਤ ਦੇ ਰਸੀਏ ਸਨ। ਉਨ੍ਹਾਂ ਨੇ ਜਸਕੰਵਰ ਦੇ ਜਨਮ ਦੀ ਖੁਸ਼ੀ ਵਿਚ ਪਿੰਡ ਦੇ ਦਰਵਾਜੇ ਪ੍ਰਸਿੱਧ ਢਾਡੀ ਵਲਾਇਤ ਖਾਨ ਗੋਸਲਾਂ ਦਾ ਅਖਾੜਾ ਲਗਵਾਇਆ ਸੀ। ਇਸ ਸਮੇਂ ਮੈਨੂੰ ਵੀ ਉਨ੍ਹਾਂ ਨੇ ਆਪਣੀ ਖੁਸ਼ੀ ਵਿਚ ਸ਼ਾਮਲ ਕੀਤਾ ਸੀ। ਸ. ਹਰਦੇਵ ਸਿੰਘ ਦੀ ਪ੍ਰੇਰਨਾ ਸਦਕਾ ਹੀ ਨਵਜੋਤ ਸਿੰਘ ਨੇ ਢਾਡੀ ਗਾਇਕੀ ਦੇ ਖੇਤਰ ਵਿਚ ਪ੍ਰਵੇਸ਼ ਕੀਤਾ ਅਤੇ ਬਤੌਰ ਸਾਰੰਗੀ ਵਾਦਕ ਪ੍ਰਸਿੱਧੀ ਪ੍ਰਾਪਤ ਕੀਤੀ। ਨਵਜੋਤ ਸਿੰਘ ਪਿਛਲੇ ਤਿੰਨ ਦਹਾਕਿਆਂ ਤੋਂ ਲੋਕ ਸੰਗੀਤ ਦੇ ਖੇਤਰ ਵਿਚ ਸਰਗਰਮ ਹੈ। ਇਸ ਪ੍ਰਕਾਰ ਜਸਕੰਵਰ ਅਤੇ ਨਵਕੰਵਰ ਨੂੰ ਗੁੜ੍ਹਤੀ ਹੀ ਸੰਗੀਤ ਦੀ ਮਿਲੀ।

ਦੋਵਾਂ ਭਰਾਵਾਂ ਨੇ ਰਾਜਾ ਜਗਦੇਵ ਮਾਡਲ ਸਕੂਲ, ਜਰਗ ਤੋਂ ਬਾਰਵੀਂ ਤੱਕ ਦੀ ਪੜ੍ਹਾਈ ਕੀਤੀ। ਇਲਾਕੇ ਦਾ ਇਹ ਪ੍ਰਸਿੱਧ ਸਕੂਲ ਮੰਡੇਰ ਪਰਵਾਰ ਵੱਲੋਂ ਹੀ ਚਲਾਇਆ ਜਾ ਰਿਹਾ ਹੈ। ਸਕੂਲ ਸਮੇਂ ਦੌਰਾਨ ਹੀ ਦੋਵੇਂ ਭਰਾ ਆਪਣੇ ਪਿਤਾ ਸ. ਨਵਜੋਤ ਸਿੰਘ ਦੀ ਅਗਵਾਈ ਅਧੀਨ ਸਭਿਆਚਾਰਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਲੱਗ ਗਏ ਸਨ। ਇਨ੍ਹਾਂ ਨੇ ਪੰਜਾਬ ਸਕੂਲ ਸਿਖਿਆ ਬੋਰਡ ਕਰਵਾਏ ਜਾਂਦੇ ਵੱਖ-ਵੱਖ ਮੁਕਾਬਲਿਆਂ ਵਿਚ ਪੁਜੀਸ਼ਨਾਂ ਪ੍ਰਾਪਤ ਕੀਤੀਆਂ। ਪੜ੍ਹਾਈ ਵਿਚ ਜਸਕੰਵਰ ਨੇ ਬੀ.ਐਸ.ਸੀ. ਐਗਰੀਕਲਚਰ ਦੀ ਡਿਗਰੀ ਹਾਸਲ ਕੀਤੀ। ਅੱਜਕੱਲ੍ਹ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਖੇ ਐਗਰੋ ਬਿਜਨਸ ਦੀ ਮਾਸਟਰ ਡਿਗਰੀ ਕਰ ਰਿਹਾ ਹੈ। ਨਵਕੰਵਰ ਏ.ਐਸ. ਕਾਲਜ ਖੰਨਾ ਵਿਖੇ ਬੀ. ਏ. ਭਾਗ ਤੀਜਾ ਦਾ ਵਿਦਿਆਰਥੀ ਹੈ। ਏਥੇ ਉਸਨੇ ਕਲੀ ਗਾਇਣ, ਵਾਰ ਗਾਇਣ, ਕਵੀਸ਼ਰੀ, ਸ਼ਬਦ ਗਾਇਣ, ਲੋਕ ਸਾਜ਼ ਵਾਦਨ ਆਦਿ ਮੁਕਾਬਲਿਆਂ ਵਿਚ ਭਾਗ ਲੈ ਕੇ ਪੁਜੀਸ਼ਨਾਂ ਪ੍ਰਾਪਤ ਕੀਤੀਆਂ। ਕਲੀ ਗਾਇਣ ਵਿਚ ਯੂਨੀਵਰਸਿਟੀ ਪੱਧਰ 'ਤੇ ਗੋਲਡ ਮੈਡਲ ਅਤੇ ਵਾਰ ਗਾਇਣ ਵਿਚ ਦੂਜੀ ਪੁਜੀਸ਼ਨ ਪ੍ਰਾਪਤ ਕੀਤੀ। ਅੰਤਰ ਯੂਨੀਵਰਸਿਟੀ ਮੁਕਾਬਲੇ ਵਿਚ ਇਨ੍ਹਾਂ ਦੀ ਕਲੀ ਗਾਇਣ ਦੀ ਟੀਮ ਨੇ ਤੀਜਾ ਸਥਾਨ ਹਾਸਲ ਕੀਤਾ। ਉਹ ਪੰਜਾਬ ਯੂਨੀਵਰਸਿਟੀ ਦਾ ਕਲਰ ਹੋਲਡਰ ਹੈ। ਏਸੇ ਤਰ੍ਹਾਂ ਜਸਕੰਵਰ ਨੇ ਅੰਤਰ ਯੂਨੀਵਰਸਿਟੀ ਪੱਧਰ 'ਤੇ ਕਵੀਸ਼ਰੀ ਵਿਚ ਦੂਜਾ ਅਤੇ ਵਾਰ ਗਾਇਣ ਵਿਚ ਤੀਜਾ ਸਥਾਨ ਹਾਸਲ ਕੀਤਾ।

ਜਦੋਂ ਜਸਕੰਵਰ ਨੂੰ ਪੁਛਿਆ ਗਿਆ ਕਿ ਤੁਹਾਡੇ ਪਿਤਾ ਜੀ ਤਾਂ ਲੋਕ ਢਾਡੀ ਗਾਇਕੀ ਨਾਲ ਜੁੜੇ ਹੋਏ ਹਨ ਅਤੇ ਤੁਸੀਂ ਤੂੰਬੇ ਅਲਗੋਜ਼ੇ ਦੀ ਗਾਇਕੀ ਨੂੰ ਕਿਉਂ ਚੁਣਿਆ? ਉਸਦਾ ਜਵਾਬ ਸੀ ''ਸਾਡੇ ਘਰ ਬਿਆਰ (ਕੱਦੂ) ਦਾ ਬਣਿਆ ਹੋਇਆ ਇੱਕ ਵੱਡਾ ਤੂੰਬਾ ਪਿਆ ਸੀ, ਜਿਸ 'ਤੇ ਨੌਵੀਂ ਦਸਵੀਂ ਵਿਚ ਪੜ੍ਹਦਾ ਨਵਕੰਵਰ ਹੱਥ ਚਲਾਉਂਦਾ ਰਹਿੰਦਾ ਸੀ। ਹੌਲੀ ਹੌਲੀ ਉਹ ਉਸਨੂੰ ਵਜਾਉਣ ਲੱਗ ਪਿਆ। ਉਸਦੀ ਰੁਚੀ ਨੂੰ ਦੇਖਕੇ ਤੂੰਬੇ ਦੇ ਇੱਕ ਤਾਰ ਹੋਰ ਪਵਾਕੇ ਉਸਨੂੰ 'ਦੋਤਾਰਾ' ਤਿਆਰ ਕਰਵਾ ਲਿਆ।'' ਕਰੋਨਾ ਕਾਲ ਦੌਰਾਨ ਦੋਵੇਂ ਭਰਾਵਾਂ ਨੇ ਤੂੰਬੇ ਨਾਲ ਇੱਕ ਗੀਤ ਗਾ ਕੇ ਨੈੱਟ 'ਤੇ ਪਾ ਦਿੱਤਾ। ਇਸਨੂੰ ਦਰਸ਼ਕਾਂ/ਸਰੋਤਿਆਂ ਦਾ ਭਰਪੂਰ ਹੁੰਘਾਰਾ ਮਿਲਿਆ। ਕਨੇਡਾ ਵਸਦੇ ਨੌਜਵਾਨ ਰਾਗੀ (ਤੂੰਬੇ ਅਲਗੋਜ਼ੇ ਵਾਲੇ ਗਾਇਕ) ਕਰਨਵੀਰ ਕਲੇਰ ਨੇ ਹੌਸਲਾ ਅਫਜਾਈ ਕੀਤੀ। ਇਸ ਤਰ੍ਹਾਂ ਇਨ੍ਹਾਂ ਦਾ ਹੌਸਲਾ ਵਧ ਗਿਆ। ਕਰਨਵੀਰ ਨੇ ਹੀ ਵੀਡੀਓ ਕਾਲ ਰਾਹੀਂ ਇਨ੍ਹਾਂ ਨੂੰ ਇਸ ਗਾਇਕੀ ਦੇ ਮੁਢਲੇ ਸਬਕ ਪੜ੍ਹਾਏ। ਇਸ ਤਰ੍ਹਾਂ ਵੀਡੀਓ ਕਾਲ 'ਤੇ ਸਿੱਖਣ ਸਿਖਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਦੋਵੇਂ ਭਰਾ ਕਰਨਵੀਰ ਵੱਲੋਂ ਦਿੱਤੀ ਅਗਵਾਈ ਅਨੁਸਾਰ ਕਦਮ-ਦਰ-ਕਦਮ ਅੱਗੇ ਵਧਦੇ ਗਏ।

2022 ਤੋਂ ਜਸਕੰਵਰ ਹੁਰੀਂ ਪੱਕੇ ਤੌਰ 'ਤੇ ਇਸ ਗਾਇਕੀ ਨਾਲ ਜੁੜ ਗਏ। ਸ਼ੁਰੂ ਤੋਂ ਹੀ ਜਸਕੰਵਰ ਬਤੌਰ ਆਗੂ ਇਸ ਜੁੱਟ ਦੀ ਅਗਵਾਈ ਕਰ ਰਿਹਾ ਹੈ। ਨਵਕੰਵਰ ਤੂੰਬਾ ਵਾਦਕ ਵਜੋਂ ਸਾਥ ਦੇ ਰਿਹਾ ਹੈ। ਤੀਜਾ ਸਾਥੀ ਨੌਜਵਾਨ ਜੋੜੀ ਵਾਦਕ ਹੈ ਮਨਿੰਦਰ ਸਿੰਘ ਮਨੀ ਗੋਸਲਾਂ ਵਾਲਾ। ਮਨੀ ਨੂੰ ਇਹ ਕਲਾ ਵਿਰਾਸਤ ਵਿਚੋਂ ਮਿਲੀ। ਉਸਦਾ ਦਾਦਾ ਮਲਾਗਰ ਸਿੰਘ ਇੱਕ ਵਧੀਆ ਜੋੜੀ ਵਾਦਕ ਸੀ। ਬਾਰ੍ਹਵੀਂ ਪਾਸ ਕਰਨ ਤੋਂ ਬਾਅਦ ਮਨਿੰਦਰ ਦੋ ਸਾਲ ਘਰ ਬੈਠਾ ਰਿਹਾ। ਉਹਦੇ ਦਾਦੇ ਦੀਆਂ ਤਿੰਨ ਜੋੜੀਆਂ ਘਰ ਪਈਆਂ ਸਨ।

**ਕਲਾ ਪਰਿਕਰਮਾ**

ਉਨ੍ਹਾਂ ਵਿਚ ਫੂਕਾਂ ਮਾਰਦਿਆਂ ਮਾਰਦਿਆਂ ਉਸਦੇ ਅੰਦਰ ਇਸ ਕਲਾ ਨੂੰ ਸਿੱਖਣ ਦੀ ਇੱਛਾ ਪੈਦਾ ਹੋ ਗਈ। ਇਸ ਕਲਾ ਦੇ ਮਾਹਰ ਪਾਲੀ ਖਾਦਮ ਤੋਂ ਉਸਨੇ ਅਗਵਾਈ ਲੈਣੀ ਸ਼ੁਰੂ ਕਰ ਦਿੱਤੀ। ਦੋ ਸਾਲ ਬਾਅਦ ਉਸਨੇ ਏ.ਐਸ. ਕਾਲਜ ਖੰਨਾ ਵਿਖੇ ਬੀ.ਏ. ਵਿਚ ਦਾਖਲਾ ਲੈ ਲਿਆ। ਏਥੇ ਯੁਵਕ ਮੇਲਿਆਂ ਦੇ ਮੁਕਾਬਲਿਆਂ ਲਈ ਤਿਆਰੀ ਕਰਦਿਆਂ ਉਸਦੀ ਕਲਾ ਨਿਖ਼ਰਦੀ ਗਈ। ਏਥੇ ਉਸਨੇ ਲੋਕ ਨਾਚ ਭੰਗੜੇ, ਲੋਕ ਸਾਜ਼ ਆਰਕੈਸਟਰਾ ਅਤੇ ਵਿਅਕਤੀਗਤ ਲੋਕ ਸਾਜ਼ ਮੁਕਾਬਲੇ ਵਿਚ ਭਾਗ ਲਿਆ। ਲੋਕ ਸਾਜ਼ ਮੁਕਾਬਲੇ ਵਿਚ ਉਸਨੇ ਯੂਨੀਵਰਸਿਟੀ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ। ਉਹ ਯੂਨੀਵਰਸਿਟੀ ਦਾ ਕਲਰ ਹੋਲਡਰ ਹੈ।

ਜਸਕੰਵਰ ਹੁਰਾਂ ਦਾ ਜੁੱਟ ਪਿਛਲੇ ਤਿੰਨ ਸਾਲਾਂ ਤੋਂ ਲਗਾਤਾਰ ਆਪਣੀਆਂ ਪੇਸ਼ਕਾਰੀਆਂ ਦੇ ਰਿਹਾ ਹੈ। ਅਸਲ ਵਿਚ ਇਨ੍ਹਾਂ ਦੀ ਰਹਿਨੁਮਾਈ ਖ਼ੁਦ ਨਵਜੋਤ ਸਿੰਘ ਮੰਡੇਰ ਕਰ ਰਿਹਾ ਹੈ। ਪ੍ਰੋਗਰਾਮਾਂ ਵਿਚ ਇਹ ਦੋਵੇਂ ਗਾਇਣ ਵੰਨਗੀਆਂ ਢਾਡੀ ਗਾਇਕੀ ਅਤੇ ਤੂੰਬੇ ਜੋੜੀ ਦੀ ਗਾਇਕੀ ਪੇਸ਼ ਕਰਦੇ ਹਨ। ਢਾਡੀ ਗਾਇਣ ਸਮੇਂ ਨਵਜੋਤ ਦਾ ਸਾਥ ਉਸਦਾ ਚਹੇਤਾ ਸ਼ਗਿਰਦ ਸੁਰੀਲੀ ਅਤੇ ਬੁਲੰਦ ਆਵਾਜ਼ ਦਾ ਮਾਲਕ ਮਨਪ੍ਰੀਤ ਸਿੰਘ ਘੁੰਗਰਾਲੀ, ਜਸਕੰਵਰ ਅਤੇ ਨਵਕੰਵਰ ਦਿੰਦੇ ਹਨ। ਏਸੇ ਤਰ੍ਹਾਂ ਤੂੰਬੇ ਜੋੜੀ ਦੀ ਪੇਸ਼ਕਾਰੀ ਵੇਲੇ ਮਨਪ੍ਰੀਤ ਬਤੌਰ ਢੱਡ ਵਾਦਕ ਜਸਕੰਵਰ ਹੁਰਾਂ ਦਾ ਸਾਥ ਨਿਭਾਉਂਦਾ ਹੈ। ਜਸਕੰਵਰ ਅਤੇ ਉਸਦੇ ਸਾਥੀ ਆਪਣੇ ਪਿਤਾ ਸ. ਨਵਜੋਤ ਸਿੰਘ ਮੰਡੇਰ ਦੀ ਅਗਵਾਈ ਵਿਚ ਪੰਜਾਬੀ ਲੋਕ ਸੰਗੀਤ ਦੀ ਉਸ ਵਿਰਾਸਤ ਨੂੰ ਸਾਂਭਣ ਲਈ ਯਤਨਸ਼ੀਲ ਹਨ, ਜਿਸਦਾ ਇੱਕ ਸ਼ਾਨਾਂ ਮੱਤਾ ਇਤਿਹਾਸ ਹੈ। ਪੰਜਾਬੀਆਂ ਨੂੰ ਇਨ੍ਹਾਂ ਤੋਂ ਵੱਡੀਆਂ ਆਸਾਂ ਹਨ। ਸਾਡੀਆਂ ਦੁਆ ਹੈ ਕਿ ਪਰਮਾਤਮਾ ਇਨ੍ਹਾਂ ਨੂੰ ਬਲ ਬਖਸ਼ੇ ਤਾਂ ਕਿ ਇਹ ਆਪਣੀ ਮਾਂ ਬੋਲੀ ਅਤੇ ਸਭਿਆਚਾਰ ਦੀ ਸੰਭਾਲ ਵਿਚ ਆਪਣਾ ਯੋਗਦਾਨ ਪਾਉਂਦੇ ਰਹਿਣ।

**ਪਿੰਡ ਤੇ ਡਾਕ: ਥੂਹੀ, ਤਹਿ: ਨਾਭਾ ਜ਼ਿਲ੍ਹਾ ਪਟਿਆਲਾ**
**ਫੋਨ : 84271-00341**

**ਆਪਣੇ ਪ੍ਰੋਗਰਾਮਾਂ ਵਿਚ ਜਸਕੰਵਰ ਹੁਰੀਂ ਸਮੇਂ ਦੀ ਮੰਗ ਅਨੁਸਾਰ ਢੁਕਵੀਆਂ ਰਚਨਾਵਾਂ ਪੇਸ਼ ਕਰਦੇ ਹਨ। ਇਹ ਇਨ੍ਹਾਂ ਦੀ ਵੱਡੀ ਪ੍ਰਾਪਤੀ ਹੈ। ਇਨ੍ਹਾਂ ਵੱਲੋਂ ਗਾਏ ਜਾਂਦੇ 'ਰੰਗਾਂ' ਵਿਚੋਂ ਕੁੱਝ ਇੱਕ ਦੇ ਮੁਖੜੇ ਇਸ ਪ੍ਰਕਾਰ ਹਨ:-**

- ਸਮਝ ਕਰੀਂ ਅਣਜਾਣਾ, ਨਾ ਪੀ ਭੰਗ ਕਟੋਰੀ ਨੂੰ।
  ਜਿਸਦਾ ਨੀਲਾ ਬਾਣਾ, ਯਾਦ ਕਰ ਨੰਦ ਕਿਸ਼ੋਰੀ ਨੂੰ।
  ਓਸ ਬਿਨਾਂ ਨਹੀਂ ਸਰਨਾ ਪੁੱਛ ਲੈ ਵੇਦ ਕੁਰਾਨਾਂ ਤੇ।
  ਹੁਸਨ, ਜਵਾਨੀ, ਮਾਪੇ ਮਿਲਦੇ ਨਾ ਦੁਕਾਨਾਂ ਤੇ।
- ਕੰਨੀਂ ਮੁੰਦਰਾਂ ਸੁਨਹਿਰੀ ਗਲ ਗਾਨੀ, ਭਾਬੋ ਨੀ ਇਕ ਜੋਗੀ ਆ ਗਿਆ।
  ਜੁਲਫ਼ਾਂ ਕਾਲੀਆਂ ਤੇ ਅੱਖ ਮਸਤਾਨੀ, ਭਾਬੋ ਨੀ ਇਕ ਜੋਗੀ ਆਗਿਆ।
- ਮੀਂਹ ਵਰਸੇ ਬਿਜਲੀ ਕੜਕੇ, ਭਿੱਜ ਗਈਆਂ ਨਣਾਨੇ ਪੂਣੀਆਂ।
  ਨਾਲੇ ਬਾਹਰੇ ਭਿੱਜਗੇ ਚਰਖੇ, ਭਿੱਜ ਗਈਆਂ ਨਣਾਨੇ ਪੂਣੀਆਂ।
- ਜੇ ਤੂੰ ਅੱਖੀਆਂ ਦੇ ਸਾਹਮਣੇ ਨੀ ਰਹਿਣਾ, ਮਾਹੀ ਵੇ ਸਾਡਾ ਦਿਲ ਮੋੜਦੇ।
  ਸਾਡਾ ਨਿੱਕਾ ਜਿਹਾ ਮੰਨਣਾ ਨੀ ਕਹਿਣਾ, ਮਾਹੀ ਵੇ ਸਾਡਾ ਦਿਲ ਮੋੜਦੇ।
- ਲੱਗੀ ਵਾਲੇ ਨਾ ਜ਼ਰਾ ਵੀ ਅੱਖ ਲਾਉਂਦੇ, ਨੀ ਤੇਰੀ ਕਿਵੇਂ ਅੱਖ ਲੱਗ ਗੀ।
  ਰਹਿਣ ਜਾਗਦੇ ਤੇ ਹੋਰਾਂ ਨੂੰ ਜਗਾਉਂਦੇ, ਨੀ ਤੇਰੀ ਕਿਵੇਂ ਅੱਖ ਲੱਗ ਗੀ।
- ਧੀਆਂ ਹੁੰਦੀਆਂ ਨੇ ਦੌਲਤਾਂ ਬਿਗਾਨੀਆਂ, ਵੇ ਹੱਸ ਹੱਸ ਤੋਰ ਬਾਬਲਾ।
  ਤੇਰੇ ਮਹਿਲਾਂ ਨੂੰ ਮੈਂ ਛੱਡ ਅੱਜ ਜਾਨੀਆਂ, ਵੇ ਹੱਸ ਹੱਸ ਤੋਰ ਬਾਬਲਾ।
- ਮੈਨੂੰ ਲੈ ਦੇ ਚੂੜੀਆਂ ਨੀ, ਅੱਜ ਦਿਨ ਤੀਆਂ 'ਚ ਥੋੜ੍ਹੇ ਰਹਿੰਦੇ।
  ਦਿਨ ਤੀਜ ਮੁਬਾਰਕ ਦਾ, ਭੌਰੇ ਹੋ ਮਸਤ ਫੁੱਲਾਂ 'ਤੇ ਬਹਿੰਦੇ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਸਤੰਬਰ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-707



*ਇਨਸਾਨੀਅਤ ਲਈ ਖੜ੍ਹਨਾ ਸਿਖਾਉਂਦਾ ਧਰਮ ਹੈ,*
*ਜੀਵ-ਜੰਤ 'ਤੇ ਸਦਾ ਦਇਆ ਕਰਨਾ ਨੇਕ ਕਰਮ ਹੈ।*
*ਕੁਦਰਤ ਦੀ ਕਰੋਪੀ ਨੇ ਅਗਰ ਢਾਹਿਆ ਮਨੁੱਖ ਹੈ,*
*ਰੱਬ ਆਪਣਾ ਰੂਪ ਧਾਰ ਕੇ ਫਿਰ ਵੰਡਾਉਂਦਾ ਦੁੱਖ ਹੈ।*

## ਕੈਪਸ਼ਨ ਮੁਕਾਬਲਾ-705



ਚੜ੍ਹ ਜਾਂਦਾ ਹੈ ਜਨੂੰਨ ਜਦੋਂ ਸਿਰ ਨੂੰ,
ਇਸ਼ਕ ਦੇ ਵਾਂਗ ਸਿਰੜ ਪੁਗਾਵੇ ਉਹ,
ਜਾਂਵਦੈ ਤੁਰੀ ਦਿਨੇ ਰਾਤ ਧੁਨ ਵਿਚ,
ਸੋਹਣੀ ਦੇ ਵਾਂਗ ਕੱਚੇ ਤਰ ਜਾਵੇ ਉਹ।
ਰੱਖਦੈ ਨਿਸ਼ਾਨਾ ਮੱਛੀ ਦੀ ਅੱਖ 'ਤੇ,
ਦਰੋਪਦੀ ਦਾ ਸਵੰਬਰ ਜਿੱਤ ਜਾਵੇ ਉਹ,
ਸਿਰੜ ਤੇ ਸਿਦਕ ਸਦਾ ਪਾਂਦੇ ਮੁੱਲ,
ਮੈਦਾਨੇ ਮੋਰਚਾ ਫ਼ਤਿਹ ਕਰ ਜਾਵੇ ਉਹ।
***-ਸੇਵਾ ਸਿੰਘ ਨੂਰਪੁਰੀ***

---

ਰੋਕੇ ਉਮਰ ਨਾ ਰਾਹ,
ਅੰਬਰਾਂ ਨੂੰ ਛੂਹਣ ਲਈ।
ਅਠਾਰਾਂ-ਸਾਲਾ 'ਟ੍ਰੈਪ',
ਅੱਠ ਮੀਲ ਤਰ ਗਈ।
ਬਾਲ ਦੇ ਦੇਂਦਾ ਮਾਤ,
ਬਿਰਧ ਧਉਲੇ ਵਾਲਿਆਂ।
ਬਜ਼ੁਰਗ ਦਏ ਪਛਾੜ,
ਗੱਭਰੂਆਂ ਕਾਹਲਿਆਂ।
ਬੁੱਢੇ ਰੱਖਿਆ ਸਿਰ ਤਲੀ,
ਖੰਡਾ ਰਣ ਵਾਹੁੰਦਿਆਂ।
ਦਿੱਤੀ ਮੱਤ ਜੱਲਾਦ ਨੂੰ,
ਹਰ ਬੰਦ ਕਟਾਉਂਦਿਆਂ।
ਥਾਪਿਆ ਬਾਬਾ ਜਾਨਸ਼ੀਨ,
ਪੋਤੇ ਨੇ, ਆਪਣਾ।
ਬੁੱਢਾ ਸੇਵੇ ਦਿਨ-ਰਾਤ,
ਗੁਰ ਅੱਧਖੜ ਆਪਣਾ।
ਨਾ ਡੋਲੀਂ ਉਮਰ ਤੂੰ ਵੇਖ,
ਜਜ਼ਬਾ ਜਵਾਨ ਰੱਖ।
ਚੱਲ ਆਵੇ ਮੰਜ਼ਲ ਆਪ,
ਮੰਜ਼ਲ 'ਤੇ ਰੱਖ ਅੱਖ।
ਗੱਭਰੂ ਅੱਧਖੜ ਕੀ ਪਰਖਣਾ,
ਜੇ ਹੋਵੇ ਸੰਕਲਪ ਜਵਾਨ।
ਤਨ ਦਾ ਤਾਣ ਬੇ-ਕਾਰ ਹੈ,
ਜੇ ਨਾ ਹੋਏ ਇਰਾਦੇ 'ਚ ਜਾਨ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਚੜ੍ਹਦੀਆਂ ਕਲਾਂ 'ਚ
ਅਧੇੜ ਗੱਭਰੂ ਕੀਤੀ ਕਮਾਲ
ਲੰਬੀ ਦੌੜ ਵਿਚ ਪਾਈ ਧਮਾਲ
ਮੈਡਲ ਹੱਥ ਵਿਚ ਫੜ ਕੇ
ਦਿਖਾਵੇ ਚੜ੍ਹਿਆ ਚਾਅ।
ਨੇੜੇ ਕਿਸੇ ਨੂੰ ਲੱਗਣ ਨ੍ਹੀਂ ਦਿੱਤਾ
ਜਦੋਂ ਰੈਫਰੀ ਨੇ ਦਿੱਤਾ ਭਜਾ।
ਟੇਲੈਂਟ ਪਛਾਨਣ, ਕੋਚਿੰਗ ਦੇਣ ਵਾਲੇ
ਪੁਸ਼ਤੈਨੀ ਜਜ਼ਬੇ ਦੀ ਕਰਕੇ ਪਛਾਣ।
ਅਸਮਾਨਾਂ 'ਚ ਲਾ ਕੇ ਉਡਾਰੀ
ਮੈਡਲਾਂ ਦੀ ਝੜੀ ਲਾਉਣ ਜਵਾਨ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਖਾਅ ਖੁਰਾਕਾਂ ਮਾਰੀ ਮਿਹਨਤ
ਅਨੋਖਾ ਰੰਗ ਲਿਆਵੇ।
ਖੁਸ਼ੀ ਜਿੱਤ ਦੀ ਸਾਂਭ ਨਾ ਹੋਵੇ
ਅੰਗ ਅੰਗ ਨਸ਼ਿਆਵੇ।
ਉੱਚੀ ਚੁੱਕੀ ਜਿੱਤ ਨਿਸ਼ਾਨੀ
ਮਾਣ ਨਾਲ ਲਹਿਰਾਵੇ।
***-ਜਗਮੀਤ ਸਿੰਘ ਪੰਧੇਰ***

---

ਤਮਗੇ ਮੈਡਲ ਝੋਲੀ ਵਿਚ
ਰਾਤੋ ਰਾਤ ਨਾ ਪੈਂਦੇ ਨੇ,
ਦਿਨ ਰਾਤ ਇਕ ਕਰਕੇ
ਬੜੇ ਦੁੱਖ ਝੱਲਣੇ ਪੈਂਦੇ ਨੇ।
ਕਿਸੇ ਦੇ ਪੱਲੇ ਵਿਚ ਫੁੱਲ
ਕਿਸੇ ਦੇ ਕੰਡੇ ਨੇ।
ਸ਼ਾਇਦ ਉਨ੍ਹਾਂ ਲਈ ਸੰਡੇ ਵੀ ਮੰਡੇ ਨੇ।
ਪੁੱਛੋ ਜਾ ਕੇ ਰਾਜ਼,
ਉਨ੍ਹਾਂ ਕਿਵੇਂ ਜਿੱਤ ਜਿੱਤੀ
ਕਿਵੇਂ ਗੱਡੇ, ਜਿੱਤ ਦੇ ਉਨ੍ਹਾਂ ਨੇ ਝੰਡੇ ਨੇ।
***-ਲੋਕ ਨਾਥ ਸ਼ਰਮਾ***
***ਫੋਨ: 94171-76877***

# ਜ਼ਿੰਦਗੀ ਦੀਆਂ ਤਲਖ਼ੀਆਂ ਨੂੰ ਚਿਤਰਦਾ ਡਾ. ਜਗਤਾਰ

ਡਾ. ਜਗਤਾਰ ਨਾਲ ਮੇਰੀ ਸਾਂਝ ਲੰਮੀ ਵੀ ਹੈ ਤੇ ਗਹਿਰੀ ਵੀ! ਨੌਕਰੀ ਦੌਰਾਨ ਤੇ ਫਿਰ ਉਸਤੋਂ ਬਾਅਦ ਵੀ ਉਸ ਨਾਲ ਮੇਰੀ ਨੇੜਤਾ ਬਣੀ ਰਹੀ। ਪੁਸਤਕਾਂ ਜਾਂ ਵਿਭਿੰਨ ਵਿਸ਼ਿਆਂ ਉਪਰ ਪੇਪਰ ਲਿਖਣ ਤੇ ਸੈਮੀਨਾਰਾਂ ਵਿਚ ਪੜ੍ਹਨ ਵਾਸਤੇ ਡਾ. ਜਗਤਾਰ ਨੇ ਹੀ ਮੈਨੂੰ ਪ੍ਰੇਰਿਤ ਕੀਤਾ ਸੀ। 23 ਮਾਰਚ 2009 ਨੂੰ ਜਦੋਂ ਮੈਂ ਉਨ੍ਹਾਂ ਨੂੰ ਮਿਲਣ ਉਨ੍ਹਾਂ ਦੇ ਘਰ ਗਿਆ ਤਾਂ ਉਹ ਬਹੁਤ ਖ਼ੁਸ਼ ਹੋਏ। ਬਿਮਾਰੀ ਨਾਲ ਲੜਦਿਆਂ ਕਮਜ਼ੋਰ ਹੋ ਜਾਣ ਦਾ ਸੰਸਾ ਜਗਤਾਰ ਦੇ ਚਿਹਰੇ ਤੋਂ ਸਾਫ਼ ਪੜ੍ਹਿਆ ਜਾ ਸਕਦਾ ਸੀ। 'ਆ, ਪ੍ਰਿਤਪਾਲ, ਅੱਜ ਮੈਂ ਸਵੇਰ ਤੋਂ ਹੀ ਉਦਾਸ ਬੈਠਾ ਸੋਚ ਰਿਹਾ ਸਾਂ, ਕੋਈ ਆਪਣਾ ਆਏ ਤਾਂ ਮਨ ਫਰੋਲਾਂ। ਚੰਗਾ ਕੀਤਾ ਤੂੰ ਆ ਗਿਆ...। ਸਵੇਰ ਤੋਂ ਮੈਂ ਸ਼ਹੀਦ ਭਗਤ ਸਿੰਘ ਨੂੰ ਯਾਦ ਕਰ ਰਿਹਾ ਹਾਂ...ਪਾਸ਼ ਵੀ ਅੱਜ ਦੇ ਦਿਨ ਬਹੁਤ ਯਾਦ ਆਉਂਦਾ...ਅੱਜ ਮੇਰਾ ਜਨਮ

**ਡਾ. ਪ੍ਰਿਤਪਾਲ ਸਿੰਘ ਮਹਿਰੋਕ**
**ਫੋਨ: 98885-10185**

ਦਿਨ ਆ...' ਡਾ. ਜਗਤਾਰ ਨੇ ਕੁਝ ਚਿਰ ਪਹਿਲਾਂ ਕੀਤੀ ਆਪਣੀ ਵਿਦੇਸ਼ ਯਾਤਰਾ ਦੇ ਕੁਝ ਵਿਖਿਆਨ ਸੁਣਾਏ। ਗੱਲਾਂ ਕਰਦਿਆਂ ਉਹ ਹੱਸਦਾ ਵੀ ਰਿਹਾ, ਉਦਾਸ ਵੀ ਹੋ ਜਾਂਦਾ। ਉਸ ਨੇ ਦੱਸਿਆ ਕਿ ਵਾਪਸੀ ਦੇ ਲੰਮੇ ਸਫ਼ਰ ਦੌਰਾਨ ਇੱਕ ਹਵਾਈ ਅੱਡੇ 'ਤੇ ਉਸਦੀ ਤਬੀਅਤ ਖਰਾਬ ਹੋ ਗਈ। ਉਸਨੂੰ ਹਸਪਤਾਲ ਪਹੁੰਚਾਏ ਜਾਣ ਅਤੇ ਚੰਗੀ ਦੇਖਭਾਲ ਕਰਨ ਵਾਲੇ ਅਜਨਬੀ ਲੋਕਾਂ ਅਤੇ ਡਾਕਟਰਾਂ ਦੀਆਂ ਗੱਲਾਂ ਸੁਣਾਉਂਦਿਆਂ ਭਾਵੁਕ ਹੋ ਜਾਂਦਾ। 'ਪ੍ਰਿਤਪਾਲ, ਮੈਂ ਸੋਚਦਾ ਉਸ ਕੁੜੀ ਨਾਲ ਮੇਰਾ ਕੀ ਰਿਸ਼ਤਾ ਸੀ, ਜਿਸਨੇ ਬੇਗਾਨੇ ਮੁਲਕ ਦੇ ਹਸਪਤਾਲ ਵਿਚ ਮੇਰੀ ਜਾਨ ਬਚਾਈ ਸੀ...। ਉਸ ਕੁੜੀ ਨਾਲ ਮੇਰਾ ਕੀ ਰਿਸ਼ਤਾ ਸੀ, ਜਿਸਨੇ ਮੇਰੀ ਤਬੀਅਤ ਖਰਾਬ ਹੋ ਜਾਣ ਦੌਰਾਨ ਮੇਰੀ ਜੇਬ੍ਹ ਵਿਚੋਂ ਡਿੱਗ ਗਏ ਮੇਰੇ ਪਰਸ ਨੂੰ ਸਾਂਭ ਕੇ ਰੱਖ ਲਿਆ ਤੇ ਵਾਪਸੀ 'ਤੇ ਮੈਨੂੰ ਸੌਂਪ ਦਿੱਤਾ ਸੀ...।' ਜਗਤਾਰ ਦੀਆਂ ਗੱਲਾਂ ਦੀ ਦਾਸਤਾਨ ਦੀ ਲੜੀ ਲੰਮੀ ਹੁੰਦੀ ਗਈ। ਗੱਲਾਂ ਕਰਦਿਆਂ ਰੁਕ ਕੇ, ਕਮੀਜ਼ ਮੋਢੇ ਤੋਂ ਹੇਠਾਂ ਕਰਦਿਆਂ ਡਾ. ਜਗਤਾਰ ਨੇ ਪੇਸ ਮੇਕਰ ਲੱਗੇ ਹੋਣ ਵਾਲੀ ਥਾਂ ਮੈਨੂੰ ਵਿਖਾਈ। ਉਸਦੀਆਂ ਅੱਖਾਂ ਨਮ ਹੋ ਜਾਂਦੀਆਂ। ਅਸੀਂ ਘੰਟਿਆਂਬੱਧੀ ਗੱਲਾਂ ਕਰਦੇ ਰਹੇ। ਮੈਂ ਆਪਣੀਆਂ ਪੁਸਤਕਾਂ ਡਾ. ਜਗਤਾਰ ਨੂੰ ਭੇਟ ਕੀਤੀਆਂ ਤਾਂ ਉਸਨੇ ਮੈਨੂੰ ਗਲੇ ਲਗਾ ਲਿਆ। ਡਾਢੇ ਆਪਣੇਪਨ ਦੇ ਲਹਿਜ਼ੇ ਵਿਚ ਖ਼ੁਸ਼ੀ ਦਾ ਪ੍ਰਗਟਾਵਾ ਵੀ ਕੀਤਾ।

ਮਨੁੱਖ ਦੀਆਂ ਅਮੁੱਕ ਖ਼ੁਸ਼ੀਆਂ, ਗ਼ਮੀਆਂ, ਅਨੁਭਵਾਂ, ਸਿੱਕਾਂ, ਉਦਗਾਰਾਂ ਆਦਿ ਨੂੰ ਡਾ. ਜਗਤਾਰ ਨੇ ਅੱਧੀ ਸਦੀ ਤੋਂ ਵੀ ਵੱਧ ਸਮੇਂ ਤੱਕ ਕਵਿਤਾ ਵਿਚ ਢਾਲਿਆ ਹੈ। ਖੋਜ ਕਾਰਜਾਂ ਨਾਲ ਬੜੀ ਸ਼ਿੱਦਤ ਨਾਲ ਜੁੜੇ ਰਹਿਣਾ, ਅਨੁਵਾਦ ਤੇ ਸੰਪਾਦਨ ਕਾਰਜ ਕਰਨਾ, ਚਿੰਤਨ ਤੇ ਚੇਤਨਾ ਦੀ ਜੋਤ ਜਗਾਈ ਰੱਖਣਾ ਡਾ. ਜਗਤਾਰ ਦੇ ਹਿੱਸੇ ਹੀ ਆਇਆ ਹੈ। ਦੁੱਧ ਪੱਥਰੀ, ਰੁੱਤਾਂ ਰਾਂਗਲੀਆਂ, ਤਲਖ਼ੀਆਂ ਰੰਗੀਨੀਆਂ, ਅਧੂਰਾ ਆਦਮੀ, ਲਹੂ ਦੇ ਨਕਸ਼, ਛਾਂਗਿਆ ਰੁੱਖ, ਸ਼ੀਸ਼ੇ ਦਾ ਜੰਗਲ, ਜਜ਼ੀਰਿਆਂ ਵਿਚ ਘਿਰਿਆ ਸਮੁੰਦਰ, ਚਨੁਕਰੀ ਸ਼ਾਮ, ਜੁਗਨੂੰ ਦੀਵਾ ਤੇ ਦਰਿਆ, ਅੱਖਾਂ ਵਾਲੀਆਂ ਪੈੜਾਂ, ਮੇਰੇ ਅੰਦਰ ਇੱਕ ਸਮੁੰਦਰ, ਹਰ ਮੋੜ ਤੇ ਸਲੀਬਾਂ, ਪ੍ਰਵੇਸ਼ ਦੁਆਰ, ਮੋਮ ਦੇ ਲੋਕ ਆਦਿ ਉਸਦੇ ਪ੍ਰਮੁੱਖ ਕਾਵਿ ਸੰਗ੍ਰਹਿ ਹਨ। ਰੋਮਾਂਟਿਕ ਕਵਿਤਾ ਦੀ ਸਿਰਜਣਾ ਤੋਂ ਆਪਣਾ ਕਾਵਿ ਸਫ਼ਰ ਪ੍ਰਾਰੰਭ ਕਰ ਕੇ ਜਗਤਾਰ ਦੀ ਕਵਿਤਾ ਸਮਾਜਿਕ, ਆਰਥਿਕ, ਰਾਜਨੀਤਕ, ਇਤਿਹਾਸਕ, ਸੱਭਿਆਚਾਰਕ ਆਦਿ ਸਰੋਕਾਰਾਂ ਨਾਲ ਜਾ ਜੁੜਦੀ ਹੈ। ਜ਼ਿੰਦਗੀ ਦੇ ਕਠੋਰ ਯਥਾਰਥ ਵਿਚੋਂ ਉਪਜਦੀ ਉਸਦੀ ਕਵਿਤਾ ਜਦੋਂ ਲੋਕ ਮਨ ਦੀ ਤਰਜਮਾਨੀ ਕਰਨ ਲੱਗਦੀ ਹੈ ਤਾਂ ਉਹ ਹਨੇਰਿਆਂ ਖ਼ਿਲਾਫ਼ ਲੜਨ ਦਾ ਸੰਕਲਪ ਲੈ ਕੇ ਉਸਰਦੀ ਹੈ। ਉਤਪਾਦਨ ਦੇ ਸਾਧਨਾਂ ਉੱਤੇ ਪੂੰਜੀਪਤੀ ਜਮਾਤ ਦੇ ਕਬਜ਼ੇ, ਨਿਮਨ ਵਰਗ ਦੀ ਤਰਸੇਵੇਂ ਵਾਲੀ ਦਸ਼ਾ, ਮਨੁੱਖ ਵੱਲੋਂ ਮਨੁੱਖ ਉਪਰ ਕੀਤੇ ਜਾਂਦੇ ਜ਼ੁਲਮ ਨੂੰ ਬਿਆਨਣ ਅਤੇ ਹਾਲਾਤ ਦਾ ਸ਼ਿਕਾਰ ਹੋਣ ਵਾਲੀ ਜਮਾਤ ਨੂੰ ਸੰਗਰਾਮ ਰਚਾਉਣ ਤੇ ਸੰਘਰਸ਼ ਵਿਚ ਕੁੱਦਣ ਦਾ ਸੱਦਾ ਦੇਣ ਵਾਲੀ ਜਗਤਾਰ ਦੀ ਕਵਿਤਾ ਮਨੁੱਖ ਨੂੰ ਹਲੂਣਦੀ ਹੈ। ਉਸਦੀ ਕਵਿਤਾ ਸਮਾਜਿਕ, ਆਰਥਿਕ, ਰਾਜਸੀ ਕ੍ਰਾਂਤੀ ਲਿਆਉਣ ਲਈ ਚੇਤਨਾ ਪੈਦਾ ਕਰਨ ਦਾ ਉਪਰਾਲਾ ਕਰਦੀ ਹੈ। ਸਲੀਮ ਖਾਂ ਜਿੰਮੀ ਅਤੇ ਅਫ਼ਜ਼ਲ ਅਹਿਸਨ ਰੰਧਾਵਾ ਦੇ ਨਾਵਲਾਂ ਕ੍ਰਮਵਾਰ 'ਸਾਂਝ' ਅਤੇ 'ਦੁਆਬਾ', ਇਸਹਾਕ ਮੁਹੰਮਦ ਦੇ ਡਰਾਮੇ 'ਕੁਕਨੂਸ' ਅਤੇ ਮਜ਼ਹੂਰ-ਉਲ-ਇਸਲਾਮ ਦੇ ਕਹਾਣੀ ਸੰਗ੍ਰਹਿ 'ਹਰਾ ਸਮੁੰਦਰ' ਦਾ ਲਿਪੀਅੰਤਰ ਵੀ ਉਸਨੇ ਕੀਤਾ ਹੈ। ਫੈਜ਼ ਅਹਿਮਦ ਫੈਜ਼ ਦੀ ਚੋਣਵੀਂ ਕਵਿਤਾ 'ਰਾਤ ਦੀ ਰਾਤ' ਅਤੇ ਅਬਦੁੱਲਾ ਹੁਸੈਨ ਦੇ ਨਾਵਲ 'ਰਾਤ' ਦਾ ਅਨੁਵਾਦ ਕਰਨ ਤੋਂ ਇਲਾਵਾ 'ਦੁੱਖ ਦਰਿਆਉਂ ਪਾਰ ਦੇ', 'ਆਖਿਆ ਫਰੀਦ ਨੇ', 'ਸੂਫੀ ਕਾਵਿ ਤੇ ਉਸਦਾ ਪਿਛੋਕੜ', 'ਹੀਰ ਦਮੋਦਰ' ਆਦਿ ਦਾ ਸੰਪਾਦਨ ਵੀ ਡਾ. ਜਗਤਾਰ ਨੇ ਕੀਤਾ। 'ਕਲਾ ਸਿਰਜਕ' ਤ੍ਰੈ-ਮਾਸਿਕ ਸਾਹਿਤਕ ਪਰਚੇ ਦੇ ਮੁੱਖ ਸੰਪਾਦਕ ਦੀ ਜ਼ਿੰਮੇਵਾਰੀ ਵੀ ਉਹ ਪੂਰੀ ਤਨਦੇਹੀ ਨਾਲ ਨਿਭਾਉਂਦਾ ਰਿਹਾ। ਪੁਸਤਕ 'ਅਨਮੁੱਕ ਸਫ਼ਰ' ਵਿਚ ਡਾ. ਜਗਤਾਰ ਨੇ ਆਪਣੀ ਕਾਵਿ ਰਚਨਾ ਦੇ ਬਹੁਤੇ ਭਾਗ ਨੂੰ ਸਾਂਭਿਆ ਹੈ। 'ਬਰਫ਼ ਹੇਠ ਦੱਬੇ ਹਰਫ਼' ਗ਼ਜ਼ਲ ਸੰਗ੍ਰਹਿ ਦਾ ਸੰਪਾਦਨ, 'ਹਮ ਸਫ਼ਰ' ਪੁਸਤਕ ਵਿਚ ਮੁਲਾਕਾਤਾਂ ਦਾ ਸੰਪਾਦਨ, 'ਪੱਥਰਾਂ 'ਤੇ ਤੁਰਦੇ ਲੋਕ' (ਮੱਖਣ ਮਾਨ ਦੇ ਨਾਲ) ਪੰਜਾਬੀ ਦੀਆਂ ਚੋਣਵੀਆਂ ਕਹਾਣੀਆਂ ਦੇ ਸੰਪਾਦਨ ਤੋਂ ਇਲਾਵਾ ਡਾ. ਜਗਤਾਰ ਨੇ ਹੋਰ ਵੀ ਬਹੁਤ ਕੰਮ ਕੀਤਾ। ਜਗਤਾਰ ਦੀ ਕਵਿਤਾ ਉੱਪਰ ਕਈ ਖੋਜ ਵਿਦਿਆਰਥੀਆਂ ਨੇ ਐਮ.ਫਿਲ. ਅਤੇ ਪੀ.ਐੱਚਡੀ. ਦਾ ਖੋਜ ਕਾਰਜ ਵੀ ਕੀਤਾ ਹੈ। 1996 ਵਿਚ ਉਸਦੀ ਪੁਸਤਕ 'ਜੁਗਨੂੰ ਦੀਵਾ ਤੇ ਦਰਿਆ' ਨੂੰ ਭਾਰਤੀ ਸਾਹਿਤ ਅਕੈਡਮੀ ਦਾ ਪੁਰਸਕਾਰ ਮਿਲਿਆ। ਜ਼ਿੰਦਗੀ ਦੀਆਂ ਅਨੇਕ ਤਲਖ਼ੀਆਂ ਰੰਗੀਨੀਆਂ ਦਾ ਕਾਵਿ ਚਿਤਰਨ ਕਰਨ ਵਾਲਾ ਡਾ. ਜਗਤਾਰ 30 ਮਾਰਚ 2010 ਨੂੰ ਇਸ ਜਹਾਨ ਨੂੰ ਅਲਵਿਦਾ ਕਹਿ ਗਿਆ। ਉਸਦੇ ਤੁਰ ਜਾਣ ਨਾਲ ਪੰਜਾਬੀ ਸਾਹਿਤ ਜਗਤ ਵਿਚ ਛਾ ਗਈ ਉਦਾਸੀ ਭੁੱਲ ਜਾਣ ਵਾਲੀ ਘਟਨਾ ਨਹੀਂ।

ਸਰਲ ਤੋਂ ਜਟਿਲ ਹੋ ਗਈ ਮਨੁੱਖੀ ਜ਼ਿੰਦਗੀ ਨੂੰ ਡਾ. ਜਗਤਾਰ ਨੇ ਬੜੀ ਬਰੀਕੀ ਨਾਲ ਚਿਤਰਿਆ ਹੈ। ਹਰੇਕ ਸਮੇਂ ਦੇ ਹਾਕਮਾਂ ਦੇ ਬਦਲਦੇ ਕਿਰਦਾਰ ਨੂੰ, ਹੱਕ, ਸੱਚ, ਨਿਆਂ ਆਦਿ ਨੂੰ ਲੱਗਣ ਵਾਲੇ ਖੋਰੇ, ਝੂਠ, ਛਲ, ਕਪਟ, ਵਿਭਚਾਰ ਦੇ ਬੋਲ-ਬਾਲੇ ਨੂੰ, ਰਿਸ਼ਤਿਆਂ ਵਿਚੋਂ ਮੁੱਕ ਰਹੀ ਅਪਣੱਤ ਨੂੰ, ਪਾਰੇ ਵਾਂਗ ਡੋਲਦੇ ਮਨੁੱਖੀ ਸੁਭਾਅ ਨੂੰ, ਅੰਦਰੋਂ ਬਾਹਰੋਂ ਟੁੱਟਦੇ ਜਾ ਰਹੇ ਮਨੁੱਖ ਦੇ ਅਸਲੇ ਨੂੰ, ਵਿਗੋਚਿਆਂ-ਨਿਹੋਰਿਆਂ ਮਾਰੀ ਜ਼ਿੰਦਗੀ ਨੂੰ ਡਾ. ਜਗਤਾਰ ਅਰਥ ਯੁਕਤ ਕਾਵਿ ਬਿੰਬਾਂ ਰਾਹੀਂ ਪ੍ਰਸਤੁਤ ਕਰਦਾ ਹੈ। ਜ਼ਿੰਦਗੀ ਦੀ ਵੀਰਾਨੀ, ਇਕੱਲਤਾ, ਅਜਨਬੀਅਤ, ਬੇਗਾਨਗੀ ਆਦਿ ਉਸ ਨੂੰ ਸਤਾਉਂਦੀ ਹੈ। ਜਗਤਾਰ ਮਨੁੱਖ ਨੂੰ ਮਨੁੱਖਤਾ ਵਿਚ ਵਿਸ਼ਵਾਸ ਬਣਾਈ ਰੱਖਣ ਲਈ ਕਹਿੰਦਾ ਹੈ। 'ਹਰ ਮੋੜ 'ਤੇ ਸਲੀਬਾਂ' ਨੂੰ ਉਲੰਘ ਕੇ ਉਨ੍ਹਾਂ ਤੋਂ ਪਾਰ ਜਾਣ ਲਈ ਕਹਿੰਦਾ ਹੈ। ਧਰਤੀ, ਪਾਣੀ, ਪ੍ਰਕਿਰਤੀ ਆਦਿ ਦੀ ਖ਼ੂਬਸੂਰਤੀ ਬਣਾਈ ਰੱਖਣ ਦਾ ਸੱਦਾ ਵੀ ਦਿੰਦਾ ਹੈ। ਮਨੁੱਖ ਦੇ ਦੋਗਲੇ ਕਿਰਦਾਰ ਤੋਂ ਸਾਵਧਾਨ ਰਹਿਣ ਲਈ ਕਹਿੰਦਾ ਹੈ:

ਲੋਕ ਪੱਥਰ ਵੇਚਦੇ ਨੇ ਸ਼ੀਸ਼ਿਆਂ ਦੇ ਨਾਲ ਨਾਲ
ਹਾਵ ਭਾਵਾਂ 'ਤੇ ਨਜ਼ਰ ਰੱਖ ਚਿਹਰਿਆਂ ਦੇ ਨਾਲ ਨਾਲ

ਮਨੁੱਖੀ ਜ਼ਿੰਦਗੀ ਦੀ ਜਿੱਤ-ਹਾਰ, ਤੰਗੀਆਂ-ਦੁਸ਼ਵਾਰੀਆਂ ਹਿੰਸਾ-ਅਹਿੰਸਾ, ਸ਼ਾਂਤੀ-ਅਸ਼ਾਂਤੀ, ਚਾਨਣ-ਹਨੇਰ, ਉਜਾੜੇ-ਵਸੇਬੇ ਆਦਿ ਬਾਰੇ ਚੇਤਨਾ ਦੀ ਉਜਵਲ ਜੋਤ ਜਗਾਉਣ ਵਾਲੀਆਂ ਤੇ ਦਾਰਸ਼ਨਿਕ ਸਰੋਕਾਰਾਂ ਨੂੰ ਪ੍ਰਸਤੁਤ ਕਰਨ ਵਾਲੀਆਂ ਅਮਰ ਰਚਨਾਵਾਂ ਡਾ. ਜਗਤਾਰ ਦੇ ਕਾਵਿ ਜਗਤ ਦੇ ਸਾਹਿਤਕ ਮਹੱਤਵ ਵਿਚ ਵਾਧਾ ਕਰਦੀਆਂ ਹਨ।

ਡੁਬੋ ਸਕਿਆ ਨਾ ਥਲ ਦਾ, ਨਾ ਸਮੁੰਦਰ ਦਾ ਸਫ਼ਰ ਮੈਨੂੰ
ਹੈ ਲੈ ਡੁੱਬਾ ਮਗਰ ਆਪਣੇ ਹੀ ਅੰਦਰ ਦਾ ਸਫ਼ਰ ਮੈਨੂੰ।
(ਜੁਗਨੂੰ ਦੀਵਾ ਤੇ ਦਰਿਆ, ਪੰਨਾ 79)
ਮੈਂ ਸਮੁੰਦਰ ਦਾ ਕਿਵੇਂ ਸੰਗੀਤ ਮਾਣਾਂ ਦੋਸਤੋ
ਜ਼ਿਹਨ ਵਿਚ ਜਦ ਗੂੰਜਦੀ ਮੋਈ ਨਦੀ ਦੀ ਚੀਕ ਹੈ।
(ਅੱਖਾਂ ਵਾਲੀਆਂ ਪੈੜਾਂ, ਪੰਨਾ 63)

ਡਾ. ਜਗਤਾਰ ਸੱਚੀਆਂ, ਸੁੱਚੀਆਂ ਤੇ ਸੁਹਿਰਦ ਮਨੁੱਖੀ ਭਾਵਨਾਵਾਂ ਦਾ ਕਦਰਦਾਨ ਹੈ। ਉਹ ਲਿਖਦਾ ਹੈ:

ਮਿਰੀ ਦੀਵਾਨਗੀ ਦੀ ਦਾਦ ਕੋਈ ਦੇਵੇ ਜਾਂ ਨਾ ਦੇਵੇ
ਜਗਾ ਕੇ ਤੀਲੀਆਂ ਹਨੇਰੇ 'ਚੋਂ ਸੂਰਜ ਭਾਲਦਾ ਰਹਿਨਾਂ
ਮਿਲੀ ਹੈ ਜ਼ਿੰਦਗੀ ਕਿਸ਼ਤਾਂ ਚ ਉਹ ਵੀ ਹੈ ਖ਼ਿਜ਼ਾਂ ਵਰਗੀ
ਮੈਂ ਇਸ ਦੇ ਨਕਸ਼ ਰੰਗਾਂ ਵਿਚ ਫਿਰ ਵੀ ਢਾਲਦਾ ਰਹਿਨਾਂ
(ਅੱਖਾਂ ਵਾਲੀਆਂ ਪੈੜਾਂ, ਪੰਨਾ 78)

ਡਾ. ਜਗਤਾਰ ਮਨੁੱਖ ਨੂੰ ਭਾਂਜਵਾਦ ਤੋਂ ਬਚਣ ਲਈ ਕਹਿੰਦਾ ਹੈ। ਉਹ ਪਿਆਸੀ ਧਰਤੀ ਲਈ ਰਹਿਮਤਾਂ ਦੇ ਮੀਂਹ ਦੀ ਮੰਗ ਕਰਦਾ ਹੈ। ਜੀਵਨ ਨੂੰ ਰੰਗੀਨ ਬਣਾਉਣ ਲਈ ਜਿਗਰੇ, ਉਤਸ਼ਾਹ ਤੇ ਪਰਸਪਰ ਵਿਸ਼ਵਾਸ ਨੂੰ ਬਣਾਈ ਰੱਖਣ ਲਈ ਕਹਿੰਦਾ ਹੈ। ਉਹ ਮੁਹੱਬਤ ਦਾ ਉਪਾਸ਼ਕ ਹੈ। ਦਰਵੇਸ਼ਾਂ ਵਾਂਗ ਸਭ ਦੀ ਖੈਰ-ਸੁੱਖ ਮੰਗਦਾ ਹੈ। ਡਾ. ਜਗਤਾਰ ਦੀਆਂ ਗ਼ਜ਼ਲਾਂ ਕਲਾ, ਵਿਸ਼ਵ ਚੇਤਨਾ, ਬ੍ਰਹਿਮੰਡੀ ਪਸਾਰੇ, ਕਾਇਨਾਤ ਦੇ ਰਹੱਸਾਂ ਬਾਰੇ, ਧਰਤੀ ਦੀ ਉਥਲ-ਪੁਥਲ, ਮਨੁੱਖ ਦੀ ਖੁਰਦੀ ਜਾ ਰਹੀ ਹੋਂਦ, ਉਸ ਦੀ ਜਗਿਆਸਾ ਬਾਰੇ, ਉਸ ਦੇ ਸਵੈ ਆਦਿ ਬਾਰੇ ਬਹੁਤ ਕੁਝ ਪੁੱਛਦੀਆਂ-ਦੱਸਦੀਆਂ ਹਨ। ਉਸ ਦੀਆਂ ਗ਼ਜ਼ਲਾਂ ਜ਼ਿੰਦਗੀ ਦੀ ਅਣਲਿਖੀ ਇਬਾਰਤ ਨੂੰ ਪੜ੍ਹਨ/ਸਮਝਣ ਅਤੇ ਇਸ ਦੇ ਅਰਥਾਂ ਦੀ ਤਲਾਸ਼ ਕਰਨ ਦੀ ਦਿਸ਼ਾ ਵੱਲ ਸੇਧਤ ਹੁੰਦੀਆਂ ਹਨ। ਡਾ. ਜਗਤਾਰ ਇਨਸਾਨੀਅਤ ਦੀ ਮੌਤ ਹੋ ਜਾਣ, ਸੰਸਾਰ ਦੇ ਨਿੱਘਰਦੇ ਜਾਣ, ਪ੍ਰਕਿਰਤੀ ਦੇ ਵਿਨਾਸ਼ ਵੱਲ ਵਧਣ ਉਪਰ ਚਿੰਤਾ ਪ੍ਰਗਟ ਕਰਦਾ ਹੈ। ਇਥੋਂ ਤੱਕ ਕਿ ਉਸ ਨੇ ਪਰਿੰਦਿਆਂ ਦੀ ਮੌਤ 'ਤੇ ਵੀ ਮਰਸੀਏ ਲਿਖੇ ਹਨ। 'ਚਨੁਕਰੀ ਸ਼ਾਮ' ਪੁਸਤਕ ਵਿਚ 'ਪਰਿੰਦਿਆਂ ਦਾ ਮਰਸੀਆ' ਦੇ ਹੇਠ ਲਿਖੇ ਕਾਵਿ ਅੰਸ਼ ਵੇਖਣ ਯੋਗ ਹਨ:

ਪਰਿੰਦੇ ਜਾਣ ਹੁਣ ਕਿੱਥੇ?
ਤੁਸੀਂ ਤਾਂ ਆਲ੍ਹਣੇ ਸਭ ਸਾੜ ਨੇ ਦਿੱਤੇ
ਪਰਿੰਦੇ ਜਾਣ ਹੁਣ ਕਿੱਥੇ?
ਜਿਗਰ ਪਾਟਾ, ਕਿਸੇ ਦੀ ਅੱਖ ਗਵਾਚੀ
ਕਿਸੇ ਦੇ ਘਰ, ਕਿਸੇ ਦੇ ਪਰ ਸੜੇ ਨੇ
ਤੁਹਾਨੂੰ ਕੀ ਪਤਾ ਦਿਲ ਹੀਣਿਆਂ ਨੂੰ
ਕਿ ਇਕ ਇਕ ਘਰ 'ਚ ਕਿੰਨੇ ਘਰ ਸੜੇ ਨੇ
ਛੁਪੀ ਹੋਈ ਅਗਨ ਰੋਹ ਦੀ
ਧੁਆਂਖੇ ਚਿਹਰਿਆਂ ਪਿੱਛੇ
ਪਰਿੰਦੇ ਜਾਣ ਹੁਣ ਕਿੱਥੇ ?
(ਚਨੁਕਰੀ ਸ਼ਾਮ, ਪੰਨਾ 26 )

ਡਾ. ਜਗਤਾਰ ਨੇ ਜ਼ਿੰਦਗੀ ਵਿਚ ਅਨੇਕ ਸਦਮੇ ਸਹਾਰੇ, ਸਮੇਂ ਦੇ ਸੇਕ ਸਹੇ, ਹਨੇਰਿਆਂ ਦੇ ਰੂਬਰੂ ਹੋਇਆ ਹੈ, ਫਿਰ ਵੀ ਉਹ ਹਨੇਰਿਆਂ ਨੂੰ ਚੀਰਦਾ ਆਇਆ ਹੈ। ਰੌਸ਼ਨੀ ਦੀ ਤਲਾਸ਼ ਵਿਚ ਰਹਿੰਦਾ ਹੈ। ਠੰਢਕ ਵਰਤਾਉਂਦਾ ਆਇਆ ਹੈ। ਸਮੇਂ ਨੂੰ



ਉਹ ਹਮੇਸ਼ਾ ਵੰਗਾਰਦਾ ਆਇਆ ਹੈ।

ਹੁਸ਼ਿਆਰਪੁਰ ਦੇ ਰੇਲਵੇ ਮੰਡੀ ਮੁਹੱਲੇ ਵਿਚ ਡਾ. ਜਗਤਾਰ ਕਈ ਸਾਲ ਰਹਿੰਦੇ ਰਹੇ। ਇੱਕ ਵਾਰ ਉਸ ਦੀ ਤਬੀਅਤ ਕੁਝ ਜ਼ਿਆਦਾ ਖਰਾਬ ਹੋ ਗਈ। ਮਿਜ਼ਾਜ ਪੁਰਸ਼ੀ ਲਈ ਮੈਂ ਕਈ ਦਿਨ ਉਨ੍ਹਾਂ ਦੇ ਘਰ ਜਾਂਦਾ ਰਿਹਾ। ਇੱਕ ਸ਼ਾਮ ਤਬੀਅਤ ਕੁਝ ਜ਼ਿਆਦਾ ਵਿਗੜ ਜਾਣ 'ਤੇ ਮੈਂ ਸ਼ਹਿਰ ਦੇ ਇੱਕ ਨਾਮਵਰ ਡਾਕਟਰ ਕੋਲ ਗਿਆ। ਸੁਣਿਆ ਸੀ ਕਿ ਉਹ ਡਾਕਟਰ ਮਰੀਜ਼ ਨੂੰ ਵੇਖਣ ਵਾਸਤੇ ਮਰੀਜ਼ ਦੇ ਘਰ ਨਹੀਂ ਸਨ ਜਾਂਦੇ। ਮੈਂ ਡਾ.ਤਨੇਜਾ ਨੂੰ ਬੇਨਤੀ ਕਰਦਿਆਂ ਡਾ. ਜਗਤਾਰ ਦੀ ਤਬੀਅਤ ਵਿਗੜ ਜਾਣ ਬਾਰੇ ਦੱਸਿਆ। ਉਹ ਮੇਰੇ ਨਾਲ ਚੱਲਣ ਲਈ ਤਿਆਰ ਹੋ ਗਏ। ਮੈਂ ਸਕੂਟਰ ਦੇ ਬਿਠਾ ਕੇ ਘਰ ਲੈ ਆਇਆ। ਜਗਤਾਰ ਨੇ ਡਾਕਟਰ ਨੂੰ ਆਪਣੀ ਹਾਲਤ ਦੱਸੀ। ਪਾਕਿਸਤਾਨ ਤੋਂ ਲਿਆਂਦੀ ਇੱਕ ਦਵਾਈ ਜੋ ਉਹ ਪਹਿਲਾਂ ਤੋਂ ਲੈ ਰਹੇ ਸਨ, ਬਾਰੇ ਵੀ ਦੱਸਿਆ। ਡਾਕਟਰ ਨੇ ਦਵਾਈਆਂ ਲਿਖ ਦਿੱਤੀਆਂ। ਹੌਲੀ ਹੌਲੀ ਇਸ ਗੱਲ ਦਾ ਪਤਾ ਲੱਗ ਗਿਆ ਕਿ ਜਿਸ ਮਰੀਜ਼ ਨੂੰ ਉਹ ਵੇਖਣ ਆਇਆ ਹੈ, ਉਹ ਕੋਈ ਸਾਧਾਰਨ ਨਹੀਂ, ਬਲਕਿ ਇਕ ਵੱਡਾ ਲੇਖਕ ਹੈ। ਮੈਂ ਡਾਕਟਰ ਨੂੰ ਵਾਪਸ ਛੱਡ ਆਇਆ। ਇਹ ਡਾ. ਤਨੇਜਾ ਉੱਪਰ ਡਾ. ਜਗਤਾਰ ਦੀ ਸ਼ਖ਼ਸੀਅਤ ਦਾ ਪ੍ਰਭਾਵ ਸੀ ਕਿ ਉਹ ਕਈ ਦਿਨ ਦਵਾ-ਦਾਰੂ ਦੱਸਣ ਲਈ ਉਨ੍ਹਾਂ ਦੇ ਘਰ ਖੁਦ ਜਾਂਦੇ ਰਹੇ। ਕੁਝ ਦਿਨਾਂ ਪਿੱਛੋਂ ਡਾ. ਜਗਤਾਰ ਆਮ ਵਾਂਗ ਕਾਲਜ ਆਉਣ ਲੱਗ ਪਏ।

ਡਾ. ਜਗਤਾਰ ਦਬੰਗ ਤੇ ਖ਼ੁੱਦਾਰ ਸ਼ਖ਼ਸੀਅਤ ਦਾ ਮਾਲਕ ਸੀ। ਉਨ੍ਹਾਂ ਦੇ ਸਮਕਾਲੀ ਕਵੀਆਂ ਵਿਚੋਂ ਡਾ. ਵਿਸ਼ਵਾ ਨਾਥ ਤਿਵਾੜੀ, ਜਸਬੀਰ ਸਿੰਘ ਆਹਲੂਵਾਲੀਆ, ਅਮਰੀਕ ਸਿੰਘ ਪੂਨੀ, ਸਤਿੰਦਰ ਸਿੰਘ ਨੂਰ ਆਦਿ ਵੱਡੇ ਅਹੁਦਿਆਂ ਉੱਪਰ ਸਨ। ਜਦ ਕਦੇ ਇਸ ਤਰ੍ਹਾਂ ਦਾ ਮੌਕਾ ਬਣਦਾ ਕਿ ਵੱਡੇ ਅਫ਼ਸਰ ਕਵੀ ਨੇ ਕਵੀ ਦਰਬਾਰ ਦੀ ਪ੍ਰਧਾਨਗੀ ਕਰਨੀ ਹੁੰਦੀ ਜਾਂ ਕਾਵਿ ਮਹਿਫਲ ਦੇ ਮੁੱਖ ਮਹਿਮਾਨ ਹੋਣਾ ਹੁੰਦਾ ਤਾਂ ਡਾ. ਜਗਤਾਰ ਇਹ ਕਹਿ ਕੇ ਕਵਿਤਾ ਪੜ੍ਹਨ ਤੋਂ ਇਨਕਾਰ ਕਰ ਦਿੰਦਾ ਕਿ ਮੁੱਖ ਮਹਿਮਾਨ ਵੱਡਾ ਅਫ਼ਸਰ ਤਾਂ ਬੇਸ਼ਕ ਹੈ ਪਰ ਮੇਰੇ ਨਾਲੋਂ ਵੱਡਾ ਕਵੀ ਨਹੀਂ। ਅਜਿਹੀਆਂ ਗੱਲਾਂ ਡਾ. ਜਗਤਾਰ ਆਪਣੇ ਮਿੱਤਰਾਂ ਦੀ ਮਹਿਫਿਲ ਵਿਚ ਅਕਸਰ ਸੁਣਾਉਂਦਾ ਰਹਿੰਦਾ। ਕਈ ਸਾਲ ਪਹਿਲਾਂ ਹੁਸ਼ਿਆਰਪੁਰ ਇੱਕ ਸੰਸਥਾ ਵੱਲੋਂ ਵੱਡੇ ਪੱਧਰ 'ਤੇ ਇੱਕ ਸਾਹਿਤਕ ਸਮਾਗਮ ਦਾ ਆਯੋਜਨ ਕੀਤਾ ਗਿਆ। ਪ੍ਰਬੰਧਕਾਂ ਵਿਚ ਬਹੁਤੇ ਪ੍ਰਸ਼ਾਸਨਿਕ ਅਧਿਕਾਰੀ ਸਨ। ਹੋਰਨਾਂ ਨਾਮਵਰ ਲੇਖਕਾਂ ਵੱਲੋਂ ਸ਼ਿਰਕਤ ਕੀਤੇ ਜਾਣ ਵਾਲੇ ਉਸ ਸਮਾਗਮ ਦੇ ਮੁੱਖ ਮਹਿਮਾਨ ਪ੍ਰਭਜੋਤ ਕੌਰ ਤੇ ਨਰਿੰਦਰ ਪਾਲ ਸਿੰਘ ਸਨ। ਹੁਸ਼ਿਆਰਪੁਰ ਦੇ ਤਤਕਾਲੀ ਐਸ.ਡੀ.ਐਮ. ਸੁਰਿੰਦਰਜੀਤ ਸਿੰਘ ਸੰਧੂ ਮੇਰੇ ਬੀ.ਏ. ਤੱਕ ਦੇ ਜਮਾਤੀ ਤੇ ਮੇਰੇ ਚੰਗੇ ਦੋਸਤ ਸਨ। ਉਨ੍ਹਾਂ ਮੈਨੂੰ ਸਵਾਗਤੀ ਕਮੇਟੀ ਵਿਚ ਸ਼ਾਮਿਲ ਕਰ ਲਿਆ। ਪ੍ਰਭਜੋਤ ਕੌਰ ਤੇ ਨਰਿੰਦਰਪਾਲ ਸਿੰਘ ਦਾ ਅਸੀਂ ਗੁਲਦਸਤਿਆਂ ਨਾਲ ਆਦਰ-ਮਾਣ ਕਰਕੇ, ਉਨ੍ਹਾਂ ਦੇ ਸਥਾਨ ਤੱਕ ਛੱਡਣ ਲਈ ਉਨ੍ਹਾਂ ਦੀ ਅਗਵਾਈ ਵੀ ਕੀਤੀ। ਪ੍ਰਬੰਧਕਾਂ ਦੀ ਇੱਛਾ ਸੀ ਕਿ ਡਾ. ਜਗਤਾਰ ਸਮਾਗਮ ਦੌਰਾਨ ਪ੍ਰਬੰਧਕਾਂ ਵਿਚ ਵਿਚਰਨ ਪਰ ਜਗਤਾਰ ਨੇ ਸਵਾਗਤੀ ਕਮੇਟੀ ਜਾਂ ਕਿਸੇ ਹੋਰ ਕਮੇਟੀ ਵਿਚ ਸ਼ਾਮਿਲ ਹੋਣ ਜਾਂ ਪ੍ਰਮੁੱਖ ਕਵੀ ਵਜੋਂ ਸਮਾਗਮ ਵਿਚ ਸ਼ਾਮਿਲ ਹੋਣ ਤੋਂ ਨਾਂਹ ਕਰ ਦਿੱਤੀ।

ਡਾ. ਜਗਤਾਰ ਸਮੇਂ ਸਮੇਂ ਡਾ. ਵੀ.ਐਨ. ਤਿਵਾੜੀ, ਡਾ. ਦੀਵਾਨ ਸਿੰਘ, ਪ੍ਰੋਫੈਸਰ ਮੋਹਨ ਸਿੰਘ, ਸਵਰਨ ਚੰਦਨ, ਸੰਤੋਖ ਸਿੰਘ ਸੰਤੋਖ, ਗੁਰਦਿਆਲ ਸਿੰਘ ਫੁੱਲ, ਮੁਸ਼ਤਾਕ ਸਿੰਘ, ਤਰਸੇਮ ਨੀਲਗਿਰੀ, ਕਰਨੈਲ ਸਿੰਘ ਨਿੱਜਰ, ਡਾ. ਊਧਮ ਸਿੰਘ ਸ਼ਾਹੀ, ਗੁਰਬਖ਼ਸ਼ ਬਾਹਲਵੀ, ਕਹਾਣੀਕਾਰ ਲਾਲ ਸਿੰਘ ਆਦਿ ਲੇਖਕਾਂ ਨੂੰ ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਵਿਦਿਆਰਥੀਆਂ ਦੇ ਰੂਬਰੂ ਕਰਵਾਉਂਦੇ ਰਹੇ। ਉਹ ਅਨੁਭਵ ਅਜੇ ਤੱਕ ਵੀ ਤਤਕਾਲੀ ਵਿਦਿਆਰਥੀਆਂ ਦੇ ਚੇਤਿਆਂ ਵਿਚ ਤਾਜ਼ਾ ਹਨ।

ਪ੍ਰੀਤਮ ਸਿੰਘ ਪੀ.ਸੀ.ਐਸ. ਡਾ. ਜਗਤਾਰ ਦੇ ਬਹੁਤ ਨੇੜੇ ਰਹੇ ਹਨ। ਇੱਕ ਵਾਰ ਅਸੀਂ ਕੁਝ ਦਿਨਾਂ ਲਈ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਠਹਿਰੇ ਸਾਂ। ਡਾ. ਜਗਤਾਰ ਦਾ ਪ੍ਰੀਤਮ ਸਿੰਘ ਨੂੰ ਮਿਲਣ ਲਈ ਮਨ ਕਰ ਆਇਆ। ਉਨ੍ਹਾਂ ਦੇ ਦਫਤਰ ਜਾਣ ਲਈ ਮੈਨੂੰ ਨਾਲ ਚੱਲਣ ਲਈ ਕਿਹਾ। ਵਰਾਂਡੇ ਵਿਚੋਂ ਹੀ- 'ਓ ਪ੍ਰੀਤਮ ਸਿਹਾਂ, ਦੀ ਸੰਬੋਧਨੀ ਸੁਰ ਵਿਚ ਡਾ. ਜਗਤਾਰ ਨੇ ਉੱਚੀ ਸਾਰੀ ਆਵਾਜ਼ ਮਾਰੀ। ਵੱਡੇ ਅਫਸਰ ਦੇ ਅਧੀਨ ਕੰਮ ਕਰਨ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਲਈ ਇਹ ਬੜੇ ਅਚੰਭੇ ਭਰਪੂਰ ਬੋਲ ਸਨ ਕਿ ਇੰਨੇ ਵੱਡੇ ਅਫਸਰ ਨੂੰ ਏਨੀ ਉੱਚੀ ਆਵਾਜ਼ ਵਿਚ ਉਸ ਦਾ ਨਾਂ ਲੈ ਕੇ ਪੁਕਾਰਨ ਵਾਲਾ ਇਹ ਵਿਅਕਤੀ ਕੌਣ ਹੋ ਸਕਦਾ ਹੈ। ਸਭ ਹੈਰਾਨ ਸਨ। ਜਗਤਾਰ ਬਗੈਰ ਕੁਝ ਦੱਸਣ ਪੁੱਛਣ ਤੋਂ ਪ੍ਰੀਤਮ ਸਿੰਘ ਦੇ ਦਫਤਰ ਜਾ ਵੜਿਆ। ਜਿਗਰੀ ਦੋਸਤਾਂ ਪ੍ਰਤੀ ਅਜਿਹੀ ਅਪਣੱਤ ਰੱਖਦਾ ਸੀ ਡਾ. ਜਗਤਾਰ!


ਜਗਤਾਰ ਦੇ ਜ਼ਿਹਨ ਵਿਚ ਕੋਈ ਨਾ ਕੋਈ ਨਜ਼ਮ, ਕੋਈ ਸ਼ਿਅਰ ਅਕਸਰ ਅਭਿਆਸ ਕਰ ਰਹੇ ਹੁੰਦੇ। ਇੱਕ ਵਾਰ ਸਕੂਟਰ ਚਲਾਉਂਦਿਆਂ ਸਕੂਟਰ ਸਲਿਪ ਹੋ ਜਾਣ ਕਰਕੇ ਬਾਂਹ 'ਤੇ ਸੱਟ ਲਗਵਾ ਬੈਠਾ। ਹਾਲ-ਚਾਲ ਪੁੱਛਣ ਵਾਲਿਆਂ ਨੂੰ ਹੱਸ ਕੇ ਕਹਿੰਦਾ- 'ਸਕੂਟਰ ਚਲਾਉਂਦਿਆਂ ਮੈਨੂੰ ਇਹ ਖ਼ਿਆਲ ਹੀ ਭੁੱਲ ਗਿਆ ਕਿ ਹੁਣ ਗੇਅਰ ਲਗਾਉਣਾ ਹੈ ਜਾਂ ਸ਼ਿਅਰ ਬਣਾਉਣਾ ਹੈ...ਤੇ ਸਕੂਟਰ ਉਲਟ ਗਿਆ...।' ਉਸ ਪਿੱਛੋਂ ਜਗਤਾਰ ਨੇ ਸਕੂਟਰ ਨਹੀਂ ਚਲਾਇਆ। ਸਕੂਟਰ ਕਈ ਸਾਲ ਉਸਦੇ ਘਰ ਹੀ ਖੜਾ ਰਿਹਾ।

ਬਣ-ਠਣ ਕੇ ਰਹਿਣਾ ਡਾ. ਜਗਤਾਰ ਦੀ ਸ਼ਖ਼ਸੀਅਤ ਦਾ ਖ਼ੂਬਸੂਰਤ ਪਹਿਲੂ ਸੀ। ਕਈ ਸਾਲ ਉਹ ਆਪਣੇ ਕੋਲ ਰਿਵਾਲਵਰ ਰੱਖਦਾ ਰਿਹਾ। ਉਸਦੇ ਦੋ ਕਈ ਦੋਸਤ ਉਸਨੂੰ ਅਰਧ ਜਗੀਰੂ ਸ਼ੌਕ ਪਾਲਣ ਵਾਲਾ ਕਹਿੰਦੇ ਸਨ। ਮਹਿੰਗੇ ਕੱਪੜੇ, ਮਹਿੰਗੇ ਕੈਮਰੇ, ਲੰਮੇ ਲੰਮੇ ਬੇਹੱਦ ਖਰਚੀਲੇ ਟੂਰ ਲਗਾਉਣ ਦਾ ਉਹ ਬਹੁਤ ਸ਼ੁਕੀਨ ਸੀ। ਘੰਟਿਆਂ ਬੱਧੀ ਚੰਡੀਗੜ੍ਹ ਦੇ ਕਈ ਸੈਕਟਰਾਂ ਵਿਚ ਉਹ ਵਿੰਡੋ ਸ਼ਾਪਿੰਗ ਵੀ ਕਰਦਾ ਰਹਿੰਦਾ। ਫੋਟੋਗ੍ਰਾਫੀ ਕਰਨ ਦਾ ਸ਼ੌਕ ਜਨੂੰਨ ਦੀ ਹੱਦ ਤੱਕ ਸੀ। ਹੁਸ਼ਿਆਰਪੁਰ ਤੇ ਆਸ-ਪਾਸ ਦੇ ਕਈ ਇਲਾਕਿਆਂ ਦੀ ਫੋਟੋਗ੍ਰਾਫੀ ਕਰਨ ਲਈ ਮੈਨੂੰ ਵੀ ਕਈ ਵਾਰ ਉਨ੍ਹਾਂ ਨਾਲ ਜਾਣ ਦਾ ਮੌਕਾ ਮਿਲਦਾ ਰਿਹਾ। ਪ੍ਰੋ. ਪਰਬਿੰਦਰ ਸਿੰਘ ਤੇ ਪ੍ਰੋ. ਭਾਰਤ ਭੂਸ਼ਣ ਭਾਰਤੀ ਵੀ ਬਹੁਤੀ ਵਾਰ ਨਾਲ ਹੁੰਦੇ।

ਡਾ.ਜਗਤਾਰ ਨੂੰ ਦੂਰ-ਨੇੜੇ ਘੁੰਮਣ ਫਿਰਨ ਦਾ ਬਹੁਤ ਸ਼ੌਕ ਸੀ। ਛੁੱਟੀਆਂ ਵਿਚ ਉਹ ਅਕਸਰ ਦੋਸਤਾਂ ਨਾਲ ਲੰਮੇ ਟੂਰ 'ਤੇ ਨਿਕਲ ਜਾਂਦੇ ਸਨ। ਦਸੰਬਰ ਮਹੀਨੇ ਦੀਆਂ ਛੁੱਟੀਆਂ ਉਹ ਰਾਜਸਥਾਨ ਦੇ ਦੂਰ-ਦੁਰੇਡੇ ਦੇ ਇਲਾਕੇ ਗਾਹ ਆਉਂਦੇ ਸਨ। ਨਵੇਂ ਵਰ੍ਹੇ ਦਾ ਗਰੀਟਿੰਗ ਕਾਰਡ ਮੈਨੂੰ ਰਾਜਸਥਾਨ ਦੇ ਕਿਸੇ ਸ਼ਹਿਰ ਤੋਂ ਹੀ ਪੋਸਟ ਕੀਤਾ ਹੁੰਦਾ। ਡਾ. ਜਗਤਾਰ ਨੇ ਅਕਸਰ ਕਹਿਣਾ-'ਮੈਨੂੰ ਰਾਜਸਥਾਨ ਵਿਚ ਘੁੰਮਣਾ ਬਹੁਤ ਚੰਗਾ ਲੱਗਦਾ ਹੈ। ਮੈਂ ਉਥੋਂ ਦੇ ਰਾਜਿਆਂ-ਰਾਣੀਆਂ, ਸ਼ਾਹੀ ਮਹੱਲਾਂ, ਕਿਲ੍ਹਿਆਂ, ਇਤਿਹਾਸਿਕ ਇਮਾਰਤਾਂ, ਮਾਰੂਥਲਾਂ, ਪੁਰਾਤਨ ਯਾਦਗਾਰਾਂ ਆਦਿ ਦਾ ਅਧਿਐਨ ਕਰਦਾ ਰਹਿੰਦਾ ਹਾਂ...।' ਉਹ ਰਾਣੀ ਪਦਮਨੀ ਉੱਪਰ ਮਹਾਂ ਕਾਵਿ ਲਿਖਣਾ ਚਾਹੁੰਦਾ ਸੀ। ਕਿਲ੍ਹਿਆਂ ਉੱਪਰ, ਸਿੱਕਿਆਂ ਉੱਪਰ,ਇਤਿਹਾਸਕ ਇਮਾਰਤਾਂ ਉੱਪਰ, ਕੰਧ ਚਿੱਤਰਾਂ ਉੱਪਰ, ਦਰਵਾਜ਼ਿਆਂ ਉੱਪਰ ਤੇ ਇਤਿਹਾਸ ਦੀ ਰਹਿੰਦ-ਖੂੰਹਦ ਉੱਪਰ ਉਹ ਖੋਜ ਭਰਪੂਰ ਪੁਸਤਕਾਂ ਦੀ ਰਚਨਾ ਕਰਨ ਦਾ ਇਰਾਦਾ ਰੱਖਣ ਵਾਲਾ ਵਿਦਵਾਨ ਸੀ। ਕਈ ਸਾਲ ਪਹਿਲਾਂ ਭਰਾ ਅਵਤਾਰ ਸਿੰਘ ਦਾ ਕਤਲ ਹੋ ਗਿਆ। ਉਸ ਦੀਆਂ ਗੱਲਾਂ ਕਰਕੇ ਡਾ. ਜਗਤਾਰ ਬਹੁਤ ਭਾਵਕ ਹੋ ਜਾਂਦਾ ਹੁੰਦਾ। ਗੱਲਾਂ ਕਰਦਿਆਂ ਅਕਸਰ ਕਹਿੰਦਾ-'ਅਜੇ ਮੈਂ ਆਪਣੇ ਭਰਾ ਦੀ ਯਾਦ ਵਿਚ ਇੱਕ ਮਹਾਂ ਕਾਵਿ ਲਿਖਣਾ ਹੈ, ਜਿਸ ਵਿਚ ਅਵਤਾਰ ਨੂੰ ਜ਼ਿੰਦਗੀ ਦੇ ਨਾਇਕ ਵਜੋਂ ਪੇਸ਼ ਕਰਾਂਗਾ। ਉਸ ਮਹਾਂ ਕਾਵਿ ਦਾ ਨਾਮ ਮੈਂ 'ਡੁੱਬਦੇ ਜਹਾਜ਼ ਦਾ ਮਰਸੀਆ' ਰੱਖਾਂਗਾ...। ਗੱਲ ਕਰਦਿਆਂ ਭਾਵਨਾਵਾਂ ਦੇ ਵਹਿਣ ਵਿਚ ਵਹਿ ਜਾਂਦਾ। ਜਗਤਾਰ ਨੇ ਅਦੁੱਤੀ ਖੋਜ ਕਾਰਜ ਵੀ ਕੀਤਾ ਹੈ। ਮਿਆਰੀ ਤੇ ਲਾਜਵਾਬ ਕਵਿਤਾ ਦੀ ਰਚਨਾ ਕੀਤੀ ਹੈ। ਪੰਜਾਬੀ ਗ਼ਜ਼ਲ ਦੇ ਉਸਤਾਦ ਸ਼ਾਇਰ ਵਜੋਂ ਉਸਨੇ ਬੁਲੰਦੀਆਂ ਛੋਹੀਆਂ ਹਨ। ਫਿਰ ਵੀ ਉਸਦੇ ਅਨੇਕ ਕੰਮ ਵਿਉਂਤੇ ਹੀ ਰਹਿ ਗਏ। ਭਰਾ ਅਵਤਾਰ ਉੱਪਰ ਮਹਾਂ ਕਾਵਿ ਦੀ ਰਚਨਾ ਵੀ ਅਮਲ ਵਿਚ ਨਾ ਆ ਸਕੀ। ਮੈਂ ਸੋਚਦਾ ਹਾਂ ਬਹੁਤ ਵੱਡਾ ਟਾਈਟੈਨਿਕ ਜਹਾਜ਼ ਖ਼ੁਦ ਤਾਂ ਡੁੱਬ ਗਿਆ। ਡੁੱਬਦੇ ਜਹਾਜ਼ ਦਾ ਮਰਸੀਆ ਅਣਲਿਖਿਆ ਹੀ ਰਹਿ ਗਿਆ। ਹੁਣ ਕੌਣ ਲਿਖੇਗਾ ਅਵਤਾਰ ਦਾ ਮਰਸੀਆ? ਡਾ. ਜਗਤਾਰ ਦੀਆਂ ਗੱਲਾਂ ਕਰਕੇ ਮੇਰੀਆਂ ਅੱਖਾਂ ਸੁਭਾਵਕ ਹੀ ਨਮ ਹੋ ਜਾਂਦੀਆਂ ਹਨ। ਜਗਤਾਰ ਨੂੰ ਪੜ੍ਹਨਾ ਚੰਗਾ ਲੱਗਦਾ ਹੈ। ਉਸਨੂੰ ਯਾਦ ਕਰਨਾ ਵੀ ਚੰਗਾ ਲੱਗਦਾ ਹੈ।

# ਗਾਜ਼ਾ ਦੇ ਫ਼ਲਸਤੀਨੀ: ਹਿਟਲਰ ਹੇਠ ਯਹੂਦੀਆਂ ਦੇ ਦੁੱਖਾਂ ਦਾ ਦਰਦਨਾਕ ਪਰਛਾਵਾਂ

ਇਤਿਹਾਸ ਅਕਸਰ ਦਰਦਨਾਕ ਗੂੰਜਾਂ ਰਾਹੀਂ ਬੋਲਦਾ ਹੈ। ਹਿਟਲਰ ਦੀ ਨਾਜ਼ੀ ਸਰਕਾਰ ਹੇਠ ਯਹੂਦੀਆਂ ਦੀ ਪੀੜਾ 1930-40 ਦੇ ਦਹਾਕੇ ਵਿਚ ਮਨੁੱਖਤਾ ਦੇ ਸਭ ਤੋਂ ਕਾਲੇ-ਹਨੇਰੇ ਅਧਿਆਇਆਂ ਵਿਚੋਂ ਇੱਕ ਸੀ। ਲੱਖਾਂ ਯਹੂਦੀ ਆਪਣੇ ਘਰਾਂ, ਰੋਜ਼ਗਾਰ ਅਤੇ ਇਜ਼ਤੋਂ ਵਾਂਝੇ ਕਰ ਦਿੱਤੇ ਗਏ, ਉਨ੍ਹਾਂ ਨੂੰ ਭੁੱਖ, ਗੇਟੋਆਂ, ਬਲਕਾਰੀ ਮਜ਼ਦੂਰੀ ਅਤੇ



ਮੌਤ-ਕੈਂਪਾਂ ਵਿਚ ਧੱਕ ਦਿੱਤਾ ਗਿਆ। ਪੂਰੀਆਂ ਬਸਤੀਆਂ ਮਿਟਾ ਦਿੱਤੀਆਂ ਗਈਆਂ। ਅੱਜ ਗਾਜ਼ਾ ਦੇ ਫ਼ਲਸਤੀਨੀ ਵੀ ਕੁਝ ਇਸੇ ਤਰ੍ਹਾਂ ਦੇ ਹਾਲਾਤ ਦਾ ਸਾਹਮਣਾ ਕਰ ਰਹੇ ਹਨ। ਜੋ ਕਦੇ

**ਗੁਰਬਖ਼ਸ਼ ਸਿੰਘ 'ਨਾਕਾਮ'**
**ਫੋਨ: +1 864 318 5500**

ਯਹੂਦੀਆਂ ਉਤੇ ਹੋਇਆ ਸੀ, ਉਹੀ ਹੁਣ ਫ਼ਲਸਤੀਨੀਆਂ ਨਾਲ ਹੋ ਰਿਹਾ ਹੈ—ਵਿਡੰਬਨਾ ਇਹ ਹੈ ਕਿ ਹੁਣ ਇਜ਼ਰਾਈਲ ਦੇਸ਼, ਜੋ ਯਹੂਦੀਆਂ ਦੇ ਦੁੱਖਾਂ ਦੇ ਪ੍ਰਤੀਕਰੂਪ ਵਜੋਂ ਬਣਿਆ ਸੀ, ਉਸੀ ਰਸਤੇ ਚੱਲ ਰਿਹਾ ਹੈ। ਕੱਲ੍ਹ ਦੇ ਸ਼ਿਕਾਰ ਨੇ ਅੱਜ ਖ਼ੂੰਖਾਰ ਸ਼ਿਕਾਰੀ ਦਾ ਰੂਪ ਅਖ਼ਤਿਆਰ ਕਰ ਲਿਆ ਹੈ।

**ਆਜ਼ਾਦ ਪੱਤਰਕਾਰਤਾ ਦਾ ਘਾਣ**

ਹਿਟਲਰ ਦੇ ਦੌਰ ਵਿਚ ਯਹੂਦੀ ਆਵਾਜ਼ਾਂ ਨੂੰ ਯੋਜਨਾਬੱਧ ਤਰੀਕੇ ਨਾਲ ਦਬਾਇਆ ਗਿਆ। ਲੇਖਕ, ਪੱਤਰਕਾਰ ਅਤੇ ਬੁੱਧੀਜੀਵੀ ਕੈਦ ਕਰ ਦਿੱਤੇ ਜਾਂ ਮਾਰ ਦਿੱਤੇ ਜਾਂਦੇ। ਆਜ਼ਾਦ ਪੱਤਰਕਾਰਤਾ ਖ਼ਤਮ ਹੋ ਗਈ ਸੀ ਅਤੇ ਸਿਰਫ਼ ਸਰਕਾਰੀ ਪ੍ਰਚਾਰ ਹੀ ਮਨਜ਼ੂਰ ਸੀ। ਅੱਜ ਗਾਜ਼ਾ ਵਿਚ ਵੀ ਕੁਝ ਇਸੇ ਤਰ੍ਹਾਂ ਹੈ। 25 ਅਗਸਤ 2025 ਨੂੰ ਖ਼ਾਨ ਯੂਨਿਸ ਦੇ ਨਾਸਰ ਹਸਪਤਾਲ 'ਤੇ ਇਜ਼ਰਾਈਲੀ 'ਡਬਲ-ਟੈਪ' ਹਮਲੇ ਵਿਚ 21 ਲੋਕ ਮਾਰੇ ਗਏ, ਜਿਨ੍ਹਾਂ ਵਿਚ ਛੇ ਪੱਤਰਕਾਰ ਵੀ ਸ਼ਾਮਲ ਸਨ। ਇਨ੍ਹਾਂ ਵਿਚ ਅਲ-ਜਜ਼ੀਰਾ ਦੇ ਫ਼ੋਟੋਗ੍ਰਾਫ਼ਰ ਮੁਹੰਮਦ ਸਲਾਮਾ ਅਤੇ ਰਾਇਟਰਜ਼ ਦੇ ਹੁਸਾਮ ਅਲ-ਮਸਰੀ ਵੀ ਸਨ। ਦੁਨੀਆ ਭਰ ਦੇ ਪੱਤਰਕਾਰਾਂ ਅਤੇ ਸੰਸਥਾਵਾਂ ਨੇ ਇਸ ਹਮਲੇ ਦੀ ਯੁੱਧ ਅਪਰਾਧ ਵਜੋਂ ਨਿੰਦਾ ਕੀਤੀ। ਇਕ ਅੰਦਾਜ਼ੇ ਮੁਤਾਬਕ ਅਕਤੂਬਰ 2023 ਤੋਂ ਹੁਣ ਤੱਕ 273 ਪੱਤਰਕਾਰ ਗਾਜ਼ਾ ਵਿਚ ਮਾਰੇ ਗਏ ਹਨ, ਜੋ ਸੱਚਾਈ ਨੂੰ ਦਰਸਾਉਣ ਵਾਲਿਆਂ ਦੀਆਂ ਜਾਨਾਂ 'ਤੇ ਖ਼ਤਰੇ ਨੂੰ ਦਿਖਾਉਂਦਾ ਹੈ।

ਪੱਤਰਕਾਰਾਂ ਨੂੰ ਚੁੱਪ ਕਰਵਾਉਣਾ ਸਿਰਫ਼ ਵਿਅਕਤੀਆਂ 'ਤੇ ਹਮਲਾ ਨਹੀਂ, ਸਗੋਂ ਸਬੂਤ ਮਿਟਾਉਣ, ਬਿਰਤਾਂਤ ਕਾਬੂ ਕਰਨ ਅਤੇ ਗਲੋਬਲ ਜਾਗਰੂਕਤਾ ਨੂੰ ਦਬਾਉਣ ਦੀ ਕੋਸ਼ਿਸ਼ ਹੈ। ਹਿਟਲਰ ਦੇ ਜਰਮਨੀ ਵਿਚ ਵੀ ਯਹੂਦੀਆਂ ਉਤੇ ਹੋਣ ਵਾਲੀਆਂ ਵਧੀਕੀਆਂ ਦੀਆਂ ਖ਼ਬਰਾਂ ਛੁਪਾਈਆਂ ਜਾਂ ਗਲਤ ਢੰਗ ਨਾਲ ਪੇਸ਼ ਕੀਤੀਆਂ ਜਾਂਦੀਆਂ ਸਨ। ਅੱਜ ਵੀ ਗਾਜ਼ਾ ਵਿਚ, ਪੱਤਰਕਾਰਾਂ ਅਤੇ ਸੱਚਾਈ ਨੂੰ ਨਿਸ਼ਾਨਾ ਬਣਾਉਣਾ ਇੱਕ ਅਜਿਹਾ ਹੀ ਤਰੀਕਾ ਹੈ, ਜੋ ਦੁਨੀਆ ਨੂੰ ਪੀੜਤਾਂ ਬਾਰੇ ਜਾਣਕਾਰੀ ਦੇਣ ਤੋਂ ਰੋਕਦਾ ਹੈ।

**ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣਾ**

ਹੋਲੋਕਾਸਟ ਇਕ ਯੋਜਨਾਬੱਧ ਅਭਿਆਨ ਸੀ, ਜਿਸ ਵਿਚ ਆਮ ਨਾਗਰਿਕ—ਮਰਦ, ਔਰਤਾਂ ਅਤੇ ਬੱਚੇ—ਸਿਰਫ਼ ਆਪਣੀ ਪਛਾਣ ਕਰਕੇ ਮਾਰੇ ਜਾਂਦੇ ਸਨ। ਗਾਜ਼ਾ ਵਿਚ ਨਾਗਰਿਕ ਪੀੜਾ ਵੀ ਬੇਹੱਦ ਅਸਹਿ ਹੈ। ਗਾਰਡੀਅਨ ਦੀ ਰਿਪੋਰਟ ਮੁਤਾਬਕ, ਇਜ਼ਰਾਈਲ ਦੀ ਆਪਣੀ ਫੌਜੀ ਜਾਣਕਾਰੀ ਦੱਸਦੀ ਹੈ ਕਿ ਗਾਜ਼ਾ ਵਿਚ ਮਾਰੇ ਗਏ ਲੋਕਾਂ ਵਿਚੋਂ 83% ਨਾਗਰਿਕ ਹਨ। 'ਡਬਲ-ਟੈਪ' ਹਮਲਾ—ਪਹਿਲੇ ਹਮਲੇ ਤੋਂ ਬਾਅਦ ਬਚਾਓ-ਕਰਮੀਆਂ ਅਤੇ ਪੱਤਰਕਾਰਾਂ ਨੂੰ ਨਿਸ਼ਾਨਾ—ਜਾਣ-ਬੁੱਝ ਕੇ ਕੀਤਾ ਜਾਂਦਾ ਹੈ, ਜਿਸ ਨਾਲ ਸਦਮਾ ਅਤੇ ਮੌਤਾਂ ਵਧਦੀਆਂ ਹਨ। ਇਹ ਹਮਲੇ ਗਲਤੀਆਂ ਨਹੀਂ, ਸਗੋਂ ਜਾਣ-ਬੁੱਝ ਕੇ ਕੀਤੇ ਗਏ ਅਪਰਾਧ ਹਨ, ਜੋ ਸਿਸਟੇਮੈਟਿਕ ਯੁੱਧ ਅਪਰਾਧ ਦੀ ਸ਼੍ਰੇਣੀ ਵਿਚ ਆਉਂਦੇ ਹਨ।

ਪੂਰੇ-ਦੇ-ਪੂਰੇ ਹਸਪਤਾਲ, ਬਸਤੀਆਂ ਅਤੇ ਸਕੂਲ ਵੀ ਨਿਸ਼ਾਨੇ 'ਤੇ ਆਏ ਹਨ। ਬੱਚੇ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ, ਜੋ ਡਰ, ਚੋਟਾਂ ਅਤੇ ਮੌਤ ਦਾ ਸਾਹਮਣਾ ਕਰ ਰਹੇ ਹਨ। ਪਰਿਵਾਰ ਤਬਾਹ ਹੋ ਜਾਂਦੇ ਹਨ, ਅਤੇ ਬਚੇ ਹੋਏ ਲੋਕ ਲਗਾਤਾਰ ਡਰ ਅਤੇ ਦਹਿਸ਼ਤ ਵਿਚ ਜੀਵਨ ਬਿਤਾਉਂਦੇ ਹਨ। ਜਿਵੇਂ ਨਾਜ਼ੀ ਹਕੂਮਤ ਹੇਠ ਯਹੂਦੀਆਂ ਨੂੰ ਮਨੁੱਖਤਾ ਤੋਂ ਗਿਰੇ ਹੋਏ ਦੱਸਿਆ ਗਿਆ ਅਤੇ ਇਹੀ ਉਨ੍ਹਾਂ ਨੂੰ ਖ਼ਤਮ ਕਰਨ ਦਾ ਬਹਾਨਾ ਬਣਾਇਆ ਗਿਆ। ਅੱਜ ਫ਼ਲਸਤੀਨੀ ਵੀ ਬੰਬਾਰੀ ਅਤੇ ਹਮਲਿਆਂ ਵਿਚ ਫਸਿਆ ਦਿਖਾਈ ਦੇ ਰਹੇ ਹਨ ਜਿਵੇਂ ਕਿ ਜੰਗਲੀ ਜਾਨਵਰਾਂ ਦਾ ਸ਼ਿਕਾਰ ਕੀਤਾ ਜਾ ਰਿਹਾ ਹੋਵੇ। ਮਨੁੱਖੀ ਨੁਕਸਾਨ ਬੇਹੱਦ ਹੈ ਅਤੇ ਅਣਡਿੱਠ ਨਹੀਂ ਕੀਤਾ ਜਾ ਸਕਦਾ।

**ਬਿਰਤਾਂਤ ਨੂੰ ਦਬਾਉਣ ਦੇ ਯਤਨ**

ਨਾਜ਼ੀ ਜਰਮਨੀ ਨੇ ਆਪਣੇ ਅਪਰਾਧਾਂ ਦੀਆਂ ਰਿਪੋਰਟਾਂ ਮੰਨਣ ਤੋਂ ਇਨਕਾਰ ਕੀਤਾ ਅਤੇ ਦੁਨੀਆ ਅੱਗੇ ਆਪਣੀ ਤਸਵੀਰ ਬਚਾਉਣ ਦੀ ਕੋਸ਼ਿਸ਼ ਕੀਤੀ। ਅੱਜ ਵੀ ਅਜਿਹਾ ਹੀ ਕੁਝ ਮਿਲਦਾ-ਜੁਲਦਾ ਹੈ। ਇਜ਼ਰਾਈਲੀ ਪ੍ਰਧਾਨ ਮੰਤਰੀ ਬਿਨਯਾਮਿਨ ਨੇਤਨਯਾਹੂ ਨੇ ਹਾਲ ਹੀ ਵਿਚ 'ਨਿਊਯਾਰਕ ਟਾਈਮਜ਼' ਨੂੰ ਗਾਜ਼ਾ ਵਿਚ ਭੁੱਖਮਰੀ ਅਤੇ ਕੁਪੋਸ਼ਣ ਬਾਰੇ ਖ਼ਬਰਾਂ ਲਈ ਕਾਨੂੰਨੀ ਧਮਕੀ ਦਿੱਤੀ। ਭਾਵੇਂ ਟਾਈਮਜ਼ ਨੇ ਕੁਝ ਵੇਰਵੇ



ਸਪਸ਼ਟ ਕੀਤੇ, ਪਰ ਅੰਤਰਰਾਸ਼ਟਰੀ ਮਨੁੱਖੀ ਸੰਸਥਾਵਾਂ ਅਜੇ ਵੀ ਭੁੱਖਮਰੀ, ਦਵਾਈ ਦੀ ਕਮੀ ਅਤੇ ਰੁਕਾਵਟ ਵਾਲੀ ਮਦਦ ਬਾਰੇ ਰਿਪੋਰਟ ਕਰ ਰਹੀਆਂ ਹਨ। ਕਾਨੂੰਨੀ ਅਤੇ ਮੀਡੀਆ ਰੋਕ-ਟੋਕ ਦੀ ਕੋਸ਼ਿਸ਼ ਸੱਚਾਈ ਨੂੰ ਦਬਾਉਣ ਦਾ ਉਪਰਾਲਾ ਹੀ ਹੈ। ਇਹ ਪਿਛਲੇ ਇਤਿਹਾਸ ਨਾਲ ਮਿਲਦੇ-ਜੁਲਦੇ ਹਾਲਾਤ ਹਨ: ਜਦੋਂ ਇੱਕ ਜਾਤੀ ਨਿਸ਼ਾਨਾ ਬਣਾਈ ਜਾਂਦੀ ਹੈ ਤਾਂ ਸੱਚਾਈ ਨੂੰ ਪਹਿਲਾਂ ਨਿਸ਼ਾਨਾ ਬਣਾਇਆ ਜਾਂਦਾ ਹੈ।

**ਇਤਿਹਾਸਕ ਤੁਲਨਾਵਾਂ ਅਤੇ ਨੈਤਿਕ ਵਿਚਾਰ**

ਇਹ ਦਰਦਨਾਕ ਵਿਰੋਧਾਭਾਸ ਹੈ ਕਿ ਜੋ ਯਹੂਦੀ ਪਹਿਲਾਂ ਪ੍ਰਣਾਲੀਬੱਧ ਪੀੜਾ ਸਹਿੰਦੇ ਸਨ, ਉਹੀ ਅੱਜ ਇਕ ਅਜਿਹੇ ਰਾਜ ਦਾ ਹਿੱਸਾ ਹਨ ਜਿਸ 'ਤੇ ਉਸੇ ਤਰ੍ਹਾਂ ਦੇ ਅਨਿਆਂ ਦੇ ਦੋਸ਼ ਲੱਗ ਰਹੇ ਹਨ। ਹਾਲਾਤ ਅਤੇ ਸੰਦਰਭ ਵੱਖ-ਵੱਖ ਹੋਣ ਦੇ ਬਾਵਜੂਦ, ਨੈਤਿਕਤਾ (ਅਨੈਤਿਕਤਾ) ਦੀ ਤੁਲਨਾ ਕਾਫੀ ਨੇੜੇ-ਤੇੜੇ ਹੈ। ਦੋਹਾਂ ਹਾਲਾਤ ਵਿਚ ਨਾਗਰਿਕਾਂ ਨੂੰ ਸਮੂਹਿਕ ਸਜ਼ਾ, ਨਿਸ਼ਾਨਾ ਬਣਾਉਣਾ ਅਤੇ ਗਵਾਹਾਂ ਨੂੰ ਚੁੱਪ ਕਰਵਾਉਣਾ ਦੇਖਣ ਨੂੰ ਮਿਲਦਾ ਹੈ। ਇਹ ਬੇ-ਮੁਹਾਰੇ ਬਲ ਦਾ ਸਬੂਤ ਹੈ ਅਤੇ ਅਣਮਿਆਰੀ ਸਖ਼ਤੀ ਨੂੰ ਦਰਸਾਉਂਦਾ ਹੈ।

ਹੋਲੋਕਾਸਟ ਸਿਖਾਉਂਦੀ ਹੈ 'ਮੁੜ ਕਦੇ ਨਹੀਂ'—ਕਦੇ ਵੀ ਕਿਤੇ ਲੋਕਾਂ ਨੂੰ ਸਮੂਹਿਕ ਤੌਰ 'ਤੇ ਨਾਸ ਦਾ ਜਾਂ ਸਜ਼ਾ ਦਾ ਸਾਹਮਣਾ ਨਹੀਂ ਕਰਨਾ ਚਾਹੀਦਾ। ਪਰ ਗਾਜ਼ਾ ਅੱਜ ਸਵਾਲ ਪੁੱਛਦਾ ਹੈ: ਕੀ ਅਸੀਂ ਇਹ ਸਿੱਖਿਆ ਸੱਚਮੁੱਚ ਸਵੀਕਾਰ ਕੀਤੀ ਹੈ? ਅੰਤਰਰਾਸ਼ਟਰੀ ਭਾਈਚਾਰਾ, ਜਿਸ ਨੇ ਪਹਿਲਾਂ ਮਨੁੱਖੀ-ਮੁੱਲਾਂ ਦੀ ਰੱਖਿਆ ਦਾ ਵਾਅਦਾ ਕੀਤਾ ਸੀ, ਉਹ ਗਾਜ਼ਾ ਵਿਚ ਗੋਲਾਬਾਰੀ, ਭੁੱਖ ਅਤੇ ਦਵਾਈ ਦੀ ਕਮੀ ਵੇਖ ਕੇ ਕਿਵੇਂ ਚੁੱਪ ਰਹਿ ਸਕਦਾ ਹੈ।

**ਮਨੁੱਖੀ-ਜ਼ਿੰਦਗੀਆਂ ਦਾ ਦੁੱਖ ਅਤੇ ਰਾਹਤ-ਕਾਰਜਾਂ ਦੀ ਤੁਰੰਤ ਲੋੜ**


ਅੰਕੜਿਆਂ ਦੇ ਪਿੱਛੇ ਮਨੁੱਖੀ ਜ਼ਿੰਦਗੀਆਂ ਹਨ—ਬੱਚੇ ਜੋ ਖੰਡਰਾਂ ਵਿਚ ਬੈਠ ਕੇ ਪੜ੍ਹਦੇ ਹਨ, ਪਰਿਵਾਰ ਜੋ ਆਪਣੇ ਪਿਆਰਿਆਂ ਦੇ ਗੁਜ਼ਰ ਜਾਣ ਦਾ ਗ਼ਮ ਮਨਾ ਰਹੇ ਹਨ, ਪੱਤਰਕਾਰ ਜੋ ਸੱਚ ਸਾਹਮਣੇ ਲਿਆਉਣ ਲਈ ਸਭ ਕੁਝ ਦਾਅ 'ਤੇ ਲਗਾ ਰਹੇ ਹਨ। ਖ਼ਾਨ ਯੂਨਿਸ ਵਿਚ ਹਸਪਤਾਲ 'ਤੇ ਹੋਇਆ ਹਮਲਾ ਸਿਰਫ਼ ਇੱਕ ਉਦਾਹਰਨ ਹੈ। ਰਾਹਤ-ਕਾਰਕੁਨ ਹਾਲਾਤ ਨੂੰ ਬਹੁਤ ਹੀ ਨਾਜ਼ੁਕ ਦੱਸਦੇ ਹਨ—ਜਿੱਥੇ ਲੋਕ ਥੋੜ੍ਹੇ ਜਿਹੇ ਖਾਣ-ਪੀਣ ਲਈ ਲੰਬੀਆਂ ਕਤਾਰਾਂ ਵਿਚ ਖੜ੍ਹੇ ਹੁੰਦੇ ਹਨ ਅਤੇ ਡਾਕਟਰੀ ਸਟਾਫ਼ ਜ਼ਰੂਰੀ ਸਾਧਨਾਂ ਤੋਂ ਬਿਨਾਂ ਹੀ ਮਰੀਜ਼ਾਂ ਦਾ ਇਲਾਜ ਕਰਦੇ ਹਨ। ਇਹ ਕਹਾਣੀਆਂ ਉਨ੍ਹਾਂ ਯਹੂਦੀਆਂ ਦੇ ਹਾਲਾਤ ਦੀ ਯਾਦ ਦਿਲਾਉਂਦੀਆਂ ਹਨ ਜੋ ਗੇਟੋਆਂ ਅਤੇ ਕੈਂਪਾਂ ਵਿਚ ਰਹਿੰਦੇ ਸਨ: ਮੁੱਢਲੀਆਂ ਜ਼ਰੂਰਤਾਂ ਤੋਂ ਵਾਂਝੇ, ਹਮੇਸ਼ਾ ਡਰ ਦੇ ਸਾਏ ਹੇਠ ਜੀਵਨ ਬਿਤਾਉਂਦੇ ਹੋਏ ਅਤੇ ਸਿਰਫ਼ ਮਦਦ ਅਤੇ ਹਿੰਮਤ ਦੇ ਕਮਜ਼ੋਰ-ਬਲ 'ਤੇ ਨਿਰਭਰ।

ਦੁਨੀਆਂ ਨੂੰ ਇਨ੍ਹਾਂ ਸਮਾਨਤਾਵਾਂ ਨੂੰ ਇਮਾਨਦਾਰੀ ਨਾਲ ਦੇਖਣਾ ਹੋਵੇਗਾ। ਚੁੱਪ ਰਹਿਣ ਜਾਂ ਚੋਣਵੀਂ ਨਿੰਦਾ ਕਰਨ ਨਾਲ ਅੱਤਿਆਚਾਰਾਂ ਨੂੰ ਆਮ ਗੱਲ ਬਣਾਉਣ ਦਾ ਖ਼ਤਰਾ ਹੈ। ਜਿਵੇਂ ਇਤਿਹਾਸ ਦੱਸਦਾ ਹੈ, ਜਦੋਂ ਜ਼ੁਲਮ ਨੂੰ ਸਹਿਣ ਕੀਤਾ ਜਾਂਦਾ ਹੈ ਜਾਂ ਨਜ਼ਰ-ਅੰਦਾਜ਼ ਕੀਤਾ ਜਾਂਦਾ ਹੈ, ਤਾਂ ਹਿੰਸਾ ਨੂੰ ਜਾਰੀ ਰੱਖਣਾ ਹੋਰ ਵੀ ਆਸਾਨ ਹੋ ਜਾਂਦਾ ਹੈ। ਕੱਲ੍ਹ ਦੇ ਯਹੂਦੀ ਅਤੇ ਅੱਜ ਦੇ ਫ਼ਲਸਤੀਨੀ, ਦੋਵੇਂ ਹੀ ਇਤਿਹਾਸ ਦੀ ਚੇਤਾਵਨੀ ਨਾਲ ਜੁੜੇ ਹੋਏ ਹਨ: ਜਦੋਂ ਇਕ ਮਨੁੱਖਾ-ਜਾਤੀ ਦੀ ਹੰਢਾਈ ਪੀੜਾ ਨੂੰ ਹੀ ਦੂਜੀ 'ਤੇ ਜ਼ੁਲਮ ਕਰਨ ਦਾ ਬਹਾਨਾ ਸਮਝਿਆ ਜਾਣ ਲੱਗੇ, ਤਾਂ ਪੂਰੀ ਮਨੁੱਖਤਾ ਆਪਣੀ ਨੈਤਿਕ ਦਿਸ਼ਾ ਗੁਆ ਬੈਠਦੀ ਹੈ।

ਅੰਤਰਰਾਸ਼ਟਰੀ ਭਾਈਚਾਰੇ ਨੂੰ ਚੁੱਪ ਤੋੜਨ ਦੀ ਲੋੜ: ਗਾਜ਼ਾ ਦਾ ਦੁਖਾਂਤ ਸਾਨੂੰ ਇਤਿਹਾਸ ਦੇ ਸਬਕ ਯਾਦ ਦਿਵਾਉਂਦਾ

(ਬਾਕੀ ਸਫਾ 22 'ਤੇ)

## ਕਾਵਿ-ਕਿਆਰੀ



*ਅਮਰੀਕ ਸਿੰਘ*
*ਸ਼ਿਕਾਗੋ*

### ਵਾਹਗੇ ਬਾਰਡਰ ਬੈਠ ਲੋਕਾਂ ਵਿਚ

ਮੈਂ ਵੇਖਿਆ ਸਰਹੱਦਾਂ ਬੋਲਦੀਆਂ
ਵੇਖ ਹਾਲ ਸੰਸਾਰ ਦਾ ਯਾਰੋ
ਬਾਬਾ ਨਾਨਕ ਬਾਲਾ ਤੇ ਮਰਦਾਨਾ ਟੋਲਦੀਆਂ।
ਵਾਹਗੇ ਬਾਰਡਰ ਬੈਠ ਲੋਕਾਂ ਵਿਚ
ਮੈਂ ਵੇਖਿਆ ਸਰਹੱਦਾਂ ਬੋਲਦੀਆਂ।

ਵੇਖ ਨਜ਼ਾਰੇ ਕਰਤੇ ਦੇ ਵਸਾਏ
ਕਰਤਾਰਪੁਰ ਪੰਜੇ ਤੇ ਨਨਕਾਣੇ ਨੂੰ
ਸੀਨੇ ਅੰਦਰ ਮਿਸ਼ਰੀ ਘੋਲਦੀਆਂ।
ਵਾਹਗੇ ਬਾਰਡਰ ਬੈਠ ਲੋਕਾਂ ਵਿਚ
ਮੈਂ ਵੇਖਿਆ ਸਰਹੱਦਾਂ ਬੋਲਦੀਆਂ।

ਤਾਰ ਕੰਡਿਆਲੀ ਦੇ ਆਰ-ਪਾਰ
ਜਾਂਦੀਆਂ ਵੇਖੀਆਂ ਪੰਛੀਆਂ ਦੀਆਂ ਡਾਰਾਂ
ਚੁੰਝਾਂ ਦੇ ਵਿਚ ਚੁੰਝਾਂ ਪਾ-ਪਾ ਦੁੱਖ ਫਰੋਲਦੀਆਂ।
ਵਾਹਗੇ ਬਾਰਡਰ ਬੈਠ ਲੋਕਾਂ ਵਿਚ
ਮੈਂ ਵੇਖਿਆ ਸਰਹੱਦਾਂ ਬੋਲਦੀਆਂ।

ਜਾਤ ਪਾਤ ਤੇ ਉਚ ਨੀਚ ਦਾ
ਫ਼ਰਕ ਮਿਟਾਇਆ ਸੀ ਜੋ ਬਾਬੇ ਨਾਨਕ ਨੇ
ਹੋਕਾ ਦੇ ਦੇ ਦੇਖੋ ਕਿਵੇਂ ਸੰਗਤਾਂ ਬੋਲਦੀਆਂ।
ਵਾਹਗੇ ਬਾਰਡਰ ਬੈਠ ਲੋਕਾਂ ਵਿਚ
ਮੈਂ ਵੇਖਿਆ ਸਰਹੱਦਾਂ ਬੋਲਦੀਆਂ।

---

### ਡੌਬੂ ਹੋਇਆ ਪੰਜਾਬ

ਡੁੱਬ ਰਿਹਾ ਪੰਜਾਬ, ਪਿਆਰੇ ਹੱਥ ਵਟਾ ਕੇ ਦੇਖ
ਰਾਹਤ ਕਾਰਜਾਂ ਦੇ ਵਿਚ ਆਪਣਾ ਫਰਜ਼ ਨਿਭਾ ਕੇ ਦੇਖ
ਤੇਰੇ ਲਵੇਰੇ ਦੁੱਧ ਮੱਖਣ ਦੇ ਤੈਨੂੰ ਪਾਲ ਰਹੇ
ਭੁੱਖੇ ਪਿਆਸੇ ਮਾਲ ਡੰਗਰ ਨੂੰ, ਚਾਰਾ ਪਾ ਕੇ ਦੇਖ
ਜਾਨ ਤਲੀ 'ਤੇ ਰੱਖ ਕੇ ਜਿਹੜੇ ਚੁੱਭੀਆਂ ਲਾਉਂਦੇ ਨੇ
ਗੋਤਾਖੋਰ ਪਿਆਰਿਆਂ ਨੂੰ ਵੀ ਚਿੱਤੋਂ ਚਾਹ ਕੇ ਦੇਖ
ਰੱਜਿਆਂ ਨੂੰ ਤਾਂ ਅਕਸਰ ਹੀ ਰਜਾਉਂਦਾ ਰਹਿਨਾ ਏਂ
ਲੋੜ ਹੈ ਹੁਣ ਜੇ ਲਾਉਣੇ ਨੇ ਤਾਂ, ਲੰਗਰ ਲਾ ਕੇ ਦੇਖ
ਟੁੱਟਦੇ ਬੰਨ੍ਹ ਜੋੜਨ ਲਈ ਜਾਨ ਦੀ ਬਾਜ਼ੀ ਲਾਉਂਦੇ ਜੋ
ਉਨ੍ਹਾਂ ਲਈ ਜੋ ਕਰ ਸਕਦਾ ਏਂ ਕਰ-ਕਰਾ ਕੇ ਦੇਖ
ਹਾਲ-ਚਾਲ ਗਵਾਂਢੀ ਦਾ ਵੀ ਪੁੱਛਦਾ ਰਹਿ ਸੱਜਣਾ
ਲਾਗ-ਡਾਟ ਜੇ ਹੈ ਤਾਂ ਅੱਜ ਉਹ ਭੁੱਲ-ਭੁਲਾ ਕੇ ਦੇਖ
ਲੋਕਾਂ ਲਈ ਜੋ ਆਪਣਾ ਫਰਜ਼ ਨਿਭਾਉਂਦੇ ਨਹੀਂ ਆਗੂ
ਸੁੱਤੇ ਹੋਇਆਂ ਦੇ ਸਿਰ੍ਹਾਣੇ ਢੋਲ ਵਜਾ ਕੇ ਦੇਖ
ਅਫਰਾ-ਤਫਰੀ ਤੇ ਅਫਵਾਹਾਂ ਜੋ ਫੈਲਾਉਂਦੇ ਨੇ
ਕੂੜੀਆਂ ਪੋਡ ਕਾਸਟਾਂ ਨੂੰ ਤੂੰ ਸੋਧਾ ਲਾ ਕੇ ਦੇਖ
ਕੀ ਮੌਸਮੀ ਆਫਤ ਹੈ ਜਾਂ ਕੀਤੀ ਬੰਦਿਆਂ ਦੀ
ਜੇ ਕਰਵਾ ਸਕਦਾ ਏਂ, ਵਾਜਬ ਖੋਜ ਕਰਾ ਕੇ ਦੇਖ
ਕਰਨੀ ਤਾਂ ਹਰ ਇੱਕ ਨੂੰ ਏਥੇ ਭਰਨੀ ਪੈਣੀ ਹੈ
ਪੌਣ-ਪਾਣੀ ਨਾਲ ਭੁੱਲ-ਭੁਲਾ ਨਾ ਦਗਾ ਕਮਾ ਕੇ ਦੇਖ
ਵਿਲਕ ਰਿਹਾਂ ਦੀ ਬਹੁੜੀ ਤੇ ਅਰਦਾਸ ਜਰੂਰੀ ਹੈ
ਸੱਚੇ ਸਤਿਗੁਰ ਅੱਗੇ ਬੰਦਿਆ ਸਿਰ ਨਿਵਾ ਕੇ ਦੇਖ
ਸਹੀ ਸਟੀਕ ਅਪੀਲਾਂ ਅਤੇ ਦਲੀਲਾਂ ਦੇ 'ਢੇਸੀ'
ਫਰਜ਼ ਨਿਭਾ ਤੂੰ ਆਪਣਾ ਤਿੱਖੀ ਕਲਮ ਵਗਾ ਦੇਖ

---

### ਹੋਕਾ

ਬਹੁਤੇ ਨੇ ਅਫਸਾਨਾ ਲਿਖਣੇ ਵਾਲੇ ਨੱਕ ਦੇ ਕੋਕੇ 'ਤੇ
ਵਿਰਲੀ ਹੀ ਕੋਈ ਨਿਗ੍ਹਾ ਠਹਿਰਦੀ, ਦਾਤੀ ਰੰਬੇ ਟੋਕੇ 'ਤੇ
ਮਾਰ ਹੇਠ ਅਉਂਦੇ ਨੇ ਕਿਰਤੀ, ਲੁੱਟ ਹੈ ਧੰਨ ਕੁਬੇਰਾਂ ਦੀ
ਸਰਦਾ ਨਹੀਂ ਅਣਗੌਲੇ ਕਰਕੇ, ਸਰਦਾ ਛਾਤੀ ਠੋਕੇ 'ਤੇ

ਪੰਜ ਦਰਿਆਵਾਂ ਵਾਲੇ ਦੇਖੋ, ਸਾਵਣ ਆਇਆਂ ਡੁੱਬ ਜਾਂਦੇ
ਬੂੰਦ ਬੂੰਦ ਲਈ ਤਰਸ ਜਾਂਦੇ ਨੇ, ਮਾਰ ਪੈਂਦੀ ਹੈ ਸੋਕੇ 'ਤੇ

ਅੰਬਾਨੀ ਅਤੇ ਅਡਾਨੀ ਨੇ ਹੀ, ਮੱਖਣ ਲਾਉਂਦੇ ਰਹਿਣਾ ਹੈ
ਰਹਿਣਾ ਜੇ ਪੰਜਾਬ ਮੁਨੱਸਰ, ਕੇਂਦਰ ਦੇ ਹੀ ਡੋਕੇ 'ਤੇ

ਹੋਰ ਨਹੀਂ ਪੰਜਾਬੀ ਪੁੱਛਣ, ਇੱਕ ਸਵਾਲ ਤਾਂ ਆਪੇ ਤੋਂ
ਕਦ ਤਕ ਲੁੱਟੀ ਜਾਵਣਗੇ ਭਲਾ, ਬਿੱਪਰ ਵਾਅਦੇ ਫੋਕੇ 'ਤੇ

ਸਿੱਧੀ ਉਂਗਲੇ ਘਿਉ ਨਾ ਨਿਕਲੇ, ਟੇਢੀ ਕਰਨੀ ਪੈਂਦੀ ਹੈ
ਕਾਰਗਰ ਹਥਿਆਰ ਉਹੀ ਹੈ, ਕੰਮ ਆਵੇ ਜੋ ਮੌਕੇ 'ਤੇ

ਮੱਥੇ ਦੀਆਂ ਲਕੀਰਾਂ ਨੂੰ ਹੀ, ਰੋ ਕੇ ਪੂਰੀ ਪੈਣੀ ਨਾ
ਪੂਰੀ ਤਾਂ ਪੈਣੀ ਸਰਦਾਰੋ, ਹਿੰਮਤ ਸਾਰੀ ਝੋਕੇ 'ਤੇ

ਗਲੋਂ ਗੁਲਾਮੀ ਲਾਹੁਣ ਲਈ ਸਿੰਘੋ, ਕੱਠੇ ਹੋਣਾ ਪੈਣਾ ਹੈ
ਦਿੱਲੀ ਵਾਲੇ ਰੁਕਣੇ ਨਾ ਉਂਝ, ਰੁਕਣੇ ਨੇ ਉਹ ਰੋਕੇ 'ਤੇ

ਭੋਗੀ ਸਭਿਆਚਾਰ ਦਾ ਬੰਦਾ, ਸੌਖਾ ਨਹੀਂ ਕਿ ਜਾਗ ਪਏ
ਜਿੰਨੇ ਜਾਗਣ ਓਹੀ ਗਨੀਮਤ , 'ਢੇਸੀ' ਤੇਰੇ ਹੋਕੇ 'ਤੇ।

*-ਕੁਲਵੰਤ ਸਿੰਘ ਢੇਸੀ*

---

### ਹੜ੍ਹ

ਪਲਾਂ ਚ ਤਬਾਹੀ ਮਚਾ...
ਉਹ ਜਾਂਦੇ ਨੇ.. ਉਹ ਜਾਂਦੇ ਨੇ
ਸਭ ਕੱਚੇ-ਪੱਕੇ ਘਰਾਂ ਨੂੰ
ਇੱਕੋ ਨਜ਼ਰੀਂ ਤੱਕਦਿਆਂ
ਇਨ੍ਹਾਂ ਘਰਾਂ ਦੀਆਂ
ਨੀਹਾਂ 'ਚੋਂ ਮਿੱਟੀ ਕੱਢ
ਤੇ ਪਲਾਂ ਵਿਚ ਢਹਿ ਢੇਰੀ ਕਰ
ਉਥੇ ਵਰ੍ਹਿਆਂ ਤੋਂ
ਰਹਿਣ ਵਾਲੇ ਲੋਕਾਂ ਨੂੰ
ਬੇਘਰੇ ਬਣਾ, ਬੇਬਸੀ ਦੀ ਹਾਲਤ ਵਿੱਚ
ਸੜਕਾਂ 'ਤੇ ਲਿਆ
ਬੇ-ਸਰੋ ਸਾਮਾਨ ਕਰ ...
ਉਹ ਜਾਂਦੇ ਨੇ... ਉਹ ਜਾਂਦੇ ਨੇ...

ਜੀਵਨ ਭਰ ਦੀ
ਇੱਕਠੀ ਕੀਤੀ ਪੂੰਜੀ ਸਮੇਤ
ਖੁਸ਼ੀਆਂ, ਖੇੜਿਆਂ ਚਾਵਾਂ ਨੂੰ
ਆਪਣੇ ਨਾਲ ਵਹਾ
ਪਿੱਛੇ ਛੱਡ ਜਾਂਦੇ
ਬੇ-ਸ਼ੁਮਾਰ ਮਿੱਟੀ ਤੇ ਗਾਰਾ
ਜਿਸ ਦੇ ਹੇਠ ਲੋਕਾਂ ਦੀਆਂ
ਖੁਸ਼ੀਆਂ ਸਧਰਾਂ ਉਮੀਦਾਂ ਤੇ ਭਾਵਨਾਵਾਂ
ਇੱਕ ਇੱਕ ਕਰ ਜਿਵੇਂ
ਦਮ ਤੋੜ ਜਾਂਦੀਆਂ ਨੇ
ਤੇ ਹੜ੍ਹ ਆਪਣਾ ਕਾਰਜ ਮੁਕਾ
ਉਹ ਜਾਂਦੇ ਨੇ... ਉਹ ਜਾਂਦੇ ਨੇ...।

ਹੜ੍ਹ ਜੋ ਆਪਣੀ ਤਬਾਹੀ ਦੇ ਨਿਸ਼ਾਨ ਛੱਡ
ਲੋਕਾਈ ਦੇ ਦਿਲਾਂ ਉਤੇ ਜ਼ਖ਼ਮ ਲਗਾ
ਤੇ ਰੋਣਾ ਕੁਰਲਾਣਾ, ਪਛਤਾਵੇ ਤੇ ਅੰਤਾਂ ਦਾ ਹਨੇਰਾ
ਜਿਸ ਹਨੇਰੇ 'ਚੋਂ ਨਿਕਲਣ ਲਈ
ਮਨੁੱਖਾਂ ਦੀਆਂ ਉਮਰਾਂ ਦੀਆਂ ਉਮਰਾਂ
ਖਪ ਜਾਂਦੀਆਂ ਨੇ
ਤੇ ਹੜ੍ਹ ਪਲਾਂ 'ਚ ਤਬਾਹੀ ਪੱਲੇ ਪਾ
ਉਹ ਜਾਂਦੇ ਨੇ... ਉਹ ਜਾਂਦੇ ਨੇ...।

ਮੁਹੰਮਦ ਅਲੀ ਅੱਬਾਸ

---

### ਕਸੂਰ

ਹੋਇਆ ਕੀ ਕਸੂਰ, ਦਿਲ ਹੋਇਆ ਚੂਰ ਚੂਰ ਮੇਰਾ,
ਸੋਹਣਿਆਂ ਤੂੰ ਕਾਹਤੋਂ ਲਾਈਆਂ ਅੱਖੀਆਂ ਨੇ ਫੇਰ ਵੇ!
ਦਿਲ ਹੈ ਉਦਾਸ, ਅੱਜ ਬੜਾ ਹੀ ਨਿਰਾਸ਼ ਹੋਇਆ,
ਲੱਗਦੈ ਕਿ ਚਾਰੇ ਪਾਸੇ ਪੈ ਗਿਆ ਹਨੇਰ ਵੇ!

ਨਿੱਕੀ ਜੇਹੀ ਗੱਲ ਉਤੇ ਵੱਟ ਲਿਆ ਮੂੰਹ ਉਹਨੇ,
ਆਉਂਦੀ ਹੈ ਕੁਆਂਟਣੀ ਤੇ ਚੜ੍ਹਦੀ ਹੈ ਘੇਰ ਵੇ!
ਛੱਡ ਰੋਸਾ, ਹੱਥ ਜੋੜਾਂ, ਮਿੰਨਤਾਂ ਮੈਂ ਕਰਦੀ ਹਾਂ,
ਲਿਖ 'ਤਾ ਮੁਆਫ਼ੀਨਾਮਾ, ਲਾਈ ਕਾਹਤੋਂ ਦੇਰ ਵੇ!

ਐਡਾ ਕੀ ਪਹਾੜ ਟੁੱਟਾ, ਗੁੱਸਾ ਮੇਰੇ ਉਤੇ ਫੁੱਟਾ,
ਪਾਵੇਂ ਵਖਰੇਵੇਂ ਕਹਿ ਕੇ ਐਵੇਂ ਮੇਰ-ਤੇਰ ਵੇ!
ਚੰਗੀ ਨਹੀਂ ਜ਼ਿਦ, ਹੋਈ ਛੋਟੀ ਜਿਹੀ ਗਲਤੀ ਜੇ,
ਥੁੱਕ ਦੇ ਤੂੰ ਗੁੱਸਾ, ਹੁਣ ਬੁੱਲ੍ਹੀਆਂ ਨਾ ਟੇਰ ਵੇ!

ਭਰਦੀ ਹਾਂ ਹੌਕੇ, ਦਿਲੋਂ ਉਠਦੀ ਹੈ ਹੂਕ ਮੇਰੇ,
ਰਗੜਾਂ ਮੈਂ ਮੱਥਾ, ਅੱਖੋਂ ਹੰਝੂ ਰਹੀ ਕੇਰ ਵੇ!
ਚੈਨ ਆਵੇ ਦਿਲ ਨੂੰ, ਜੇ ਕਰ ਦੇਵੇਂ ਮਾਫ਼ ਮੈਨੂੰ,
ਹੱਸ ਕੇ ਜੇ ਬੋਲੇਂ, ਨਾਲ ਮੇਰੇ ਇੱਕ ਵੇਰ ਵੇ!

ਦੁਖੀ ਵੇਖ ਮੈਨੂੰ, ਚੜ੍ਹੇ ਖੁਸ਼ੀ ਏਦਾਂ ਤੈਨੂੰ,
ਜਿਵੇਂ ਕੀਤਾ ਹੋਵੇ ਫ਼ੌਤ, ਕੋਈ ਤਿੱਤਰ-ਬਟੇਰ ਵੇ!
ਸੀਨਾ ਹੋਇਆ ਤਾਰ-ਤਾਰ, ਕਾਹਤੋਂ ਪਾਵੇਂ ਫਿਟਕਾਰ,
ਸਿੱਧੀ ਗੱਲ ਕਰ ਮੂੰਹੋਂ, ਛੱਡ ਵਾਧੂ ਹੇਰ-ਫੇਰ ਵੇ!

ਮੱਥੇ ਵੱਟ ਪਾਉਣੇ ਛੱਡ, ਦਿਲ 'ਚੋਂ ਕਰੋਧ ਕੱਢ,
ਫੇਰ ਹੀ ਕਰਾਂਗੇ ਗੱਲਾਂ, 'ਕੱਠੇ ਹੋ ਕੇ ਫੇਰ ਵੇ!
ਹਿੱਕ ਨਾਲ ਲਾ ਕੇ, ਗਲਵੱਕੜੀ ਜੇ ਘੁੱਟ ਪਾਵੇਂ,
ਮੇਰੇ ਲਈ ਆਉਣੀ, ਉਦੋਂ ਸੱਜਰੀ-ਸਵੇਰ ਵੇ!

*-ਪ੍ਰੋ. ਨਵ ਸੰਗੀਤ ਸਿੰਘ*

# ਜੇ ਕੋਈ ਹੋਰ ਥਾਣੇਦਾਰ ਹੁੰਦਾ...




## ਗੁਰਮੀਤ ਕੜਿਆਲਵੀ

***ਗੁਰਮੀਤ ਕੜਿਆਲਵੀ, ਪੰਜਾਬੀ ਦਾ ਉੱਘਾ ਕਹਾਣੀਕਾਰ ਅਤੇ ਵਾਰਤਕਕਾਰ ਹੈ, ਜੋ ਕਥਾ ਪੁਸਤਕਾਂ, ਕਹਾਣੀਆਂ, ਬਾਲ ਸਾਹਿਤ ਦੀਆਂ ਪੁਸਤਕਾਂ ਅਤੇ ਵਾਰਤਕ ਪੁਸਤਕਾਂ ਤੋਂ ਇਲਾਵਾ ਨਾਟਕ ਵੀ ਲਿਖ ਚੁੱਕਾ ਹੈ। ਉਸ ਦੀ ਕਹਾਣੀ ਆਤੂ ਖੋਜੀ 'ਤੇ ਲਘੂ ਫਿਲਮ ਬਣ ਚੁੱਕੀ ਹੈ ਤੇ ਬਹੁਤ ਸਾਰੀਆਂ ਕਹਾਣੀਆਂ ਦਾ ਨਾਟਕੀਕਰਨ ਹੋ ਚੁੱਕਾ ਹੈ। ਉਸ ਦੀਆਂ ਕਈ ਰਚਨਾਵਾਂ ਸਕੂਲ ਅਤੇ ਯੂਨੀਵਰਸਿਟੀ ਦੇ ਸਿਲੇਬਸ ਵਿਚ ਵੀ ਸ਼ਾਮਿਲ ਹਨ। ਪ੍ਰਿੰਸੀਪਲ ਸੁਜਾਨ ਸਿੰਘ ਅਤੇ ਪ੍ਰੀਤਲੜੀ ਪੁਰਸਕਾਰ ਸਮੇਤ ਕਈ ਸਨਮਾਨ ਹਾਸਲ ਕਰ ਚੁੱਕੇ ਕੜਿਆਲਵੀ ਦੀਆਂ ਰਚਨਾਵਾਂ ਹਿੰਦੀ, ਮਰਾਠੀ, ਗੁਜਰਾਤੀ ਤੇ ਸ਼ਾਹਮੁਖੀ 'ਚ ਵੀ ਅਨੁਵਾਦ/ਲਿਪੀਅੰਤਰ ਹੋ ਕੇ ਛਪ ਚੁੱਕੀਆਂ ਹਨ। ਅਸੀਂ ਆਪਣੇ ਪਾਠਕਾਂ ਲਈ ਉਸ ਦੀਆਂ ਕਹਾਣੀਆਂ ਦਾ ਕਾਲਮ ਸ਼ੁਰੂ ਕੀਤਾ ਹੈ, ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***


ਵੇਖਦਿਆਂ ਹੀ ਵੇਖਦਿਆਂ ਪੁਲਿਸ ਦੀ ਧਾੜ ਨੇ ਆਲੇ-ਦੁਆਲੇ ਦੇ ਘਰਾਂ ਦੀਆਂ ਛੱਤਾਂ ਉੱਪਰ ਮੋਰਚੇ ਮੱਲ ਲਏ ਸਨ। ਏ.ਕੇ. ਸੰਤਾਲੀਆਂ ਅਤੇ ਏ.ਕੇ. ਚੁਰਾਨਵਿਆਂ ਨਾਲ ਲੈਸ ਪੁਲਿਸ ਦੇ ਚੀਤਿਆਂ ਵਰਗੇ ਸ਼ਿਕਾਰੀਆਂ ਨੇ ਘਰ ਨੂੰ ਘੇਰਾ ਪਾ ਲਿਆ ਸੀ। ਹੋਮਗਾਰਡ ਜਵਾਨਾਂ ਦੇ ਹੱਥਾਂ ਵਿਚ ਫੜੀਆਂ 1962 ਦੀ ਭਾਰਤ-ਚੀਨ ਜੰਗ ਵੇਲੇ ਦੀਆਂ ਬਣੀਆਂ ਥਰੀ-ਨਟ-ਥਰੀ ਦੀਆਂ ਜਾਮ ਹੋਈਆਂ ਬੰਦੂਕਾਂ ਵੀ ਇਧਰ ਨੂੰ ਸੇਧੀਆਂ ਹੋਈਆਂ ਹੜਬੂੰ-ਹੜਬੂੰ ਕਰਦੀਆਂ ਲੱਗਦੀਆਂ ਸਨ। ਇੰਜ ਜਾਪਦਾ ਸੀ ਜਿਵੇਂ ਬੱਬਰ ਖਾਲਸਾ ਦੇ ਕਿਸੇ ਬਹੁਤ ਵੱਡੇ ਮੁਖੀ ਨੂੰ ਫੜਨ ਦੀ ਕਵਾਇਦ ਹੋ ਰਹੀ ਹੋਵੇ। ਭਾਰੇ-ਭਾਰੇ ਪੁਲਿਸੀਏ ਬੂਟਾਂ ਦੀ ਦਗੜ-ਦਗੜ ਗਲੀਆਂ ਵਿਚੋਂ ਵੀ ਸੁਣਾਈ ਦੇ ਰਹੀ ਸੀ। ਪਿੰਡ ਨੂੰ ਹਨੇਰੇ ਦੀ ਗੂੜ੍ਹੀ ਕਾਲੀ ਚਾਦਰ ਨੇ ਢੱਕਿਆ ਹੋਇਆ ਸੀ। ਉਨ੍ਹਾਂ ਦਿਨਾਂ 'ਚ ਜਗਮਗ ਕਰਦੇ ਲਾਟੂ ਜਗਾਉਣ ਦੀ ਹਿੰਮਤ ਕਿਸੇ 'ਚ ਨ੍ਹੀਂ ਸੀ ਹੁੰਦੀ। ਵਿਰਲੇ-ਵਿਰਲੇ ਘਰ ਵਿਚੋਂ ਹੀ ਕਿਸੇ ਬੱਤੀ ਦਾ ਚਾਨਣ ਦਿਖਾਈ ਦਿੰਦਾ ਸੀ। ਲੋਕ ਘੁਸਮੁਸਾ ਹੁੰਦਿਆਂ ਹੀ ਰੋਟੀ-ਪਾਣੀ ਖਾ ਕੇ ਘਰਾਂ ਅੰਦਰ ਤੜ ਜਾਂਦੇ ਹਨ। ਕਿਧਰੋਂ ਆਵਾਜ਼ ਸੁਣਾਈ ਨ੍ਹੀਂ ਸੀ ਦਿੰਦੀ। ਗੁਰਦੁਆਰੇ ਆਲਾ ਭਾਈ ਵੀ ਕਾਫ਼ੀ ਚਿਰ ਪਹਿਲਾਂ ਹੀ ਰਹਿਰਾਸ ਉਪਰੰਤ ਕੀਰਤਨ ਸੋਹਲੇ ਦਾ ਪਾਠ ਕਰਕੇ 'ਵਾਹਿਗੁਰੂ-ਵਾਹਿਗੁਰੂ' ਕਰਦਾ ਰਜਾਈ ਨੱਪ ਗਿਆ ਸੀ।

ਇਨ੍ਹੀਂ ਦਿਨੀਂ ਪਿੰਡ ਦਾ ਭਗੌੜਾ ਹੋਇਆ ਮੁੰਡਾ ਇੱਕ ਜਥੇਬੰਦੀ ਦਾ ਏਰੀਆ ਕਮਾਂਡਰ ਬਣ ਕੇ ਇਲਾਕੇ ਵਿਚ ਦਹਿਸ਼ਤ ਪਾਈ ਫਿਰਦਾ ਸੀ। ਸਕੂਲੀ ਦਿਨਾਂ 'ਚ ਕਬੱਡੀ ਦਾ ਵਧੀਆ ਖਿਡਾਰੀ ਰਿਹਾ ਇਹ ਕਮਾਂਡਰ ਦਸਵੀਂ ਤਕ ਮੇਰੇ ਨਾਲ ਪੜ੍ਹਦਾ ਰਿਹਾ ਸੀ। ਸਕੂਲੀ ਦਿਨਾਂ ਵਿਚ ਅਕਸਰ ਚੁੱਪ-ਗੜੁੱਪ ਰਹਿਣ ਵਾਲਾ ਅਤੇ ਪੜ੍ਹਾਈ ਵਿਚ ਔਸਤ ਜਿਹਾ ਦੀਪਾ ਮੇਰੇ ਕਾਫ਼ੀ ਨੇੜੇ ਹੁੰਦਾ ਸੀ। ਸਾਡੀ ਚੰਗੀ ਸੱਥਰੀ ਪੈਂਦੀ ਸੀ। ਦਸਵੀਂ ਕਰਨ ਬਾਅਦ ਉਹ ਤਾਂ ਅਲੱਗ ਮੁਲਕ ਬਣਾਉਣ ਦੇ ਸੁਪਨੇ ਲੈਂਦਾ ਏਰੀਆ ਕਮਾਂਡਰੀ ਕਰਨ ਲੱਗ ਪਿਆ ਤੇ ਮੈਂ ਇੰਜੀਨੀਅਰ ਬਣਨ ਲਈ ਰੋਡਿਆਂ ਵਾਲੇ ਪਾਲੀਟੈਕਨਿਕ ਵਿਚ ਜਾ ਦਾਖ਼ਲ ਹੋਇਆ। ਉਸ ਤੋਂ ਬਾਅਦ ਕਦੇ ਵੀ ਦੀਪੇ ਨਾਲ ਮੇਲ ਨ੍ਹੀਂ ਸੀ ਹੋਇਆ। ਉਸਦੀ ਸ਼ਕਲ ਦੇ ਵੀ ਕਦੇ ਦੂਰੋਂ ਵੀ ਦਰਸ਼ਨ ਨ੍ਹੀਂ ਸੀ ਕੀਤੇ। ਕਦੇ-ਕਦਾਈਂ ਉਸਦਾ ਨਾਂ ਅਖ਼ਬਾਰ ਵਿਚ ਜ਼ਰੂਰ ਪੜ੍ਹ ਲਈਦਾ ਸੀ ਜਿੱਥੇ ਉਸਦੀ ਜਥੇਬੰਦੀ ਵਲੋਂ ਕਿਸੇ ਘਟਨਾ ਦੀ ਜ਼ਿੰਮੇਵਾਰੀ ਲਈ ਹੁੰਦੀ ਸੀ। ਇਸ ਤੋਂ ਛੁੱਟ ਉਸ ਬਾਰੇ ਹੋਰ ਕੁਝ ਵੀ ਮੈਨੂੰ ਪਤਾ ਨ੍ਹੀਂ ਸੀ।

ਮਾਰਾ-ਮਰਾਈ ਦੇ ਅਜਿਹੇ ਦੌਰ ਵਿਚ ਦੀਪੇ ਨੂੰ ਕਾਬੂ ਕਰਨ ਲਈ ਪਿੰਡ ਵਿਚ ਅਕਸਰ ਪੁਲਿਸ, ਸੀ.ਆਰ.ਪੀ. ਅਤੇ ਕਮਾਂਡੋਂ ਦੇ ਜਵਾਨਾਂ ਦੀ ਦਗੜ-ਦਗੜ ਛੱਲਦੀ ਹੀ ਰਹਿੰਦੀ ਸੀ। ਆਏ ਦਿਨ ਪੁਲਿਸ ਦੀ ਹੁੰਦੀ ਛਾਪੇਮਾਰੀ ਸਾਡੇ ਪਿੰਡ ਵਾਲਿਆਂ ਲਈ ਕੋਈ ਖ਼ਾਸ ਗੱਲ ਨ੍ਹੀਂ ਸੀ। ਇਸੇ ਕਰਕੇ ਜਦੋਂ ਹੁਣ ਪੁਲਿਸ ਵਾਲਿਆਂ ਨੇ ਘਰਾਂ 'ਤੇ ਚੜ੍ਹ ਕੇ ਚਾਰ-ਚੁਫ਼ੇਰੇ ਬੰਦੂਕਾਂ ਤਾਣ ਲਈਆਂ ਸਨ, ਸਾਨੂੰ ਕੋਈ ਅਚੰਭਾ ਨ੍ਹੀਂ ਸੀ ਲੱਗਿਆ। ਉਂਜ ਅਸੀਂ ਇੰਨਾ ਕੁ ਜ਼ਰੂਰ ਸੋਚ ਰਹੇ ਸਾਂ ਕਿ ਦੀਪੇ ਦਾ ਘਰ ਤਾਂ ਪਿੰਡ ਦੇ ਬਿਲਕੁਲ ਦੂਜੇ ਪਾਸੇ ਹੈ, ਫਿਰ ਐਧਰ ਇੰਨੀ ਫੋਰਸ ਕਿਉਂ ਲਗਾ ਧਿੱਤੀ ਹੈ? ਫੇਰ ਇਹ ਸੋਚ ਕਿ ਹੋ ਸਕਦਾ ਹੈ ਕਿ ਦੀਪਾ ਇਧਰ ਕਿਸੇ ਘਰ ਲੁਕਿਆ ਹੋਵੇ ਤੇ ਪੁਲਿਸ ਨੂੰ ਇਸਦੀ ਸੂਹ ਮਿਲ ਗਈ ਹੋਵੇ, ਅਸੀਂ ਬਹੁਤੀ ਗੌਰ ਨ੍ਹੀਂ ਸੀ ਕੀਤੀ।

'ਆਪਣੇ-ਆਪ ਨੂੰ ਪੁਲਿਸ ਹਵਾਲੇ ਕਰ ਦਿਓ ਚੁੱਪ ਕਰਕੇ, ਨ੍ਹੀਂ ਸਾਨੂੰ ਮਜਬੂਰ ਹੋ ਕੇ ਗੋਲੀ ਚਲਾਉਣੀ ਪਊ।' ਇੱਕ ਪੁਲਿਸੀਏ ਨੇ ਕੋਠੇ ਦੇ ਬਨੇਰੇ 'ਤੇ ਖੜ੍ਹ ਕੇ ਸਾਡੇ ਘਰ ਵੱਲ ਮੂੰਹ ਕਰਕੇ ਕਿਹਾ ਸੀ। ਹਨੇਰੇ ਵਿਚ ਵੀ ਪੁਲਿਸੀਏ ਦੇ ਮੋਢੇ 'ਤੇ ਲੱਗੇ ਸਟਾਰ ਚਮਕੇ ਰਹੇ ਸਨ। ਸ਼ਾਇਦ ਇਹ ਕੋਈ ਸਹਾਇਕ ਪੁਲਿਸ ਇੰਸਪੈਕਟਰ ਸੀ।

ਉਦੋਂ ਹੀ ਘਰ ਦਾ ਦਰਵਾਜ਼ਾ ਵੀ ਜ਼ੋਰ-ਜ਼ੋਰ ਦੀ ਖੜਕਣ ਲੱਗਾ ਸੀ।

'ਤੁਸੀਂ ਬਚ ਕੇ ਕਿਧਰੇ ਨ੍ਹੀਂ ਨਿਕਲ ਸਕਦੇ। ਤੁਹਾਨੂੰ ਚਾਰ-ਚੁਫੇਰੇ ਤੋਂ ਘੇਰਾ ਪੈ ਚੁੱਕਾ। ਭਲੀ ਏਸੇ ਵਿਚ ਐ...ਘਰੋਂ ਬਾਹਰ ਆਜੋ ਹੱਥ ਖੜ੍ਹੇ ਕਰਕੇ।' ਦਰਵਾਜ਼ੇ ਦੀਆਂ ਵਿਰਲਾਂ ਵਿਚੋਂ ਆਵਾਜ਼ ਅੰਦਰ ਆਈ ਸੀ।

ਹੁਣ ਕੋਈ ਸ਼ੱਕ ਨ੍ਹੀਂ ਸੀ ਰਹਿ ਗਿਆ। ਪੁਲਿਸ ਦੀ ਇਹ ਧਾੜ ਤਾਂ ਸਾਡੇ ਘਰ ਵਿਚਲੇ ਖ਼ਤਰਨਾਕ ਅਤਿਵਾਦੀਆਂ ਨੂੰ ਫੜਨ ਲਈ ਧਾਵਾ ਬੋਲ ਕੇ ਆਈ ਸੀ। ਗੱਲ ਛੇਤੀ ਸਾਡੀ ਸਮਝ ਵਿਚ ਆ ਗਈ ਸੀ। ਦਿਨ ਖੜ੍ਹੇ-ਖੜ੍ਹੇ ਹੀ ਤਾਂ ਅੱਜ ਫੇਰ ਪੰਜਾਬ ਦੀ ਕਾਨੂੰਨ ਘੜਨੀ ਸਭਾ ਦੇ ਮਾਣਯੋਗ ਮੈਂਬਰ ਨਾਲ 'ਤੂੰ-ਤੂੰ ਮੈਂ-ਮੈਂ' ਹੋ ਕੇ ਹਟੀ ਸੀ। ਉਦੋਂ ਉਸ ਵਿਧਾਇਕ ਪਾਤਸ਼ਾਹ ਨੇ, 'ਵੇਖ ਲੂੰ ਥੋਨੂੰ ਵੱਡੇ ਕਾਸ਼ੀ ਰਾਮ ਦੇ ਚੇਲਿਆਂ ਨੂੰ' ਆਖਦਿਆਂ ਧਮਕੀਆਂ ਧਿੱਤੀਆਂ ਸਨ। ਗੱਲ ਸਾਨੂੰ ਸਾਫ਼ ਹੋ ਗਈ ਸੀ ਕਿ ਧਿੱਲੀ ਤਕ ਪਹੁੰਚ ਦੇ ਮਾਲਕ ਉਸ ਨੇਤਾ ਜੀ ਨੇ ਆਪਣੀ ਤਾਕਤ ਦਿਖਾ ਧਿੱਤੀ ਹੈ। ਅਸੀਂ ਸਮਝ ਗਏ ਕਿ ਨੇਤਾ ਜੀ ਨੇ ਹੀ ਪੁਲਿਸ ਪਾਸ ਚੁਗਲੀ ਕੀਤੀ ਹੋਊ ਕਿ ਇਨ੍ਹਾਂ ਕੋਲ ਫ਼ਲਾਂ-ਫ਼ਲਾਂ ਖਾੜਕੂ ਸ਼ਰਨ ਲੈਂਦੇ ਹਨ। ਹੋਰ ਪਤਾ ਨ੍ਹੀਂ ਕੀ-ਕੀ ਵਾਧੂ ਘਾਟੂ ਗੱਲਾਂ ਸਾਡੇ ਬਾਰੇ ਕੀਤੀਆਂ ਹੋਣਗੀਆਂ।

'ਦਰਵਾਜ਼ਾ ਖੋਲ੍ਹਦੇ ਓਂ ਕੇ...'ਭਾਰੀ ਗੜ੍ਹਕਦੀ ਆਵਾਜ਼ ਨੇ ਦਰਵਾਜ਼ੇ ਖਿੜਕੀਆਂ ਕੰਬਣ ਲਾ ਧਿੱਤੇ।

'ਤੂੰ ਨਾ ਸਾਹਮਣੇ ਆਵੀਂ। ਅਸੀਂ ਪੇਸ਼ ਹੁੰਦੇ ਆਂ। ਤੇਰਾ ਨੁਕਸਾਨ ਕਰਨਗੇ।' ਬਾਪੂ ਨੇ ਹੁਕਮ ਕੀਤਾ ਸੀ। ਉਸਨੂੰ ਪਤਾ ਸੀ ਕਿ ਮੈਂ ਹੀ ਵਿਧਾਇਕ ਪਾਤਸ਼ਾਹ ਦੀਆਂ ਅੱਖਾਂ ਵਿਚ ਸਭ ਤੋਂ ਵੱਧ ਰੜਕਦਾ ਸਾਂ। ਇਸਦਾ ਕਾਰਨ ਇਹ ਸੀ ਕਿ ਮੈਂ 'ਪਾਤਸ਼ਾਹ' ਦੀ ਸਰਦਾਰੀ ਨੂੰ ਲੱਤ ਮਾਰਦਿਆਂ ਉਸ ਤੋਂ ਵੱਖਰੀ ਰਾਜਨੀਤਕ ਸੁਰ ਅਲਾਪ ਧਿੱਤੀ ਸੀ। ਮੁਕਤਸਰ ਵਾਲੇ ਪ੍ਰੋ. ਗੁਰਨਾਮ ਸਿੰਘ ਦੀਆਂ ਕਲਾਸਾਂ ਨੇ ਮੈਨੂੰ ਬਾਬੂ ਕਾਸ਼ੀ ਰਾਮ ਦਾ ਪੱਕਾ ਭਗਤ ਬਣਾ ਧਿੱਤਾ ਸੀ। ਥੋੜ੍ਹੇ ਜਿਹੇ ਸਮੇਂ ਵਿਚ ਹੀ ਮੈਂ ਖ਼ੁਦ ਸਕੂਲਿੰਗ ਕਰਨੀ ਸ਼ੁਰੂ ਕਰ ਧਿੱਤੀ ਸੀ। ਅਨਪੜ੍ਹ ਪੇਂਡੂ ਲੋਕਾਂ ਨੂੰ ਜਗਾਉਣ ਲਈ ਸਕੂਟਰ ਜਾਂ ਸਾਈਕਲ ਉੱਤੇ ਪਿੰਡਾਂ ਵਿਚ ਤੁਰਿਆ ਰਹਿੰਦਾ ਸਾਂ। ਇੱਕ ਦਿਨ ਵਿਚ ਤਿੰਨ-ਤਿੰਨ ਕਲਾਸਾਂ ਵੀ ਲਾ ਆਉਂਦਾ। ਅਸੀਂ ਬੇਖ਼ੌਫ਼ ਹੋ ਕੇ, ਅਤਿਵਾਦ ਨਾਲ ਭੰਨੇ ਪਏ ਮੰਡ ਦੇ ਉਨ੍ਹਾਂ ਪਿੰਡਾਂ ਵਿਚ ਵੀ ਪ੍ਰਚਾਰ ਦੀ ਹਨੇਰੀ ਲਿਆ ਧਿੱਤੀ, ਜਿੱਥੇ ਜਾਣ ਤੋਂ ਹਰ ਕੋਈ ਤ੍ਰਹਿੰਦਾ ਸੀ। ਪਿੰਡਾਂ-ਸ਼ਹਿਰਾਂ ਦੀਆਂ ਕੰਧਾਂ ਉੱਤੇ ਸਾਡੇ ਹੱਥੀਂ ਵਾਹੇ ਨੀਲੇ ਰੰਗ ਦੇ ਹਾਥੀ ਸੁੰਢ ਚੁੱਕੀ ਖਲੋਤੇ ਸਨ। ਇੰਜ ਜਾਪਦਾ ਸੀ ਜਿਵੇਂ ਇਹ ਹਾਥੀ ਧਿੱਲੀ ਦੇ ਲਾਲ ਕਿਲ੍ਹੇ ਦੇ ਭਾਰੇ-ਭਾਰੇ ਕਿੱਲਾਂ ਵਾਲੇ ਦਰਵਾਜ਼ੇ ਤੋੜ ਕੇ ਅੰਦਰ ਘੁਸਣ ਲਈ ਕਾਹਲੇ ਹੋਣ। ਅਸੀਂ ਦਿਨ ਰਾਤ ਪਾਰਲੀਮੈਂਟ ਵਿਚ ਹਾਥੀ ਵਾੜਨ ਅਤੇ ਲਾਲ ਕਿਲ੍ਹੇ ਦੀ ਫਸੀਲ ਉੱਤੇ ਨੀਲਾ ਝੰਡਾ ਝੁਲਾਉਣ ਦੀਆਂ ਗੱਲਾਂ ਕਰਦੇ ਸਾਂ। ਉਦੋਂ ਇਹ ਨ੍ਹੀਂ ਸੀ ਸੋਚਦੇ ਕਿ ਪਾਰਲੀਮੈਂਟ ਵਿਚ ਹਾਥੀ ਨ੍ਹੀਂ ਸੰਸਦ ਮੈਂਬਰ ਜਾਂਦੇ ਹਨ ਅਤੇ ਰਾਜ ਕਿਸੇ ਪਾਰਟੀ ਦਾ ਹੋਵੇ, ਲਾਲ ਕਿਲ੍ਹੇ 'ਤੇ ਕਿਸੇ ਪਾਰਟੀ ਦਾ ਨ੍ਹੀਂ ਦੇਸ਼ ਦਾ ਕੌਮੀ ਝੰਡਾ ਤਿਰੰਗਾ ਹੀ ਲਹਿਰਾਇਆ ਜਾਂਦਾ ਹੈ। ਫੇਰ ਵੀ ਸਾਡੇ ਵਰਗਿਆਂ ਦੀ ਦਿਨ-ਰਾਤਾਂ ਦੀ ਮੇਹਨਤ ਰੰਗ ਲਿਆ ਵੀ ਰਹੀ ਸੀ। ਦਿਨੋਂ-ਦਿਨ ਮਾਹੌਲ ਬਦਲ ਰਿਹਾ ਸੀ। ਪੰਜਾਬ ਦੀ ਦਲਿਤ ਵੋਟ ਰਿਵਾਇਤੀ ਪਾਰਟੀਆਂ ਤੋਂ ਟੁੱਟ ਕੇ ਤੇਜ਼ੀ ਨਾਲ ਨੀਲੇ ਝੰਡੇ ਥੱਲੇ ਇਕੱਤਰ ਹੋ ਰਹੀ ਸੀ। ਇਹੀ ਕਾਰਨ ਸੀ ਕਿ ਪਿੰਡ ਵਾਲੇ ਵਿਧਾਇਕ ਪਾਤਸ਼ਾਹ ਨੂੰ ਵੀ ਆਪਣਾ ਸਿੰਘਾਸਣ ਡੋਲਦਾ ਨਜ਼ਰ ਆਇਆ ਸੀ। ਉਹ ਕਿਸੇ ਨਾ ਕਿਸੇ ਬਹਾਨੇ ਸਾਡੇ ਘਰਦਿਆਂ ਨਾਲ ਤਾਂ ਪਹਿਲਾਂ ਹੀ ਲੜਦਾ ਹੁੰਦਾ ਸੀ, ਹੁਣ ਤਾਂ ਜਿਵੇਂ ਅਸੀਂ ਉਸਦੀਆਂ ਅੱਖਾਂ ਵਿਚ ਮਿਰਚਾਂ ਬਣ ਕੇ ਲੜਨ ਲੱਗੇ ਸਾਂ।

ਪੰਜਾਬ ਵਿਚ ਹਕੂਮਤੀ ਅਤੇ ਗ਼ੈਰ-ਹਕੂਮਤੀ ਦਹਿਸ਼ਤਗਰਦੀ ਸਿਖਰਾਂ ਉੱਤੇ ਸੀ। ਪੰਜਾਬ ਵਿਚ ਦਿਨੇ ਪੁਲਿਸ ਅਤੇ ਰਾਤ ਨੂੰ ਦੂਜੀ ਧਿਰ ਦਾ ਰਾਜ ਹੁੰਦਾ ਸੀ। ਉਨ੍ਹੀਂ ਦਿਨੀਂ ਮੈਂ ਰੋਡੇ ਪਿੰਡ ਦੇ ਕਾਲਜ ਵਿਚ ਸਿਵਲ ਇੰਜਨੀਅਰਿੰਗ ਦਾ ਡਿਪਲੋਮਾ ਕਰਦਾ ਸਾਂ। ਇਹ ਪਿੰਡ ਅਤੇ ਇਲਾਕਾ ਉਦੋਂ ਅਤਿ ਸੰਵੇਦਨਸ਼ੀਲ ਸੀ। ਉੱਤੋਂ ਕਾਲਜ ਦਾ ਨਾਂ ਵੈਸੇ ਹੀ ਸੁਰਖੀਆਂ ਵਿਚ ਰਹਿੰਦਾ ਸੀ। 1961 ਵਿਚ ਪ੍ਰਤਾਪ ਸਿੰਘ ਕੈਰੋਂ, ਮੁੱਖ ਮੰਤਰੀ, ਪੰਜਾਬ ਵੱਲੋਂ ਸਥਾਪਿਤ ਕੀਤਾ ਇਹ ਕਾਲਜ ਨਕਸਲਬਾੜੀ ਲਹਿਰ ਵੇਲੇ ਤੋਂ ਹੀ ਤੱਤੀ ਸੁਰ ਵਾਲਿਆਂ ਦੀ ਪਨਾਹਗਾਹ ਬਣਿਆ ਰਿਹਾ ਹੈ। ਅੱਜ ਦਾ ਪ੍ਰਸਿੱਧ ਸ਼ਾਇਰ ਜਸਵਿੰਦਰ ਅਤੇ ਜਮਹੂਰੀ ਅਧਿਕਾਰਾਂ ਲਈ ਲਗਾਤਾਰ ਲੜਨ ਵਾਲਾ ਸੁਖਦਰਸ਼ਨ ਨੱਤ ਵੀ ਕਿਸੇ ਵਕਤ ਇਸੇ ਕਾਲਜ ਦੇ ਵਿਦਿਆਰਥੀ ਰਹੇ ਸਨ।

ਸਾਡੇ ਵੇਲੇ ਵੀ ਇਸ ਕਾਲਜ ਵਿਚ ਵਿਦਿਆਰਥੀਆਂ ਦੀਆਂ ਦੋ ਵੱਡੀਆਂ ਧਿਰਾਂ ਹੁੰਦੀਆਂ ਸਨ। ਏ.ਕੇ. ਸੰਤਾਲੀ ਵਾਲਿਆਂ ਦੀ ਥਾਵੇਂ ਅਸੀਂ ਪੰਜਾਬ ਸਟੂਡੈਂਟ ਯੂਨੀਅਨ ਦੇ ਹਮਦਰਦ ਸਾਂ। ਅਸੀਂ ਤਾਂ ਸੰਤ ਰਾਮ ਉਦਾਸੀ ਦੇ ਗੀਤ ਸੁਣਨ ਵਾਲਿਆਂ 'ਚੋਂ ਸਾਂ। ਦੂਜੀ ਧਿਰ ਵਾਲਿਆਂ ਨਾਲ ਤਾਂ ਦੂਰ ਦਾ ਵੀ ਵਾਸਤਾ ਨ੍ਹੀਂ ਸੀ। ਉਨ੍ਹਾਂ ਨਾਲ ਤਾਂ ਸਾਡੀ ਸੁਰ ਹੀ ਨ੍ਹੀਂ ਸੀ ਮਿਲਦੀ। ਉਦੋਂ ਮੈਂ ਕਵਿਤਾਵਾਂ ਅਤੇ ਕਹਾਣੀਆਂ ਵੀ ਲਿਖਣ ਲੱਗ ਪਿਆ ਸਾਂ ਜੋ ਕਿਧਰੇ ਨਾ ਕਿਧਰੇ ਕਿਸੇ ਅਖ਼ਬਾਰ ਜਾਂ ਮੈਗਜ਼ੀਨ ਵਿਚ ਛਪ ਵੀ ਜਾਂਦੀਆਂ ਸਨ। ਪੰਜਾਬ ਵਿਚ ਪੈਰ ਪਸਾਰ ਰਹੀ ਦਲਿਤ ਰਾਜਨੀਤੀ ਤਾਂ ਮੈਨੂੰ ਖਿੱਚ ਰਹੀ ਸੀ ਪਰ ਮੇਰਾ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਜੀਅ ਦਾ ਪੰਜਾਬ 'ਚ ਉਨ੍ਹੀਂ ਦਿਨੀਂ ਚੱਲ ਰਹੀ ਲਹਿਰ ਨਾਲ ਕੋਈ ਰਿਸ਼ਤਾ ਨ੍ਹੀਂ ਸੀ। ਦੂਜੇ ਪਾਸੇ ਪਿੰਡ ਆਲੀ ਵਿਰੋਧੀ ਰਾਜਸੀ ਧਿਰ ਸਾਨੂੰ ਖਾੜਕੂਆਂ ਦਾ ਵੱਡਾ ਸਮਰਥਕ ਸਿੱਧ ਕਰਨ 'ਤੇ ਲੱਗੀ ਹੋਈ ਸੀ।

ਵਾਰ-ਵਾਰ ਦਰਵਾਜ਼ਾ ਖੋਲ੍ਹਣ ਦੀਆਂ ਚਿਤਾਵਨੀਆਂ ਤੋਂ ਬਾਅਦ ਬਾਪੂ ਨੇ ਦਰਵਾਜ਼ਾ ਖੋਲ੍ਹ ਧਿੱਤਾ। ਫੌਜ 'ਚੋਂ ਛੁੱਟੀ ਆਇਆ ਵੱਡਾ ਭਰਾ, ਜਿਸਦੇ ਵਿਆਹ ਨੂੰ ਅਜੇ ਮਸੀਂ ਦੋ ਹੀ ਦਿਨ ਹੋਏ ਸਨ



ਅਤੇ ਮੇਰੇ ਤੋਂ ਛੋਟਾ ਕੁਲਦੀਪ ਬਾਹਰ ਨਿਕਲ ਆਏ ਸਨ। ਪੁਲਿਸ ਵਾਲੇ ਉਨ੍ਹਾਂ ਵੱਲ ਹੋ ਤੁਰੇ। ਹੌਲੀ ਜਿਹੇ ਅੱਖ ਬਚਾ ਕੇ ਮੈਂ ਅਤੇ ਸਾਡੇ ਸਾਰਿਆਂ ਤੋਂ ਛੋਟਾ, ਕੰਧ ਟੱਪ ਕੇ ਹਰਨ ਹੋ ਗਏ। ਜਦੋਂ ਤਕ ਫੜੋ-ਫੜੋ ਦਾ ਰੌਲਾ ਪੈਂਦਾ ਅਸੀਂ ਅੱਖਾਂ ਤੋਂ ਓਝਲ ਹੋ ਗਏ ਸਾਂ। ਪੁਲਿਸ ਨੇ ਵੀ ਸਾਡਾ ਪਿੱਛਾ ਨ੍ਹੀਂ ਸੀ ਕੀਤਾ। ਅਸੀਂ ਕਿਸੇ ਜਾਣੂ ਪੁਲਿਸ ਵਾਲੇ ਦੇ ਘਰ ਸੁਰੱਖਿਅਤ ਜਾ ਛੁਪੇ ਸਾਂ ਜਿੱਥੇ ਫੜੇ ਜਾਣ ਦਾ ਕੋਈ ਡਰ ਨ੍ਹੀਂ ਸੀ। ਪੁਲਿਸ ਪਿੰਡ 'ਚੋਂ ਸਾਡੇ ਪੱਖੀ ਇੱਕ ਦੋ ਹੋਰ ਮੁੰਡਿਆਂ ਨੂੰ ਵੀ ਫੜ ਕੇ ਲੈ ਗਈ ਸੀ। ਇਨ੍ਹਾਂ 'ਚ ਲਾਭ ਸਿੰਘ ਨਾਂ ਦਾ ਮੁੰਡਾ ਵੀ ਸੀ, ਜਿਸਨੂੰ ਅਸੀਂ ਇਕ ਮਸ਼ਹੂਰ ਖਾੜਕੂ ਦੇ ਹਮਨਾਮ ਹੋਣ ਕਰਕੇ 'ਜਨਰਲ ਲਾਭ ਸਿੰਘ' ਕਿਹਾ ਕਰਦੇ ਸਾਂ।

ਅਗਲੇ ਦਿਨ ਵਿਧਾਇਕ ਪਾਤਸ਼ਾਹ ਥਾਣੇ ਵਿਚ ਆਪ ਮੌਜੂਦ ਰਿਹਾ। ਉਹ ਆਪਣੀਆਂ ਅੱਖਾਂ ਸਾਹਮਣੇ ਫੜੇ ਗਏ ਮੁੰਡਿਆਂ ਨੂੰ ਟਾਰਚਰ ਕਰਾਉਣ ਲਈ ਜ਼ੋਰ ਪਾਉਂਦਾ ਰਿਹਾ।

'ਇਹ ਮੈਨੂੰ ਮਰਵਾਉਣਾ ਚਾਹੁੰਦੇ। ਇਨ੍ਹਾਂ ਕੋਲ ਖ਼ਤਰਨਾਕ ਅਤਿਵਾਦੀ ਆਉਂਦੇ ਆ। ਇਨ੍ਹਾਂ ਨੂੰ ਇੰਟੈਰੋਗੇਟ ਕਰੋ ਮੇਰੇ ਸਾਹਮਣੇ, ਸਾਰਾ ਕੁਝ ਮੰਨ ਜਾਣਗੇ ਇਹ।' ਵਿਧਾਇਕ ਦੰਦ ਕਰੀਚਦਾ ਪੁਲੀਸ ਦੇ ਇੰਸਪੈਕਟਰ ਨੂੰ ਆਖ ਰਿਹਾ ਸੀ।

'ਪੁਆੜੇ ਦੀ ਅਸਲ ਜੜ੍ਹ ਤਾਂ ਭੱਜ ਗਿਆ, ਉਹਨੂੰ ਕਾਬੂ ਕਰੋ। ਇਨ੍ਹਾਂ ਨੂੰ ਸਾਰਾ ਪਤਾ ਕਿੱਥੇ ਆ ਉਹ।'

'ਐਮ.ਐਲ.ਏ. ਸਾਹਿਬ ! ਤੁਹਾਡੇ ਫ਼ੋਨ ਤੋਂ ਬਾਅਦ ਅਸੀਂ ਤੁਰੰਤ ਕਾਰਵਾਈ ਕਰ ਕੇ ਮੁੰਡੇ ਚੁੱਕ ਲਿਆਂਦੇ ਆ। ਅੱਗੇ ਕੀ ਕਰਨਾ, ਸਾਨੂੰ ਸਭ ਪਤਾ। ਪਲੀਜ਼ ਤੁਸੀਂ ਪਰੈਸ਼ਰ ਨਾ ਪਾਓ ਸਾਡੇ 'ਤੇ। ਅਸੀਂ ਸੱਚ ਝੂਠ ਸਭ ਨਿਤਾਰ ਲਵਾਂਗੇ।' ਪੁਲਿਸ ਇੰਸਪੈਕਟਰ ਵੱਲੋਂ ਸਖ਼ਤੀ ਅਤੇ ਬੇਰੁਖ਼ੀ ਜਿਹੀ ਨਾਲ ਆਖੇ ਸ਼ਬਦਾਂ ਨਾਲ ਵਿਧਾਇਕ ਢਿੱਲਾ ਜਿਹਾ ਪੈ ਗਿਆ। ਉਸਨੂੰ ਇੰਸਪੈਕਟਰ ਪਾਸੋਂ ਅਜਿਹੇ ਜਵਾਬ ਦੀ ਆਸ ਨ੍ਹੀਂ ਸੀ।

'ਵਿਧਾਇਕ ਸਾਹਬ ਮਾਮਲਾ ਸਿਆਸੀ ਬਣਦਾ ਜਾ ਰਿਹਾ। ਰਾਤ ਦੇ ਈ ਮੈਨੂੰ ਇਧਰੋਂ-ਉਧਰੋਂ ਫ਼ੋਨ ਆਈ ਜਾਂਦੇ। ਪੁਲਿਸ ਕੋਈ ਪੁੱਠਾ-ਸਿੱਧਾ ਕੰਮ ਕਰ ਬੈਠੀ ਤਾਂ ਸਿਆਸੀ ਪਾਰਟੀਆਂ ਨੇ ਥਾਣਾ ਘੇਰ ਬਹਿਣਾ। ਐਵੇਂ ਖਾਹ-ਮਖਾਹ ਦਾ ਸਿਆਪਾ ਗੱਲ ਪੈਜੂ। ਸਾਨੂੰ ਤਾਂ ਅੱਗੇ ਸੌਣਾ ਨ੍ਹੀਂ ਮਿਲਦਾ। ਦਿਨ-ਰਾਤ ਚਰੀਆਂ-ਕਮਾਦਾਂ ਦੇ ਖੇਤ ਗਾਹੁੰਦੇ ਫਿਰਦੇ ਆਂ।' ਇੰਸਪੈਕਟਰ ਨੇ ਮੌਕਾ ਵੇਖ ਤੇਵਰ ਥੋੜ੍ਹੇ ਹੋਰ ਸਖ਼ਤ ਕੀਤੇ ਸਨ।

'ਜਿਹੜਾ ਭਗੌੜਾ ਹੋ ਗਿਆ...ਉਹਨੂੰ ਤਾਂ ਫੜੋ। ਉਹੀ ਤਾਂ ਮਾਹੌਲ ਖ਼ਰਾਬ ਕਰ ਰਿਹਾ ਪਿੰਡ ਅਤੇ ਸਾਰੇ ਇਲਾਕੇ ਦਾ।' ਵਿਧਾਇਕ ਮੇਰੇ ਬਾਰੇ ਆਖਦਿਆਂ ਉਠ ਖੜ੍ਹਾ ਹੋਇਆ ਸੀ।

'ਉਹਦੇ ਲਿੰਕਸ ਆ ਕਮਾਂਡੋ ਫੋਰਸ ਆਲਿਆਂ ਨਾਲ। ਮੈਨੂੰ ਸ਼ਰੇਆਮ ਧਮਕੀਆਂ ਆਉਂਦੀਆਂ।'

'ਤੁਸੀਂ ਫ਼ਿਕਰ ਨਾ ਕਰੋ...ਸਾਰੀ ਅਸਲੀਅਤ ਤੁਹਾਡੇ ਸਾਹਮਣੇ ਰੱਖ ਦਿਆਂਗੇ ਇੱਕ ਦੋ ਦਿਨਾਂ 'ਚ। ਐਂ ਪੁਲਿਸ ਤੋਂ ਕੋਈ ਕਿੱਥੇ ਭੱਜ'ਲੂ। ਪਤਾਲ 'ਚ ਜਾ ਵੜੂ ਕਿ ਚੰਦ 'ਤੇ ਚੜ੍ਹ'ਜੂ? ਪੰਜਾਬ ਪੁਲਿਸ ਆਪਣੀ ਆਈ 'ਤੇ ਆਜੇ ਤਾਂ ਧਰਮਰਾਜ ਕੋਲੋਂ ਵੀ ਧੂਹ ਲਿਆਵੇ ਬੰਦਾ।' ਇੰਸਪੈਕਟਰ ਨੇ ਐਮ.ਐਲ. ਏ. ਨਾਲ ਹੱਥ ਮਿਲਾਉਂਦਿਆਂ ਉਸਨੂੰ ਤੋਰ ਦੇਣਾ ਬੇਹਤਰ ਸਮਝਿਆ ਸੀ।

ਤੀਜੇ ਦਿਨ ਮੈਨੂੰ ਏਟਕ ਨਾਲ ਸਬੰਧਿਤ ਪੰਜਾਬ ਰੋਡਵੇਜ਼ ਦੀ ਮੁਲਾਜ਼ਮ ਜਥੇਬੰਦੀ ਦੇ ਸੂਬਾ ਪ੍ਰਧਾਨ ਬਲਵੀਰ ਸਿੰਘ ਚਾਹਲ ਨੇ ਪੁਲਿਸ ਦੇ ਪੇਸ਼ ਕਰਾ ਧਿੱਤਾ ਸੀ। ਨਵਾਂ ਜ਼ਮਾਨਾ ਵਿਚ ਛਪਦੇ ਰਹਿਣ ਕਾਰਨ ਬਲਵੀਰ ਸਿੰਘ ਚਾਹਲ ਮੇਰੀ ਚੰਗੀ ਦੀਦ ਕਰਦਾ ਸੀ। ਉਂਜ ਵੀ ਉਨ੍ਹਾਂ ਦਿਨਾਂ ਵਿਚ ਹੋਰ ਕਾਮਰੇਡਾਂ ਵਾਂਗ ਉਸਦੀ ਵੀ ਥਾਣੇ-ਦਰਬਾਰੇ ਚੰਗੀ ਸੁਣਵਾਈ ਹੁੰਦੀ ਸੀ। ਖਾੜਕੂਆਂ ਵਿਰੁੱਧ ਲਗਾਤਾਰ ਬੋਲਦੇ ਰਹਿਣ ਕਰਕੇ ਲਗਭਗ ਸਾਰੇ ਤਰ੍ਹਾਂ ਦੇ ਕਾਮਰੇਡ ਉਦੋਂ ਖਾੜਕੂਆਂ ਦੀ ਹਿੱਟ ਲਿਸਟ 'ਤੇ ਹੀ ਸਨ।

ਸਾਰਾ ਦਿਨ ਸਾਨੂੰ ਕਿਸੇ ਨੇ ਨ੍ਹੀਂ ਸੀ ਬੁਲਾਇਆ। ਕੁਝ ਜਾਣਕਾਰ ਤੇ ਘਰ ਵਾਲੇ ਰੋਟੀ ਚਾਹ ਹਵਾਲਾਤ ਵਿਚ ਈ ਫੜਾ ਗਏ ਸਨ। ਪੁਲਿਸ ਦੀ ਕੁੱਟ ਨਾਲ ਭੰਨੇ ਅਤੇ ਚੀਰ-ਫਾੜ ਕੀਤੇ ਬੰਦਿਆਂ ਦੀ ਮਰਨਾਊ ਹਾਲਤ ਵੇਖਦਿਆਂ ਤਾਂ ਸਾਡੇ ਬੁਰਕੀ ਵੀ ਅੰਦਰ ਨ੍ਹੀਂ ਸੀ ਲੰਘਦੀ। ਸਾਨੂੰ ਵੀ ਅਜਿਹੀ ਹੋਣੀ ਹੋ ਜਾਣ ਦਾ ਸੁਪਨਾ ਵਾਰ-ਵਾਰ ਆਉਂਦਾ ਰਹਿੰਦਾ। ਮੈਨੂੰ ਲੱਗਦਾ ਜਿਵੇਂ ਸਾਨੂੰ ਪੁੱਠਾ ਲਟਕਾ ਕੇ ਕਰੰਟ ਲਾਇਆ ਜਾ ਰਿਹਾ ਹੋਵੇ। ਸਾਡੀਆਂ ਚੀਕਾਂ ਥਾਣੇ ਦੀਆਂ ਕੰਧਾਂ ਨਾਲ ਟਕਰਾ ਕੇ ਦਮ ਤੋੜ ਗਈਆਂ ਹੋਣ। ਇੱਕ ਦਿਨ 'ਚ ਹੀ ਸਾਡੇ ਚਿਹਰੇ ਪੀਲੇ ਭੂਕ ਹੋ ਗਏ ਸਨ। ਰਾਤ ਪੈਂਦਿਆਂ ਈ ਸਾਡੇ ਨਾਲ ਹਵਾਲਾਤ ਵਿਚ ਬੰਦ ਮੁੰਡਿਆਂ ਨੂੰ ਕੱਢ ਕੇ ਥਾਣੇ ਦੇ ਪਿਛਵਾੜੇ ਬਣੇ ਇੰਟੈਰੋਗੇਸ਼ਨ ਰੂਮ ਵਿਚ ਲੈ ਗਏ। ਥੋੜ੍ਹੀ ਦੇਰ ਬਾਅਦ ਹੀ ਭਿਆਨਕ ਚੀਕਾਂ ਆਉਣੀਆਂ ਸ਼ੁਰੂ ਹੋ ਗਈਆਂ ਸਨ। ਇੰਜ ਜਾਪਦਾ ਸੀ ਕਿ ਕੋਈ ਕਸਾਈ ਬੱਕਰੇ ਨੂੰ ਬੁਰੀ ਤਰ੍ਹਾਂ ਕੋਹ ਰਿਹਾ ਹੋਵੇ। ਸਾਡੀਆਂ ਧੜਕਨਾਂ ਤੇਜ਼ ਹੋਈਆਂ ਪਈਆਂ ਸਨ। ਸਾਰੀ ਰਾਤ ਅਸੀਂ ਜਾਗਦਿਆਂ ਹੀ ਕੱਟੀ ਸੀ।

ਅਗਲੇ ਦਿਨ ਇੰਸਪੈਕਟਰ ਨਛੱਤਰ ਸਿੰਘ ਨੇ ਆਪਣੀ ਕੁਰਸੀ ਥਾਣੇ ਦੇ ਵਿਹੜੇ ਦੇ ਐਨ ਵਿਚਕਾਰ ਡਹਾ ਲਈ ਸੀ। ਸਾਨੂੰ ਪੰਜਾਂ ਨੂੰ ਹਵਾਲਾਤ ਵਿਚੋਂ ਕੱਢ ਕੇ ਆਪਣੇ ਕੋਲ ਬੁਲਾ ਲਿਆ। ਅਸੀਂ ਉਸਦੇ ਸਾਹਮਣੇ ਭੁੰਜੇ ਈ ਫਰਸ਼ 'ਤੇ ਬੈਠ ਗਏ ਸਾਂ। ਫਿਰ ਪਤਾ ਨ੍ਹੀਂ ਉਸਦੇ ਮਨ ਵਿਚ ਕੀ ਆਈ, ਉਸਨੇ ਹੋਮਗਾਰਡੀਏ ਨੂੰ ਇਸ਼ਾਰਾ ਕਰ ਕੇ ਲੰਮਾ ਬੈਂਚ ਮੰਗਾ ਕੇ ਸਾਨੂੰ ਉਸ ਉੱਪਰ ਬੈਠ ਜਾਣ ਦਾ ਆਦੇਸ਼ ਧਿੱਤਾ ਸੀ। ਅਸੀਂ ਝਕਦਿਆਂ-ਝਕਦਿਆਂ ਬੈਂਚ 'ਤੇ ਬੈਠ ਗਏ ਸਾਂ।

'ਕਾਕਾ! ਥੋਨੂੰ ਮੇਰੇ ਬਾਰੇ ਸ਼ਾਇਦ ਪਤਾ ਈ ਹੋਊ। ਮੈਂ ਛੇਤੀ ਕਿਸੇ ਨਾਲ ਨਾਜਾਇਜ਼ ਨ੍ਹੀਂ ਕਰਦਾ। ਊਂ ਥੋਨੂੰ ਪਤਾ ਐ ਨਾ ਮੇਰੇ ਬਾਰੇ?' ਇੰਸਪੈਕਟਰ ਨੇ ਮੁੱਛਾਂ ਨੂੰ ਵੱਟ ਚਾੜ੍ਹਦਿਆਂ ਆਪਣੀਆਂ ਬਾਜ ਵਰਗੀਆਂ ਤੇਜ਼ ਤੇ ਚਮਕਦੀਆਂ ਅੱਖਾਂ ਸਾਡੇ ਚਿਹਰਿਆਂ 'ਤੇ ਗੱਡ ਧਿੱਤੀਆਂ ਸਨ।

'ਜੀਅ...ਅ!' ਸਾਥੋਂ ਮਸਾਂ ਹੀ ਬੋਲ ਹੋਇਆ ਸੀ। ਸੱਚ-ਮੁੱਚ ਇੰਸਪੈਕਟਰ ਨਛੱਤਰ ਸਿੰਘ ਦੇ ਅੱਗ ਵਾਂਗ ਦਗਦੇ ਚਿਹਰੇ ਦਾ ਸਾਹਮਣਾ ਕਰਨ ਦੀ ਹਿੰਮਤ ਕਿਸੇ ਵੀ ਅਪਰਾਧੀ ਵਿਚ ਨ੍ਹੀਂ ਸੀ ਹੁੰਦੀ। ਛੇ ਫੁੱਟ ਲੰਮਾ ਕੱਦ। ਭਰਿਆ ਹੋਇਆ ਸਰੀਰ। ਮੁੱਛਾਂ ਕੁੰਢੀਆਂ ਤੇ ਫੱਬਵੀਂ ਭਰਵੀਂ ਦਾਹੜੀ। ਮਸ਼ਾਲ ਵਾਂਗ ਬਲਦੀਆਂ ਅੱਖਾਂ। ਆਵਾਜ਼ ਅਮਰੀਸ਼ ਪੁਰੀ ਵਰਗੀ ਦਮਦਾਰ। ਬੜਾ ਸਖ਼ਤ ਜਾਨ ਤੇ ਦਲੇਰ ਪੁਲਿਸ ਅਫ਼ਸਰ ਸੀ। ਉਦੋਂ ਇਲਾਕੇ ਵਿਚ ਦਿਨੇ ਇੰਸਪੈਕਟਰ ਨਛੱਤਰ ਸਿੰਘ ਦਾ ਅਤੇ ਰਾਤੀਂ ਖਾੜਕੂਆਂ ਦਾ ਰਾਜ ਹੁੰਦਾ ਸੀ। ਨਛੱਤਰ ਸਿੰਘ ਥਾਣੇਦਾਰ ਦੀ ਦਲੇਰੀ ਦੀ ਚਰਚਾ ਲੋਕਾਂ ਵਿਚ ਅਕਸਰ ਹੁੰਦੀ ਰਹਿੰਦੀ। ਲੋਕ ਕਹਿੰਦੇ ਸਨ ਕਿ ਨਛੱਤਰ ਸਿੰਘ ਤੋਂ ਡਰਦਿਆਂ ਕਈ ਕਹਿੰਦੀਆਂ-ਕਹਾਉਂਦੀਆਂ ਫੋਰਸਾਂ ਦੇ ਆਪੂੰ ਬਣੇ ਜਾਂ ਬਣਾਏ ਮੁਖੀ ਇਲਾਕਾ ਛੱਡ ਕੇ ਹੋਰ ਇਲਾਕੇ ਵਿਚ ਜਾ ਕੇ ਵਾਰਦਾਤਾਂ ਕਰਨ ਲੱਗ ਪਏ ਸਨ। ਸ਼ਹਿਰੀ ਵਰਗ ਨਛੱਤਰ ਸਿੰਘ ਦੀ ਫੋਰਸ ਦੇ ਹੁੰਦਿਆਂ ਰਾਤ ਨੂੰ ਆਰਾਮ ਨਾਲ ਸੌਂ ਸਕਦਾ ਸੀ।

'ਪਤਾ ਐ ਨਾ?' ਉਸਨੇ ਜ਼ੋਰ ਦੇ ਕੇ ਆਖਿਆ।

'ਹਾਂ ਜੀ ਪਤਾ ਐ।' ਅਸੀਂ ਸਾਰੇ ਹੀ ਇਕੱਠੇ ਬੋਲ ਪਏ ਸਾਂ।

'ਜੇ ਨ੍ਹੀਂ ਵੀ ਪਤਾ ਤਾਂ ਫੇਰ ਸੁਣ'ਲੋ। ਮੈਨੂੰ ਝੂਠ ਨਾਲ ਬੜੀ ਨਫ਼ਰਤ ਐ। ਝੂਠ ਨ੍ਹੀਂ ਮੈਂ ਬਰਦਾਸ਼ਤ ਕਰਦਾ ਉੱਕਾ ਈ। ਹਾਂ! ਬੰਦਾ ਸੱਚਾ ਹੋਵੇ ਸਹੀ, ਉਹਦਾ ਮੈਂ ਵਾਲ ਨ੍ਹੀਂ ਵਿੰਗਾ ਹੋਣ ਦਿੰਦਾ। ਹੁਣ ਥੋਡੀ ਮਰਜ਼ੀ ਐ ਵੀ ਸੱਚ ਬੋਲਣਾ ਜਾਂ ਝੂਠ। ਊਂ ਇੱਕ ਗੱਲ ਥੋਨੂੰ ਹੋਰ ਧੱਸ ਦਿਆਂ, ਸੱਚੋ-ਸੱਚ ਦਿਉਂਗੇ ਚੰਗੇ ਰਹੋਂਗੇ ਨਈਂ ਥੋਨੂੰ ਪਤਾ ਈ ਐ ਕਿ ਪੰਜਾਬ ਆਲੀ ਪੰਜਾਬ ਪੁਲਿਸ ਸੱਚ ਬੁਲਾਉਣਾ ਵੀ ਜਾਣਦੀ ਐ। ਇਹਦੇ ਅੱਗੇ ਤਾਂ ਕੰਧਾਂ ਵੀ ਬੋਲ ਪੈਂਦੀਆਂ ਭੁੱਟ-ਭੁੱਟ ਕਰਕੇ।' ਇੰਸਪੈਕਟਰ ਸਾਨੂੰ ਜੋਹ ਰਿਹਾ ਸੀ।

'ਜਨਾਬ ਅਸੀਂ ਝੂਠ ਕਿਉਂ ਬੋਲਾਂਗੇ। ਜੇ ਸਾਡੇ 'ਚ ਕੋਈ ਖੁਨਾਮੀ ਹੋਊ ਤਾਂ ਈ ਲਕੋਵਾਂਗੇ।' ਵੱਡੇ ਫੌਜੀ ਨੇ ਹੌਂਸਲਾ ਕਰਕੇ ਕਿਹਾ ਸੀ। ਸ਼ਾਇਦ ਫ਼ੌਜੀ ਹੋਣ ਕਰਕੇ ਉਸ ਵਿਚ ਆਤਮ-ਵਿਸ਼ਵਾਸ ਸੀ।

'ਚੱਲੋ ਫੇਰ ਸੱਚ-ਸੱਚ ਧੱਸੋ...ਤੁਹਾਡੇ ਕੋਲ ਸ਼ੱਕੀ ਮੁੰਡੇ-ਖੁੰਡੇ ਆਉਂਦੇ ਆ। ਕਿਹੜੇ-ਕਿਹੜੇ ਆਉਂਦੇ?'

'ਸਰ ਯਕੀਨ ਮੰਨਿਓ ਸਾਡੇ ਕੋਲ ਕੋਈ ਨ੍ਹੀਂ ਆਉਂਦਾ ਨਾ ਹੀ ਅਸੀਂ ਕਿਸੇ ਨੂੰ ਜਾਣਦੇ ਹਾਂ। ਪਰ...?'

'ਪਰ, ਕੀ?'

'ਪਰ, ਸਰ ਆਉਣ ਭਾਵੇਂ ਲੱਗ ਜਾਣ?'

'ਕੀ ਮਤਲਬ ਕਰੜੇ ਹੱਥ ਤੇਜ਼ੀ ਨਾਲ ਮੁੱਛਾਂ ਮਰੋੜਨ ਲੱਗੇ।'

'ਸਰ, ਐਮ.ਐਲ.ਏ. ਸਾਹਿਬ ਤੀਜੇ ਕੁ ਦਿਨ ਸਾਡੇ ਘਰ ਮੂਹਰੇ ਆ ਕੇ ਖ਼ਰੂਦ ਪਾਉਂਦੇ ਆ। ਸ਼ਰੇਆਮ ਗਾਹਲਾਂ-ਦੁੱਪੜ ਕੱਢਦੇ ਨੇ। ਸਾਨੂੰ ਮਾਰਨ-ਮਰਾਉਣ ਦੀਆਂ ਧਮਕੀਆਂ ਦਿੰਦਾ। ਸਾਡਾ ਤਾਂ ਜੀ ਜਿਉਣਾ ਦੁਰਭਰ ਕੀਤਾ ਹੋਇਆ। ਹੁਣ ਸਰ ਪੁਲਿਸ ਤੋਂ ਤਸ਼ੱਦਦ ਕਰਾਉਣ ਨੂੰ ਫਿਰਦਾ...ਤੁਸੀਂ ਆਪ ਈ ਧੱਸੋ ਸਰ ਇਹਦਾ ਅੰਤ ਕੀ ਹੋਊ?' ਮੈਂ ਦਲੇਰੀ ਕਰਕੇ ਆਖਿਆ ਸੀ। ਉਹ ਬੜੀ ਧਹੰਮਲ ਨਾਲ ਸੁਣਦਾ ਰਿਹਾ ਸੀ।

'ਤੂੰ ਦੀਪੇ ਨੂੰ ਨ੍ਹੀਂ ਜਾਣਦਾ?' ਉਹ ਅਸਲ ਮੁੱਦੇ 'ਤੇ ਆ ਗਿਆ ਸੀ।

'ਸਰ ਦੀਪਾ ਮੇਰੇ ਨਾਲ ਦਸਵੀਂ ਤਕ ਪੜ੍ਹਦਾ ਰਿਹਾ ਪਰ ਇਹਦੇ 'ਚ ਮੇਰਾ ਕੀ ਕਸੂਰ? ਨਾਲ ਤਾਂ ਕਿੰਨੇ ਹੀ ਮੁੰਡੇ ਪੜ੍ਹਦੇ ਸੀ, ਕਿਸੇ ਦਾ ਕੀ ਪਤਾ ਕਿਸੇ ਨੇ ਕੀ ਬਣ ਜਾਣਾ? ਆਏਂ ਤਾਂ ਸਰ ਸਾਡੇ ਨਾਲਦੇ ਕਈ ਪੁਲਿਸ ਵਿਚ ਵੀ ਭਰਤੀ ਹੋਏ ਆ...।' ਮੈਂ ਹੌਂਸਲਾ ਫੜ ਗਿਆ ਸਾਂ।

'ਤੈਨੂੰ ਪਤਾ ਜਿੱਥੇ ਤੂੰ ਪੜ੍ਹਦਾਂ ਕਿੰਨਾ ਸੈਂਸਟਿਵ ਇੰਸਟੀਚਿਊਟ ਐ...?'

'ਸਰ ਜਿੱਥੇ ਮਾਂ-ਪਿਓ ਨੇ ਪੜ੍ਹਨ ਲਾ ਦਿੱਤਾ

***(ਬਾਕੀ ਅਗਲੇ ਸਫੇ 'ਤੇ)***

# ਕੈਨੇਡਾ ਦੀ ਚਰਚਿਤ ਤੈਰਾਕ ਸਮਰ ਮੈਕਿਨਟੌਸ਼

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਕੈਨੇਡਾ ਦੀ ਤੂਫਾਨਮੇਲ ਤੈਰਾਕ ਸਮਰ ਮੈਕਿਨਟੌਸ਼ ਅੱਜ-ਕੱਲ੍ਹ ਚਰਚਾ ਵਿਚ ਹੈ। ਲੋਕ ਜਾਣਨਾ ਚਾਹੁੰਦੇ ਨੇ ਕਿ ਉਹ ਹੈ ਕੀ ਸ਼ੈਅ? ਕੀ ਉਹ ਮਾਈਕਲ ਫੈਲਪਸ ਬਣ ਸਕੇਗੀ? ਅਮਰੀਕਾ ਦੇ ਮਾਈਕਲ ਫੈਲਪਸ ਨੇ 4 ਓਲੰਪਿਕ ਖੇਡਾਂ 'ਚੋਂ 23 ਸੋਨੇ, 3 ਚਾਂਦੀ, 2 ਕਾਂਸੀ, ਕੁਲ 28 ਤਗ਼ਮੇ ਜਿੱਤੇ ਸਨ! ਉਹ ਓਲੰਪਿਕ ਖੇਡਾਂ ਦੇ ਇਤਿਹਾਸ ਦਾ ਸਭ ਤੋਂ ਵੱਧ ਮੈਡਲ ਜਿੱਤਣ ਵਾਲਾ ਓਲੰਪੀਅਨ ਹੈ। ਉਸ ਤੋਂ ਪਹਿਲਾਂ ਸੋਵੀਅਤ ਰੂਸ ਦੀ ਲਾਰੀਸਾ ਲਤੀਨੀਨਾ ਦਾ 18 ਓਲੰਪਿਕ ਮੈਡਲ ਜਿੱਤਣ ਦਾ ਰਿਕਾਰਡ ਸੀ। ਸਮਰ ਨੇ ਅਜੇ ਕਈ ਸਾਲ ਤੈਰਨਾ ਹੈ। ਵੇਖਦੇ ਹਾਂ ਉਹ ਕਿੰਨੇ ਮੈਡਲ ਜਿੱਤ ਕੇ ਬੱਸ ਕਰਦੀ ਹੈ?

ਗੋਰੇ ਰੰਗ, ਭੂਰੇ ਵਾਲ ਤੇ ਲੰਮੇ ਕੱਦ ਦੀ ਸਮਰ ਅਜੇ ਚੌਦਾਂ ਸਾਲਾਂ ਦੀ ਸੀ ਕਿ ਉਸ ਨੇ ਅੰਤਰਰਾਸ਼ਟਰੀ ਪੱਧਰ 'ਤੇ ਧੁੰਮਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਅਠਾਰਾਂ ਸਾਲਾ ਦੀ ਹੋਈ ਤਾਂ ਪੈਰਿਸ ਦੀਆਂ ਓਲੰਪਿਕ ਖੇਡਾਂ 'ਚੋਂ 3 ਸੋਨ ਤਗਮੇ ਤੇ 1 ਚਾਂਦੀ ਦਾ ਤਗਮਾ ਜਿੱਤੀ। ਉਹਦਾ ਜਨਮ 18 ਅਗਸਤ 2006 ਨੂੰ ਟੋਰਾਂਟੋ ਵਿਚ ਹੋਇਆ। ਆਪਣੇ 19ਵੇਂ ਜਨਮ ਦਿਵਸ ਤਕ ਪਹੁੰਚਦਿਆਂ ਉਸ ਨੇ ਓਲੰਪਿਕ ਖੇਡਾਂ, ਕਾਮਨਵੈਲਥ ਖੇਡਾਂ, ਵਿਸ਼ਵ ਤੈਰਾਕੀ ਚੈਂਪੀਅਨਸ਼ਿਪਾਂ ਅਤੇ ਫਿਨਾ ਵਰਲਡ ਚੈਂਪੀਅਨਸ਼ਿਪਾਂ ਵਿਚੋਂ ਏਨੇ ਮੈਡਲ ਜਿੱਤੇ ਕਿ ਉਹਦੇ ਗੋਲਡ, ਸਿਲਵਰ ਤੇ ਬ੍ਰਾਂਜ ਮੈਡਲਾਂ ਦੀ ਗਿਣਤੀ ਦੋ ਦਰਜਨ ਤੋਂ ਟੱਪ ਚੁੱਕੀ ਹੈ। ਉਨ੍ਹਾਂ ਵਿਚ 14 ਮੈਡਲ ਤਾਂ ਸੋਨੇ ਦੇ ਹੀ ਹਨ!

ਓਲੰਪਿਕ ਖੇਡਾਂ 'ਚੋਂ ਤਾਂ ਇਕ ਮੈਡਲ ਜਿੱਤ ਲੈਣਾ ਹੀ ਮਾਣ ਨਹੀਂ ਹੁੰਦਾ। ਭਾਰਤ ਵਿਚ ਹੁਣ ਇਕੋ ਓਲੰਪਿਕ ਮੈਡਲ ਜਿੱਤਣ ਵਾਲੇ ਨੂੰ ਕਰੋੜਾਂ ਰੁਪਏ ਦੇ ਇਨਾਮ ਤੇ ਪਦਮ ਸਨਮਾਨ ਮਿਲਦੇ ਹਨ।

ਸਮਰ ਦਾ ਨਿੱਕਾ ਨਾਂ 'ਸੂਮ' ਹੈ ਤੇ ਪੂਰਾ ਨਾਂ ਸਮਰ ਐੱਨ ਮੈਕਿਨਟੌਸ਼। ਉਸ ਦੀ ਮਨਭਾਉਂਦੀ ਮੂਵੀ 'ਡਰਾਈਵ ਟੂ ਸਰਵਾਈਵ' ਹੈ ਤੇ ਮਨਭਾਉਂਦਾ ਸੈਰ ਸਥਾਨ 'ਬੋਰਾ ਬੋਰਾ'। ਉਸ ਦਾ ਸ਼ੌਕ ਆਪਣਾ ਕਮਰਾ ਆਪ ਸਾਫ ਕਰਨਾ ਤੇ ਸਜਾ ਕੇ ਰੱਖਣਾ ਹੈ। ਉਹਦਾ ਜਨਮ ਕੈਨੇਡਾ ਦੀ ਓਲੰਪੀਅਨ ਤੈਰਾਕ ਜਿੱਲ ਹੌਰਸਟੈੱਡ ਦੀ ਕੁੱਖੋਂ ਪਿਤਾ ਗ੍ਰੈਗ ਮੈਕਿਨਟੌਸ਼ ਦੇ ਘਰ ਹੋਇਆ। ਉਹ ਕੈਨੇਡਾ ਦੇ ਸਭ ਤੋਂ ਵੱਡੇ ਸ਼ਹਿਰ ਟੋਰਾਂਟੋ ਦੀ ਜੰਮਪਲ ਹੈ ਅਤੇ ਅਮਰੀਕਾ ਵਿਚ ਫਲੋਰੀਡਾ ਦੇ ਸ਼ਹਿਰ ਸਾਰਾਸੋਟਾ ਵਿਚ ਪੜ੍ਹਦੀ ਤੇ ਤੈਰਾਕੀ ਦੀ ਸਿਖਲਾਈ ਲੈਂਦੀ ਆ ਰਹੀ ਹੈ। ਉਸ ਦੀ ਇਕ ਵੱਡੀ ਭੈਣ ਹੈ ਬਰੁਕ ਮੈਕਿਨਟੌਸ਼ ਜੋ ਚੋਟੀ ਦੀ ਫਿੱਗਰ ਸਕੇਟਰ ਹੈ। ਉਹ ਆਪਣੇ ਸਾਥੀ ਸਕੇਟਰ ਟੋਸਟ ਨਾਲ ਕੈਨੇਡੀਅਨ ਰਿਕਾਰਡ ਤੋੜਦਿਆਂ ਨੈਸ਼ਨਲ ਪੱਧਰ 'ਤੇ ਗੋਲਡ ਮੈਡਲ ਜਿੱਤ ਚੁੱਕੀ ਹੈ। ਉਹਦਾ ਜਨਮ ਵੀ 5 ਜਨਵਰੀ 2005 ਨੂੰ ਟੋਰਾਂਟੋ ਵਿਚ ਹੀ ਹੋਇਆ ਸੀ।

**ਸਮਰ ਦੀ ਮਾਂ ਜਿੱਲ ਹੌਰਸਟੈੱਡ ਮਾਸਕੋ ਦੀਆਂ ਓਲੰਪਿਕ ਖੇਡਾਂ-1980 ਸਮੇਂ ਕੈਨੇਡੀਅਨ ਤੈਰਾਕੀ ਟੀਮ ਦੀ ਮੈਂਬਰ ਸੀ। 16 ਸਾਲ ਦੀ ਉਮਰੇ ਉਸ ਨੇ ਪੈਨ ਅਮੈਰੀਕਨ ਗੇਮਜ਼-1983 ਵਿਚ ਭਾਗ ਲਿਆ। ਉਹ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਸਮੇਂ ਵੀ ਕੈਨੇਡੀਅਨ ਟੀਮ ਵਿਚ ਸ਼ਾਮਲ ਸੀ ਪਰ ਕੋਈ ਮੈਡਲ ਨਹੀਂ ਸੀ ਜਿੱਤ ਸਕੀ। ਪਰ 1986 ਦੀਆਂ ਕਾਮਨਵੈਲਥ ਖੇਡਾਂ 'ਚੋਂ ਬ੍ਰਾਂਜ਼ ਮੈਡਲ ਜਿੱਤ ਗਈ ਸੀ। ਸਮਰ ਦਾ ਪਿਤਾ ਗ੍ਰੈੱਗ ਮੈਕਿਨਟੋਸ਼ ਵਿਸ਼ਵ ਪੱਧਰੀ ਅਥਲੀਟ ਸੀ ਜੋ ਕੈਂਸਰ ਦਾ ਮਰੀਜ਼ ਬਣ ਗਿਆ ਸੀ ਪਰ ਇਲਾਜ ਪਿੱਛੋਂ ਰਾਜ਼ੀ ਹੋ ਗਿਆ।**

ਅਗਸਤ 2025 ਵਿਚ ਸਿੰਘਾਪੁਰ ਵਿਖੇ ਹੋਈ ਵਰਲਡ ਤੈਰਾਕੀ ਚੈਂਪੀਅਨਸ਼ਿਪਸ ਵਿਚੋਂ ਸਮਰ ਨੇ ਨਾ ਕੇਵਲ ਇਕ ਬ੍ਰਾਂਜ਼ ਤੇ ਚਾਰ ਗੋਲਡ ਮੈਡਲ ਜਿੱਤੇ ਬਲਕਿ 400 ਮੀਟਰ ਵਿਅਕਤੀਗਤ ਤੈਰਾਕੀ ਦੇ ਮੁਕਾਬਲੇ ਵਿਚ 4:25.78 ਮਿੰਟ ਦਾ ਨਵਾਂ ਵਿਸ਼ਵ ਰਿਕਾਰਡ ਵੀ ਸਥਾਪਿਤ ਕਰ ਦਿੱਤਾ। ਉਸ ਨੂੰ ਮੈਡਲੇ ਦੇ ਅਵਾਰਡਾਂ ਤੋਂ ਬਿਨਾਂ 90 ਹਜ਼ਾਰ ਡਾਲਰਾਂ ਦੀ ਰਾਸ਼ੀ ਨਾਲ ਵੀ ਸਨਮਾਨਿਤ ਕੀਤਾ ਗਿਆ। ਇਹ ਉਸ ਦੀਆਂ ਪ੍ਰਾਪਤੀਆਂ ਦਾ ਮੁੱਢਲਾ ਦੌਰ ਹੈ ਅਜੇ ਉਸ ਨੇ ਹੋਰ ਵੀ ਵੱਡੀਆਂ ਮੱਲਾਂ ਮਾਰਨੀਆਂ ਹਨ। ਹਜ਼ਾਰਾਂ ਨਹੀਂ ਕਰੋੜਾਂ ਡਾਲਰਾਂ ਦੀ ਰਾਸ਼ੀ ਉਹਦੀ ਝੋਲੀ ਪੈਣੀ ਹੈ ਤੇ ਵਿਸ਼ਵ ਪੱਧਰ ਦੇ ਵੱਡੇ ਤੋਂ ਵੱਡੇ ਮਾਣ-ਸਨਮਾਨ ਹਾਸਲ ਹੋਣੇ ਹਨ।

ਸਮਰ ਮੈਕਿਨਟੌਸ਼ ਲਈ 2025 ਦੀ ਵਿਸ਼ਵ ਤੈਰਾਕੀ ਚੈਂਪੀਅਨਸ਼ਿਪ ਸਭ ਤੋਂ ਵੱਧ ਸਫਲ ਰਹੀ। ਉਹ ਤੈਰਾਕੀ ਦੇ ਇਤਿਹਾਸ ਵਿਚ ਵਿਸ਼ਵ ਦੀ ਦੂਜੀ ਤੈਰਾਕ ਹੈ ਜਿਸ ਨੇ ਵਿਅਕਤੀਗਤ ਤੌਰ 'ਤੇ ਇਕੋ ਵਿਸ਼ਵ ਚੈਂਪੀਅਨਸ਼ਿਪਸ ਵਿਚੋਂ 4 ਗੋਲਡ ਮੈਡਲ ਜਿੱਤੇ। ਉਹ ਪਹਿਲੀ ਤੈਰਾਕ ਹੈ ਜਿਸ ਨੇ 400 ਮੀਟਰ ਦੀ ਵਿਅਕਤੀਗਤ ਮੈਡਲੇ ਤੈਰਾਕੀ ਵਿਚ ਦੂਜੇ ਨੰਬਰ 'ਤੇ ਰਹਿਣ ਵਾਲੀ ਤੈਰਾਕ ਤੋਂ 7.48 ਸਕਿੰਟ ਪਹਿਲਾਂ ਤਾਰੀ ਜਿੱਤੀ। ਉਹ ਦੂਜੀ ਔਰਤ ਤੈਰਾਕ ਹੈ ਜਿਸ ਨੇ 400 ਮੀਟਰ ਫਰੀਸਟਾਈਲ, 200 ਮੀਟਰ ਵਿਅਕਤੀਗਤ ਮੈਡਲੇ, 200 ਮੀਟਰ ਬਟਰਫਲਾਈ ਤੇ 400 ਮੀਟਰ ਵਿਅਕਤੀਗਤ ਮੈਡਲੇ ਦੇ ਸੋਨ ਮੈਡਲ ਹਾਸਲ ਕੀਤੇ।

ਖੇਡਾਂ ਦੀ ਦੁਨੀਆ ਬੜੀ ਵਿਸ਼ਾਲ ਹੈ। ਲੱਖਾਂ ਨਹੀਂ, ਕਰੋੜਾਂ ਲੋਕ ਹਜ਼ਾਰਾਂ ਤਰ੍ਹਾਂ ਦੀਆਂ ਖੇਡਾਂ ਖੇਡਦੇ ਹਨ। ਨਿੱਕੇ ਜਿਹੇ ਪੰਜਾਬ ਦੀਆਂ ਪੁਰਾਤਨ ਤੇ ਮਾਡਰਨ ਖੇਡਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਕਈ ਸਾਲ ਪਹਿਲਾਂ ਮੈਂ 'ਪੰਜਾਬ ਦੀਆਂ ਦੇਸੀ ਖੇਡਾਂ' ਬਾਰੇ ਲਿਖੀ ਕਿਤਾਬ ਵਿਚ 87 ਖੇਡਾਂ ਦਾ ਵਿਸਥਾਰ ਦਿੱਤਾ ਸੀ ਜੋ ਪੰਜਾਬੀ ਯੂਨੀਵਰਸਿਟੀ ਨੇ ਪ੍ਰਕਾਸ਼ਿਤ ਕੀਤੀ। ਮੈਂ ਸਮਝਦਾ ਹਾਂ ਉਹ ਗੋਹੜੇ 'ਚੋਂ ਪੂਣੀ ਹੀ ਕੱਤੀ ਗਈ ਸੀ। ਖੇਡਾਂ, ਜ਼ਮੀਨ 'ਤੇ ਵੀ ਖੇਡੀਆਂ ਜਾਂਦੀਆਂ ਹਨ, ਹਵਾ 'ਚ ਵੀ ਤੇ ਪਾਣੀਆਂ ਵਿਚ ਵੀ। ਸਾਡੀ ਇਸ ਧਰਤੀ 'ਤੇ ਸਮੁੰਦਰ ਤੇ ਝੀਲਾਂ ਖੁਸ਼ਕ ਜ਼ਮੀਨ ਨਾਲੋਂ ਕਿਤੇ ਵੱਧ ਹਨ। ਜੀਆ ਜੰਤ ਮਿੱਟੀ ਅੰਦਰ, ਮਿੱਟੀ ਉਤੇ, ਹਵਾ ਵਿਚ ਤੇ ਪਾਣੀਆਂ ਵਿਚ ਵੀ ਜੰਮਦੇ ਪਲਦੇ ਰਹਿੰਦੇ ਹਨ। ਜਿਸ ਜਗ੍ਹਾ ਜੰਮਦੇ ਪਲਦੇ ਹਨ ਉਥੇ ਖੇਡਾਂ ਵੀ ਖੇਡਦੇ ਹਨ।

ਪੁਰਾਤਨ ਓਲੰਪਿਕ ਖੇਡਾਂ ਵਿਚ ਕੇਵਲ ਪੁਰਸ਼ ਹੀ ਭਾਗ ਲੈ ਸਕਦੇ ਸਨ। ਔਰਤਾਂ ਲਈ ਖੇਡਾਂ ਵੇਖਣੀਆਂ ਮਨ੍ਹਾ ਸਨ। ਜੇ ਕੋਈ ਔਰਤ ਲੁਕ ਛਿਪ ਕੇ ਵੇਖਦੀ ਤਾਂ ਲਾਗਲੀ ਪਹਾੜੀ ਤੋਂ ਹੇਠਾਂ ਸੁੱਟ ਕੇ ਮਾਰ ਦੇਣ ਦੀ ਸਜ਼ਾ ਸੀ। ਪਰ ਮਾਡਰਨ ਓਲੰਪਿਕ ਖੇਡਾਂ ਵਿਚ ਔਰਤਾਂ ਵੀ ਖੇਡ ਮੁਕਾਬਲਿਆਂ ਵਿਚ ਭਾਗ ਲੈਣ ਲੱਗੀਆਂ ਹਨ। ਪਾਣੀਆਂ ਦੀਆਂ ਖੇਡਾਂ ਯਾਨੀ ਤੈਰਨ ਦੇ ਮੁਕਾਬਲੇ ਜਿੰਨੇ ਕੁ ਪੁਰਸ਼ਾਂ ਦੇ ਹਨ ਓਨੇ ਕੁ ਹੁਣ ਔਰਤਾਂ ਲਈ ਵੀ ਹਨ। ਬਲਕਿ ਖੋਜ ਤਾਂ ਇਹ ਸਿੱਧ ਕਰ ਰਹੀ ਹੈ ਕਿ ਔਰਤ ਦਾ ਸਰੀਰ ਤੈਰਨ ਲਈ ਪੁਰਸ਼ ਦੇ ਸਰੀਰ ਨਾਲੋਂ ਵਧੇਰੇ ਅਨੁਕੂਲ ਹੈ। ਇਹੋ ਕਾਰਨ ਹੈ ਕਿ ਜ਼ਮੀਨ ਉਤੇ ਹੁੰਦੇ ਦੌੜ ਮੁਕਾਬਲਿਆਂ ਦੇ ਔਰਤਾਂ ਤੇ ਮਰਦਾਂ ਦੇ ਰਿਕਾਰਡਾਂ ਵਿਚ ਜਿੰਨਾ ਵੱਡਾ ਫਰਕ ਹੈ ਓਨਾ ਤੈਰਾਕੀ ਦੇ ਮੁਕਾਬਲਿਆਂ ਵਿਚ ਨਹੀਂ। ਜ਼ਮੀਨ ਉਤਲੀਆਂ ਖੇਡਾਂ ਵਾਂਗ ਪਾਣੀ ਵਿਚਲੀਆਂ ਖੇਡਾਂ ਦਾ ਇਤਿਹਾਸ ਵੀ ਸਦੀਆਂ ਪੁਰਾਣਾ ਹੈ। ਸਮੁੰਦਰੀ ਜੀਵ ਵੀ ਆਪਸ ਵਿਚ ਖੇਡਦੇ ਹਨ ਭਾਵੇਂ ਕਿ ਉਨ੍ਹਾਂ ਦੇ ਨਿਯਮ ਨਹੀਂ ਹੁੰਦੇ।

ਗੱਲ ਤੋਰੀ ਸੀ ਕੈਨੇਡਾ ਦੀ ਤੇਜ਼-ਤਰਾਰ ਤੈਰਾਕ ਸਮਰ ਮੈਕਿਨਟੌਸ਼ ਤੋਂ। ਉਹਦੇ 'ਚ ਬੇਅੰਤ ਸੰਭਾਵਨਾਵਾਂ ਹਨ। ਵੈਸੇ ਹਰ ਖਿਡਾਰੀ ਅੰਦਰ ਸੰਭਾਵਨਾਵਾਂ ਹੁੰਦੀਆਂ ਹਨ। ਬੰਦਾ ਧਰਤੀਆਂ ਗਾਹੁੰਦਾ, ਸਮੁੰਦਰ ਤੈਰਦਾ, ਹਵਾ ਵਿਚ ਯਾਨੀ ਪੁਲਾੜ 'ਚ ਕਿਤੇ ਦਾ ਕਿਤੇ ਚਲਾ ਗਿਆ ਹੈ। ਜਿਵੇਂ ਜ਼ਮੀਨ ਉਤਲੀਆਂ ਖੇਡਾਂ ਦੇ ਰਿਕਾਰਡ ਟੁੱਟ ਰਹੇ ਹਨ ਉਵੇਂ ਪਾਣੀਆਂ ਵਿਚਲੇ ਰਿਕਾਰਡ ਵੀ ਟੁੱਟੀ ਜਾਂਦੇ ਹਨ। ਕੈਨੇਡਾ ਦੀ ਜਾਈ ਸਮਰ ਨੇ ਤਾਂ 14 ਸਾਲਾਂ ਦੀ ਉਮਰ ਤੋਂ ਹੀ ਰਿਕਾਰਡ ਤੋੜਨੇ ਸ਼ੁਰੂ ਕੀਤੇ ਹੋਏ ਹਨ।



ਤੈਰਨ ਦੇ ਅਨੇਕ ਸਟਾਈਲ ਹੁੰਦੇ ਹਨ। ਜਿਵੇਂ ਬਟਰਫਲਾਈ, ਬੈਕਸਟ੍ਰੋਕ, ਬ੍ਰੈਸਟਸਟਰੋਕ, ਫਰੀਸਟਾਈਲ ਤੇ ਮੈਡਲੇ ਆਦਿ। ਆਮ ਬੰਦੇ ਤਾਂ ਸਿੱਧੀ ਤਾਰੀ ਤੇ ਪੁੱਠੀ ਤਾਰੀ ਬੱਸ ਦੋ ਤਰ੍ਹਾਂ ਦੀਆਂ ਤਾਰੀਆਂ ਹੀ ਜਾਣਦੇ ਹਨ। ਓਲੰਪਿਕ ਖੇਡਾਂ ਵਿਚ ਉਹੀ ਮੁਲਕ ਸਭ ਤੋਂ ਵੱਧ ਮੈਡਲ ਜਿੱਤਦੇ ਹਨ ਜਿਹੜੇ ਤੈਰਾਕੀ 'ਚ ਵੀ ਤਕੜੇ ਹੋਣ। ਭਾਰਤ, ਜੀਹਦੇ ਆਲੇ-ਦੁਆਲੇ ਵਿਸ਼ਾਲ ਸਮੁੰਦਰ ਅਤੇ ਮੈਦਾਨਾਂ 'ਚ ਵਗਦੇ ਦਰਿਆ ਤੇ ਤੀਰਥਾਂ ਦੇ ਸਰੋਵਰ ਹਨ, ਉਥੇ ਤੈਰਾਕੀ ਦੀਆਂ ਖੇਡਾਂ 'ਚ ਭਾਰਤੀ ਫਿਰ ਵੀ ਕਾਫੀ ਪਿੱਛੇ ਹਨ। ਵਿਸ਼ਵ ਵਸੋਂ 'ਚ ਸਭ ਤੋਂ ਵੱਡੇ ਮੁਲਕ ਭਾਰਤ ਨੇ ਓਲੰਪਿਕ ਖੇਡਾਂ ਜਾਂ ਵਿਸ਼ਵ ਪੱਧਰ 'ਤੇ ਹੁੰਦੀਆਂ ਤੈਰਾਕੀ ਦੀਆਂ ਖੇਡਾਂ 'ਚੋਂ ਕਦੇ ਕੋਈ ਗੋਲਡ ਮੈਡਲ ਨਹੀਂ ਜਿੱਤਿਆ। ਦੂਜੇ ਪਾਸੇ ਅਬਾਦੀ 'ਚ ਨਿੱਕੇ ਜਿਹੇ ਮੁਲਕ ਕੈਨੇਡਾ ਦੀ ਕੁੜੀ ਤੈਰਾਕੀ ਦੇ ਤੇਜ਼-ਤਰਾਰ ਮੁਕਾਬਲਿਆਂ ਵਿਚ ਗਾਹ ਪਾਈ ਜਾ ਰਹੀ ਹੈ।

ਤੈਰਨ ਦਾ ਇਤਿਹਾਸ ਬੇਸ਼ਕ ਪੱਥਰ ਦੇ ਯੁਗ ਤਕ ਖੋਜਿਆ ਗਿਆ ਹੈ ਪਰ ਖੇਡ ਵਜੋਂ ਮਨੋਰੰਜਕ ਮੁਕਾਬਲੇ 19ਵੀਂ ਸਦੀ ਵਿਚ ਇੰਗਲੈਂਡ ਤੋਂ ਸ਼ੁਰੂ ਹੋਏ ਸਨ। ਫਰਾਂਸ ਇੰਗਲੈਂਡ ਦਾ ਗੁਆਂਢੀ ਦੇਸ਼ ਹੈ ਜਿਨ੍ਹਾਂ ਵਿਚਕਾਰ ਇੰਗਲਿਸ਼ ਚੈਨਲ ਦਾ ਸਮੁੰਦਰ ਪੈਂਦਾ ਹੈ। ਬੇੜੀਆਂ, ਬੇੜਿਆਂ ਤੇ ਸਮੁੰਦਰੀ ਜਹਾਜ਼ਾਂ 'ਤੇ ਸਫ਼ਰ ਤਾਂ ਬਹੁਤ ਚਿਰ ਪਹਿਲਾਂ ਆਰੰਭ ਹੋ ਚੁੱਕਾ ਸੀ। ਤੈਰ ਕੇ ਇੰਗਲਿਸ਼ ਚੈਨਲ ਪਾਰ ਕਰਨਾ ਸਭ ਤੋਂ ਪਹਿਲਾਂ ਮੈਥਿਊ ਵੈੱਬ ਦੇ ਹਿੱਸੇ ਆਇਆ ਸੀ। ਉਸ ਨੇ 1875 ਵਿਚ ਬ੍ਰੈਸਟਸਟਰੋਕ ਤਕਨੀਕ ਨਾਲ 20.26 ਮੀਲ ਯਾਨੀ 34.21 ਕਿਲੋਮੀਟਰ ਦਾ ਸਮੁੰਦਰੀ ਪਾਟ 21 ਘੰਟੇ 45 ਮਿੰਟਾਂ ਵਿਚ ਪਾਰ ਕਰ ਲਿਆ ਸੀ। ਉਹਦਾ ਰਿਕਾਰਡ ਫਿਰ ਟੀ. ਬਰਜਿੱਸ ਨੇ 36 ਸਾਲਾਂ ਬਾਅਦ 1911 ਵਿਚ ਤੋੜਿਆ।

ਵੈਸੇ ਰਿਕਾਰਡ ਕਿੱਡੇ ਵੀ ਹੋਣ, ਉਹ ਟੁੱਟਦੇ ਰਹਿੰਦੇ ਹਨ। ਸਮਰ ਨੇ ਪੈਰਿਸ ਦੀਆਂ ਓਲੰਪਿਕ ਖੇਡਾਂ-2024 'ਚੋਂ 1 ਕਾਂਸੀ ਤੇ 3 ਸੋਨੇ ਦੇ ਮੈਡਲ ਜਿੱਤੇ ਅਤੇ ਵਿਸ਼ਵ ਤੈਰਾਕੀ ਚੈਂਪੀਅਨਸ਼ਿਪਸ 2025 'ਚੋਂ 1 ਬ੍ਰਾਂਜ਼ ਤੇ 4 ਗੋਲਡ ਮੈਡਲ ਹਾਸਲ ਕੀਤੇ। ਉਹ 2028 ਵਿਚ ਲਾਸ ਏਂਜਲਸ ਵਿਖੇ ਹੋਣ ਵਾਲੀਆਂ ਓਲੰਪਿਕ ਖੇਡਾਂ ਵਿਚੋਂ ਘੱਟੋ-ਘੱਟ 5 ਗੋਲਡ ਮੈਡਲ ਜਿੱਤਣ ਦਾ ਨਿਸ਼ਾਨਾ ਮਿਥੀ ਬੈਠੀ ਹੈ। ਹੋ ਸਕਦੈ 2032 ਦੀਆਂ ਓਲੰਪਿਕ ਖੇਡਾਂ ਦਾ ਨਿਸ਼ਾਨਾ ਵੀ ਮਿਥੇ। ਤਦ ਤਕ ਉਹ 26 ਸਾਲਾਂ ਦੀ ਹੋਵੇਗੀ।

ਇਹ ਸਤਰਾਂ ਲਿਖਣ ਤਕ ਸਮਰ ਓਲੰਪਿਕ ਖੇਡਾਂ ਦੇ 3 ਗੋਲਡ ਮੈਡਲ, ਵਿਸ਼ਵ ਤੈਰਾਕੀ ਚੈਂਪੀਅਨਸ਼ਿਪਾਂ ਦੇ 8 ਗੋਲਡ ਤੇ ਕਾਮਨਵੈਲਥ ਖੇਡਾਂ ਦੇ 2 ਗੋਲਡ ਮੈਡਲ ਜਿੱਤ ਚੁੱਕੀ ਹੈ। ਸਿਲਵਰ ਤੇ ਬਰਾਂਜ਼ ਮੈਡਲ ਉਨ੍ਹਾਂ ਤੋਂ ਵੱਖਰੇ ਹਨ। ਉਂਜ ਤਾਂ ਉਹ ਤੈਰਾਕੀ ਦੇ ਕਈ ਈਵੈਂਟਸ ਵਿਚ ਭਾਗ ਲੈਂਦੀ ਹੈ ਪਰ 200 ਤੇ 400 ਮੀਟਰ ਵਿਅਕਤੀਗਤ ਮੈਡਲੇ ਅਤੇ 400 ਮੀਟਰ ਫਰੀਸਟਾਈਲ ਉਸ ਦੇ ਮਨਭਾਉਂਦੇ ਈਵੈਂਟਸ ਹਨ। ਇਨ੍ਹਾਂ ਈਵੈਂਟਸ ਦੇ ਵਰਲਡ ਰਿਕਾਰਡ ਵੀ ਉਸ ਨੇ ਆਪਣੇ ਨਾਂ ਕਰ ਲਏ ਹਨ। 200 ਮੀਟਰ ਬਟਰਫਲਾਈ ਈਵੈਂਟ ਦਾ ਓਲੰਪਿਕ ਰਿਕਾਰਡ ਵੀ ਉਹਦੇ ਨਾਂ ਹੈ। ਕੀ ਕਿਹਾ ਜਾਏ ਛੋਟੀ ਉਮਰ ਦੀ ਇਸ ਹੋਣਹਾਰ ਤੈਰਾਕ ਬਾਰੇ? ਜਿੰਨਾ ਤੇਜ਼ ਉਹ ਤੈਰਦੀ ਹੈ ਕਈ ਆਲਸੀ ਬੰਦੇ ਤਾਂ ਓਨਾ ਤੇਜ਼ ਤੁਰ ਵੀ ਨਹੀਂ ਸਕਦੇ!

ਮੈਕਿਨਟੌਸ਼ ਨੇ ਕੇਵਲ 14 ਸਾਲ ਦੀ ਉਮਰੇ ਹੀ ਤੈਰਾਕੀ ਦੇ ਕੋਚਾਂ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਸੀ। ਉਹ 2020 ਦੀਆਂ ਓਲੰਪਿਕ ਖੇਡਾਂ ਵਿਚ ਭਾਗ ਲੈਣ ਲਈ ਕੈਨੇਡਾ ਦੀ ਤੈਰਾਕੀ ਟੀਮ ਵਿਚ ਚੁਣੀ ਗਈ ਸੀ। ਉਦੋਂ ਉਹ ਟੀਮ 'ਚ ਸਭ ਤੋਂ ਛੋਟੀ ਉਮਰ ਦੀ ਮੈਂਬਰ ਸੀ। ਉਹ ਟੋਕੀਓ ਤੋਂ ਭਾਵੇਂ ਕੋਈ ਮੈਡਲ ਨਹੀਂ ਸੀ ਜਿੱਤ ਸਕੀ ਪਰ ਚੌਥਾ ਸਥਾਨ ਜ਼ਰੂਰ ਹਾਸਲ ਕਰ ਲਿਆ ਸੀ। ਫਿਰ ਉਹ ਵਿਸ਼ਵ ਤੈਰਾਕੀ ਚੈਂਪੀਅਨਸ਼ਿਪਸ ਵਿਚ ਸਭ ਤੋਂ ਛੋਟੀ ਉਮਰ ਦੀ ਵਿਸ਼ਵ ਚੈਂਪੀਅਨ ਬਣ ਗਈ ਸੀ।

ਉਹ ਪਹਿਲੀ ਕੈਨੇਡੀਅਨ ਤੈਰਾਕ ਹੈ ਜਿਸ ਨੇ ਪਹਿਲੀ ਵਾਰ ਹੀ ਇਕੋ ਵਿਸ਼ਵ ਚੈਂਪੀਅਨਸ਼ਿਪਸ ਵਿਚੋਂ ਦੋ ਗੋਲਡ ਮੈਡਲ ਜਿੱਤੇ ਸਨ। ਉਹਦੇ ਨਾਲ ਉਸ ਨੂੰ 'ਟੀਨ ਸਵਿਮਿੰਗ ਸੈਨਸੇਸ਼ਨ' ਆਖਿਆ ਜਾਣ ਲੱਗਾ। ਕੈਨੇਡੀਅਨ ਨੈਸ਼ਨਲ ਟ੍ਰਾਇਲਜ਼ ਦੌਰਾਨ ਮਾਰਚ ਅਪ੍ਰੈਲ 2023 ਦੇ ਪੰਜ ਦਿਨਾਂ 'ਚ ਉਸ ਨੇ ਸਭ ਤੋਂ ਔਖੇ ਸਮਝੇ ਜਾਂਦੇ 400 ਮੀਟਰ ਫਰੀਸਟਾਈਲ ਤੇ 400 ਮੀਟਰ ਵਿਅਕਤੀਗਤ ਮੈਡਲੇ ਈਵੈਂਟਸ ਵਿਚ ਵਿਸ਼ਵ ਰਿਕਾਰਡ ਨਵਿਆ ਦਿੱਤੇ। 2024 ਦੀਆਂ ਓਲੰਪਿਕ ਖੇਡਾਂ ਵਿਚ ਪੈਰਿਸ ਵਿਖੇ ਉਸ ਨੇ 1 ਸਿਲਵਰ ਤੇ 3 ਗੋਲਡ ਮੈਡਲ ਜਿੱਤੇ। ਉਸ ਦੀ ਇਸ ਪ੍ਰਾਪਤੀ ਉਤੇ 'ਟਾਈਮ' ਮੈਗਜ਼ੀਨ ਨੇ ਉਸ ਨੂੰ 'ਸਮਰ ਆਫ਼ ਸਮਰ' ਦੇ ਖ਼ਿਤਾਬ ਨਾਲ ਸਨਮਾਨਿਤ ਕੀਤਾ। ਉਹਦੇ ਪ੍ਰਸ਼ੰਸਕਾਂ ਨੇ ਉਹਦੀਆਂ ਤਸਵੀਰਾਂ ਸ਼ੀਸ਼ਿਆਂ ਵਿਚ ਮੜ੍ਹਾਅ ਕੇ ਬੈਠਕਾਂ ਵਿਚ ਸਜਾ ਲਈਆਂ। ਉਂਜ ਵੀ ਉਹ ਦਰਸ਼ਨੀ ਸ਼ਖਸੀਅਤ ਦੀ ਮਾਲਕ ਹੈ ਜਿਸ ਤੋਂ ਹੋਰਨਾਂ ਨੂੰ ਪ੍ਰੇਰਨਾ ਮਿਲਦੀ ਹੈ।

ਰਿਕਾਰਡ ਕੀਪਰਾਂ ਨੇ ਤਾਂ ਇਹ ਵੀ ਦੱਸਿਆ ਹੈ ਕਿ ਸਮਰ ਨੇ ਵੱਖ-ਵੱਖ ਉਮਰ ਗਰੁੱਪਾਂ ਵਿਚ 50 ਨਵੇਂ ਰਿਕਾਰਡ ਰੱਖੇ। ਮਈ 2021 'ਚ ਸਭ ਤੋਂ ਛੋਟੀ ਉਮਰੇ 400 ਮੀਟਰ ਫਰੀਸਟਾਈਲ ਤਾਰੀ 4:05.13 ਮਿੰਟ 'ਚ ਲਾਉਣ ਵਾਲੀ ਵਿਸ਼ਵ ਦੀ ਉਹ ਪਹਿਲੀ ਮਹਿਲਾ ਬਣੀ ਸੀ। ਇਹੋ ਜਿਹਾ ਹੀ ਜਲਵਾ ਉਸ ਨੇ 16 ਮਈ 2024 ਨੂੰ 400 ਮੀਟਰ ਵਿਅਕਤੀਗਤ ਮੈਡਲੇ ਈਵੈਂਟ ਵਿਚ ਕਰ ਵਿਖਾਇਆ ਸੀ। ਪੈਰਿਸ ਓਲੰਪਿਕਸ ਦੇ 4 ਮੈਡਲਾਂ ਤੋਂ ਅੱਗੇ ਲਾਸ ਏਂਜਲਸ ਵਿਖੇ 2028 ਦੀ ਓਲੰਪਿਕਸ ਵਿਚੋਂ 5 ਗੋਲਡ ਮੈਡਲ ਜਿੱਤ ਕੇ ਉਹ ਮਾਈਕਲ ਫੈਲਪਸ ਦੇ ਰਾਹ ਪੈਣਾ ਚਾਹੁੰਦੀ ਹੈ।

ਸਮਰ ਦਾ ਕੱਦ 5 ਫੁੱਟ 8 ਇੰਚ ਹੈ। ਅਜੇ ਉਹ ਕਿਸੇ ਕਲੱਬ ਦੀ ਪੱਕੀ ਮੈਂਬਰ ਨਹੀਂ ਤੇ ਹਾਲ ਦੀ ਘੜੀ ਉਸ ਦਾ ਕੋਚ ਫ੍ਰੈੱਡ ਵਰਗਨੌਕਸ ਹੈ। ਉਸ ਦਾ ਹੋਮ ਟਾਊਨ ਟੋਰਾਂਟੋ ਹੈ ਪਰ ਉਹ ਰਹਿੰਦੀ ਐਂਟੀਬੇਸ, ਫਲੋਰੀਡਾ ਵਿਚ ਹੈ। ਉਸ ਨੇ 2020 ਦੀਆਂ ਓਲੰਪਿਕ ਖੇਡਾਂ ਪਿੱਛੋਂ 2021 ਵਿਚ ਆਬੂ ਧਾਬੀ ਦੀ ਫਿਨਾ ਵਰਲਡ ਚੈਂਪੀਅਨਸ਼ਿਪਸ, 2022 ਵਿਚ ਬੁਡਾਪੈਸਟ ਦੀ ਫਿਨਾ ਵਰਲਡ ਚੈਂਪੀਅਨਸ਼ਿਪਸ, 2022 ਵਿਚ ਕਾਮਨਵੈਲਥ ਗੇਮਜ਼ ਬਰਮਿੰਗਮ, 2023 ਵਿਚ ਵਿਸ਼ਵ ਤੈਰਾਕੀ ਚੈਂਪੀਅਨਸ਼ਿਪਸ ਫੁਕੌਕਾ, 2024 ਵਿਚ ਓਲੰਪਿਕ ਖੇਡਾਂ ਪੈਰਿਸ, 2024 ਵਿਚ ਹੀ ਵਿਸ਼ਵ ਤੈਰਾਕੀ ਚੈਂਪੀਅਨਸ਼ਿਪਸ ਬੁਡਾਪੈਸਟ ਤੇ 2025 ਵਿਚ ਵਿਸ਼ਵ ਤੈਰਾਕੀ ਚੈਂਪੀਅਨਸ਼ਿਪਸ ਸਿੰਘਾਪੁਰ 'ਚ ਭਾਗ ਲਿਆ ਹੈ। ਉਥੇ ਉਸ ਨੇ 4 ਗੋਲਡ ਤੇ 1 ਬ੍ਰਾਂਜ਼ ਨਾਲ ਕੁਲ 5 ਤਗ਼ਮੇ ਜਿੱਤੇ।

2 ਅਗਸਤ 2025 ਤਕ ਉਸ ਦੇ ਓਲੰਪਿਕ ਖੇਡਾਂ ਤੇ ਵਿਸ਼ਵ ਤੈਰਾਕੀ ਚੈਂਪੀਅਨਸ਼ਿਪਾਂ ਵਿਚੋਂ ਜਿੱਤੇ ਕੁਲ ਤਗਮੇ 31 ਹੋ ਗਏ ਹਨ। ਉਨ੍ਹਾਂ 'ਚ 18 ਸੋਨੇ, 6 ਚਾਂਦੀ ਤੇ 7 ਬ੍ਰਾਂਜ਼ ਮੈਡਲ ਹਨ। 2024 ਵਿਚ ਉਸ ਨੂੰ ਕੈਨੇਡਾ ਦੀ ਟੌਪ ਐਥਲੀਟ ਹੋਣ ਦਾ ਅਵਾਰਡ ਮਿਲਿਆ ਸੀ। ਨਾਲ ਹੀ ਕੈਨੇਡਾ ਦੀ 2024 ਸਾਲ ਦੀ ਮਹਿਲਾ ਐਥਲੀਟ ਹੋਣ ਦਾ ਮਾਣ ਬੌਬੀ ਰੋਜ਼ਨਫੇਲਡ ਅਵਾਰਡ ਵੀ ਮਿਲਿਆ। ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੇ ਉਸ ਨੂੰ 'ਸੁਪਰ ਸਟਾਰ' ਕਹਿ ਕੇ ਵਡਿਆਇਆ। ਫੋਰਬਜ਼ ਮੈਗਜ਼ੀਨ ਨੇ ਵੱਖ ਮਾਨਤਾ ਦਿੱਤੀ।

ਸਮਰ ਐਲਾਨ ਕਰ ਚੁੱਕੀ ਹੈ ਕਿ ਉਹ ਹੁਣ ਔਸਟਿਨ, ਟੈਕਸਾਸ ਵਿਖੇ ਮਾਈਕਲ ਫੈਲਪਸ ਦੇ ਕੋਚ ਰਹੇ ਬੌਬ ਬੋਮੈਨ ਦੀ ਦੇਖ-ਰੇਖ ਹੇਠ ਟ੍ਰੇਨਿੰਗ ਕਰੇਗੀ ਅਤੇ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ 'ਚੋਂ 5 ਗੋਲਡ ਮੈਡਲ ਜਿੱਤਣ ਦੀ ਪੂਰੀ ਵਾਹ ਲਾਵੇਗੀ। ਉਹ ਨਿਰੀ ਤੈਰਾਕ ਹੀ ਨਹੀਂ ਸੰਭਾਵਨਾਵਾਂ ਨੂੰ ਸਾਣ ਚਾੜ੍ਹਨ ਵਾਲੀ ਪ੍ਰੇਰਨਾ ਹੈ। ਕੋਈ ਵੀ ਵਿਅਕਤੀ ਉਹਦੇ ਵਾਂਗ ਦ੍ਰਿੜ ਨਿਰਣਾ ਲੈ ਕੇ ਮਿਹਨਤ ਕਰਦਿਆਂ ਕੋਈ ਵੀ ਮੰਜ਼ਿਲ ਸਰ ਕਰ ਸਕਦਾ ਹੈ।

---

*(ਪਿਛਲੇ ਸਫੇ ਦਾ ਬਾਕੀ)*

ਨਾਲੇ ਸਰ ਨੇੜੇ-ਤੇੜੇ ਹੋਰ ਕੋਈ ਪਾਲੀਟੈਕਨਿਕ ਕਾਲਜ ਹੈ ਈ ਨ੍ਹੀਂ। ਸਰ ਮੇਰੇ ਕੀ ਵੱਸ...?' ਥਾਣੇਦਾਰ ਨੇ ਇੱਕ ਵਾਰ ਫੇਰ ਮੇਰੀਆਂ ਅੱਖਾਂ ਵਿਚ ਗਹੁ ਨਾਲ ਵੇਖਿਆ। ਸਾਡੀ ਬੇਗੁਨਾਹੀ ਉੱਥੇ ਤੈਰਦੀ ਫਿਰਦੀ ਸੀ।

'ਥੋਨੂੰ ਐਮ.ਐਲ.ਏ. ਦੀ ਤਾਕਤ ਦਾ ਪਤੈ?' ਉਸਨੇ ਸੁਆਲ ਕੀਤਾ ਸੀ।

'ਜੀਅ... ਅ!'

'ਐਮ.ਐਲ.ਏ. ਸਾਹਿਬ ਦੀ ਧਿੱਲੀ ਤਕ ਪਹੁੰਚ ਐ। ਥੋਨੂੰ ਪਤਾ ਪੰਜਾਬ ਵਿਚ ਐਸ ਵੇਲੇ ਪੁਲਿਸ ਦਾ ਰਾਜ ਐ ਤੇ ਆਪਣੇ ਐਮ.ਐਲ.ਏ ਸਾਹਿਬ ਸੈਂਟਰ ਤੋਂ ਦਬਾਅ ਪੁਆ ਕੇ ਪੁਲਿਸ ਤੋਂ ਕੁਝ ਵੀ ਕਰਾ ਸਕਦੇ?'

'ਹਾਂ ਜੀ..!.' ਅਸੀਂ ਹਾਂ ਵਿਚ ਸਿਰ ਹਿਲਾਇਆ ਸੀ।

'ਮੈਨੂੰ ਪਤਾ ਤੁਸੀਂ ਬੇਗੁਨਾਹ ਓ ਥੋਨੂੰ ਮੈਂ ਪਹਿਲਾਂ ਈ ਧੱਸਿਆ ਇੰਸਪੈਕਟਰ ਨਛੱਤਰ ਸਿੰਘ ਸੰਧੂ ਕਿਸੇ ਨਾਲ ਨਾਜਾਇਜ਼ ਨੀ ਕਰਦਾ।' ਉਹ ਕੁਝ ਚਿਰ ਅਟਕਿਆ ਰਿਹਾ।

'ਥੋਨੂੰ ਪਤਾ ਮੈਂ ਤੁਹਾਨੂੰ ਪਰਸੋਂ ਰਾਤ ਨੂੰ ਈ ਕਿਉਂ ਲਿਆਂਦਾ ਸੀ?

'...?' ਸਾਡੀਆਂ ਅੱਖਾਂ ਸੁਆਲ ਬਣ ਕੇ ਫੈਲ ਗਈਆਂ ਸਨ।

'ਜੇ ਮੈਂ ਉਸ ਦਿਨ ਤੁਹਾਨੂੰ ਚੱਕ ਕੇ ਨਾ ਲਿਆਉਂਦਾ ਤਾਂ ਨੇਤਾ ਜੀ ਨੇ ਕਿਸੇ ਹੋਰ ਜ਼ਿਲ੍ਹੇ ਦੀ ਪੁਲਿਸ ਤੋਂ ਥੋਨੂੰ ਚੁਕਵਾ ਦੇਣਾ ਸੀ ਤੇ...ਹੁਣ ਨੂੰ ਕਿਸੇ ਡਰੇਨ ਦੇ ਪੁਲ 'ਤੇ ਲੱਦੇ ਪਏ ਹੁੰਦੇ। ਖ਼ਬਰ ਬਣ ਜਾਣਾ ਸੀ ਅਖ਼ਬਾਰ ਦੀ। ਨਾਲੇ ਕਾਕਾ ਇਹ ਨਾ ਸਮਝੀ ਤੂੰ ਉਦਣ ਬਚ ਕੇ ਨਿਕਲ ਗਿਆ ਸੀ। ਗੋਲੀ ਨੇ ਤਾਂ ਦਸ ਕਦਮ ਨ੍ਹੀਂ ਸੀ ਜਾਣ ਦੇਣਾ।'

ਸੁਣ ਕੇ ਮੇਰਾ ਤਰਾਹ ਨਿਕਲ ਗਿਆ। ਠੰਡੀ ਸ਼ੀਤ ਲਹਿਰ ਮੇਰੀਆਂ ਨਾੜਾਂ ਵਿਚ ਫਿਰ ਗਈ।

'ਥੋਡਾ ਕਸੂਰ ਤਾਂ ਕੋਈ ਨ੍ਹੀਂ...ਪਰ ਥੋਨੂੰ ਅੱਜ ਦੀ ਰਾਤ ਥਾਣੇ ਰੱਖਣਾ। ਥੋਡੇ ਈ ਭਲੇ ਵਾਸਤੇ... ਕੋਈ ਇਤਰਾਜ਼?'

ਸਰ... ਭਾਵੇਂ ਹਫ਼ਤਾ ਰੱਖ'ਲੋ ਜੀ...ਅਸੀਂ ਘਰ ਜਾ ਕੇ ਕੀ ਕਰਨੈ? ਜਾਨ ਬਚਦੀ ਐ...ਹੋਰ ਕੀ ਚਾਹੀਦਾ?' ਹੁਣ ਅਸੀਂ ਹੌਂਸਲਾ ਫੜ ਕੇ ਬੋਲਣ ਲੱਗੇ ਸਾਂ।

'ਇਹ ਨੇਤਾ ਲੋਕ ਵੀ ਨਾ...ਅਸਲ 'ਚ ਸਾਰਾ ਗੰਦ ਈ ਇਨ੍ਹਾਂ ਲੋਕਾਂ ਦਾ ਪਾਇਆ।' ਆਖਦਿਆਂ ਇੰਸਪੈਕਟਰ ਨਛੱਤਰ ਸਿੰਘ ਕਵਾਟਰਾਂ ਵੱਲ ਤੁਰ ਗਿਆ ਸੀ।

ਅਸੀਂ ਹੁਣ ਹਵਾਲਾਤ ਵਿਚ ਬੈਠੇ ਸੋਚ ਰਹੇ ਸਾਂ, ਜੇ ਭਲਾ ਨਛੱਤਰ ਸਿੰਘ ਦੀ ਥਾਵੇਂ ਕੋਈ ਹੋਰ ਥਾਣੇਦਾਰ ਹੁੰਦਾ, ਕੀ ਬਣਦਾ ਸਾਡਾ?

---

*(ਸਫਾ 20 ਦਾ ਬਾਕੀ)*

ਹੈ। ਨਾਗਰਿਕਾਂ ਦੀ ਸੁਰੱਖਿਆ, ਆਜ਼ਾਦੀ ਦਾ ਸਤਿਕਾਰ ਅਤੇ ਅੰਤਰਰਾਸ਼ਟਰੀ ਮਨੁੱਖੀ ਕਾਨੂੰਨ ਦੀ ਰੱਖਿਆ ਸਿਰਫ਼ ਵਿਕਲਪ ਨਹੀਂ—ਇਹ ਫਰਜ਼ ਹਨ। ਯਹੂਦੀਆਂ ਦੀ ਹਿਟਲਰ ਹੇਠ ਹੋਈ ਪੀੜਾ ਅਤੇ ਅੱਜ ਯਹੂਦੀਆਂ ਦੁਆਰਾ ਫਲਸਤੀਨੀ ਲੋਕਾਂ 'ਤੇ ਹੋ ਰਹੇ ਬੇ-ਰੋਕ ਹਮਲਿਆਂ ਦੇ ਹਾਲਾਤ ਦੀ ਤੁਲਨਾ ਸਿਰਫ਼ ਸਮਾਨਤਾ ਦਿਖਾਉਣ ਲਈ ਨਹੀਂ, ਸਗੋਂ ਬੇਹੱਦ ਜ਼ਰੂਰੀ ਸੱਚਾਈ ਅਤੇ ਨੈਤਿਕਤਾ ਦੇ ਸਬਕ ਨੂੰ ਜਣਾਉਣ ਲਈ ਹੈ। ਬੱਚਿਆਂ ਦੀਆਂ ਕਹਾਣੀਆਂ, ਪਰਿਵਾਰਾਂ ਦੀ ਤਬਾਹੀ, ਅਤੇ ਪੱਤਰਕਾਰਾਂ ਦੀਆਂ ਹੱਤਿਆਵਾਂ—ਇਹ ਸਾਰੇ ਅੰਕੜੇ ਸੱਚਾਈ ਨੂੰ ਦਰਸਾਉਂਦੇ ਹਨ ਅਤੇ ਮਨੁੱਖਤਾ ਲਈ ਚੇਤਾਵਨੀ ਹਨ।

ਅੰਤਰਰਾਸ਼ਟਰੀ-ਭਾਈਚਾਰੇ ਦੀ ਖ਼ਾਮੋਸ਼ੀ ਅਤੇ ਮੂੰਹ-ਰੱਖ ਬਿਆਨਬਾਜ਼ੀ, ਸਮਰਥਨ ਦੇਣਾ ਸਮਝਿਆ ਜਾ ਸਕਦਾ ਹੈ ਜਿਸ ਨੂੰ ਇਤਿਹਾਸ ਕਦੇ ਮਾਫ਼ ਨਹੀਂ ਕਰੇਗਾ। ਜਿਵੇਂ 1940 ਦੇ ਦਹਾਕੇ ਵਿਚ ਚੁੱਪ ਰਹਿਣ ਨਾਲ ਹਿਟਲਰ ਦੇ ਅਪਰਾਧ ਵਧੇ, ਓਸੇ ਤਰ੍ਹਾਂ ਅੱਜ ਦੀ ਚੁੱਪੀ ਲੱਖਾਂ ਫਲਸਤੀਨੀਆਂ ਦੀ ਪੀੜਾ ਨੂੰ ਆਮ ਬਣਾਉਣ ਦਾ ਕਾਰਨ ਬਣ ਸਕਦੀ ਹੈ। ਕੱਲ੍ਹ ਦੇ ਯਹੂਦੀ ਅਤੇ ਅੱਜ ਦੇ ਫ਼ਲਸਤੀਨੀ ਇਤਿਹਾਸ ਦੇ ਸੱਚ, ਇਸੇ ਸੁਨੇਹੇ ਨਾਲ ਜੁੜੇ ਹਨ: ਜਦੋਂ ਇਕ ਜਾਤੀ ਦੀ ਪੀੜਾ ਦੂਜੀ ਲਈ ਜਾਇਜ਼ ਜ਼ੁਲਮ ਬਣ ਜਾਂਦੀ ਹੈ, ਮਨੁੱਖਤਾ ਖ਼ੁਦ ਹਾਰ ਜਾਂਦੀ ਹੈ।

ਇਤਿਹਾਸ ਦੀਆਂ ਗੂੰਜਾਂ ਸਪੱਸ਼ਟ ਕਹਿ ਰਹੀਆਂ ਹਨ: ਕਿਸੇ ਵੀ ਕੌਮ ਉੱਤੇ ਅੱਤਿਆਚਾਰ, ਚਾਹੇ ਉਹ ਹੋਲੋਕਾਸਟ ਦੇ ਰੂਪ ਵਿਚ ਹੋਵੇ ਜਾਂ ਗਾਜ਼ਾ ਦੇ ਰੂਪ ਵਿਚ, ਮਨੁੱਖਤਾ ਲਈ ਇਕ ਸ਼ਰਮਨਾਕ ਅਧਿਆਇ ਹੀ ਰਹੇਗਾ। ਅੰਤਰਰਾਸ਼ਟਰੀ-ਭਾਈਚਾਰੇ ਨੂੰ ਇਹ ਵਾਅਦਾ ਕਰਨਾ ਚਾਹੀਦਾ ਹੈ ਕਿ ਨਾ ਕੋਈ ਕਦੇ ਹੋਰ ਹੋਲੋਕਾਸਟ ਦੁਹਰਾਇਆ ਜਾਵੇਗਾ ਨਾ ਹੀ ਕੋਈ ਗਾਜ਼ਾ।

# ਪਰਛਾਵਾਂ

## ਕਹਾਣੀ

ਹਰਦੇਵ ਨੂੰ ਕਈ ਰਾਤਾਂ ਦਾ ਉਨੀਂਦਰਾ ਸੀ। ਉਹ ਕਈ ਦਿਨਾਂ ਤੋਂ ਬੇਚੈਨ ਸੀ। ਦਿਨ ਵੇਲੇ ਹੋਰ ਗੱਲ ਹੁੰਦੀ ਹੈ। ਏਧਰ-ਓਧਰ ਦੇਖ ਕੇ ਦਿਨ ਲੰਘ ਜਾਂਦੇ ਪਰ ਰਾਤ ਨੂੰ ਇਕੱਲੇ ਬਿਸਤਰੇ 'ਚ ਪੈ ਕੇ ਸੋਚੀਂ ਪੈ ਜਾਣਾ, ਇਕ ਛੋਟੀ ਜਿਹੀ ਰਾਤ ਨੂੰ ਯੁੱਗ ਜੇਡੀ ਬਣਾ ਦਿੰਦਾ ਆ। ਬੀਤੀ ਰਾਤ ਉਸਨੇ ਲਗਾਤਾਰ ਛੱਤ ਵੱਲ ਵੇਖਦਿਆਂ ਲੰਘਾਈ। ਉਹ ਗੱਲਾਂ ਕਰਨਾ ਚਾਹੁੰਦਾ ਸੀ। ਪਰ ਕੀਹਦੇ ਨਾਲ ਕਰੇ? ਉਸਦੀਆਂ ਅੱਖਾਂ ਮੂਹਰੇ ਛੱਤ ਹੀ ਤਾਂ ਸੀ ਜਿਸ ਨੂੰ ਉਹ ਸੰਬੋਧਨ ਕਰਕੇ ਕੁਝ ਆਖ ਸਕਦਾ, ਛੱਤ 'ਤੇ ਬਿਜਲੀ ਦੇ ਤਿੰਨ ਪਰਾਂ ਵਾਲੇ ਪੱਖੇ ਤੋਂ ਸਿਵਾ ਹੋਰ ਕੁਝ ਵੀ ਨਹੀਂ ਸੀ। ਪੱਖੇ ਦੇ ਪਰਾਂ ਨੂੰ ਉਹ ਅਣਗਿਣਤ ਵਾਰੀ ਗਿਣ ਚੁੱਕਾ ਸੀ। ਇਕ ਵਾਰ ਫਿਰ ਉਸਨੇ ਪੱਖੇ ਦੇ ਪਰ ਗਿਣੇ ਪਰ ਉਹ ਤਿੰਨ ਹੀ ਰਹੇ।



ਕਮਰੇ ਵਿਚ ਭਾਵੇਂ ਦੋ ਕੁਰਸੀਆਂ ਕੰਧ ਦੇ ਨਾਲ ਪਈਆਂ ਸਨ ਪਰ ਉਨ੍ਹਾਂ ਉਪਰ ਬੈਠਣ ਵਾਲਾ ਕਦੇ ਕੋਈ ਨਹੀਂ

**ਸੁਰਿੰਦਰ ਗੀਤ**
403 605-3734

ਸੀ ਆਇਆ। ਉਸਦਾ ਚਿੱਤ ਤਾਂ ਕਰਦਾ ਸੀ ਕਿ ਕੋਈ ਆਵੇ, ਕੁਰਸੀ 'ਤੇ ਬੈਠੇ ਤੇ ਫਿਰ ਕੁਰਸੀ ਖਿੱਚ ਕੇ ਉਹਦੇ ਮੰਜੇ ਨਾਲ ਆ ਜੋੜੇ। ਤਿੰਨ ਸਾਲਾਂ ਵਿਚ ਤਾਂ ਕਦੇ ਕੋਈ ਨਹੀਂ ਸੀ ਆਇਆ ਅਤੇ ਅਗਾਂਹ ਨੂੰ ਕਿਸੇ ਦੇ ਆਉਣ ਦੀ ਕੋਈ ਆਸ ਵੀ ਨਹੀਂ ਸੀ। ਜੇ ਕੋਈ ਭੁੱਲਾ ਚੁੱਕਾ ਕਮਰੇ ਵਿਚ ਆ ਵੀ ਜਾਂਦਾ ਤਾਂ ਖੜ੍ਹਾ ਖੜ੍ਹਾ ਹੀ ਮੁੜ ਜਾਂਦਾ। ਹਰਦੇਵ ਆਪਣੇ ਹੱਥ ਅੱਗੇ ਨੂੰ ਕਰਦਾ ਤੇ ਅਗਲਾ ਤੁਰਦਾ ਬਣਦਾ। ਹਰਦੇਵ ਦੀ ਸੋਚੀ ਗੱਲ ਉਸਦੇ ਸੰਘ ਵਿਚ ਹੀ ਫਸੀ ਰਹਿ ਜਾਂਦੀ।

ਉਸਨੂੰ ਖੰਘ ਛਿੜ ਗਈ। ਸ਼ਾਇਦ ਸੰਘ 'ਚ ਅੜੀ ਕੋਈ ਗੱਲ ਉਸਦੇ ਕੁਰਕਰੀ ਕਰਨ ਲੱਗ ਪਈ ਸੀ। ਉਸਨੂੰ ਯਾਦ ਆਇਆ ਕਿ ਕੁਝ ਦਿਨ ਪਹਿਲਾਂ ਦੁਪਹਿਰੇ ਜਿਹੇ ਉਸਦੇ ਮਾਮੇ ਦੇ ਵੱਡੇ ਮੁੰਡੇ ਦਾ ਪੁੱਤ ਜਾਣੀਂ ਮਾਮੇ ਦਾ ਪੋਤਾ ਆਇਆ ਸੀ। ਉਸ ਨੂੰ ਦੇਖ ਕੇ ਉਹ ਇਕ ਦਮ ਉੱਠ ਕੇ ਬੈਠ ਗਿਆ। ਆਮ ਕਰਕੇ ਉੱਠ ਕੇ ਬੈਠਣ ਲਈ ਉਸ ਨੂੰ ਕਿਸੇ ਸਹਾਰੇ ਦੀ ਲੋੜ ਪੈਂਦੀ ਸੀ ਪਰ ਓਦਣ ਉਹ ਉੱਠ ਬੈਠਾ ਸੀ ਬਿਨਾਂ ਕਿਸੇ ਸਹਾਰੇ ਦੇ। ਹਾਲੇ ਬੈਠਿਆ ਹੀ ਸੀ ਕਿ ਉਸਦੇ ਮਾਮੇ ਦਾ ਪੋਤਾ ਇਹ ਕਹਿ ਚਲਦਾ ਬਣਿਆ ਕਿ ਅੱਜ ਮੈਂ ਬਹੁਤ ਬਿਜ਼ੀ ਹਾਂ। ਫਿਰ ਕਿਸੇ ਦਿਨ ਆਵਾਂਗਾ।

ਉਹ ਤਾਂ ਇਹ ਦੇਖਣ ਆਇਆ ਸੀ ਕਿ ਕਦੋਂ ਕੁ ਇਸਦੇ ਮਰਨ ਦੀ ਆਸ ਹੋ ਸਕਦੀ ਹੈ। ਉਸ ਦੇ ਮਰਨ ਬਾਅਦ ਹੀ ਉਸਨੇ ਉਹਦੇ ਚਾਰ ਕਿੱਲਿਆਂ ਦਾ ਮਾਲਕ ਬਣਨਾ ਸੀ।

ਹਰਦੇਵ ਦੀਆਂ ਨਜ਼ਰਾਂ ਓਨੀ ਦੇਰ ਉਸਦੀ ਆਵਾਜ਼ ਦਾ ਪਿੱਛਾ ਕਰਦੀਆਂ ਰਹੀਆਂ ਜਿੰਨਾ ਚਿਰ ਸਫ਼ਾਈ ਕਰਨ ਵਾਲੀ ਕੁੜੀ ਉਸਦੇ ਕਮਰੇ 'ਚੋਂ ਗਾਰਬੇਜ ਚੁੱਕਣ ਨਹੀਂ ਆਈ। ਗਾਰਬੇਜ ਕੈਨ ਦੇ ਖੜਕੇ ਨਾਲ ਮਾਮੇ ਦੇ ਪੋਤੇ ਦੀ ਆਵਾਜ਼ ਦਾ ਪਿੱਛਾ ਕਰਦੀਆਂ ਉਸਦੀਆਂ ਨਜ਼ਰਾਂ ਪਿਛਾਂਹ ਮੁੜੀਆਂ।

ਉਸਦੇ ਆਉਣ ਨਾਲ ਹਰਦੇਵ ਬੇਚੈਨ ਜਿਹਾ ਹੋ ਗਿਆ। "ਕੀ ਉਹ ਸੱਚੀਂ ਆਇਆ ਸੀ ਜਾਂ ਉਸਨੂੰ ਅੱਧ-ਸੁੱਤੇ ਜਿਹੇ ਨੂੰ ਸੁਪਨਾ ਆਇਆ ਸੀ...? ਇਸ ਤਰ੍ਹਾਂ ਤਾਂ ਕੋਈ ਨੀ ਆਉਂਦਾ....ਚੱਲ! ਏਨਾ ਹੀ ਬੜਾ ਹੈ ਕਿ ਕੋਈ ਆਇਆ ਤਾਂ ਸਹੀ..!" ਅੱਖਾਂ ਭਰ ਆਈਆਂ ਪਰ ਉਸਨੇ ਹੰਝੂ ਅੰਦਰੋਂ-ਅੰਦਰ ਪੀ ਲਏ।

ਬੈੱਡ ਨਾਲ ਲਟਕਦੀ ਘੰਟੀ ਕਈ ਵਾਰ ਖੜਕਾਈ। ਹਰ ਵਾਰ ਨਰਸ ਭੱਜੀ-ਭੱਜੀ ਆਈ ਤੇ ਅੱਗੋਂ ਹਰਦੇਵ ਨੂੰ ਚੰਗਾ ਭਲਾ ਦੇਖ ਕੇ ਵਾਪਿਸ ਚਲੀ ਗਈ। ਤੜਕੇ ਦੋ ਵਜੇ ਉਸਨੇ ਫਿਰ ਘੰਟੀ ਖੜਕਾਈ ਤਾਂ ਨਰਸ ਨੇ ਆ ਕੇ ਉਸਦਾ ਬਲੱਡ ਪਰੈਸ਼ਰ ਤੇ ਸਰੀਰ ਦਾ ਤਾਪਮਾਨ ਜਾਣੀਂ ਬੁਖ਼ਾਰ ਦੇਖਿਆ ਤੇ ਬੋਲੀ,"ਅੰਕਲ ਜੀ! ਤੁਸੀਂ ਠੀਕ ਠਾਕ ਹੋ। ਬਲੱਡ ਪਰੈਸ਼ਰ ਠੀਕ ਹੈ, ਬੁਖ਼ਾਰ ਵਗੈਰਾ ਵੀ ਨਹੀਂ ਹੈ... ਮੈਂ ਤੁਹਾਨੂੰ ਨੀਂਦ ਦੀ ਗੋਲੀ ਦੇ ਦਿੰਨੀ ਆਂ ਤੇ ਆਰਾਮ ਨਾਲ ਸੌਂ ਜਾਵੋ।"

ਨਰਸ ਪੰਜਾਬੀ ਮੁਟਿਆਰ ਸੀ। ਉਹ ਪੰਜਾਬੀ ਬਜ਼ੁਰਗਾਂ ਨੂੰ ਅੰਕਲ ਜੀ ਕਹਿ ਕੇ ਬੁਲਾਇਆ ਕਰਦੀ ਸੀ। ਉਸ ਤੋਂ ਸਿਵਾ ਹੋਰ ਵੀ ਪੰਜਾਬੀ ਕੁੜੀਆਂ ਜਿਹੜੀਆਂ ਬਜ਼ੁਰਗਾਂ ਲਈ ਬਣੇ ਇਸ ਕੇਅਰ ਸੈਂਟਰ ਵਿਚ ਕੰਮ ਕਰਦੀਆਂ ਸਨ, ਪੰਜਾਬੀ ਰਿਵਾਇਤ ਅਨੁਸਾਰ ਬਜ਼ੁਰਗਾਂ ਨੂੰ ਬਾਪੂ ਜੀ ਜਾਂ ਅੰਕਲ ਜੀ ਆਖਦੀਆਂ ਅਤੇ ਪੰਜਾਬੀ 'ਚ ਹੀ ਗੱਲਬਾਤ ਕਰਦੀਆਂ। ਪੰਜਾਬੀ ਬਜ਼ੁਰਗ ਔਰਤਾਂ ਨੂੰ ਉਹ ਅੰਟੀ ਜੀ ਜਾਂ ਬੀਜੀ ਆਖ ਦਿੰਦੀਆਂ। ਇਸ ਕੇਅਰ ਸੈਂਟਰ ਵਿਚ ਬਹੁਤੇ ਪੰਜਾਬੀ ਬਜ਼ੁਰਗ ਸਨ ਅਤੇ ਪੰਜਾਬੀਆਂ ਦੀ ਦੇਖ-ਭਾਲ ਸੌਖੀ ਅਤੇ ਯਕੀਨੀ ਬਣਾਉਣ ਲਈ ਪੰਜਾਬੀ ਨਰਸਾਂ ਨੂੰ ਵੱਡੀ ਗਿਣਤੀ ਵਿਚ ਭਰਤੀ ਕੀਤਾ ਹੋਇਆ ਸੀ।

ਨਰਸ ਨੇ ਹਰਦੇਵ ਨੂੰ ਨੀਂਦ ਦੀ ਗੋਲੀ ਦਿੱਤੀ ਤੇ ਉਸਦੇ ਉਪਰਲਾ ਕੰਬਲ ਚੰਗੀ ਤਰ੍ਹਾਂ ਉਸਦੇ ਦੁਆਲੇ ਲਪੇਟ ਕੇ ਕਹਿਣ ਲੱਗੀ "ਲਓ ਅੰਕਲ ਜੀ ਸੌਂ ਜਾਓ। ਹੁਣ ਤੁਹਾਨੂੰ ਨੀਂਦ ਆ ਜਾਣੀ ਆ।"

ਜਾਣ ਲੱਗੀ ਨੇ ਹਰਦੇਵ ਦੇ ਮੱਥੇ 'ਤੇ ਹੱਥ ਫੇਰਿਆ ਤੇ ਬੱਚਿਆਂ ਵਾਂਗ ਥੋੜ੍ਹਾ ਚਿਰ ਉਸ ਨੂੰ ਥਾਪੜਦੀ ਰਹੀ।

ਹਰਦੇਵ ਫਿਰ ਵੀ ਕਾਫ਼ੀ ਦੇਰ ਤੱਕ ਜਾਗਦਾ ਰਿਹਾ। ਦਿਨੇ ਵੱਡੇ ਹਾਲ ਵਿਚ ਵੀਲ੍ਹ ਚੇਅਰ 'ਤੇ ਧੁੱਪੇ ਬੈਠਿਆਂ ਉਸਨੇ ਜੋ ਪਰਛਾਵਾਂ ਜਿਹਾ ਦੇਖਿਆ ਸੀ ਉਹ ਉਸਨੂੰ ਤੰਗ ਕਰ ਰਿਹਾ ਸੀ। ਕੌਣ ਸੀ ਉਹ? ਕੋਈ ਸੀ ਜਾਂ ਵੈਸੇ ਹੀ ਭੁਲੇਖਾ ਪਿਆ ਸੀ? ਇਸ ਸਵਾਲ ਦਾ ਉਹ ਆਪੇ ਜਵਾਬ ਕੱਢ ਲੈਂਦਾ ਤੇ ਮਿਟਾ ਵੀ ਦਿੰਦਾ। ਉਹ ਉਧੇੜ ਬੁਣ 'ਚ ਫਸਿਆ ਪਿਆ ਸੀ।

ਵਾਰ-ਵਾਰ ਆਪਣੇ ਆਪ ਨੂੰ ਇਹ ਕਹਿ ਕੇ ਤਸੱਲੀ ਦੇਣ ਦੀ ਕੋਸ਼ਿਸ਼ ਕਰਦਾ, "ਮੈਨੂੰ ਕਿਹੜਾ ਕੋਈ ਦਿਸਿਆ ਸੀ। ਪਰਛਾਵੇਂ ਦਾ ਭੁਲੇਖਾ ਪਿਆ ਸੀ। ਜੇਕਰ ਉਹ ਪਰਛਾਵਾਂ ਸੀ ਤਾਂ ਖ਼ਬਰੇ ਕਿਸ ਦਾ ਪਰਛਾਵਾਂ ਸੀ। ਸ਼ੀਸ਼ੇ ਵਿਚ ਬਾਹਰੋਂ ਵੀ ਕਿਸੇ ਦਾ ਹੋ ਸਕਦਾ ਹੈ! ਐਵੇਂ ਹੀ ਮੈਂ ਪਰਛਾਵੇਂ ਪਿੱਛੇ ਭੱਜਿਆ ਫਿਰਦਾ ਆਂ।"

ਫਿਰ ਉਸਨੂੰ ਲੱਗਦਾ ਜਿਵੇਂ ਉਹ ਪਾਗਲ ਹੋ ਗਿਆ ਹੋਵੇ। "ਕਿਤੇ ਸੱਚੀਂ ਤਾਂ ਮੈਂ ਪਾਗਲ ਨਹੀਂ! ਪਾਗਲ ਹੋ ਵੀ ਸਕਦਾਂ। ਪਰ ਮੈਨੂੰ ਤਾਂ ਸਾਰੀ ਸੁਰਤ ਆ। ਮੈਂ ਤਾਂ ਸਭ ਨੂੰ ਪਹਿਚਾਣਦਾ ਆਂ। ਮੇਰੀ ਕੋਈ ਹਰਕਤ ਵੀ ਪਾਗਲਾਂ ਵਰਗੀ ਨਹੀਂ। ਬੱਸ ਏਨਾ ਹੈ ਕਿ ਮੈਂ ਉਸ ਪਰਛਾਵੇਂ ਨਾਲ ਗੱਲਾਂ ਕਰੀ ਜਾ ਰਿਹਾਂ।" ਉਸਨੇ ਆਪਣੇ ਆਪ ਨੂੰ ਕਿਹਾ।

ਤੜਕੇ ਜਿਹੇ ਆ ਕੇ ਉਸ ਦੀ ਅੱਖ ਲੱਗੀ ਹੀ ਸੀ ਕਿ ਸਵੇਰ ਵਾਲੀ ਨਰਸ ਨੇ ਆ ਕੇ ਜਗਾ ਦਿੱਤਾ।

"ਗੁੱਡ ਮਾਰਨਿੰਗ ਅੰਕਲ!" ਕਹਿ ਕੇ ਆਪਣੀਆਂ ਬਾਹਾਂ ਦਾ ਸਹਾਰਾ ਦੇ ਕੇ ਉਸਨੇ ਹਰਦੇਵ ਨੂੰ ਬੈਡ 'ਤੇ ਬਿਠਾਇਆ ਤੇ ਪੈਂਦ ਵੱਲ ਜਾ ਕੇ ਲੋਹੇ ਦਾ ਲੀਵਰ ਘੁਮਾ ਕੇ ਸਿਰਹਾਣੇ ਵਾਲੇ ਪਾਸਿਓਂ ਬੈੱਡ ਨੂੰ ਥੋੜ੍ਹਾ ਜਿਹਾ ਉਪਰ ਚੁੱਕਿਆ, ਬੈੱਡ ਨਾਲ ਪਏ ਟੇਬਲ ਨੂੰ ਉਸ ਕੋਲ ਨੂੰ ਖਿੱਚ ਕੇ, ਉਸ ਉਪਰ ਬਰੇਕਫਾਸਟ ਵਾਲੀ ਟ੍ਰੇਅ ਰੱਖ ਦਿੱਤੀ ਤੇ 'ਇਨਜੁਆਏ ਯੂਅਰ ਬਰੇਕਫਾਸਟ' ਕਹਿ ਕੇ ਚਲੀ ਗਈ।

ਨਾ ਚਾਹੁੰਦੇ ਹੋਏ ਵੀ ਹਰਦੇਵ ਨੇ ਟ੍ਰੇਅ ਉੱਤੋਂ ਢੱਕਣ ਚੁੱਕਿਆ ਤੇ ਬਰੇਕਫਾਸਟ ਵੱਲ ਦੇਖਣ ਲੱਗਾ। ਤਕਰੀਬਨ-ਤਕਰੀਬਨ ਕੱਲ੍ਹ ਵਾਲਾ ਹੀ ਸਭ ਕੁਝ ਸੀ। ਅੰਡਾ, ਫ਼ਰੂਟ ਤੇ ਉਹੀ ਦਲੀਆ। ਅੱਜ ਤਾਂ ਉਸਦਾ ਦਿਲ ਪਰੌਂਠਾ ਖਾਣ ਨੂੰ ਕਰਦਾ ਸੀ। ਕਈ ਦਿਨ ਹੋ ਗਏ ਸਨ ਪਰੌਂਠਾ ਖਾਧੇ ਨੂੰ। ਕੇਅਰ ਸੈਂਟਰ ਵਿਚ ਨਵੇਂ ਆਏ ਉਸਦੇ ਨਾਲ ਦੇ ਸਾਥੀ ਦੇ ਘਰੋਂ ਕੋਈ ਪਕਾ ਕੇ ਲਿਆਇਆ ਸੀ ਤੇ ਉਸਨੇ ਇਕ ਪਰੌਂਠਾ ਹਰਦੇਵ ਸਿੰਘ ਨੂੰ ਦੇ ਦਿੱਤਾ ਸੀ। ਉਹ ਬਜ਼ੁਰਗ ਕੇਵਲ ਇਕ ਦਿਨ ਹੀ ਉਸਦੇ ਕਮਰੇ ਵਿਚ ਰਿਹਾ ਸੀ ਤੇ ਦੂਸਰੇ ਹੀ ਦਿਨ ਉਸਨੂੰ ਦੂਸਰੀ ਯੂਨਿਟ ਵਿਚ ਭੇਜ ਦਿੱਤਾ ਗਿਆ। ਪਤਾ ਨਹੀਂ ਕਿਉਂ? ਜੇਕਰ ਏਥੇ ਹੀ ਰਹਿੰਦਾ ਤਾਂ ਕਿਤੇ ਫਿਰ ਵੀ ਉਸਨੂੰ ਪਰੌਂਠਾ ਮਿਲ ਜਾਂਦਾ!

ਆਲੂਆਂ ਵਾਲਾ ਪਰੌਂਠਾ ਯਾਦ ਕਰਕੇ ਉਸਦੇ ਮੂੰਹ ਵਿਚ ਪਾਣੀ ਭਰ ਆਇਆ। ਆਲੂਆਂ ਵਾਲਾ ਪਰੌਂਠਾ ਚੰਗਾ ਲੂਣ-ਮਿਰਚ ਵਾਲਾ ਕਰਾਰਾ ਜਿਹਾ ਕਿਸੇ ਸਚਿਆਰੇ ਹੱਥਾਂ ਦਾ ਬਣਿਆ ਹੋਇਆ। ਉਸਨੂੰ ਮਹਿਸੂਸ ਹੋਇਆ ਕਿ ਬਿਲਕੁਲ ਏਸੇ ਸਵਾਦ ਵਰਗਾ ਪਰੌਂਠਾ ਉਸਨੇ ਕਿਤੇ ਪਹਿਲਾਂ ਖਾਧਾ ਸੀ। ਪਰੌਂਠੇ ਦਾ ਸਵਾਦ ਮੂੰਹ ਵਿਚ ਲਈ ਉਸਨੇ ਬਰੇਕਫਾਸਟ ਖਾਣਾ ਸ਼ੁਰੂ ਕੀਤਾ ਪਰ ਉਸਨੂੰ ਸਵਾਦ ਨਾ ਲੱਗਾ।

ਉਸਦਾ ਚਿੱਤ ਕੀਤਾ ਕਿ ਉਸਨੂੰ ਉਹ ਬਜ਼ੁਰਗ ਫਿਰ ਮਿਲ ਜਾਵੇ ਤੇ ਉਹ ਉਸਨੂੰ ਆਪਣੇ ਘਰੋਂ ਆਏ ਪਰੌਂਠਿਆਂ 'ਚੋਂ ਮਲਕੜੇ ਜਿਹੇ ਇਕ ਪਰੌਂਠਾ ਉਸਨੂੰ ਫੜਾ ਦੇਵੇ। ਆਲੂਆਂ ਵਾਲੇ ਪਰੌਂਠੇ ਤਾਂ ਉਸਦੀ ਜਾਨ ਸਨ।

ਅੱਧ-ਪਚੱਧਾ ਜਿਹਾ ਬਰੇਕਫਾਸਟ ਖਾ ਕੇ ਉਹ ਵਾਪਿਸ ਬਿਸਤਰੇ 'ਤੇ ਪੈ ਗਿਆ। ਉਸਦਾ ਚਿੱਤ ਹੋਰ ਸੌਣ ਨੂੰ ਕਰਦਾ ਸੀ... ਪਰ ਉਸਦੀ ਨੀਂਦ ਪਤਾ ਨੀ ਕਿੱਧਰ ਖੰਭ ਲਾ ਕੇ ਉੱਡ ਗਈ। ਉਹ ਅੱਜ ਆਪਣੇ ਆਸੇ-ਪਾਸੇ ਕੁਝ ਵੀ ਦੇਖਣਾ ਨਹੀਂ ਸੀ ਚਾਹੁੰਦਾ। ਉਹ ਆਪਣੇ ਆਪ ਨਾਲ ਹੀ ਰਹਿਣਾ ਚਾਹੁੰਦਾ ਸੀ। ਉਹ ਗੱਲਾਂ ਕਰਨਾ ਚਾਹੁੰਦਾ ਸੀ। ਆਪਣੇ ਆਪ ਨਾਲ। ਬੀਤ ਚੁੱਕੇ ਕਲ੍ਹ ਤੋਂ ਤਾਂ ਉਸਨੂੰ ਸ਼ਰਮ ਆ ਰਹੀ ਸੀ। ਇਸ ਲਈ ਉਹ ਉਸਨੂੰ ਯਾਦ ਨਹੀਂ ਸੀ ਕਰਨਾ ਚਾਹੁੰਦਾ। ਆਉਣ ਵਾਲਾ ਕਲ੍ਹ ਧੁੰਦਲਾ ਜਿਹਾ ਸੀ। ਉਸਦਾ ਕੋਈ ਭਰੋਸਾ ਨਹੀਂ ਸੀ।

ਉਸਨੇ ਬੈਡ ਦੇ ਨਾਲ ਲਟਕਦੀ ਕਾਲ ਬੈਲ ਦੱਬੀ। ਨਰਸ ਭੱਜੀ-ਭੱਜੀ ਆਈ।

"ਕੀ ਗੱਲ ਹੈ ਅੰਕਲ ਜੀ?" ਨਰਸ ਨੇ ਪਿਆਰ ਨਾਲ ਪੁੱਛਿਆ।

"ਪੁੱਤ ਮੈਨੂੰ ਨੀਂਦ ਦੀ ਗੋਲੀ ਦੇ ਦੇ।"

"ਅੰਕਲ ਜੀ! ਹੋਰ ਗੋਲੀ ਇਸ ਵੇਲੇ ਨਹੀਂ ਮਿਲ ਸਕਦੀ। ਰਾਤ ਨੂੰ ਹੀ ਤੁਹਾਨੂੰ ਨੀਂਦ ਵਾਲੀ ਗੋਲੀ ਦੇਣੀ ਹੈ।"

ਏਨਾ ਆਖ ਉਹ ਚਲੀ ਗਈ। ਪਰ ਜਾਂਦੀ-ਜਾਂਦੀ ਉਸਦਾ ਕੰਬਲ ਉਸਦੇ ਦੁਆਲੇ ਚੰਗੀ ਤਰ੍ਹਾਂ ਲਪੇਟ ਗਈ।

ਹਰਦੇਵ ਨੇ ਹਾਲੇ ਆਪਣੇ ਦੁਆਲੇ ਚੰਗੀ ਤਰ੍ਹਾਂ ਲਪੇਟੇ ਕੰਬਲ ਵਿਚ ਸੌਣ ਦਾ ਯਤਨ ਹੀ ਕੀਤਾ ਸੀ ਕਿ ਦੋ ਨਰਸਾਂ ਹੱਸਦੀਆਂ-ਹੱਸਦੀਆਂ ਉਸਦੇ ਕਮਰੇ ਵਿਚ ਦਾਖਲ ਹੋਈਆਂ।

ਇਕ ਨੇ ਉਸਨੂੰ ਜ਼ਰਾ ਕੁ ਹਲੂਣਿਆ ਤੇ ਕਿਹਾ, "ਅੰਕਲ ਜੀ! ਕੀ ਗੱਲ ਅੱਜ ਤੁਹਾਡਾ ਬਰੇਕਫਾਸਟ ਵੀ ਓਸੇ ਤਰ੍ਹਾਂ ਪਿਆ ਹੈ। ਜੇ ਕਹੋ ਤਾਂ ਐਪਲ ਜੂਸ ਲਿਆ ਦੇਵਾਂ!"

ਹਰਦੇਵ ਕੁਝ ਨਾ ਬੋਲਿਆ। ਉਸਨੇ ਇਕ ਲੰਬਾ ਜਿਹਾ ਹਾਉਕਾ ਲਿਆ ਤੇ ਨਰਸ ਵੱਲ ਦੇਖਣ ਲੱਗ ਪਿਆ। ਨਰਸ ਨੇ ਸੋਚਿਆ ਕਿ ਉਹ ਉਸਨੂੰ ਕੁਝ ਦੱਸਣਾ ਚਾਹੁੰਦਾ ਹੈ।

ਨਰਸ ਨੇ ਪਲ ਭਰ ਲਈ ਉਸਦੀਆਂ ਅੱਖਾਂ ਵੱਲ ਦੇਖਿਆ ਤੇ ਬੋਲੀ, "ਅੰਕਲ ਜੀ ਤੁਹਾਡੀਆਂ ਅੱਖਾਂ ਵੀ ਅੱਜ ਲਾਲ ਹਨ।"

"ਨਹੀਂ ਪੁੱਤ...ਮੈਨੂੰ ਕੁਝ ਨਹੀਂ ਚਾਹੀਦਾ। ਬਸ ਐਵੇਂ ਦਿਲ ਉਦਾਸ ਜਿਹਾ ਹੈ। ਕਈ ਦਿਨਾਂ ਤੋਂ ਨਾ ਨੀਂਦ ਆਉਂਦੀ ਆ ਤੇ ਨਾ ਹੀ ਚੈਨ। ਹੱਡ ਪੈਰ ਟੁੱਟਦੇ ਰਹਿੰਦੇ ਨੇ...?"- ਹਰਦੇਵ ਸਿੰਘ ਨੇ ਮਸਾਂ ਹੀ ਮੂੰਹੋਂ ਕੱਢਿਆ।

ਦੂਸਰੀ ਨਰਸ ਕੁੜੀ ਹਰਦੇਵ ਸਿੰਘ ਦਾ ਪਿੰਡਾ ਟੋਂਹਦਿਆਂ ਕਹਿਣ ਲੱਗੀ, "ਅੰਕਲ ਜੀ ਚੱਲੋ ਤੁਹਾਨੂੰ ਇਸ਼ਨਾਨ ਕਰਵਾ ਦਿੰਦੇ ਹਾਂ ਤੇ ਫਿਰ ਤੁਸੀਂ ਧੁੱਪੇ ਬੈਠ ਜਾਣਾ।"

ਹਰਦੇਵ ਸਿੰਘ ਦਾ ਨਹਾਉਣ ਲਈ ਜੀਅ ਨਹੀਂ ਸੀ ਕਰਦਾ ਪਰ ਉਸਨੇ ਨਾ ਹਾਂ ਕਹੀ ਤੇ ਨਾ ਹੀ ਨਾਂਹ। ਉਹ ਨਾਂਹ ਕਰ ਵੀ ਦਿੰਦਾ ਤਾਂ ਵੀ ਤਾਂ ਕੋਈ ਫ਼ਰਕ ਨਹੀਂ ਸੀ ਪੈਣਾ। ਉਨ੍ਹਾਂ ਨੇ ਆਪਣੀ ਡਿਊਟੀ ਨੂੰ ਮੱਦੇਨਜ਼ਰ ਰੱਖਦਿਆਂ ਉਸਨੂੰ ਨਹਿਲਾ ਦੇਣਾ ਸੀ। ਦੋਨਾਂ ਨਰਸ ਕੁੜੀਆਂ ਨੇ ਮਸ਼ੀਨ ਦੀ ਮਦਦ ਨਾਲ



ਉਸਦੀ ਭਾਰੀ ਦੇਹ ਨੂੰ ਵ੍ਹੀਲ ਚੇਅਰ ਵਿਚ ਬਿਠਾਇਆ ਤੇ ਵਾਸ਼ਰੂਮ ਵਿਚ ਲੈ ਗਈਆਂ। ਚੰਗੀ ਤਰ੍ਹਾਂ ਨਵਾ ਕੇ ਧੋਤੇ ਕੱਪੜੇ ਪਵਾ ਦਿੱਤੇ।

ਇਕ ਨਰਸ ਕੁੜੀ ਉਸਦੇ ਬੈੱਡ ਦੀਆਂ ਚਾਦਰਾਂ ਬਦਲਣ ਲੱਗ ਪਈ ਤੇ ਦੂਸਰੀ ਨਰਸ ਉਸਦੀ ਖਿਲਰੀ ਦਾੜ੍ਹੀ ਵਿਚ ਕੰਘੀ ਫੇਰਨ ਲੱਗ ਪਈ। ਉਸਦੇ ਹੱਥਾਂ ਪੈਰਾਂ 'ਤੇ ਲੋਸ਼ਨ ਲਾਇਆ, ਨਹੁੰ ਕੱਟੇ ਤੇ ਪਾਣੀ ਵਰਗੀ ਦਵਾਈ ਦੀ ਇਕ ਇਕ ਬੂੰਦ ਦੋਨਾਂ ਅੱਖਾਂ ਵਿਚ ਪਾ ਦਿੱਤੀ। ਉਸਦੀ ਵ੍ਹੀਲ ਚੇਅਰ ਵੱਡੇ ਮੇਨ ਹਾਲ ਵਿਚ ਬਾਰੀ ਕੋਲ ਲਿਆ ਖੜ੍ਹੀ ਕੀਤੀ। ਉਸਨੂੰ ਪਤਾ ਸੀ ਕਿ ਹਰਦੇਵ ਨੂੰ ਧੁੱਪ ਬਹੁਤ ਚੰਗੀ ਲੱਗਦੀ ਹੈ।

ਕਹਿਣ ਨੂੰ ਤਾਂ ਹਰਦੇਵ ਧੁੱਪੇ ਬੈਠਾ ਸੀ ਪਰ ਉਸਦਾ ਧੁੱਪ ਵੱਲ ਜ਼ਰਾ ਵੀ ਧਿਆਨ ਨਹੀਂ ਸੀ। ਬਸ ਏਨਾ ਹੀ ਸੀ ਕਿ ਨਰਸ ਉਸਨੂੰ ਓਥੇ ਬਿਠਾ ਗਈ ਸੀ। ਭਾਵੇਂ ਉਸਦੇ ਸਾਹਮਣੇ ਟੀ.ਵੀ. ਚੱਲ ਰਿਹਾ ਸੀ ਪਰ ਦੇਖ ਨਹੀਂ ਸੀ ਰਿਹਾ। ਉਹ ਤਾਂ ਆਪਣੀ ਬੁੱਕਲ 'ਚ ਹੀ ਆਪਣਾ ਸਿਰ ਸੁੱਟੀ ਬੈਠਾ ਸੀ। ਅੱਜ ਸਵੇਰੇ-ਸਵੇਰੇ ਉਸ ਪਰੌਂਠੇ ਦੀ ਯਾਦ ਉਸਨੂੰ ਸਤਾ ਰਹੀ ਸੀ। ਉਸਦਾ ਚਿੱਤ ਕਰਦਾ ਸੀ ਪਰਸੋਂ ਵਰਗੇ ਆਲੂਆਂ ਦੇ ਪਰੌਂਠੇ ਕੋਈ ਉਸਨੂੰ ਦੇ ਜਾਵੇ ਪਰ ਉਹ ਬਜ਼ੁਰਗ ਨੂੰ ਤਾਂ ਕਿਸੇ ਹੋਰ ਪਾਸੇ ਸ਼ਿਫ਼ਟ ਕਰ ਦਿੱਤਾ ਹੈ। ਖ਼ਬਰੇ ਉਹ ਕਦੇ ਉਸਨੂੰ ਮਿਲੇ ਜਾਂ ਨਾ ਮਿਲੇ। ਉਹ ਤਾਂ ਉਸਦਾ ਨਾਂ ਵੀ ਨਹੀਂ ਜਾਣਦਾ।

ਅਚਾਨਕ ਕੋਈ ਪਰਛਾਵਾਂ ਵ੍ਹੀਲ ਚੇਅਰ ਦੇ ਕੋਲੋਂ ਦੀ ਲੰਘ ਕੇ ਗਿਆ। ਉਸਨੇ ਏਧਰ-ਓਧਰ ਦੇਖਣਾ ਸ਼ੁਰੂ ਕੀਤਾ। ਸੋਚਣ ਲੱਗਾ ਕਿ ਸ਼ਾਇਦ ਉਸਦੇ ਮਨ ਦਾ ਭੁਲੇਖਾ ਹੋਵੇ। ਕੋਈ ਵੀ ਤਾਂ ਨਹੀਂ ਦਿਸਿਆ।

ਉਸਦਾ ਚਿੱਤ ਕੀਤਾ ਕਿ ਉਹ ਆਪਣੀ ਵ੍ਹੀਲ ਚੇਅਰ ਨੂੰ ਓਧਰ ਨੂੰ ਮੋੜ ਲਵੇ ਤੇ ਉਸ ਪਰਛਾਵੇਂ ਦਾ ਪਿੱਛਾ ਕਰੇ। ਪਰ ਉਹ ਅਜਿਹਾ ਨਹੀਂ ਸੀ ਕਰ ਸਕਦਾ। ਨਰਸ ਵ੍ਹੀਲ ਚੇਅਰ ਦੇ ਪਹੀਆਂ ਨੂੰ ਲਾਕ ਲਾ ਗਈ ਸੀ। ਸੇਫ਼ਟੀ ਦੇ ਪੱਖੋਂ ਇਸ ਤਰ੍ਹਾਂ ਕਰਨਾ ਜ਼ਰੂਰੀ ਸੀ। ਉਸਨੂੰ ਜਾਪਿਆ ਕਿ ਪਰਸੋਂ ਵੀ ਉਹ ਏਥੇ ਬੈਠਾ ਸੀ ਜਦੋਂ ਕੋਈ ਲੰਘ ਕੇ ਗਿਆ ਸੀ। ਉਹ ਪਰਛਾਵਾਂ ਅੱਜ ਦੇ ਪਰਛਾਵੇਂ ਵਰਗਾ ਹੀ ਸੀ।

ਏਨੇ ਨੂੰ ਇਕ ਪੰਜਾਬੀ ਔਰਤ ਇਕ ਅੱਧਖੜ ਉਮਰ ਦੇ ਮਰਦ ਨੂੰ ਵ੍ਹੀਲ ਚੇਅਰ 'ਤੇ ਲਿਆਈ ਤੇ ਹਰਦੇਵ ਦੀ ਵ੍ਹੀਲ ਚੇਅਰ ਤੋਂ ਦੂਸਰੇ ਪਾਸੇ ਕੁਝ ਦੂਰੀ 'ਤੇ ਉਸਦੀ ਵ੍ਹੀਲ ਚੇਅਰ ਖੜ੍ਹੀ ਕਰ ਦਿੱਤੀ ਤੇ ਬੜੇ ਪਿਆਰ ਤੇ ਸਿਦਕ ਨਾਲ ਉਹ ਉਸ ਦੇ ਵਾਲਾਂ ਵਿਚ ਹੱਥ ਫੇਰਨ ਲੱਗ ਪਈ। ਗੱਲ ਕੀ ਉਹ ਔਰਤ ਸਾਰੀ ਦੀ ਸਾਰੀ ਉਸ ਆਦਮੀ ਦੀ ਸੇਵਾ ਵਿਚ ਸਮਰਪਿਤ ਸੀ। ਫਿਰ ਉਸ ਔਰਤ ਨੇ ਉਸਦੇ ਮੋਢੇ ਘੁੱਟਣੇ ਸ਼ੁਰੂ ਕਰ ਦਿੱਤੇ। ਹਰਦੇਵ ਲਗਾਤਾਰ ਉਸਦੇ ਹੱਥਾਂ ਤੇ ਉਂਗਲਾਂ ਨੂੰ ਨਿਹਾਰਦਾ ਰਿਹਾ।

ਉਸਦਾ ਚਿੱਤ ਕੀਤਾ ਕਿ ਕੋਈ ਉਸਦੇ ਵਾਲਾਂ ਵਿਚ ਵੀ ਹੱਥ ਫੇਰੇ।

ਉਹ ਉਸਦਾ ਚਿਹਰਾ ਨਹੀਂ ਸੀ ਦੇਖ ਸਕਦਾ ਕਿਉਂਕਿ ਉਹਦਾ ਮੂੰਹ ਦੂਸਰੇ ਪਾਸੇ ਨੂੰ ਸੀ।

ਉਸ ਔਰਤ ਨੂੰ ਦੇਖ ਕੇ ਹਰਦੇਵ ਦੀਆਂ ਅੱਖਾਂ 'ਚੋਂ ਦੋ ਹੰਝੂ ਕਿਰ ਕੇ ਉਸ ਦੀ ਕਰੜ- ਬਰੜ ਅੱਧੀ ਕਾਲੀ ਤੇ ਅੱਧੀ ਚਿੱਟੀ ਦਾੜ੍ਹੀ 'ਤੇ ਆ ਟਿਕੇ ਤੇ ਜਿਵੇਂ ਹੀ ਉਸਨੇ ਆਪਣੇ ਹੱਥਾਂ ਨਾਲ ਅੱਖਾਂ ਪੂੰਝੀਆਂ, ਉਸ ਦੀਆਂ ਅੱਖਾਂ ਮੂਹਰੇ ਉਸਦੀ ਜ਼ਿੰਦਗੀ ਦੀ ਫ਼ਿਲਮ ਚੱਲ ਪਈ।

ਹਰਦੇਵ ਸਿੰਘ ਦੀਆਂ ਅੱਖਾਂ ਮੂਹਰੇ ਆਪਣੇ ਮਾਂ-ਬਾਪ ਦੀ ਸ਼ਕਲ-ਸੂਰਤ ਘੁੰਮਣ ਲੱਗੀ। ਉਸਦੇ ਦਾਦੇ-ਪੜਦਾਦੇ ਦੀ ਨਾਲ ਦੇ ਪਿੰਡ 'ਚ ਦੁਸ਼ਮਣੀ ਸੀ ਅਤੇ ਇਸ ਦੁਸ਼ਮਣੀ ਤੋਂ ਉਪਜੀ ਇਕ ਲੜਾਈ ਵਿਚ ਉਸਦੇ ਪਿਉ ਦਾ ਕਤਲ ਹੋ ਗਿਆ। ਹਰਦੇਵ ਦੀ ਮਾਂ ਚਰਨ ਕੌਰ ਉਸਨੂੰ ਦੱਸਿਆ ਕਰਦੀ ਸੀ ਉਹ ਓਦੋਂ ਕੇਵਲ ਚਾਰ ਸਾਲਾਂ ਦਾ ਸੀ। ਮਾਂ ਆਪਣੇ ਪੁੱਤ ਨੂੰ ਆਪਣੀ ਬੁੱਕਲ ਵਿਚ ਲੈ, ਆਪਣੇ ਪੇਕੇ ਚਲੀ ਗਈ। ਉਹ ਹਰ ਹਾਲਤ ਵਿਚ ਆਪਣੇ ਪੁੱਤ ਨੂੰ ਦੁਸ਼ਮਣੀ ਦੀ ਅੱਗ ਤੋਂ ਬਚਾਉਣਾ ਚਾਹੁੰਦੀ ਸੀ। ਉਹ ਨਹੀਂ ਸੀ ਚਾਹੁੰਦੀ ਕਿ ਦੁਸ਼ਮਣਾਂ ਦੇ ਪਿੰਡੋਂ ਕੋਈ ਫਲੂਹਾ ਉੱਡ ਕੇ ਆਵੇ ਤੇ ਉਸਦੇ ਵਿਹੜੇ ਵਿਚ ਡਿੱਗੇ। ਉਹ ਆਪਣੇ ਪੁੱਤ ਨੂੰ ਕੁਕੜੀ ਵਾਂਗ ਆਪਣੇ ਖੰਭਾਂ ਵਿਚ ਲਕੋਈ ਫਿਰਦੀ ਰਹਿੰਦੀ। ਹਰਦੇਵ ਦੇ ਬਾਪ ਦੇ ਹਿੱਸੇ ਚਾਰ ਕਿੱਲੇ ਆਉਂਦੇ ਸਨ। ਉਨ੍ਹਾਂ ਚਾਰ ਕਿੱਲਿਆਂ ਦਾ ਮਾਮਲਾ ਚਰਨ ਕੌਰ ਆਏ ਸਾਲ ਸਹੁਰਿਆਂ ਤੋਂ ਲੈ ਆਉਂਦੀ ਤੇ ਆਪਣੇ ਭਰਾਵਾਂ ਦੀ ਤਲੀ 'ਤੇ ਟਿਕਾ ਦਿੰਦੀ। ਏਨੇ ਨਾਲ ਉਹ ਤੇ ਉਸਦਾ ਪੁੱਤ ਆਰਾਮ ਨਾਲ ਰਹੀ ਜਾਂਦੇ। ਹਰਦੇਵ ਸੱਤਵੀਂ 'ਚ ਪੜ੍ਹਦਾ ਸੀ ਜਦੋਂ ਚਰਨ ਕੌਰ ਨੂੰ ਕਿਸੇ ਚੰਦਰੇ ਰੋਗ ਦਾ ਵਲ੍ਹੇਟਾ ਪੈ ਗਿਆ। ਉਹ ਮੰਜੇ ਨਾਲ ਹੀ ਜੁੜ ਗਈ। ਹਰਦੇਵ ਦੇ ਮਾਮਿਆਂ ਨੇ ਜਿੰਨਾ ਸਰਦਾ ਸੀ ਇਲਾਜ ਕਰਵਾਇਆ ਪਰ ਕਿਤੋਂ ਵੀ ਜ਼ਿੰਦਗੀ ਦੀ ਖ਼ੈਰ ਨਾ ਪਈ ਤੇ ਓੜਕ ਨੂੰ ਛੇ-ਸੱਤ ਮਹੀਨਿਆਂ ਦੇ ਅੰਦਰ-ਅੰਦਰ ਹੀ ਉਹ ਰੱਬ ਨੂੰ ਪਿਆਰੀ ਹੋ ਗਈ। ਪਰ ਜਾਂਦੀ-ਜਾਂਦੀ ਉਹ ਚਾਰ ਕਿੱਲੇ ਆਪਣੇ ਪੁੱਤ ਹਰਦੇਵ ਦੇ ਨਾਂ ਕਰਵਾ ਗਈ।

ਨਾਨਕੇ ਰਹਿ ਕੇ ਹੀ ਹਰਦੇਵ ਨੇ ਲਾਗਲੇ ਕਾਲਜ ਤੋਂ ਬਾਰ੍ਹਾਂ ਜਮਾਤਾਂ ਕੀਤੀਆਂ। ਉਨ੍ਹਾਂ ਦਿਨਾਂ ਵਿਚ ਜਵਾਨ ਜਹਾਨ ਮੁੰਡਿਆਂ ਵਿਚ ਕੈਨੇਡਾ, ਅਮਰੀਕਾ ਜਾਣ ਦਾ ਰੁਝਾਨ ਪੂਰੇ ਜ਼ੋਰਾਂ 'ਤੇ ਸੀ। ਬਹੁਤੇ ਵਿਜ਼ੀਟਰ ਹੀ ਜਾਂਦੇ ਸਨ ਤੇ ਕੁਝ ਚਿਰ ਬਾਅਦ ਪੱਕੇ ਹੋ ਜਾਂਦੇ। ਹਰਦੇਵ ਦੇ ਮਾਮਿਆਂ ਨੇ ਵੀ ਕਿਸੇ ਏਜੰਟ ਨਾਲ ਗੱਲਬਾਤ ਕਰ ਕੇ ਉਸਨੂੰ ਵੈਨਕੂਵਰ ਵੱਲ ਨੂੰ ਜਾਂਦੇ ਜਹਾਜ਼ ਵਿਚ ਚਾੜ੍ਹ ਦਿੱਤਾ ਤੇ ਉਹ ਓਥੇ ਆਪਣੇ ਵਾਂਗ ਵਿਜ਼ੀਟਰ ਆਏ ਆਪਣੇ ਦੋਸਤਾਂ ਦੀ ਢਾਣੀ ਵਿਚ ਜਾ ਰਲਿਆ।

ਅੱਜ ਤੋਂ ਤੀਹ ਸਾਲ ਪਹਿਲਾਂ ਜਦੋਂ ਉਹ ਕੈਨੇਡਾ ਦੀ ਇਮੀਗ੍ਰੇਸ਼ਨ ਲੈ ਕੇ ਭਾਰਤ ਵਿਆਹ ਕਰਵਾਉਣ ਗਿਆ ਸੀ ਤਾਂ ਉਸਨੇ ਘੱਟੋ-ਘੱਟ ਦਸ ਕੁੜੀਆਂ ਦੇਖੀਆਂ ਸਨ। ਦੱਸ ਤਾਂ ਹੋਰ ਵੀ ਬਥੇਰੀਆਂ ਦੀ ਪਈ ਪਰ ਉਸਦੀਆਂ ਅੱਖਾਂ ਨੇ ਜਿਵੇਂ ਹੀ ਗੁਰਮੀਤ ਨੂੰ ਦੇਖਿਆ ਤਾਂ ਉਹ ਓਥੇ ਹੀ ਟਿਕ ਗਈਆਂ। ਹੋਰ ਕਿਸੇ ਵੱਲ ਝਾਕਣ ਦੀ ਉਸਨੂੰ ਕੋਈ ਜ਼ਰੂਰਤ ਹੀ ਨਾ ਪਈ।

ਉੱਚੀ ਲੰਬੀ, ਸੋਹਣੇ ਦਿਲ ਖਿੱਚਵੇਂ ਨੈਣ ਨਕਸ਼, ਲੰਬੇ ਘੁੰਗਰਾਲੇ ਵਾਲ ਤੇ ਛਾਂਟਵੇਂ ਸਰੀਰ ਦੀ ਗੁਰਮੀਤ ਨੂੰ ਦੇਖਣ 'ਤੇ ਕਿਹੜਾ ਮਾਂ ਦਾ ਪੁੱਤ ਉਸਦੇ ਚਿਹਰੇ ਤੋਂ ਆਪਣੀਆਂ ਨਜ਼ਰਾਂ ਹਟਾ ਸਕਦਾ ਸੀ। ਗੁਰਮੀਤ ਤਾਂ ਜਾਣੋ ਉਸਦੇ ਧੁਰ ਅੰਦਰ ਉੱਤਰ ਗਈ। ਗੁਰਮੀਤ ਦੇ ਸੁਹੱਪਣ ਨੇ ਮਾਂ-ਪਿਓ ਦੀ ਗਰੀਬੀ ਛੁਪਾ ਲਈ। ਹਰਦੇਵ ਨੂੰ ਇਸ ਗੱਲ ਦਾ ਖ਼ਿਆਲ ਵੀ ਨਾ ਰਿਹਾ ਕਿ ਗੁਰਮੀਤ ਦੇ ਬਾਪ ਕੋਲ ਤਿੰਨ-ਚਾਰ ਕਿੱਲੇ ਹੀ ਹਨ ਅਤੇ ਉਸਨੂੰ ਮੂੰਹ ਮੰਗਿਆ ਦਾਜ-ਦਹੇਜ ਵੀ ਨਹੀਂ ਮਿਲਣਾ। ਉਸ ਸਮੇਂ ਉਸਨੂੰ ਗੁਰਮੀਤ ਦੀ ਸੋਹਣੀ ਸੂਰਤ ਹੀ ਦਿਖਾਈ ਦੇ ਰਹੀ ਸੀ। ਉਸਨੇ ਦੇਖਣ ਸਾਰ ਹੀ ਗੁਰਮੀਤ ਦੇ ਰਿਸ਼ਤੇ ਲਈ 'ਹਾਂ' ਕਰ ਦਿੱਤੀ। ਭਾਵੇਂ ਉਸਦੇ ਮਾਮੇ ਨੇ ਇਸ਼ਾਰਾ ਤਾਂ ਕੀਤਾ ਸੀ ਕਿ ਤੈਨੂੰ ਇਨ੍ਹਾਂ ਕੋਲੋਂ ਮਿਲਣਾ ਮੁਲਣਾ ਕੱਖ ਨਹੀਂ। ਹੋਰ ਕੁੜੀਆਂ ਦੇਖ ਲੈ, ਸ਼ਾਇਦ ਕੋਈ ਵੱਡਾ ਘਰ ਮਿਲ ਜਾਵੇ। ਉਸ ਸਮੇਂ ਹਰਦੇਵ ਲਈ ਗੁਰਮੀਤ ਦੀ ਖ਼ੂਬਸੂਰਤੀ ਹੀ ਸਭ ਕੁਝ ਸੀ। ਹਰਦੇਵ ਨੇ ਕਿਸੇ ਦੀ ਨਾ ਸੁਣੀ।

ਹਰਦੇਵ ਵਿਆਹ ਕਰਵਾ ਕੇ ਕੈਨੇਡਾ ਵਾਪਿਸ ਆ ਗਿਆ। ਗੁਰਮੀਤ ਦਾ ਅਪਲਾਈ ਕਰ ਦਿੱਤਾ ਤੇ ਉਹ ਵੀ ਕੁਝ ਮਹੀਨਿਆਂ ਵਿਚ ਹਰਦੇਵ ਕੋਲ ਆ ਗਈ। ਉਹ ਕੈਨੇਡਾ ਕੀ ਆਈ, ਉਸਦੀ ਜ਼ਿੰਦਗੀ ਦਾ ਪੁੱਠਾ ਗੇੜਾ ਸ਼ੁਰੂ ਹੋ ਗਿਆ। ਹਰਦੇਵ ਦੇ ਮਾਮੇ ਨੇ ਆਪਣੇ ਛੋਟੇ ਮੁੰਡੇ ਜਿੰਦਰ ਦੇ ਰਿਸ਼ਤੇ ਦੀ ਗੱਲ ਗੁਰਮੀਤ ਦੀ ਛੋਟੀ ਭੈਣ ਹਰਜੀਤ ਨਾਲ ਛੇੜ ਲਈ। ਮਾਮਾ ਕਹੇ ਆਪਣੇ ਸਹੁਰਿਆਂ ਦਾ ਅਪਲਾਈ ਕਰ। ਆਪਣੇ ਸੱਸ ਸਹੁਰੇ ਨਾਲ ਆਪਣਾ ਸਾਲਾ ਤੇ ਸਾਲੀ ਮੰਗਵਾ ਕੇ ਦੋਨਾਂ ਦੀਆਂ ਜ਼ਿੰਦਗੀਆਂ ਸਾਨੂੰ ਸੌਂਪ ਦੇ। ਕੁੜੀ ਦਾ ਰਿਸ਼ਤਾ ਮੇਰੇ ਮੁੰਡੇ ਨਾਲ ਕਰ ਤੇ ਮੁੰਡੇ ਦਾ ਰਿਸ਼ਤਾ ਮੇਰੇ ਸਾਲੇ ਦੀ ਕੁੜੀ ਨਾਲ ਕਰਵਾ ਦੇ।

ਗੁਰਮੀਤ ਦੇ ਘਰਦਿਆਂ ਨੂੰ ਇਹ ਗੱਲ ਮਨਜ਼ੂਰ ਨਹੀਂ ਸੀ। ਗੁਰਮੀਤ ਦੀ ਭੈਣ ਹਰਜੀਤ ਨੇ ਤਾਂ ਕੋਰੀ ਨਾਂਹ ਕਰ ਦਿੱਤੀ। ਉਸਨੂੰ ਜਿੰਦਰ ਤਾਂ ਉੱਕਾ ਹੀ ਪਸੰਦ ਨਹੀਂ ਸੀ। ਰਾਹ ਜਾਂਦੀਆਂ ਕੁੜੀਆਂ ਦੀਆਂ ਚੁੰਨੀਆਂ ਲਾਹੁਣੀਆਂ ਉਸਦੇ ਵੈਲਪੁਣੇ ਦਾ ਮਨਭਾਉਂਦਾ ਸ਼ੌਕ ਸੀ। ਇਕ ਦਿਨ ਉਸਦੀ ਕਾਲਜ ਜਾਂਦੀ ਸਹੇਲੀ ਨੂੰ ਜਿੰਦਰ ਨੇ ਆਪਣੇ ਮਸ਼ਟੰਡੇ ਦੋਸਤਾਂ ਨਾਲ ਰਲ ਕੇ ਰਾਹ ਵਿਚ ਘੇਰ ਲਿਆ। ਪਤਾ ਨਹੀਂ ਉਸ ਨਾਲ ਕੀ ਹੁੰਦਾ ਜੇ ਕੋਈ ਭਲੇ ਬੰਦਿਆਂ ਦੀ ਕਾਰ ਓਧਰੋਂ ਦੀ ਨਾ ਲੰਘਦੀ। ਉਹ ਉਸ ਮੁੰਡੇ ਨਾਲ ਵਿਆਹ ਕਰਵਾਉਣ ਲਈ ਕਿਵੇਂ ਰਾਜ਼ੀ ਹੋ ਸਕਦੀ

*(ਬਾਕੀ ਅਗਲੇ ਸਫੇ 'ਤੇ)*

# ਚੇਤਿਆਂ 'ਚ ਵੱਸਿਆ ਹਰਭਜਨ ਸੋਹੀ ਅਤੇ ਇਨਕਲਾਬੀ ਨਕਸਲੀ ਲਹਿਰ ਦਾ ਰੋਮਾਂਸ-3

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

**ਇਸ ਲੇਖ ਵਿਚ ਅਤਰਜੀਤ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਪੰਜਾਬ ਅੰਦਰ ਨਕਸਲੀ ਲਹਿਰ ਦੇ ਉਸ ਮੁਢਲੇ ਦੌਰ ਵਿਚ ਹੀ ਪਾਰਟੀ ਦਾ ਇਕ ਭਾਰੀ ਧਿਰ ਹਥਿਆਰਬੰਦ ਘੋਲ ਦੇ ਨਾਂ 'ਤੇ ਕਾਮਰੇਡ ਚਾਰੂ ਮੌਜ਼ਮਦਾਰ ਦੀ ਜਮਾਤੀ ਦੁਸ਼ਮਣਾਂ ਦੇ ਸਫਾਏ ਦੀ ਲਾਈਨ ਅਪਣਾ ਕੇ ਕਿਸ ਤਰ੍ਹਾਂ ਸਵੈ-ਆਤਮਘਾਤੀ ਨੀਤੀ ਦਾ ਸ਼ਿਕਾਰ ਹੋਣ ਲਗ ਪਈ ਸੀ। ਇਹ ਲਾਈਨ ਅਗੋਂ ਕਿਸ ਕਿਸਮ ਦੇ ਭੰਬਲਭੂਸ ਨੂੰ ਜਨਮ ਦੇ ਰਹੀ ਸੀ। ਪ੍ਰੋ. ਹਰਭਜਨ ਸੋਹੀ ਤੇ ਉਸਦੇ ਚੰਦ ਸਾਥੀ ਲਹਿਰ ਨੂੰ ਅਜਿਹੇ ਕੁਰਾਹੇ ਪੈਣ ਤੋਂ ਰੋਕਣ ਦੀ ਵਾਹ ਤਾਂ ਬਥੇਰੀ ਲਾ ਰਹੇ ਸੀ, ਪਰੰਤੂ ਉਨ੍ਹਾਂ ਦੀ ਉਨ੍ਹਾਂ ਤੱਤ-ਪੜੱਤੇ ਦਿਨਾਂ ਵਿਚ ਬਹੁਤੀ ਕੋਈ ਵਾਹ-ਪੇਸ਼ ਬਹੁਤੀ ਜਾ ਨਹੀਂ ਰਹੀ ਸੀ।**

ਚਾਰੂ ਗਰੁੱਪ ਦੇ ਸਾਥੀ ਮੇਰੇ ਉੱਪਰ ਹਾਵੀ ਹੋ ਗਏ, ਕਿਉਂਕਿ ਰਾਜਨੀਤਕ ਸੂਝ ਤੋਂ ਤਾਂ ਮੈਂ ਕੋਰਾ ਹੀ ਸਾਂ, ਬੇਸ਼ੱਕ ਅੱਜ ਵੀ ਕੋਈ ਵੱਡਾ ਦਾਅਵਾ ਨਹੀਂ ਕਰਦਾ ਕਿ ਮੈਂ ਰਾਜਨੀਤਕ ਤੌਰ 'ਤੇ ਪਰਪੱਕ ਹੋ ਗਿਆ ਹਾਂ। ਇਸ ਰਾਜਨੀਤਕ ਗੁੱਟਬੰਦੀ ਦੌਰਾਨ ਹਾਕਮ ਸਮਾਓਂ ਦੁਆਰਾ ਤਿਆਰ ਕੀਤੇ ਗੁਰੀਲੇ, ਐਕਸ਼ਨ ਤੇ ਐਕਸ਼ਨ ਕਰ ਕੇ ਮਾਹੌਲ ਨੂੰ ਗਰਮਾ ਰਹੇ ਸਨ। ਇਸੇ ਸਮੇਂ ਦੌਰਾਨ ਚਾਰੂ ਮੌਜ਼ੂਮਦਾਰ ਨੇ ਸੀ.ਪੀ.ਆਈ.(ਐਮ.ਐਲ.) ਦੀ ਸਥਾਪਨਾ ਦਾ ਐਲਾਨ ਕਰ ਦਿੱਤਾ। ਆਂਧਰਾ ਪ੍ਰਦੇਸ਼ ਤੋਂ ਲੋਕ ਸਭਾ ਮੈਂਬਰ ਕਾਮਰੇਡ ਨਾਗੀ ਰੈਡੀ ਨੇ ਇਸ ਕਾਰਵਾਈ ਨੂੰ ਕਾਹਲੀ ਵਿਚ ਚੁੱਕਿਆ ਕਦਮ ਕਿਹਾ

ਅਤਰਜੀਤ

ਤੇ ਤਾਲਮੇਲ ਕਮੇਟੀਆਂ ਬਣਾਉਣ ਨੂੰ ਤਰਜੀਹ ਦਿੱਤੀ। ਸਾਰੇ ਰਾਜਾਂ ਵਿਚ ਬਣੀਆਂ ਤਾਲਮੇਲ ਕਮੇਟੀਆਂ ਦੁਆਰਾ ਆਪਸੀ ਵਿਚਾਰ-ਵਟਾਂਦਰਾ ਕਰ ਕੇ ਪਾਰਟੀ ਦੀ ਸਥਾਪਨਾ ਦਾ ਰਾਹ ਖੋਲ੍ਹਣਾ ਸੀ। ਇਸ ਤੋਂ ਉਲਟ ਕਾਮਰੇਡ ਚਾਰੂ ਮੌਜ਼ੂਮਦਾਰ ਦਾ ਆਪਹੁਦਰੇ ਤਰੀਕੇ ਨਾਲ ਹੀ ਪਾਰਟੀ ਐਲਾਨ ਦਾ ਤੀਰ ਤਾਂ ਕਮਾਣ ਵਿਚੋਂ ਨਿੱਕਲ ਚੁੱਕਾ ਸੀ, ਜਿਸ ਦੇ ਵਿਰੋਧ ਵਿਚ ਕਾ. ਹਰਭਜਨ ਸੋਹੀ ਗਰੁੱਪ ਨੇ ਕਾ. ਨਾਗੀ ਰੈਡੀ ਵਾਲੀ ਪੁਜ਼ੀਸ਼ਨ ਨੂੰ ਸਵੀਕਾਰ ਕਰ ਲਿਆ ਅਤੇ ਜਨਤਕ ਜੱਥੇਬੰਦੀਆਂ ਉਸਾਰ ਕੇ ਮਜ਼ਬੂਤ ਲਹਿਰ ਉਸਾਰਨ ਦੀ ਵਕਾਲਤ ਕੀਤੀ।

ਮੈਂ ਦੁਚਿੱਤੀ ਵਿਚ ਕਦੇ ਸੋਹੀ ਵੱਲ ਵੇਖਦਾ ਤੇ ਕਦੇ ਹਾਕਮ ਸਮਾਓਂ ਦੀ ਜੁਝਾਰ ਲਹਿਰ ਵੱਲ। ਏਸੇ ਦੁਚਿੱਤੀ ਵਿਚ ਹੀ ਮੈਨੂੰ ਜਗਦੇਵ ਪਿੰਡ ਮਹਿਮੂਆਣੇ ਕਾਮਰੇਡ ਅਜੀਤ ਸਿੰਘ ਦੇ ਘਰ ਲੈ ਗਿਆ। ਅਜੀਤ ਸਿੰਘ ਬਹੁਤ ਹੀ ਗਰੀਬ ਕਿਸਾਨ ਸੀ। ਉੱਥੇ ਮੈਨੂੰ ਧੱਕੇ ਨਾਲ ਹੀ ਬਠਿੰਡਾ ਜ਼ਿਲ੍ਹੇ ਦਾ ਸਕੱਤਰ ਥਾਪ ਦਿੱਤਾ, ਭਾਵੇਂ ਮੈਂ ਅੰਤ ਤੱਕ ਇਸ ਦਾ ਵਿਰੋਧ ਵੀ ਕਰਦਾ ਰਿਹਾ। ਮੈਂ ਕਿਸੇ ਐਕਸ਼ਨ ਵਿਚ ਪਾ ਕੇ ਭੂਮੀਗਤ ਗੁਰੀਲਿਆਂ ਨਾਲ ਰਲਾਉਣ ਦੀ ਵਿਉਂਤ ਬਣ ਰਹੀ ਸੀ। ਉੱਥੋਂ ਹੀ ਅਜੀਤ ਸਿੰਘ ਮਹਿਮੂਆਣੇ ਨੇ ਆਪਣਾ ਖ਼ਰਾਬ ਹੋਇਆ ਰਿਵਾਲਵਰ ਅਤੇ ਤਿੰਨ ਹੋਰ ਰਿਵਾਲਵਰ ਮੇਰੇ ਹਵਾਲੇ ਕਰ ਕੇ ਕਿਹਾ-ਏਸ ਨੂੰ ਕਿਸੇ ਮਿਸਤਰੀ ਕੋਲੋਂ ਠੀਕ ਕਰਵਾ ਲਈਂ। ਮੈਂ ਉਹ ਰਿਵਾਲਵਰ ਰਾਮਪੁਰਾ ਫੂਲ ਦੇ ਮਿਸਤਰੀ ਗੱਜਾ ਸਿੰਘ ਨੂੰ ਦਿਖਾਇਆ, ਜਿਸ ਨੇ ਦੱਸ ਦਿੱਤਾ ਸੀ ਕਿ ਇਹ ਠੀਕ ਨਹੀਂ ਹੋ ਸਕਦਾ।

ਚਾਰੂ ਦੀ ਲਾਈਨ ਮੁਤਾਬਿਕ ਮੈਂ ਕਾਮਰੇਡ ਭੋਲਾ ਗੁਰੂ ਸਰ ਤੇ ਸੱਤਪਾਲ ਭਾਰਤੀ ਨਾਲ ਕਲਿਆਣਾ ਦੇ ਇਲਾਕੇ ਵਿਚ ਲੋਕਾਂ ਦੀਆਂ ਮੀਟਿੰਗਾਂ ਕਰਵਾਉਂਦਾ ਰਿਹਾ। ਦਿਨ ਛਿਪਦੇ ਨਾਲ ਵਿੰਗੀ ਜਿਹੀ ਪੱਗ ਅਤੇ ਚਾਦਰੇ ਵਿਚ ਮੈਂ ਉਨ੍ਹਾਂ ਦੇ ਨਾਲ ਨਿੱਕਲ ਤੁਰਦਾ। ਕਲਿਆਣ ਮੱਲ ਕੀ ਦੇ ਡੇਰੇ ਦੀ ਫ਼ਾਲਤੂ ਪਈ ਜ਼ਮੀਨ ਤੇ ਇੱਕ ਵੱਡੀ ਭਿੱਤੀ ਨੂੰ ਸਾਫ਼ ਕਰ ਕੇ ਕਬਜ਼ਾ ਕਰਨ ਦਾ ਪ੍ਰੋਗਰਾਮ ਉਲੀਕਿਆ ਜਾ ਰਿਹਾ ਸੀ। ਅੱਠ-ਦਸ ਪਿੰਡਾਂ ਵਿਚ ਬੇਜ਼ਮੀਨੇ ਕਿਸਾਨਾਂ ਦੀਆਂ ਮੀਟਿੰਗਾਂ ਕਰਵਾਈਆਂ ਜਾ ਚੁੱਕੀਆਂ ਸਨ। ਵਿਹੜਿਆਂ ਦੇ ਲੋਕ ਲੜਨ-ਮਰਨ ਨੂੰ ਤਿਆਰ ਜਾਪਦੇ ਸਨ।

ਪੂਰੀ ਤਿਆਰੀ ਹੋ ਚੁੱਕੀ ਸੀ। ਅਗਲੇ ਇੱਕ-ਦੋ ਦਿਨਾਂ ਵਿਚ ਹੀ ਢੋਲ ਦੇ ਡੱਗੇ 'ਤੇ ਬੇਜ਼ਮੀਨੇ ਕਿਸਾਨਾਂ ਨੇ ਭਿੱਤੀ 'ਤੇ ਕਬਜ਼ਾ ਕਰਨਾ ਸੀ ਕਿ ਹਰਭਜਨ ਸੋਹੀ ਤੇ ਮੇਘ ਰਾਜ ਕਲਿਆਣ ਸੁੱਖੇ ਮੇਰੇ ਕੋਲ ਆਏ। ਚਾਹ-ਪਾਣੀ ਪੀ ਕੇ ਕਹਿਣ ਲੱਗੇ-'ਕਰੀਂ ਜੋ ਮਰਜ਼ੀ ਪਰ ਪਾਰਟੀ ਲਾਈਨ ਵਿਚ ਬਹੁਤ ਵੱਡਾ ਘਚੋਲਾ ਪੈ ਗਿਆ ਹੈ। ਅਜੇ ਸਾਨੂੰ ਤਾਂ ਕੁੱਝ ਵੀ ਸਾਫ਼ ਦਿਖਾਈ ਨਹੀਂ ਦੇ ਰਿਹਾ। ਇਹ ਜ਼ਮੀਨ ਉੱਪਰ ਕਬਜ਼ਾ ਕਰਨ ਦਾ ਐਕਸ਼ਨ ਕਰਵਾ ਕੇ ਤੈਨੂੰ ਅੰਡਰਗਰਾਊਂਡ ਕਰਨ ਦੀ ਵਿਉਂਤ ਹੈ। ਅੰਡਰਗਰਾਊਂਡ ਹੋ ਕੇ ਵੀ ਕੁੱਝ ਨਹੀਂ ਨਿੱਕਲਣਾ। ਨੌਕਰੀ 'ਤੇ ਬਣੇ ਰਹਿਣ ਵਿਚ ਹੀ ਭਲਾਈ ਹੈ' ਮੈਂ ਸਹਿਮਤ ਹੋ ਕੇ ਅਗਲੇ ਦਿਨੀਂ ਇਕੱਲਾ ਹੀ ਸਾਰੇ ਪਿੰਡੀਂ ਸੁਨੇਹੇ ਲਾ ਦਿੱਤੇ ਕਿ ਜ਼ਮੀਨ ਉੱਪਰ ਕਬਜ਼ਾ ਕਰਨ ਦਾ ਪ੍ਰੋਗਰਾਮ ਰੱਦ ਹੋ ਗਿਆ ਹੈ।

ਕਿਉਂਕਿ ਮੈਂ ਸਾਥੀਆਂ ਵਿਚ ਵਿਸ਼ਵਾਸਪਾਤਰ ਸਾਂ, ਮੈਨੂੰ ਸੁਨੇਹਾ ਮਿਲਿਆ ਕਿ ਪਿੱਥੋ ਕਾਮਰੇਡ ਨਾਥੀ ਜ਼ੈਲਦਾਰ ਦੇ ਖੇਤ ਪਾਰਟੀ ਦਾ ਇਜਲਾਸ ਕਰਵਾਇਆ ਜਾ ਰਿਹਾ ਹੈ। ਰਾਤ ਦਾ ਸਮਾਂ ਮਿਥਿਆ ਗਿਆ ਸੀ। ਮੈਂ ਦਿਨ ਛਿਪਦੇ ਨਾਲ ਉੱਥੇ ਪਹੁੰਚ ਗਿਆ। ਲੱਕੜ ਦੀਆਂ ਪੌੜੀਆਂ ਚੜ੍ਹ ਕੇ ਚੁਬਾਰੇ ਵਿਚ ਇਕੱਤਰਤਾ ਹੋਣੀ ਸੀ। ਛੇ-ਸੱਤ ਜਣੇ ਇੱਕ ਪਾਸੇ ਜਿਹੇ ਬੈਠੇ ਆਪਸ ਵਿਚ ਕੋਈ ਗੱਲ ਕਰ ਰਹੇ ਦੋ-ਤਿੰਨ ਜਣਿਆਂ ਨੂੰ ਮੈਂ ਪਛਾਣਦਾ ਸਾਂ-ਹਰਭਜਨ ਸੋਹੀ, ਮੇਰਾ ਦਸਵੀਂ ਦਾ ਹਮਜਮਾਤੀ ਉਜਾਗਰ, ਸੱਤਪਾਲ ਭਾਰਤੀ, ਬਲਵੰਤ ਕੋਟਕਪੂਰਾ ਅਤੇ ਦੂਜੇ ਪਾਸੇ ਵਾਲੇ ਭੋਲਾ, ਜਗਦੇਵ, ਅਜੀਤ ਸਿੰਘ ਮਹਿਮੂਆਣਾ ਆਦਿ। ਸਾਰੀ ਰਾਤ ਵਿਚਾਰ ਚਰਚਾ ਹੁੰਦੀ ਰਹੀ। ਮੈਨੂੰ ਨੀਂਦ ਨੇ ਘੇਰੀ ਰੱਖਿਆ ਤੇ ਮੈਂ ਵਿਚਾਰ-ਚਰਚਾ ਸੁਣੀ ਹੀ ਨਹੀਂ ਸੀ ਸਕਿਆ। ਜਦੋਂ ਖ਼ਾਸਾ ਰੌਲਾ ਪੈ ਗਿਆ ਤਾਂ ਮੈਨੂੰ ਜਾਗ ਆ ਗਈ। ਹਰਭਜਨ ਗਰੁੱਪ ਕਹਿ ਰਿਹਾ ਸੀ ਕਿ ਹਾਕਮ ਸਮਾਓਂ ਹਾਜ਼ਰ ਨਹੀਂ ਹੋਇਆ। ਸ਼ਾਇਦ ਭੋਲਾ ਬੋਲਿਆ ਸੀ, ਉਹ ਹਥਿਆਰਾਂ ਦਾ ਪ੍ਰਬੰਧ ਕਰਨ ਗਿਆ ਹੋਇਐ। ਸੋਹੀ ਹੁਰਾਂ ਨੇ ਇਜਲਾਸ ਵਿਚ ਪਾਰਟੀ ਗਠਨ ਕਰਨ ਦਾ ਵਿਰੋਧ ਕੀਤਾ ਤਾਂ ਰੌਲਾ ਪੈ ਗਿਆ ਸੀ। ਇਹ ਸੱਤ ਜਣਿਆਂ ਦਾ ਗਰੁੱਪ ਸੀ। ਜਿਨ੍ਹਾਂ ਦਾ ਮੈਨੂੰ ਬਾਅਦ ਵਿਚ ਪਤਾ ਲੱਗਿਆ, ਹਰਦੇਵ ਭਗਤੂਆਣਾ ਜਿਸ ਨੂੰ ਹਰ ਕਹਿ ਕੇ ਬੁਲਾਇਆ ਜਾਂਦਾ ਸੀ, ਬਲਵੰਤ, ਠਾਣਾ ਆਦਿ। ਇਨ੍ਹਾਂ ਸੱਤਾਂ ਨੂੰ ਹੁਕਮ ਹੋਇਆ ਕਿ ਬਾਹਰ ਚਲੇ ਜਾਣ। ਜਦ ਉਹ ਉੱਠ ਕੇ ਬਾਹਰ ਜਾਣ ਲੱਗੇ ਤਾਂ ਕੋਈ ਜਣਾ ਉਨ੍ਹਾਂ ਦੇ ਨਾਲ ਹੀ ਚੱਲ ਪਿਆ, ਜਿਸ ਨੇ ਉਨ੍ਹਾਂ ਨੂੰ ਹੇਠਾਂ ਪਹਿਰੇ 'ਤੇ ਖੜ੍ਹੇ ਗੁਰੀਲਿਆਂ ਦੇ ਹਵਾਲੇ ਕਰ ਕੇ ਹਦਾਇਤ ਕੀਤੀ ਕਿ ਜਦ ਤੱਕ ਇਜਲਾਸ ਚੱਲਣਾ ਹੈ, ਇਨ੍ਹਾਂ ਨੂੰ ਆਪਣੀ ਨਿਗਰਾਨੀ ਵਿਚ ਬਿਠਾ ਕੇ ਰੱਖਣਾ ਹੈ। ਉਵੇਂ ਹੀ ਹੋਇਆ ਜਦੋਂ ਅਸੀਂ ਚੁਬਾਰੇ ਵਿਚੋਂ ਉੱਤਰੇ, ਉਨ੍ਹਾਂ ਨੂੰ ਜਾਣ ਦਿੱਤਾ ਗਿਆ।

1972 ਨੂੰ ਸ਼ਾਇਦ ਅਕਤੂਬਰ ਦਾ ਮਹੀਨਾ ਸੀ, ਲਹਿਰਾਂ ਦੇ ਗੱਦਾਰ ਜਗਦੇਵ ਮੰਡੇਰਨੇ (ਬੁਢਲਾਡਾ ਦੇ ਨਜ਼ਦੀਕ) ਦੀ ਮੁਖ਼ਬਰੀ ਕਾਰਨ ਮੇਰੀ ਗ੍ਰਿਫ਼ਤਾਰੀ ਹੋ ਗਈ। ਮੈਂ ਜਿਵੇਂ ਪੁਲਸੀਆਂ ਦੇ ਸਾਮ੍ਹਣੇ ਆਪ ਨੂੰ ਸਿੰਘ ਸੂਰਮਾ ਬਿਆਨ ਕਰਦਾ ਗਿਆ, ਡੀ. ਐੱਸ. ਪੀ. ਗੁਰਦਿਆਲ ਸਿੰਘ ਦੀ ਇੱਕੋ ਘੁਰਕੀ ਨੇ ਬੌਂਦਲਾ ਦਿੱਤਾ ਸਾਂ, ਜਦੋਂ ਉਸ ਨੇ ਕਿਹਾ ਸੀ-'ਉਹ ਰਿਵਾਲਵਰ ਲਿਆ, ਜਿਹੜਾ ਤੇਰੇ ਭਰਾ ਨੇ ਅਲਵਰ ਛਾਉਣੀ ਤੋਂ ਚੋਰੀ ਕਰ ਕੇ ਤੈਨੂੰ ਲਿਆ ਕੇ ਦਿੱਤਾ ਸੀ। ਨਾਲੇ ਅੰਦਰ ਜਾ ਕੇ ਆਪਣੇ ਰਿਸ਼ਤੇਦਾਰ ਨੂੰ ਮਿਲ ਲੈ।' ਸੁਣ ਕੇ ਮੈਨੂੰ ਕਾਂਬਾ ਹੀ ਤਾਂ ਛਿੜ ਗਿਆ ਸੀ।

ਅੱਠੱਤੀ ਬੋਰ ਦਾ ਬਹੁਤ ਹੀ ਵਧੀਆ ਕਿਸਮ ਦਾ ਅਮਰੀਕਨ ਰਿਵਾਲਵਰ ਮੇਰੇ ਭਰਾ ਬਲਵਿੰਦਰ ਨੇ ਅਸਲਾਖਾਨੇ ਦੀ ਸਫ਼ਾਈ ਕਰਦਿਆਂ ਚੁਰਾ ਕੇ ਪਰਾਤੀ ਵਿਚ ਛੁਪਾ ਦਿੱਤਾ ਸੀ ਤੇ ਮੈਨੂੰ ਉਸ ਦੀ ਚਿੱਠੀ ਆਈ ਕਿ ਕਬੂਤਰ ਮਾਰ ਲਿਆ ਹੈ। ਵੱਡੀ ਕੁਰਬਾਨੀ ਕੀਤੀ ਸੀ ਛੋਟੀ ਜਿਹੀ ਉਮਰ ਦੇ ਨੌਜੁਆਨ ਨੇ। ਜਗਦੇਵ ਉਸ ਰਿਵਾਲਵਰ ਉੱਪਰ ਅੱਖ ਰੱਖਣ ਲੱਗਿਆ ਸੀ। ਇੱਕ ਵਾਰ ਉਹ ਮੈਥੋਂ ਲੈ ਵੀ ਗਿਆ। ਜਦ ਮੈਂ ਮੁੜਵਾਉਣ ਗਿਆ ਤਾਂ ਉਹ ਕੁੱਝ ਔਖਾ-ਭਾਰਾ ਵੀ ਹੋਇਆ ਸੀ। ਫਿਰ ਵੀ ਉਸ ਨੂੰ ਚੈਨ ਨਹੀਂ ਸੀ ਆ ਰਹੀ। ਉਹ ਦੁਆਬੀਏ ਜਗਜੀਤ ਸੋਹਲ ਦੇ ਨਾਲ ਸਾਡੇ ਘਰ ਮੰਡੀ ਕਲਾਂ ਆ ਧਮਕਿਆ-'ਪਾਰਟੀ ਨੂੰ ਤੇਰੇ ਰਿਵਾਲਵਰ ਦੀ ਜ਼ਰੂਰਤ ਹੈ, ਇਹ ਇਸ ਕਾਮਰੇਡ ਦੇ ਹਵਾਲੇ ਕਰ ਦੇ। ਮੇਰੀ ਚੁੱਪ ਨੂੰ ਵੇਖ ਕੇ ਜਗਦੇਵ ਨੇ ਇੱਕ ਹੋਰ ਬੰਬ ਮੇਰੇ ਵੱਲ ਸੁੱਟਿਆ ਸੀ-'ਜੇ ਨਾ ਦਿੱਤਾ ਤਾਂ ਪਾਰਟੀ ਤੇਰੇ ਉੱਪਰ ਐਕਸ਼ਨ ਕਰਕੇ ਲੈ ਜਾਊਗੀ। ਸੱਚ-ਮੁੱਚ ਹੀ ਇਹ ਬੰਬ ਜਿਵੇਂ ਮੇਰੇ ਸਿਰ 'ਤੇ ਫਟ ਗਿਆ ਸੀ। ਮੈਂ ਅੰਦਰੋਂ ਕੱਢ ਕੇ ਰਿਵਾਲਵਰ ਉਨ੍ਹਾਂ ਦੇ ਹਵਾਲੇ ਕਰ ਦਿੱਤਾ। ਚੀਜ਼ ਹੱਥ ਆਉਂਦਿਆਂ ਉਹ ਬਾਹਰੋਂ ਹੀ ਮੁੜ ਗਏ।

ਡੀ. ਐੱਸ. ਪੀ. ਦਾ ਇਹ ਬੋਲਿਆ ਵੀ ਮੇਰੇ ਸਿਰ ਵਿਚ ਬੰਬ ਦੀ ਤਰ੍ਹਾਂ ਹੀ ਫਟਿਆ ਸੀ ਤੇ ਮੈਂ ਪਾਣੀ ਮੰਗਣ ਲੱਗ ਪਿਆ ਸਾਂ। ਸਾਡੇ ਪਿੰਡੋਂ ਬਹੁਤ ਸਾਰੇ ਲੋਕ ਮੇਰੇ ਮਗਰ ਆਏ ਸਨ, ਕਿਉਂਕਿ ਉਨ੍ਹੀਂ ਦਿਨੀਂ ਹਾਕਮ ਸਮਾਓਂ ਦੁਆਰਾ ਕੀਤੇ ਜਾ ਰਹੇ ਐਕਸ਼ਨਾਂ ਦੇ ਬਦਲੇ ਬਾਦਲ ਸਰਕਾਰ ਦੀ ਹੱਲਾਸ਼ੇਰੀ 'ਤੇ ਪੁਲਿਸ ਨੌਜੁਆਨਾਂ ਨੂੰ ਝੂਠੇ ਮੁਕਾਬਲਿਆਂ ਵਿਚ ਮਾਰੀ ਜਾ ਰਹੀ ਸੀ। ਮੇਰੀ ਹਾਲਤ ਵੇਖ ਕੇ ਪੰਚਾਇਤ ਨਾਲ ਆਏ ਸਾਡੇ ਪਿੰਡ ਦੇ ਹੀ ਸੁੱਚਾ ਸਿੰਘ ਦਾਨੂੰ ਨੇ ਕਹਿ ਦਿੱਤਾ- ਦੇ ਦੇ ਜੇ ਹੈਗਾ। ਕੇਸ ਤੇਰੇ 'ਤੇ ਹੀ ਪਊ ਤੇਰੇ ਭਰਾ 'ਤੇ ਨਹੀਂ ਪੈਂਦਾ। ਬਲਵਿੰਦਰ ਛੁੱਟੀ ਕੱਟਣ ਆਇਆ ਹੋਇਆ ਸੀ। ਜਦੋਂ ਉਸ ਦਾ ਨਾਂ ਹੀ ਆ ਗਿਆ ਤਾਂ ਉਸ ਨੂੰ ਵੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਸੀ। ਇਹ ਖ਼ਿਆਲ ਕਰਕੇ ਮੇਰੀ ਤਾਂ ਜ਼ੁਬਾਨ ਜਿਵੇਂ ਤਾਲੂਏ ਨਾਲ ਚਿਪਕਦੀ ਜਾ ਰਹੀ ਸੀ। ਮੈਂ ਆਪਣੇ ਤਾਏ ਬਖਤੌਰ ਸਿੰਘ ਨੂੰ ਇੱਕ ਪਾਸੇ ਲਿਜਾ ਕੇ ਕਿਹਾ-'ਫਲਾਣੇ ਪਿੰਡ ਫਲਾਣੇ ਮੁੰਡਿਆਂ ਦੇ ਖੇਤ ਵਿਚ ਭੋਲੇ ਹੁਰਾਂ ਦਾ ਅਸਲਾ ਦੱਬਿਆ ਪਿਆ ਹੈ, ਉਸ ਵਿਚ ਇੱਕ ਰਿਵਾਲਵਰ ਖ਼ਰਾਬ ਹੈ, ਉਹ ਲਿਆ ਦੇ।' ਮੇਰਾ ਤਾਇਆ ਅਗਲੇ ਦਿਨ ਡੋਲੂ ਵਿਚ ਪਾ ਕੇ ਜਿਵੇਂ ਕਿਸੇ ਗੁਰੂ ਘਰ ਦੁੱਧ ਦੇਣ ਚੱਲਿਆ ਹੋਵੇ, ਅਜੀਤ ਸਿੰਘ ਮਹਿਮੂਆਣੇ ਦਾ ਰਿਵਾਲਵਰ ਲੈ ਆਇਆ ਸੀ। ਵਾਰ-ਵਾਰ ਮੰਡੇਰਨਿਆਂ ਦੇ ਜਗਦੇਵ ਦਾ ਮਨਹੂਸ ਚਿਹਰਾ ਅੱਜ ਵੀ ਸਾਮ੍ਹਣੇ ਆ ਰਿਹਾ ਹੈ। ਉਸ ਨੂੰ ਵਾਰ ਵਾਰ ਸੀ.ਆਈ.ਏ. ਦੇ ਦਫ਼ਤਰ ਬੁਲਾਇਆ ਜਾਂਦਾ ਤੇ ਫਿਰ ਫੌਰੀ ਬਾਅਦ ਮੈਨੂੰ। ਜਦ ਜਗਦੇਵ ਗ੍ਰਿਫ਼ਤਾਰ ਕਰ ਲਿਆ ਗਿਆ ਤਾਂ ਉਸ ਨੇ ਪੁਲਸ ਕੋਲ ਸਭ ਉਗਲ ਦਿੱਤਾ ਕਿ ਮੇਰੇ ਕੋਲ ਇੱਕ ਅਠੱਤੀ ਬੋਰ ਦਾ ਅਮਰੀਕਨ ਰਿਵਾਲਵਰ ਹੈ, ਜਿਸ ਵਿਚ ਉਸ ਨੇ ਬਲਵਿੰਦਰ ਨੂੰ ਨਾਲ ਉਲਝਾ ਲਿਆ। ਨਾਲ ਆਏ ਬੰਦਿਆਂ ਨੂੰ ਤਾਂ ਮੈਂ ਇੱਕ ਦਮ ਬਲਵਿੰਦਰ ਨੂੰ ਛੁੱਟੀ ਰੱਦ ਕਰ ਕੇ ਛਾਉਣੀ ਹਾਜ਼ਰ ਹੋਣ ਬਾਰੇ ਤਾਂ ਕਹਿ ਦਿੱਤਾ, ਪਰ ਉਹ ਰਿਵਾਲਵਰ ਮੈਂ ਕਿਥੋਂ ਬਰਾਮਦ ਕਰਵਾਉਂਦਾ, ਜਦੋਂ ਕਿ ਮੈਂ ਤਾਂ ਹੱਥ ਹੀ ਵਢਾ ਬੈਠਾ ਸਾਂ। ਮੈਂ ਐਨਾ ਹੰਢਿਆ ਹੋਇਆ ਤਜਰਬੇਕਾਰ ਵੀ ਨਹੀਂ ਸਾਂ ਕਿ ਕੋਈ ਬਹਾਨਾ ਘੜ ਲੈਂਦਾ। ਮੈਨੂੰ ਤਾਂ ਕੰਬਣੀ ਛਿੜੀ ਹੋਈ ਸੀ। ਮੈਂ ਡਰਦੇ ਨੇ ਅਜੀਤ ਸਿੰਘ ਮਹਿਮੂਆਣੇ ਦਾ ਛੇ ਗੋਲੀ ਦਾ ਖ਼ਰਾਬ ਹੋਇਆ ਰਿਵਾਲਵਰ ਪੇਸ਼ ਕਰ ਦਿੱਤਾ। ਜਦੋਂ ਰਾਮ ਸਿੰਘ ਇਨਸਪੈਕਟਰ ਨੇ ਜਗਦੇਵ ਨੂੰ ਬੁਲਾ ਕੇ ਰਿਵਾਲਵਰ ਦਿਖਾਇਆ ਤਾਂ ਉਸ ਨੇ ਸਾਫ਼ ਦੱਸ ਦਿੱਤਾ ਕਿ ਇਹ ਤਾਂ ਅਜੀਤ ਸਿੰਘ ਮਹਿਮੂਆਣੇ ਦਾ ਹੈ, ਇਸ ਨੇ ਉਹ ਰਿਵਾਲਵਰ ਪੇਸ਼ ਨਹੀਂ ਕੀਤਾ ਜੋ ਇਸ ਦੇ ਭਰਾ ਨੇ ਫੌਜੀ ਛਾਉਣੀ ਵਿਚੋਂ ਚੋਰੀ ਕੀਤਾ ਸੀ। ਫਿਰ ਸੋਲ੍ਹਾਂ ਦਿਨ ਜਗਦੇਵ ਮੈਨੂੰ ਤਸ਼ੱਦਦ ਦਾ ਸ਼ਿਕਾਰ ਬਣਵਾਉਂਦਾ ਰਿਹਾ।



ਟੀ. ਨਾਗੀ ਰੈਡੀ



ਹਾਕਮ ਸਿੰਘ ਸਮਾਓਂ

ਜਦੋਂ ਗੁਰਚਰਨ ਸੈਸੀ ਥਾਣੇਦਾਰ ਕੁਰਸੀ 'ਤੇ ਬੈਠ ਕੇ ਮੈਨੂੰ ਆਪਣੇ ਮੂਹਰੇ ਬਿਠਾ ਕੇ ਭੈੜੇ ਜਿਹੇ ਦੰਦ ਕਿਰਚਦਾ, ਮੇਰੇ ਵਾਲ ਨੋਚਦਾ ਤੇ ਦੋ ਭਾਵੇ ਮੋਟੇ ਸਿਪਾਹਟੇ ਘੋਟਣਾ ਲਾਉਂਦੇ ਜਾਂ ਲੱਤਾਂ ਪਾੜਦੇ ਤਾਂ ਇਹ ਸਾਰੀਆਂ ਗੱਲਾਂ ਮੇਰੇ ਹਲਕ ਵਿਚ ਆ ਜਾਂਦੀਆਂ। ਇਨ੍ਹਾਂ ਗੱਲਾਂ ਤੋਂ ਇਲਾਵਾ, ਪੂਰਾ ਇੱਕ ਦਿਨ ਤਾਂ ਇਸ ਗੱਲ ਉੱਪਰ ਹੀ ਕੁਟਾਪਾ ਚੜ੍ਹਦਾ ਰਿਹਾ ਕਿ ਜਿਸ ਦਿਨ ਪਾਰਟੀ ਦਾ ਇਜਲਾਸ ਹੋਇਆ ਸੀ, ਉਹ ਕਿਹੜੀ ਥਾਂ ਸੀ? ਮੈਂ ਕਹਿੰਦਾ ਰਿਹਾ ਕਿ ਮੈਨੂੰ ਤਾਂ ਕੋਈ ਅੱਖਾਂ ਬੰਨ੍ਹ ਕੇ ਸਾਈਕਲ 'ਤੇ ਬਿਠਾ ਕੇ ਲੈ ਗਿਆ ਸੀ। ਮੈਨੂੰ ਨਹੀਂ ਪਤਾ ਉਹ ਕਿਹੜੀ ਥਾਂ ਸੀ। ਪਿੱਥੋ ਨਾਥੀ ਜ਼ੈਲਦਾਰ ਦੇ ਫਾਰਮ ਦੇ ਚੁਬਾਰੇ ਵਿਚ ਇਜਲਾਸ ਹੋਇਆ ਸੀ, ਜਿਸ ਵਿਚ ਜਨਤਕ ਲਾਈਨ ਦੀ ਪੁਜ਼ੀਸ਼ਨ ਲੈਣ ਕਰਕੇ ਸੋਹੀ ਗਰੁੱਪ ਅਲਹਿਦਾ ਹੋ ਗਿਆ ਸੀ। ਉਹ ਥਾਂ ਵੀ ਮੇਰੇ ਹਲਕ ਵਿਚ ਆ ਜਾਂਦੀ ਸੀ ਪਰ ਮੈਂ ਜਿਵੇਂ ਲਵ ਨਾਲ ਹੀ ਅੰਦਰ ਲੰਘਾ ਜਾਂਦਾ ਸਾਂ। ਗੁਰਚਰਨ ਸੈਂਸੀ ਬੜਾ ਕਸਾਈ ਥਾਣੇਦਾਰ ਸੀ। ਜਦੋਂ ਮੈਂ ਟੱਸ ਤੋਂ ਮੱਸ ਨਾ ਹੋਇਆ ਤਾਂ ਇੱਕ ਪੁਲਸੀਆ ਆਪ ਹੀ ਬੋਲ ਪਿਆ-'ਉਇ ਮਾਸਟਰਾ ਕਹਿ ਦੇ ਬਈ ਪਿੱਥੋ ਨਾਥੀ ਜ਼ੈਲਦਾਰ ਦੇ ਖੇਤ ਦਾ ਚੁਬਾਰਾ ਸੀ। ਮੰਨ ਜਾਣ ਤੋਂ ਛੁੱਟ ਹੁਣ ਹੋਰ ਕੋਈ ਚਾਰਾ ਨਹੀਂ ਸੀ ਰਿਹਾ। ਮੈਂ ਹਾਂ ਕਹਿ ਦਿੱਤੀ ਤਾਂ ਅਗਲੇ ਹੀ ਦਿਨ ਨਾਥੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਦਾ ਬਾਅਦ ਵਿਚ ਕੀ ਬਣਿਆ, ਕਿਵੇਂ ਬਚਿਆ, ਮੈਂ ਸ਼ਰਮ ਦਾ ਮਾਰਾ ਉਸ ਨੂੰ ਬਾਅਦ ਵਿਚ ਵੀ ਨਾ ਮਿਲਿਆ। ਮੈਂ ਇਹ ਗੱਲ ਵੀ ਛੁਪਾ ਗਿਆ ਸਾਂ ਕਿ 'ਚਾਰੂ ਗਰੁੱਪ' ਦੁਆਰਾ 'ਲੋਕ ਯੁੱਧ' ਤੇਜ਼ ਕਰੋ ਦਾ ਇਸ਼ਤਿਹਾਰ ਮੈਂ ਹੀ ਨਾਥੀ ਦੇ ਨਾਲ ਭਗਤੇ ਤੋਂ ਲੈ ਕੇ ਰਾਮਪੁਰਾ ਫੂਲ ਤੱਕ ਲਗਵਾਏ ਸਨ। ਮੈਂ ਹੀ ਆਟੇ ਦੀ ਲੇਵੀ ਬਣਾਈ ਸੀ ਤੇ ਨਾਥੀ ਨਾਲ ਤੁਰ ਪਿਆ ਸੀ। ਇਸ ਗੱਲ ਦਾ ਜਗਦੇਵ ਨੂੰ ਪਤਾ ਨਹੀਂ ਸੀ। ਜਗਦੇਵ ਦੇ ਬੀਜੇ ਕੰਡੇ ਇੱਕ ਇੱਕ ਕਰਕੇ ਮੈਨੂੰ ਅੱਖਾਂ ਨਾਲ ਚੁਗਣੇ ਪੈ ਰਹੇ ਸਨ। ਕੁੱਝ ਦਿਨਾਂ ਬਾਅਦ ਇੱਕ ਚੰਗੇ ਨੇਕ ਦਿਲ ਸਿਪਾਹੀ ਨੇ ਮੈਨੂੰ ਕਿਹਾ ਸੀ-'ਉਹ ਕੰਜਰ ਤੈਨੂੰ ਕੁਟਵਾਈ ਜਾਂਦੈ ਪਰ ਮਾਸਟਰ ਤੂੰ ਆਪਣਾ ਬਚਾ ਆਪ ਕਰ। ਜਦੋਂ ਤੇਰੇ ਘੋਟਣਾ ਲੱਗਦੈ ਜਾਂ ਲੱਤਾਂ ਪਾੜੀਆਂ ਜਾਣ, ਤੂੰ ਛੇਤੀ ਚੀਕਾਂ ਛੱਡ ਦਿਆ ਕਰ। ਅਸੀਂ ਹੁਕਮ ਬੱਧੇ ਗੁਲਾਮ ਹਾਂ, ਕਸਾਈ ਨਹੀਂ। ਬਾਅਦ ਵਿਚ ਇਹ ਗੁਰ ਮੇਰੇ ਬਹੁਤ ਕੰਮ ਆਇਆ।

ਮੈਨੂੰ ਹਵਾਲਾਤ ਛੱਡਣ ਦਾ ਹੁਕਮ ਹੋਇਆ ਤਾਂ ਮੈਨੂੰ ਇੱਕ ਪੁਲਸੀਏ ਦੇ ਕਮਰੇ ਵਿਚ ਬੰਦ ਕਰਨ ਲਈ ਬਾਹਰ ਕੱਢਣ ਲੱਗੇ ਤਾਂ ਮੈਂ ਵੇਖਿਆ ਕਿ ਵਿਹੜੇ ਵਿਚ ਮੰਜਾ ਵਿਛਾ ਕੇ ਸੁਹਣਾ ਬਿਸਤਰਾ ਕੀਤਾ ਜਾ ਰਿਹਾ ਹੈ। ਇੱਕ ਬਹੁਤ ਹੀ ਸੁਣੱਖੇ ਨੌਜੁਆਨ ਨੂੰ ਦੋ ਪੁਲਸੀਏ ਫੜ ਕੇ ਮੰਜੇ 'ਤੇ ਬਿਠਾ ਰਹੇ ਹਨ। ਪਾਠਕ ਇਸ ਨੂੰ ਅਤਿਕਥਨੀ ਨਾ ਸਮਝਣ। ਉੱਚ ਵਿਦਿਆ ਪ੍ਰਾਪਤ ਵਿਅਕਤੀ ਨੂੰ ਕਾਨੂੰਨ ਅਨਸਾਰ ਕਲਾਸ ਵੰਨ ਮਿਲਦੀ ਹੈ। ਪਹਿਲੀ ਨਜ਼ਰੇ ਮੈਂ ਪਛਾਣ ਨਾ ਸਕਿਆ। ਸੁੱਕ ਕੇ ਪਿੰਜਰ ਬਣਿਆ ਉਹ ਗੋਰਾ-ਚਿੱਟਾ, ਸੁਹਣੇ ਮੁਖੜੇ ਵਾਲਾ ਪਿਚਕੀਆਂ ਗੱਲ੍ਹਾਂ ਤਸ਼ੱਦਦ ਦਾ ਭੰਨਿਆ ਜਦੋਂ ਮੇਰੇ ਵੱਲ ਵੇਖ ਕੇ ਮੁਸਕ੍ਰਾਇਆ ਤਾਂ ਮੈਨੂੰ ਉਸ ਦੀ ਪਛਾਣ ਹੋਈ। ਉਹ ਹਰਭਜਨ ਸੋਹੀ ਸੀ ਜੋ ਕਿਸੇ ਤਰ੍ਹਾਂ ਪੁਲਸ ਦੇ ਅੜਿੱਕੇ ਚੜ੍ਹ ਗਿਆ ਸੀ। ਸੋਨੇ ਤਬੀਤ ਵਰਗਾ ਗੱਭਰੂ, ਜਿਸ ਦੀ ਪੁਲਸੀ ਤਸ਼ੱਦਦ ਨੇ ਇਹ ਹਾਲਤ ਕੀਤੀ ਸੀ, ਨੂੰ ਮੈਂ ਸਿਰ ਝੁਕਾ ਕੇ ਲਾਲ ਸਲਾਮ ਆਖੀ। ਮੈਂ ਜਦੋਂ ਲੱਤਾਂ ਘੜੀਸਦਾ ਉਹਦੇ ਕੋਲੋਂ ਲੰਘਿਆ ਤਾਂ ਉਸ ਦੀਆਂ ਅੱਖਾਂ ਵਿਚ ਤੈਰਦੀ ਹਮਦਰਦੀ ਦੀ ਪਰਤ ਵੇਖ ਕੇ ਮੇਰੀਆਂ ਅੱਖਾਂ ਵਿਚ ਕੋਸੇ-ਕੋਸੇ ਹੰਝੂ ਟਪਕ ਪਏ ਸਨ। ਦੂਜੇ ਹੀ ਦਿਨ ਉਸ ਨੇ ਇੱਕ ਪੁਲਸੀਏ ਦੇ ਹੱਥ ਸੁਨੇਹਾ ਦੇ ਕੇ ਮੈਨੂੰ ਗੁਸਲਖਾਨਿਆਂ ਵੱਲ ਬੁਲਾਇਆ। ਜਦ ਮੈਂ ਉਹਦੇ ਕੋਲ ਗਿਆ ਤਾਂ ਉਹ ਕੰਧ ਦਾ ਸਹਾਰਾ ਲੈ ਕੇ ਖੜ੍ਹਾ ਡਾਵਾਂਡੋਲ ਹੁੰਦਾ ਜਿਹਾ ਮਾਲੂਮ ਹੋਇਆ। ਹਾਂ ਉਸ ਕੋਲੋਂ ਕੰਧ ਦਾ ਸਹਾਰਾ ਲਏ ਬਗੈਰ ਖੜ੍ਹਾ ਵੀ ਨਹੀਂ ਸੀ ਜਾ ਰਿਹਾ।

ਕੁੱਟ ਮਾਰ ਕਰ ਕੇ ਮੈਨੂੰ ਜਿਸ ਬੈਰਕ ਵਿਚ ਬੰਦ ਕੀਤਾ ਗਿਆ, ਮੈਨੂੰ ਖ਼ਾਲੀ ਕਰਨ ਦਾ ਹੁਕਮ ਦਿੱਤਾ ਗਿਆ। ਬਹੁਤ ਥੋੜ੍ਹੇ ਸਮੇਂ ਵਿਚ ਹੀ ਬੈਰਕ ਦੇ ਆਂਙਣ ਵਿਚ ਮੰਜਾ-ਬਿਸਤਰਾ ਵਿਛ ਗਿਆ ਤੇ ਇੱਕ ਗੋਰਾ-ਚਿੱਟਾ ਨੌਜੁਆਨ, ਕੇਵਲ ਹੱਡੀਆਂ ਦੀ ਮੁੱਠ ਉਸ ਮੰਜੇ ਉੱਪਰ ਲਿਆ ਬਿਠਾਇਆ ਗਿਆ। ਜਦ ਉਹ ਮੁਸਕ੍ਰਾਇਆ ਤਾਂ ਉਸ ਦੇ ਗੁਲਾਬੀ ਭਾਹ ਮਾਰਦੇ ਬੁੱਲ੍ਹਾਂ ਵਿਚ ਲਿਸ਼ਕਦੇ ਦੰਦ ਦੇਖ ਕੇ ਮੈਂ ਪਛਾਣ ਸਕਿਆ ਕਿ ਉਹ ਸੋਹੀ ਸੀ। ਮੈਨੂੰ ਇੱਕ ਪੁਲਸੀਏ ਦੇ ਕਮਰੇ ਵਿਚ ਤਾੜ ਦਿੱਤਾ ਗਿਆ। ਡਿਊਟੀ 'ਤੇ ਖੜ੍ਹੇ ਸਿਪਾਹੀ ਨੇ ਮੈਨੂੰ ਸੁਨੇਹਾ ਦਿੱਤਾ-'ਮਾਸਟਰ! ਪਿਸ਼ਾਬ ਘਰ ਵਿਚ ਹਰਭਜਨ ਸਿੰਘ ਮਿਲਣਾ ਚਾਹੁੰਦੈ। ਫੇਰ ਵੱਡੇ ਅਫ਼ਸਰਾਂ ਨੇ ਆ ਜਾਣੈ। ਹੁਣ ਮਿਲਣ ਦਾ ਮੌਕਾ ਚਲਾ ਜਾਊ।' ਮੈਂ ਘੋਟਣਿਆਂ ਦੀਆਂ ਪਿੰਜੀਆਂ ਲੱਤਾਂ ਘੜੀਸਦਾ ਪਿਸ਼ਾਬ ਘਰ ਚਲਾ ਗਿਆ, ਜਿੱਥੇ ਹਰਭਜਨ ਕੰਧ ਦਾ ਸਹਾਰਾ ਲੈ ਕੇ ਖੜ੍ਹਾ ਸੀ। ਉਹ ਏਨਾ ਕਮਜ਼ੋਰ ਹੋ ਚੁੱਕਾ ਸੀ ਕਿ ਉਸ ਤੋਂ ਬਗੈਰ ਸਹਾਰੇ ਦੇ ਖੜ੍ਹਾ ਹੀ ਨਹੀਂ ਜਾ ਰਿਹਾ।

'ਕਿਵੇਂ ਐਂ?' ਉਸ ਨੇ ਮੇਰਾ ਮੋਢਾ ਥਪ-ਥਪਾਇਆ।

'ਠੀਕ ਨਹੀਂ ਹਾਂ। ਮੈਥੋਂ ਸਹੀ-ਸਹੀ ਨਿਭਿਆ ਨਹੀਂ ਗਿਆ। ਕਮਜ਼ੋਰੀ ਦਿਖਾਈ ਗਈ ਹੈ ਮੇਰੇ ਕੋਲੋਂ।' ਮੈਂ ਸਾਫ਼ ਹੀ ਇਕਬਾਲ ਕਰ ਲਿਆ। ਇਸ ਇਕਬਾਲਨਾਮੇ ਨਾਲ ਸਗੋਂ ਮੈਂ ਹੌਲਾ-ਫੁੱਲ ਮਹਿਸੂਸ ਕਰ ਰਿਹਾ ਸਾਂ।

'ਮੈਨੂੰ ਪਤੈ ਸਾਰੀ ਗੱਲ ਦਾ। ਪੁਲਸ ਵਾਲੇ ਨੇ ਸਾਰੀ ਗੱਲ ਦੱਸ ਦਿੱਤੀ ਹੈ ਕਿ ਤੂੰ ਆਪਣੇ ਕੋਲੋਂ ਤਾਂ ਕੁੱਝ ਵੀ ਨਹੀਂ ਦੱਸਿਆ। ਜਗਦੇਵ ਦੇ ਦੱਸੇ ਹੋਏ ਨੂੰ ਹੀ ਮੰਨਿਆ ਹੈ। ਤੇਰੀ ਵੱਡੀ ਗੱਲ ਰਹੀ ਕਿ ਤੂੰ ਕਾਡਰ 'ਚੋਂ ਕਿਸੇ ਦਾ ਨਾਂ ਤੱਕ ਨਹੀਂ ਲਿਆ। ਇਹ ਵੀ ਤੇਰੀ ਬਹਾਦਰੀ ਹੀ ਹੈ।' ਸੁਣ-ਸੁਣ ਕੇ ਮੈਂ ਸਗੋਂ ਹੋਰ ਨਿੱਘਰਦਾ ਜਾ ਰਿਹਾ ਸਾਂ ਕਿ ਸੋਹੀ ਮੇਰੀ ਕਮਜ਼ੋਰੀ ਨੂੰ ਵੀ ਬਹਾਦਰੀ ਕਹਿ ਰਿਹਾ ਹੈ। ਹਾਂ ਮੇਰੇ ਕੋਲੋਂ ਮਾਸਟਰ ਯਸ਼ ਪਾਲ ਬਾਰੇ ਪੁੱਛਿਆ, ਜਿਸ ਦਾ ਮੈਂ ਜਵਾਬ ਦਿੱਤਾ ਸੀ ਕਿ ਗੌਰਮਿੰਟ ਟੀਚਰਜ਼ ਯੂਨੀਅਨ ਵਿਚ ਸਰਗਰਮ ਹੈ ਤੇ ਮੈਂ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਉਸ ਦੇ ਛੋਟੇ ਭਰਾਵਾਂ-ਮਨੋਹਰ, ਬਲਜੀਤ ਬੱਲੀ ਅਤੇ ਤਿੰਦਰੀ, ਉਨ੍ਹਾਂ ਦੀ ਭੈਣ ਪੁਸ਼ਪਾ, ਬਾਰੇ ਪੁੱਛਿਆ ਗਿਆ ਤਾਂ ਮੈਂ ਸਾਫ਼ ਕਹਿ ਦਿੱਤਾ ਸੀ ਕਿ ਉਨ੍ਹਾਂ ਨਾਲ ਮੇਰੀ ਕੋਈ ਜਾਣ-ਪਛਾਣ ਨਹੀਂ। ਮੈਂ ਹੋਰ ਕੀਹਦੇ ਕੀਹਦੇ ਕੋਲ ਰਾਤਾਂ ਰਿਹਾ? ਕਿਸੇ ਐਕਸ਼ਨ ਵਿਚ ਸ਼ਾਮਲ ਹੋਇਆ ਜਾਂ ਨਾ? ਹੁਣ ਤੱਕ ਕਿੰਨੇ ਰੌਂਦ ਚਲਾਏ ਹਨ। ਭਾਵੇਂ ਮੈਂ ਕਿਸੇ ਐਕਸ਼ਨ ਬਗੈਰਾ ਵਿਚ ਤਾਂ ਸ਼ਾਮਲ ਨਹੀਂ ਸੀ ਹੋਇਆ ਪਰ ਭੋਲੇ ਨਾਲ ਤਾਂ ਮੈਂ ਮਾਨਸਾ ਤੇ ਸੰਗਰੂਰ ਜ਼ਿਲ੍ਹੇ ਦੇ ਦਰਜਨਾਂ ਹੀ ਪਰਿਵਾਰਾਂ ਵਿਚ ਰਾਤਾਂ ਕੱਟੀਆਂ ਸਨ। ਮੈਨੂੰ ਯਾਦ ਆਉਂਦਾ ਹੈ, ਇਕ ਘਰ ਵਿਚ ਤਾਂ ਸਾਡੀ ਏਨੀ ਸੇਵਾ ਕੀਤੀ ਗਈ ਕਿ ਉਹ ਯਾਦਾਂ ਵਿਚ ਰਹੀ ਹੈ। ਘਰ ਦਾ ਮੁਖੀ ਦੁਕਾਨ ਤੋਂ ਲਕਸ ਸਾਬਣ ਲੈ ਕੇ ਆਇਆ ਤੇ ਅੰਦਰੋਂ ਨਵਾਂ ਪਰਨਾ ਦੇ ਕੇ ਬੋਲਿਆ ਸੀ-'ਕੀ ਪਤੈ ਇਹ ਕਿੰਨੇ ਕੁ ਦਿਨਾਂ ਦੇ ਮਹਿਮਾਨ ਨੇ।' 'ਏਸ ਸਿਪਾਹੀ ਨੇ ਜੀਹਨੇ ਤੈਨੂੰ ਇੱਥੇ ਭੇਜਿਐ, ਸਾਰੀ ਗੱਲ ਦੱਸ ਦਿੱਤੀ ਹੈ। ਸਿਪਾਹੀ ਬਹੁਤ ਨੇਕ ਦਿਲ ਹੈ। ਸਾਰੇ ਹੀ ਇੱਕੋ ਜਿਹੇ ਨਹੀਂ ਹੁੰਦੇ। ਮੈਂ ਬੁਲਾਉਣਾ ਜਗਦੇਵ ਨੂੰ। ਉਸ ਦੀ ਖਿਚਾਈ ਕਰਦਾ ਹਾਂ ਕਿ ਕਿਉਂ ਵਾਰ-ਵਾਰ ਰਿਮਾਂਡ ਦਿਵਾ ਕੇ ਤੇਰੀ ਇਹ ਹਾਲਤ ਕਰੀ ਜਾਂਦੈ?' ਮੇਰੇ ਦੁਆਲੇ ਬਾਂਹ ਵਲ ਕੇ ਉਸ ਨੇ ਮੈਨੂੰ ਵਾਪਸ ਭੇਜ ਦਿੱਤਾ। ਫਿਰ ਮੇਰੇ ਸਾਮ੍ਹਣੇ ਹੀ ਪੁਲਸ ਵਾਲੇ ਨੇ ਜਗਦੇਵ ਨੂੰ ਭੇਜ ਦਿੱਤਾ। ਜਗਦੇਵ ਨਾਲ ਸੋਹੀ ਨੇ ਕੀ ਗੱਲਾਂ ਕੀਤੀਆਂ, ਮੈਂ ਕਹਿ ਨਹੀਂ ਸਕਦਾ। ਪਰ ਇਹ ਪੱਕ ਸੀ ਕਿ ਉਸ ਨੂੰ ਬੁਰੀ ਤਰ੍ਹਾਂ ਲਾਹਣਤ ਪਾਈ ਗਈ ਸੀ। ਅਗਲੇ ਦਿਨ ਹੀ ਸਾਡੀ ਅਦਾਲਤ ਵਿਚ ਪੇਸ਼ੀ ਸੀ। ਉਸ ਪੇਸ਼ੀ ਮੌਕੇ ਸਾਨੂੰ ਜੁਡੀਸ਼ਲ ਰਿਮਾਂਡ 'ਤੇ ਭੇਜ ਕੇ ਸੈਂਟਰਲ ਜੇਲ੍ਹ ਦੀਆਂ ਫਾਂਸੀ ਚੱਕੀਆਂ ਵਿਚ ਬੰਦ ਕਰ ਦਿੱਤਾ ਗਿਆ ਸੀ, ਖ਼ੂੰਖਾਰ ਅਪਰਾਧੀਆਂ ਨੂੰ। ਚੱਕੀ ਬੰਦ ਹੁੰਦੇ ਸਾਰ 'ਕਾਮਰੇਡ ਜਗਦੇਵ ਮੰਡੇਰਨੇ' ਨੇ ਨਾਅਰਾ ਲਾਇਆ-'ਕਾਮਰੇਡ ਚੇਅਰਮੈਨ ਮਾਓ ਸਾਡਾ ਚੇਅਰਮੈਨ'!!!!!

ਮੈਂ ਚੁੱਪ ਰਿਹਾ ਸਾਂ। ਹਰਭਜਨ ਸੋਹੀ ਨਾਲ ਬਾਅਦ ਵਿਚ ਕੀ ਬਣਿਆ? ਮੈਂ ਨਹੀਂ ਜਾਣ ਸਕਿਆ। ਚਿਰ ਬਾਅਦ ਪਤਾ ਲੱਗਿਆ ਸੀ ਕਿ

*(ਬਾਕੀ ਅਗਲੇ ਸਫੇ ਤੇ)*

# ਇੱਥੇ ਮਾਏ ਸਾਡਾ ਕੋਈ ਸਿਰ ਨਈਂ ਪ.ਲੋਸਦਾ



ਇਸ ਵੇ.ਲੇ ਮੇਰੀਆਂ ਅੱਖਾਂ ਸਾਹਵੇਂ ਤਬਾਹੀ ਮਚਾ ਰਹੇ ਪੰਜ-ਆਬ ਦੇ ਗੁੱਸੇਖੋਰ ਦਰਿਆ ਹਨ। ਟੁੱਟ-ਟੁੱਟ ਕੇ ਡਿੱਗ ਰਹੇ ਪਹਾੜ ਹਨ। ਮੋਹ.ਲੇਧਾਰ ਹੋ ਰਹੀ ਵਰਖਾ ਹੈ। ਪਾਣੀ ਦੇ ਮੂੰਹਜ਼ੋਰ ਵਹਾਅ ਨਾ.ਲ ਮਾਧੋਪੁਰ ਹੈੱਡ ਵਰਕਸ ਦੇ ਗੇਟਾਂ ਦਾ ਟੁੱਟਣਾ ਕਿਵੇਂ ਵੀ ਚੰਗਾ ਨਹੀਂ। ਸਦਾ ਵਾਂਗ ਬਚਾਅ ਕਾਰਜਾਂ ਵਿਚ ਲੱਗੇ ਲੋਕ ਮਨੁੱਖਤਾ ਦੀ ਵੱਖਰੀ ਮਿਸਾਲ ਕਾਇਮ ਕਰਨ ਲਈ ਆਪਣੀਆਂ ਜਾਨਾਂ ਨੂੰ ਜੋਖਮ ਵਿਚ ਪਾ ਰਹੇ ਹਨ। ਜਿਊਣ ਲਈ ਸੰਘਰਸ਼ ਕਰ ਰਹੇ ਬੇਵਸ ਲੋਕ ਹਨ।



ਇਨ੍ਹਾਂ ਹੜ੍ਹਾਂ ਦੀ ਲਪੇਟ ਵਿਚ ਆਏ ਲੋਕ ਜਾਨਾਂ ਬਚਾਉਣ ਦੀ ਮੁਹਿੰਮ 'ਤੇ ਹਨ। ਇਨ੍ਹਾਂ ਦਰਿਆਵਾਂ ਦੇ ਵਹਿਣ, ਸੂਕਦੀਆਂ ਨਦੀਆਂ ਤੇ ਸਮੁੰਦਰ ਦੀਆਂ

**ਸੁਰਜੀਤ ਸੁਮਨ**
**ਫੋਨ: 98144-30874**

ਛੱਲਾਂ ਜੀਵਨ ਵੀ ਦਿੰਦੀਆਂ ਹਨ ਤੇ ਮੌਤ ਵੀ। ਇਨ੍ਹਾਂ ਬਿਨ ਜੀਵਨ ਕੀ ਕਲਪਨਾ ਨਿਰਾਰਥਕ ਹੈ। ਅਕਸਰ ਕੋਈ ਮਲਾਹ ਦਰਿਆਵਾਂ ਦੇ ਤੇਜ਼ ਵਹਿਣ ਨਾ.ਲ ਦਸਤਪੰਜਾ ਲੈਂਦਿਆਂ ਆਪਣੀ ਬੇੜੀ ਨੂੰ ਪਾਰ ਲੰਘਾਉਂਦਾ ਹੈ। ਮਛੇਰਾ ਸਮੁੰਦਰ ਦੀਆਂ ਲਹਿਰਾਂ ਨਾ.ਲ ਖੇਡਦਾ ਮੱਛੀਆਂ ਦੀ ਜਾਨ ਲੈਂਦਿਆਂ ਕਈ ਹੋਰਾਂ ਨੂੰ ਜਿਊਣ ਲਈ ਖੁਰਾਕ ਮੁਹੱਈਆ ਕਰਵਾਉਂਦਾ ਦਿਸਦਾ ਹੈ। ਉਂਝ ਆਮ ਹਾਲਤਾਂ ਵਿਚ ਸ਼ਾਂਤ, ਕਲ-ਕਲ ਵਹਿੰਦਾ ਪਾਣੀ ਸਕੂਨ ਦਿੰਦਾ ਹੈ ਪਰ ਇਨ੍ਹੀਂ-ਦਿਨੀਂ ਪਹਾੜਾਂ ਦੀਆਂ ਚੋਟੀਆਂ ਤੇ ਪੂਰਬੀ ਪੱਛਮੀ ਪੰਜਾਬ ਦੇ ਮੈਦਾਨੀ ਇਲਾਕਿਆਂ ਵਿਚ ਪੈਂਦੀ ਬੇਰੋਕ ਬਾਰਿਸ਼ ਨਾ.ਲ ਦਰਿਆ ਬਿਫਰੇ ਨਜ਼ਰ ਆਉਂਦੇ ਹਨ। ਇਨ੍ਹਾਂ ਦਰਿਆਵਾਂ ਤੇ ਨਦੀਆਂ ਦੇ ਪਰਕੋਪ ਨੂੰ ਝੱਲਣਾ ਮਨੁੱਖ ਲਈ ਆਸਾਨ ਨਹੀਂ। ਇਹ ਵੀ ਖਰਾ ਸੱਚ ਹੈ ਕਿ ਹੜ੍ਹ ਮਾਰੇ ਦਰਿਆਵਾਂ ਦਾ ਕਦੇ ਕੋਈ ਕਿਨਾਰਾ ਨਜ਼ਰ ਨਹੀਂ ਹੁੰਦਾ। ਚੁਫੇਰੇ ਨਜ਼ਰ ਆਉਂਦਾ ਹੈ ਤਾਂ ਸਿਰਫ ਪਾਣੀਉਂ-ਪਾਣੀ। ਇਨ੍ਹਾਂ ਦਰਿਆਵਾਂ ਅਤੇ ਨਦੀਆਂ ਦੇ ਕਿਨਾਰਿਆਂ 'ਤੇ ਵਸੇ ਲੋਕਾਂ ਦੀ ਸਦੀਆਂ ਤੋਂ ਸ਼ਾਇਦ ਇਹੋ ਹੋਣੀ ਹੈ। ਇਹੋ ਤਰਾਸਦੀ ਹੈ। ਅਜਿਹੇ ਸਮਿਆਂ ਵਿਚ ਹੀ ਜਦੋਂ ਹੜ੍ਹ ਦੇ ਪਾਣੀ ਵਿਚ ਘਿਰੇ ਬੰਦੇ ਨੇ ਖਵਾਜ਼ੇ ਨੂੰ ਪਾਣੀ ਦਾ ਦੇਵ ਚਿਤਵ ਲਿਆ ਹੋਵੇਗਾ, ਉਦੋਂ ਜਦੋਂ ਹਾਕਮਾਂ ਇਨ੍ਹਾਂ ਦੀ ਬਾਂਹ ਨਹੀਂ ਫੜੀ ਹੋਵੇਗੀ। ਉਂਝ ਹਾਕਮ ਆਮ ਲੋਕਾਂ ਦੀ ਬਾਂਹ ਕਦੋਂ ਫੜਦੇ ਹਨ? ਸਿਆਸਤਦਾਨ ਤੇ ਸਰਕਾਰਾਂ ਚਾਰ ਕੁ ਦਿਨ ਰੌ.ਲਾ ਪਾਉਣਗੀਆਂ, ਪਰਨਾ.ਲਾ ਫਿਰ ਉੱਥੇ ਦਾ ਉੱਥੇ ਹੀ ਆ ਜਾਵੇਗਾ। ਇਸ ਵਰਤਾਰੇ ਨੂੰ ਦੇਖਦਿਆਂ, ਪੁਣਛਾਣ ਕਰਦਿਆਂ, ਪ੍ਰੇਸ਼ਾਨੀ ਹੁੰਦੀ ਹੈ, ਹੈਰਾਨੀ ਹੁੰਦੀ ਹੈ।

ਹਰ ਵਾਰ ਦੀ ਤਰ੍ਹਾਂ ਕੀ ਪਿਛਲੇ ਸਮਿਆਂ ਵਿਚ ਆਏ ਹੜ੍ਹਾਂ ਤੋਂ ਕੋਈ ਸਬਕ ਲੈਣ ਲਈ ਅਸੀਂ ਹਾਲੇ ਤੱਕ ਵੀ ਮਨੋਂ ਤਿਆਰ ਨਹੀਂ ਹੋਏ? ਕੀ ਕਦੀ ਸਾਡੀਆਂ ਸਰਕਾਰਾਂ ਦੇ ਜ਼ਿਹਨ ਵਿਚ ਇਸ ਪਾਣੀ ਨੂੰ ਚੈਨੇਲਾਈਜ਼ ਕਰਕੇ ਲੋਕ ਹਿੱਤ ਵਿਚ ਵਰਤਣ ਲਈ ਕੋਈ ਸਕੀਮ ਨਹੀਂ ਬਣੀ ਹੋਵੇਗੀ ਜਾਂ ਭਵਿੱਖ ਵਿਚ ਬਣਾਉਣ ਦੇ ਕੋਈ ਆਸਾਰ ਹਨ? ਵਕਤ ਟਪਾ ਕੇ ਸਾਡੇ ਰਹਿਬਰ ਘੇਸਲ ਮਾਰਨੀ ਹੀ ਜ਼ਰੂਰੀ ਸਮਝਦੇ ਹਨ। ਹੜ੍ਹਨ ਵਾ.ਲੇ ਹੜ੍ਹ ਰਹੇ ਹਨ, ਬਚਾਉਣ ਵਾ.ਲੇ ਬਚਾਅ ਕਾਰਜਾਂ ਵਿਚ ਜੁਟੇ ਹੋਏ ਹਨ। ਸਿਆਸਤ ਕਰਨ ਵਾ.ਲੇ ਸਿਆਸਤ ਕਰ ਰਹੇ ਹਨ। ਕਰੋਨਾ ਕਾਲ ਵੇ.ਲੇ ਵੀ ਤਾਂ ਇੰਝ ਹੀ ਹੋਇਆ ਸੀ। ਬਚਾਅ ਕਰਨ ਵਾ.ਲਿਆਂ ਨੇ ਬਚਾਅ ਕੀਤੇ ਤੇ ਸਿਆਸਤ ਕਰਨ ਵਾ.ਲਿਆਂ ਨੇ ਸਿਆਸਤ। ਆਮ ਲੋਕਾਂ ਦੀ ਸਾਰ ਉਦੋਂ ਵੀ ਕਿਸੇ ਨੇ ਨਹੀਂ ਲਈ ਸੀ ਤੇ ਆਸਾਰ ਹੁਣ ਵੀ ਨਹੀਂ ਹਨ। ਧੁਰ ਅੰਦਰ ਤੱਕ ਹਿਲਾ ਦੇਣ ਵਾ.ਲੀਆਂ ਵੱਖ ਵੱਖ ਵੀਡੀਓਜ਼, ਜਿਉਂ-ਜਿਉਂ ਸਾਹਮਣੇ ਆ ਰਹੀਆਂ ਹਨ, ਤਿਉਂ ਤਿਉਂ ਮੇਰੀਆਂ ਅੱਖਾਂ ਸਾਹਵੇਂ ਮੁੜ ਮੇਰਾ ਨਾਨਕਾ ਪਿੰਡ ਮਾਲੇਵਾ.ਲ ਵਾਰ-ਵਾਰ ਆ ਰਿਹਾ ਹੈ। ਮੇਰੀ ਸੁਤਾਅ ਅੱਜ ਇਸ ਬੇਚਰਾਗ ਹੋਏ ਪਿੰਡ ਦੇ ਘੁੱਗ ਵਸਣ ਵੇ.ਲੇ ਵਿਚ ਪਹੁੰਚ ਜਾਂਦੀ ਹੈ। ਇੱਕ ਦਿਨ ਦਾ ਦ੍ਰਿਸ਼। ਮਲਾਹ ਨੇ ਬੇੜੀ ਦਰਿਆ ਵਿਚ ਠੇਲ੍ਹ ਲਈ ਹੈ। ਮੈਂ ਆਪਣੇ ਮਮੇਰੇ ਭਰਾਵਾਂ ਨਾ.ਲ ਬੇੜੀ ਵਿਚ ਸਵਾਰ ਹਾਂ। ਬੇੜੀ ਦੇ ਪਿਛਲੇ ਪਾਸੇ ਖੜ੍ਹਾ ਮਲਾਹ ਪੰਦਰਾਂ-ਸੋ.ਲਾਂ ਫੁੱਟ ਲੰਬੇ ਇੱਕ ਬਾਂਸ ਨੂੰ ਸਿੱਧਾ ਹੀ ਪਾਣੀ ਵਿਚ ਉਤਾਰਦਾ ਹੈ। ਬਾਂਸ ਦਾ ਉਪਰਲਾ ਦੋ-ਤਿੰਨ ਫੁੱਟ ਦਾ ਹਿੱਸਾ ਹੀ ਬਾਹਰ, ਮਲਾਹ ਦੇ ਹੱਥਾਂ ਵਿੱਚ ਦਿਖਾਈ ਦਿੰਦਾ ਹੈ।

ਇਸ ਨੂੰ ਸਤਲੁਜ ਦੇ ਤਲ 'ਤੇ ਲਿਜਾ ਫਿਰ ਉਸ ਨੂੰ ਅਗਾਂਹ ਵੱਲ ਧੱਕਦਿਆਂ ਉਹਦਾ ਸਾਰਾ ਸਰੀਰ ਕਮਾਨ ਵਾਂਗ ਦੂਹਰਾ ਹੋ ਜਾਂਦਾ ਹੈ। ਇਸ ਦੇ ਜ਼ੋਰ ਬੇੜੀ ਅੱਗੇ ਵੱਲ ਸਰਕਣ ਲਗਦੀ ਹੈ। ਪਾਣੀ ਦੀਆਂ ਲਹਿਰਾਂ 'ਤੇ ਟਿਕੀ ਮੇਰੀ ਨਜ਼ਰ ਕੰਬ ਜਾਂਦੀ ਹੈ। ਉਸੇ ਵੇ.ਲੇ ਮਮੇਰੇ ਭਰਾ ਰਾਮ ਸਿੰਘ ਨਾ.ਲ ਫੋਨ 'ਤੇ ਗੱਲ ਕਰਦਾ ਹਾਂ। ਉਹ ਮੇਰੇ ਨਾ.ਲ ਇੰਝ ਗੱਲਾਂ ਕਰ ਰਿਹਾ ਹੈ, ਜਿਵੇਂ ਓਹਦੇ ਲਈ ਇਹ ਕੱਲ੍ਹ ਦੀ ਗੱਲ ਹੋਵੇ। ਓਹਦੀਆਂ ਗੱਲਾਂ ਵਿਚ ਭੈਅ ਆ ਬੈਠਾ ਹੈ। ਉਜਾੜੇ ਦਾ ਦਰਦ ਹੈ। ਉਹ ਬੋਲ ਰਿਹਾ ਹੈ, 'ਛੋਟੇ ਭਾਈ ਉਦੋਂ ਆਪਣੇ ਆਪਣੇ ਟੱਬਰਾਂ ਸਮੇਤ, ਸਾਰਾ ਪਿੰਡ ਦਾਊਦਪੁਰ ਆ ਬੈਠਾ ਸੀ। ਸਾਡੀਆਂ ਅੱਖਾਂ ਦੇ ਸਾਹਮਣੇ ਸਾਡੇ ਖੇਤ, ਘਰ ਸਭ ਕੁਝ ਖੁਆਜੇ ਦੀ ਭੇਟ ਚੜ੍ਹ ਗਿਆ। ਅਗਲੇ ਦਿਨ ਸਰਕਾਰ ਨੇ ਚਮਕੌਰ ਸਾਬ੍ਹ, ਜਿੱਥੇ ਹੁਣ ਸਟੇਡੀਅਮ ਬਣਿਆ ਹੋਇਐ, ਉੱਥੇ ਟੈਂਟ ਲਗਾ ਕੇ ਸਾਰੇ ਪਿੰਡ ਦੇ ਲੋਕਾਂ ਨੂੰ ਬਿਠਾ ਦਿੱਤਾ। ਡੇਢ ਦੋ ਸਾਲ ਆਪਾਂ ਉੱਥੇ ਈ ਰੁ.ਲਦੇ ਰਹੇ। ਫਿਰ ਕਿਤੇ ਜਾ ਕੇ ਲਾਗਲੇ ਪਿੰਡ ਗੜ੍ਹੀ ਫਰੀਦ ਚਾਰ-ਚਾਰ ਮਰਲੇ ਥਾਂ ਦਿੱਤਾ। ਉਦੋਂ ਦੇ ਉੱਜੜੇ ਅਸੀਂ ਅੱਜ ਤੱਕ ਉੱਜੜੇ ਈ ਫਿਰਦੇ ਆਂ ਭਰਾ। ਕੋਈ ਕਿਤੇ ਤੇ ਕੋਈ ਕਿਤਾ ਸਾਰਾਵਪਿੰਡ ਖਿੱਲਰ ਗਿਆ।' ਮੈਂ ਸੋਚਾਂ ਦੇ ਸਮੁੰਦਰ ਵਿਚ ਡੂੰਘਾ ਉੱਤਰ ਜਾਂਦਾ ਹਾਂ। ਇਸ ਵੇ.ਲੇ ਕਈ ਕਿਸਮ ਦੀਆਂ ਕਨਸੋਆਂ ਸੁਣਾਈ ਦਿੰਦੀਆਂ ਹਨ। ਕੋਈ ਕਹਿ ਰਿਹੈ, ਸਰਕਾਰਾਂ ਨੂੰ ਜਦੋਂ ਇਹ ਭਲੀ-ਭਾਂਤ ਪਤੈ ਬਈ ਜ਼ੋਰਦਾਰ ਮੀਂਹ ਪੈਣੇ ਹਨ ਤਾਂ ਡੈਮਾਂ ਵਿਚ ਪਾਣੀ ਇਕੱਠਾ ਹੋਣ ਦੇਣ ਦੀ ਬਜਾਇ ਥੋੜ੍ਹਾ-ਥੋੜ੍ਹਾ ਰਿਲੀਜ਼ ਕਰਦੇ ਰਹਿਣਾ ਚਾਹੀਦੈ। ਹੁਣ ਇਹ ਪਾਣੀ ਹਰਿਆਣਾ ਅਤੇ ਰਾਜਸਥਾਨ ਨੂੰ ਵੀ ਭੇਜਣਾ ਚਾਹੀਦੈ। ਇਸੇ ਉਧੇੜ-ਬੁਣ ਵਿਚ ਸਾਂ, ਬਾਈ ਦਲੇਰ ਸਿੰਘ ਦੇ ਫੋਨ ਦੀ ਘੰਟੀ ਵੱਜ ਪਈ। ਹੜ੍ਹਾਂ ਨਾ.ਲ ਬਣੇ ਹਾਲਾਤ ਦੀਆਂ ਗੱਲਾਂ ਕਰਦਾ ਕਰਦਾ, ਵਿਛੇ ਸੱਥਰ 'ਤੇ ਬੈਠੇ ਲੋਕਾਂ ਵਾਂਗ ਉਦਾਸੀ ਦੇ ਚੱਕਰਵਿਊ 'ਚੋਂ ਨਿਕ.ਲ ਉਸ ਦੀ ਸੂਈ ਮੌਜੂਦਾ ਸਿਆਸਤ 'ਤੇ ਜਾ ਟਿਕੀ। ਉਹ ਬੇਰੋਕ ਬੋਲਣ ਲੱਗਾ, 'ਛੋਟੇ ਭਾਈ ਇਨ੍ਹਾਂ ਸਿਆਸਤਦਾਨਾਂ ਦੀਆਂ ਹਰਕਤਾਂ ਦੇਖ। ਆਇਆ ਕੋਈ ਅੱਗੇ? ਲੋਕ ਮਰ ਰਹੇ ਨੇ, ਇਨ੍ਹਾਂ ਨੂੰ ਕੀ? ਕੋਈ ਮਰੇ

ਕੋਈ ਜੀਵੇ, ਸੁਥਰਾ ਘੋ.ਲ ਪਤਾਸੇ ਪੀਵੇ। ਇਹ ਸਿਆਸੀ ਲੋਕ ਆਪਣੀਆਂ ਤਿਜੌਰੀਆਂ ਭਰੀ ਜਾਂਦੇ ਨੇ, ਇਨ੍ਹਾਂ ਕਰੋੜਪਤੀਆਂ ਨੂੰ ਵੀ ਅਜਿਹੇ ਬਿਪਤਾ ਦੇ ਮੌਕੇ ਆਪਣੀ ਜੇਬ ਨਾ.ਲ ਲੋਕਾਂ ਦੀ ਮਦਦ ਵਿਚ ਅੱਗੇ ਆਉਣਾ ਚਾਹੀਦੈ।

ਲੋਕ ਤਾਂ ਊਈਂ ਸਿਸੋਦੀਆ ਦੇ ਮਗਰ ਪੈ ਗਏ। ਸ਼ਾਮ, ਦਾਮ, ਦੰਡ, ਭੇਦ ਦਾ ਜਾ.ਲ ਤਾਂ ਥਾਂ-ਥਾਂ ਵਿਛਿਆ ਹੋਇਐ। ਓਹਦੀ ਗੱਲ ਤਾਂ ਐਵੇਂ ਜਨਤਕ ਹੋ ਗਈ। ਤੂੰ ਸਿਆਣੈ, ਦੱਸ ਭਲਾਂ ਦੁਨੀਆਂ ਦੇ ਕਿਹੜੇ ਸ਼ਾਸਕ, ਕਿਹੜੇ ਬਿਊਰੋਕਰੈਟਸ, ਕਿਹੜੇ ਪਿੰਡ ਦੇ ਪੰਚ-ਸਰਪੰਚ, ਐਮ.ਸੀ. ਜਾਂ ਮੇਅਰ ਇਸ ਹਥਿਆਰ ਦੀ ਵਰਤੋਂ ਨਹੀਂ ਕਰਦੇ? ਇਹ ਆਪਣਾ ਈ ਵਹਿਮ ਐ। ਟਰੰਪ ਨੇ ਟਰੇਡ-ਟੈਰਿਫ ਦਾ ਹੜ੍ਹ ਲਿਆਂਦਾ ਪਿਐ। ਉਹ ਇਹੋ ਰਾਗ ਅਲਾਪੀ ਜਾਂਦੈ ਬਈ ਤੁਸੀਂ ਰੂਸ ਕੋ.ਲੋਂ ਕੱਚਾ ਤੇਲ ਕਿਉਂ ਖਰੀਦ ਰਹੇ ਓ। ਹੋਰ ਸੁਣ, ਅੱਜ ਦਾ ਮਨੁੱਖ ਬੜੇ ਬੁਰੇ ਦੌਰ ਵਿਚੋਂ ਲੰਘ ਰਿਹੈ। ਸ਼ਹਿਰਾਂ ਦੀ ਛੱਡ, ਪਿੰਡਾਂ ਦੀ ਭਾਈਚਾਰਕ ਸਾਂਝ ਵੀ ਬੁਰੀ ਤਰ੍ਹਾਂ ਲੜਖੜਾ ਰਹੀ ਹੈ। ਭਾਈ-ਭਾਈ ਦਾ ਵੈਰੀ ਹੋਇਆ ਪਿਐ। ਅੱਜ ਦਾ ਬੰਦਾ ਐਨਾ ਸਵਾਰਥੀ ਹੋ ਗਿਐ, ਰਿਸ਼ਤੇ-ਨਾਤਿਆਂ ਦੀ ਕੋਈ ਕਦਰ ਹੀ ਨਹੀਂ ਰਹੀ। ਜਿਸ ਦੀ ਧੀ, ਉਸ ਦੀ ਧੀ, ਜਿਸ ਦੀ ਭੈਣ, ਉਸ ਦੀ ਭੈਣ ਬੱਸ। ਯਾਰ ਇੱਕ ਗੱਲ ਦੱਸਾਂ ਪਿਛਲੇ ਪੰਦਰਾਂ-ਵੀਹ ਦਿਨਾਂ ਵਿਚ ਹੜ੍ਹ ਦੇ ਪਾਣੀ ਵਾਂਗ ਉਪਲ ਫਾਰਮ ਵਾ.ਲੀ ਕੁੜੀ ਬਾਰੇ ਛਿੜੀ ਚਰਚਾ ਨੇ ਮੈਨੂੰ ਸਭ ਤੋਂ ਵੱਧ ਉਦਾਸ ਤੇ ਨਿਰਾਸ਼ ਕੀਤੈ। ਸੱਚ ਦੱਸਾਂ, ਮੈਥੋਂ ਇਸ ਕੁੜੀ ਦੇ ਪਿਓ ਦੇ ਦਰਦ ਦੀ ਥਾਹ ਨਹੀਂ ਪਾਈ ਗਈ।' ਇਹ ਛੋਟੀ ਜਿਹੀ ਸੀ, ਜਦੋਂ ਇਸ ਦੀ ਮਾਂ ਮਰ ਗਈ। ਮੈਂ ਵਿਆਹ ਵੀ ਨਹੀਂ ਕਰਵਾਇਆ। ਮੈਨੂੰ ਪਤਾ ਮੈਂ ਕਿਵੇਂ ਢਿੱਡ 'ਤੇ ਪਾ ਕੇ ਪਾ.ਲੀ। ਮੈਂ ਕਹਿੰਦਾਂ ਹੇ ਰੱਬਾ ਜੇ ਕਿਸੇ ਦੀ ਘਰਵਾ.ਲੀ ਮਰਜੇ, ਔਲਾਦ ਵੀ ਨਾ.ਲ ਈ ਮਰ ਜਾਵੇ।' ਓਹਦੀ ਦਰਦੀਲੀ ਆਵਾਜ਼ ਮੇਰੇ ਕੰਨਾਂ ਵਿਚ ਅੱਜ ਵੀ ਗੂੰਜ ਰਹੀ ਹੈ। ਬੇਮੁਹਾਰੇ ਹੜ੍ਹ ਦੇ ਪਾਣੀ ਵਾਂਗ ਸਾਡੇ ਰਿਸ਼ਤੇ ਵੀ ਹੜ੍ਹ ਰਹੇ ਹਨ ਮੇਰੇ ਆਰ।'

## ਪਰਛਾਵਾਂ

*(ਪਿਛਲੇ ਸਫੇ ਦਾ ਬਾਕੀ)*

ਸੀ ਜਿਸਨੇ ਉਸਦੀ ਸਹੇਲੀ ਦੀ ਇੱਜ਼ਤ ਨਾਲ ਖੇਡਣ ਦਾ ਯਤਨ ਕੀਤਾ ਹੋਵੇ। ਆਸੇ-ਪਾਸੇ ਦੇ ਪਿੰਡਾਂ ਵਿਚ ਬਦਨਾਮ ਮੁੰਡੇ ਨਾਲ ਹਰਜੀਤ ਦਾ ਵਿਆਹ ਕਰਨ ਨੂੰ ਨਾ ਗੁਰਮੀਤ ਰਾਜ਼ੀ ਸੀ ਤੇ ਨਾ ਹੀ ਗੁਰਮੀਤ ਦੇ ਮਾਂ-ਬਾਪ।

ਏਸੇ ਨਾਂਹ ਕਾਰਨ ਗੁਰਮੀਤ ਦੀ ਜ਼ਿੰਦਗੀ ਨਰਕ ਬਣ ਗਈ। ਹਰਦੇਵ ਆਖੇ ਮੇਰੇ ਮਾਮੇ ਦੇ ਮੇਰੇ 'ਤੇ ਬਹੁਤ ਅਹਿਸਾਨ ਹਨ। ਮੈਂ ਉਨ੍ਹਾਂ ਅਹਿਸਾਨਾਂ ਦੀ ਕੀਮਤ ਚੁਕਾਉਣਾ ਚਾਹੁੰਦਾ ਹਾਂ। ਕੀਮਤ ਚੁਕਾਉਣ ਦਾ ਇਹ ਇੱਕੋ ਇੱਕ ਹੀ ਵਸੀਲਾ ਸੀ। ਪਰ ਇਹ ਵਸੀਲਾ ਤਾਂ ਉਸਦੇ ਹੱਥੋਂ ਨਿਕਲ ਚੁੱਕਾ ਸੀ।

ਹਰਦੇਵ ਨੇ ਮਾਮੇ ਨੇ ਉਸ ਨੂੰ ਚਿੱਠੀ ਲਿਖੀ ਤੇ ਕਹਿ ਦਿੱਤਾ "ਅੱਜ ਤੋਂ ਸਾਡੇ ਨਾਲ ਤੇਰਾ ਕੋਈ ਰਿਸ਼ਤਾ ਨਹੀਂ ਹੈ। ਅਸੀਂ ਤੈਨੂੰ ਟੁਕੜਾ ਪਾਇਆ ਤੇ ਤੂੰ ਸਾਡਾ ਇਹ ਮਾੜਾ ਜਿਹਾ ਕੰਮ ਨਹੀਂ ਕਰਵਾ ਸਕਿਆ। ਆਪਣੀ ਤੀਵੀਂ ਨੂੰ ਜੇਕਰ ਖਿੱਚ ਕੇ ਰੱਖਦਾ ਤਾਂ ਇਹ ਦਿਨ ਨਾ ਦੇਖਣਾ ਪੈਂਦਾ। ਬੈਠ ਕੇ ਚੱਟੀ ਜਾ ਉਸਦੀ ਚਿੱਟੀ ਚਮੜੀ!"

ਇਸ ਤੋਂ ਬਾਅਦ ਹਰਦੇਵ ਨੇ ਆਨੇ-ਬਹਾਨੇ ਗੁਰਮੀਤ ਦੀ ਕੁੱਟ-ਮਾਰ ਸ਼ੁਰੂ ਕਰ ਦਿੱਤੀ। ਉਸਨੂੰ ਘਰੋਂ ਨਿਕਲਣ ਨਾ ਦਿੰਦਾ। ਫ਼ੋਨ ਨੂੰ ਉਹ ਇਕ ਕਮਰੇ ਵਿਚ ਰੱਖ ਕੇ ਬਾਹਰੋਂ ਤਾਲਾ ਲਾ ਜਾਂਦਾ। ਉਸਦੀ ਪਕਾਈ ਰੋਟੀ ਵਗਾ ਕੇ ਮਾਰਦਾ ਤੇ ਕੁੱਟ-ਕੁੱਟ ਉਸਦੇ ਹੱਡ ਪੋਲੇ ਕਰਦਾ। ਸ਼ਰਾਬ ਪੀ ਕੇ ਅੰਨ੍ਹੇਵਾਹ ਤਸ਼ੱਦਦ ਕਰਦਾ। ਪਰ ਉਹ ਵਿਚਾਰੀ ਸਭ ਕੁਝ ਚੁੱਪ ਚਾਪ ਸਹਾਰਦੀ ਜਾਂਦੀ।

ਇਕ ਦਿਨ ਬਿਸਤਰੇ 'ਚ ਪਏ ਨੇ ਸ਼ਰਾਬੀ ਹਾਲਤ ਵਿਚ ਜਾਣਬੁੱਝ ਕੇ ਉਸ ਉੱਪਰ ਪਿਸ਼ਾਬ ਕਰ ਦਿੱਤਾ ਤੇ ਬਾਅਦ ਵਿਚ ਫ਼ਰਸ਼ 'ਤੇ ਡੁਲ੍ਹੇ ਪਿਸ਼ਾਬ ਨੂੰ ਜੀਭ ਨਾਲ ਚੱਟਣ ਲਈ ਮਜਬੂਰ ਕੀਤਾ। ਇਸ ਤੋਂ ਪਹਿਲਾਂ ਵੀ ਕਈ ਵਾਰ ਹਰਦੇਵ ਨੇ ਗੁਰਮੀਤ 'ਤੇ ਪਿਸ਼ਾਬ ਕੀਤਾ ਸੀ ਪਰ ਇਸ ਵਾਰ ਉਸ ਨੇ ਫ਼ਰਸ਼ 'ਤੇ ਪਏ ਪਿਸ਼ਾਬ ਨੂੰ ਚੱਟਣ ਲਈ ਆਖ ਦਿੱਤਾ। ਗੁਰਮੀਤ ਨੇ ਰੱਬ ਦਾ ਵਾਸਤਾ ਪਾਇਆ। ਮਿੰਨਤਾਂ ਕੀਤੀਆਂ, ਤਰਲੇ ਪਾਏ ਤੇ ਹਰਦੇਵ ਦੇ ਪੈਰਾਂ 'ਤੇ ਆਪਣਾ ਸਿਰ ਵੀ ਰੱਖ ਦਿੱਤਾ। ਉਹ ਵਾਰ-ਵਾਰ ਹਰਦੇਵ ਅੱਗੇ ਹੱਥ ਜੋੜ ਰਹੀ ਸੀ, "ਹਰਦੇਵ ਪਲੀਜ਼! ਮੇਰੇ ਤੋਂ ਇਹ ਕੰਮ ਨਾ ਕਰਵਾ। ਮੈਨੂੰ ਉਲਟੀ ਆਉਂਦੀ ਹੈ।"

ਜਿਵੇਂ ਹੀ ਗੁਰਮੀਤ ਨੇ ਉਲਟੀ ਸ਼ਬਦ ਕਹਿਆ, ਹਰਦੇਵ ਨੇ ਉਸਦਾ ਸਿਰ ਫੜ ਕੇ ਏਨੀ ਜ਼ੋਰ ਦੀ ਥੱਲੇ ਨੂੰ ਕੀਤਾ ਕਿ ਉਸ ਦੇ ਬੁਲ੍ਹ ਪਿਸ਼ਾਬ 'ਤੇ ਜਾ ਟਿਕੇ। ਉਸਨੂੰ ਹੱਥੂ ਆ ਗਿਆ।

ਹਰਦੇਵ ਦਾ ਪਾਰਾ ਅਸਮਾਨੀਂ ਚੜ੍ਹ ਗਿਆ। ਉਸਨੇ ਗੁਰਮੀਤ ਦਾ ਸਿਰ ਦੋਨਾਂ ਹੱਥਾਂ ਨਾਲ ਫੜ ਕੇ ਮੂੰਹ ਫਰਸ਼ 'ਤੇ ਮਾਰਿਆ। ਉਸਦੇ ਨੱਕ 'ਚੋਂ ਖ਼ੂਨ ਦੀਆਂ ਧਰਾਲਾਂ ਵਗ ਤੁਰੀਆਂ।

ਗੁਰਮੀਤ ਨੂੰ ਲਹੂ-ਲੁਹਾਣ ਦੇਖ ਕੇ ਹਰਦੇਵ ਕੰਬ ਗਿਆ। ਉਸਨੂੰ ਗੁਰਮੀਤ ਦੀ ਸੱਟ ਦੀ ਪ੍ਰਵਾਹ ਨਹੀਂ ਸੀ। ਉਹ ਤਾਂ ਇਕ ਗੱਲੋਂ ਡਰਦਾ ਸੀ ਕਿ ਕਿਤੇ ਪੁਲੀਸ ਕੇਸ ਨਾ ਬਣ ਜਾਵੇ।

ਉਹ ਖ਼ੂਨ ਬੰਦ ਕਰਨ ਲਈ ਏਧਰ ਓਧਰ ਪਾਗਲਾਂ ਵਾਂਗ ਫਿਰਨ ਲੱਗਾ। ਕਦੇ ਪੇਪਰ ਟਾਵਲ ਚੁੱਕੇ ਤੇ ਕਦੇ ਅਲਮਾਰੀ 'ਚੋਂ ਤੌਲੀਏ ਲਿਆਵੇ। ਉਸਦੀ ਏਸੇ ਭੱਜ ਦੌੜ ਵਿਚ ਗੁਰਮੀਤ ਨੇ ਹੁਸ਼ਿਆਰੀ ਨਾਲ ਐਮਰਜੈਂਸੀ ਫ਼ੋਨ ਘੁਮਾ ਦਿੱਤਾ। ਮਿੰਟਾਂ ਸਕਿੰਟਾਂ ਵਿਚ ਪੁਲੀਸ ਆ ਗਈ। ਉਹ ਚਾਹੁੰਦਾ ਤਾਂ ਸੀ ਕਿ ਗੁਰਮੀਤ ਝੂਠ ਬੋਲ ਕੇ ਉਸਨੂੰ ਬਚਾ ਲਵੇ, ਪੁਲੀਸ ਨੂੰ ਆਖ ਦੇਵੇ ਕਿ ਉਸਦੇ ਅਚਾਨਕ ਡਿੱਗਣ ਨਾਲ ਸੱਟ ਵੱਜੀ ਹੈ। ਲਹੂ ਨਾਲ ਲੱਥ ਪੱਥ ਹੋਈ ਗੁਰਮੀਤ, ਪਿਸ਼ਾਬ ਨਾਲ ਭਿੱਜੇ ਗੁਰਮੀਤ ਦੇ ਕੱਪੜੇ, ਫ਼ਰਸ਼ 'ਤੇ ਪਏ ਪਿਸ਼ਾਬ ਦੇ ਛੱਪੜ ਨੇ ਸਾਰੀ ਕਹਾਣੀ ਸਪਸ਼ਟ ਕਰ ਦਿੱਤੀ ਤੇ ਗੁਰਮੀਤ ਨੇ ਵੀ ਪੁਲੀਸ ਮੂਹਰੇ ਸੱਚ ਬੋਲ ਕੇ ਆਪਣੇ ਉੱਤੇ ਹੋ ਰਹੇ ਤਸ਼ੱਦਦ ਦੀ ਪੁਸ਼ਟੀ ਕਰ ਦਿੱਤੀ।

ਐਬੂਲੈਂਸ ਨਾਲ ਆਏ ਦੋ ਮੁੰਡਿਆਂ ਨੇ ਗੁਰਮੀਤ ਦੇ ਪੱਟੀ ਕੀਤੀ। ਖ਼ੂਨ ਦਾ ਵੱਗਣਾ ਰੋਕਿਆ ਤੇ ਆਪਣੇ ਨਾਲ ਹਸਪਤਾਲ ਲੈ ਗਏ।

ਘਰ, ਜਿਸ ਵਿਚ ਉਹ ਰਹਿ ਰਹੇ ਸਨ ਉਹ ਹਰਦੇਵ ਦੇ ਨਾਮ ਸੀ। ਕਾਨੂੰਨੀ ਤੌਰ 'ਤੇ ਪੁਲੀਸ ਹਰਦੇਵ ਨੂੰ ਘਰੋਂ ਬਾਹਰ ਨਹੀਂ ਸੀ ਕੱਢ ਸਕਦੀ। ਉਸ ਸਮੇਂ ਕਾਨੂੰਨ ਅਨੁਸਾਰ ਪੁਲੀਸ ਦਾ ਫ਼ਰਜ਼ ਸੀ ਗੁਰਮੀਤ ਦੀ ਰੱਖਿਆ ਕਰਨੀ ਤੇ ਉਸਨੂੰ ਆਪਣੀ ਦੇਖ-ਰੇਖ ਵਿਚ ਮਹਿਫ਼ੂਜ਼ ਜਗ੍ਹਾ ਪ੍ਰਦਾਨ ਕਰਵਾਉਣੀ।

ਪੁਲੀਸ ਅਫ਼ਸਰਾਂ ਨੇ ਆਪਣੀ ਕਾਗਜ਼ੀ ਕਾਰਵਾਈ ਕੀਤੀ, ਸੰਗੀਨ ਚਾਰਜਾਂ ਨਾਲ ਭਰੇ ਕਾਗਜ਼ਾਂ ਦਾ ਥੱਬਾ ਹਰਦੇਵ ਨੂੰ ਫੜਾ ਕੇ, ਅਦਾਲਤ ਵਿਚ ਪੇਸ਼ ਹੋਣ ਦੀ ਤਾਰੀਖ ਦੱਸ ਚਲੇ ਗਏ।

ਐਂਬੂਲੈਂਸ ਵਿਚ ਹਸਪਤਾਲ ਨੂੰ ਜਾਣ ਸਮੇਂ ਗੁਰਮੀਤ ਨੇ ਹਰਦੇਵ ਵੱਲ ਘੂਰ ਕੇ ਵੇਖਿਆ ਤੇ ਬੋਲੀ, "ਤੂੰ ਮੇਰਾ ਪਰਛਾਵਾਂ ਦੇਖਣ ਲਈ ਵੀ ਤਰਸੇਂਗਾ।"

ਪਤਨੀ ਨਾਲ ਮਾਰ ਕੁਟਾਈ ਕਰਨ, ਸਰੀਰਕ ਨੁਕਸਾਨ ਪਹੁੰਚਾਉਣ ਤੇ ਅਣ-ਮਨੁੱਖੀ ਤਸ਼ੱਦਦ ਕਰਨ ਲਈ ਕੁਝ ਸਜ਼ਾ ਭੁਗਤ ਕੇ ਜਦੋਂ ਹਰਦੇਵ ਬਾਹਰ ਆਇਆ ਤਾਂ ਉਹ ਬਿਲਕੁਲ ਇਕੱਲਾ ਸੀ। ਗੁਰਮੀਤ ਨਾਲ ਉਸਦਾ ਤਲਾਕ ਹੋ ਚੁੱਕਿਆ ਸੀ।

ਉਹ ਆਪਣੇ ਇਕ ਦੋਸਤ ਨਾਲ ਰਹਿਣ ਲੱਗ ਪਿਆ। ਇਕ ਰਾਤ ਉਸਨੂੰ ਅਧਰੰਗ ਦਾ ਦੌਰਾ ਪਿਆ। ਦੋਸਤ ਹਸਪਤਾਲ ਲੈ ਗਿਆ। ਕਿੰਨੇ ਮਹੀਨੇ ਹਸਪਤਾਲ ਰਹਿਣ ਮਗਰੋਂ ਵੀ ਉਹ ਠੀਕ ਨਾ ਹੋਇਆ ਤੇ ਹਸਪਤਾਲ ਵਾਲਿਆਂ ਨੇ ਇਸ ਕੇਅਰ ਸੈਂਟਰ ਵਿਚ ਭਰਤੀ ਕਰਵਾ ਦਿੱਤਾ।

ਗੁਰਮੀਤ ਦੇ ਇਹ ਬੋਲ ਯਾਦ ਕਰਕੇ ਹਰਦੇਵ ਦੀਆਂ ਭੁੱਬਾਂ ਨਿਕਲ ਗਈਆਂ। ਹਰਦੇਵ ਦੇ ਕਮਰੇ ਵਾਲੀ ਨਰਸ ਭੱਜੀ ਭੱਜੀ ਆਈ ਤੇ ਉਸਦੀ ਵ੍ਹੀਲ ਚੇਅਰ ਉਸਦੇ ਕਮਰੇ ਵਿਚ ਲੈ ਗਈ। ਦੋ-ਤਿੰਨ ਨਰਸਾਂ ਉਸਦੀ ਮਦਦ ਲਈ ਹੋਰ ਆ ਗਈਆਂ। ਉਨ੍ਹਾਂ ਨੇ ਵਾਰੀ-ਵਾਰੀ ਆਪੋ ਆਪਣੇ ਤਰੀਕੇ ਨਾਲ ਰੋਣ ਦਾ ਕਾਰਣ ਪੁੱਛਿਆ ਪਰ ਉਸ ਤੋਂ ਬੋਲ ਨਹੀਂ ਹੋਇਆ। ਉਹ ਸਿਰਫ਼ ਚੀਕਾਂ ਮਾਰ ਰਿਹਾ ਸੀ।

ਉਹ ਲਗਾਤਾਰ ਬਾਹਰ ਵੱਲ ਨੂੰ ਟੱਡੀਆਂ ਅੱਖਾਂ ਨਾਲ ਵੇਖਦਾ ਰਿਹਾ ਤੇ ਆਪਣੇ ਪਾਏ ਹੋਏ ਕਪੜੇ ਖਿੱਚਦਾ ਰਿਹਾ। ਉਸ ਨੇ ਖਿੱਚ-ਖਿੱਚ ਕੇ ਗਲ ਪਾਇਆ ਹੋਇਆ ਕੁੜਤਾ ਭਰਾੜ ਕਰ ਲਿਆ। ਦੋ-ਤਿੰਨ ਨਰਸਾਂ ਨੇ ਉਸਨੂੰ ਫੜਿਆ ਹੋਇਆ ਸੀ ਅਤੇ ਜਿਉਂ ਹੀ ਡਾਕਟਰ ਨੇ ਕਮਰੇ 'ਚ ਪੈਰ ਪਾਇਆ ਉਸਨੇ ਡਡਆਈਆਂ ਅੱਖਾਂ ਨਾਲ ਦਰਵਾਜ਼ੇ ਵੱਲ ਵੇਖਿਆ। ਉਹ ਬਾਹਰ ਵੱਲ ਨੂੰ ਹੱਥ ਕਰਕੇ ਆਖ ਰਿਹਾ ਸੀ, "ਔਹ ਦੇਖੋ, ਔਹ ਪਰਛਾਵਾਂ... ਮੇਰੇ ਵੱਲ ਨੂੰ ਆਉਂਦਾ... ਪਰਛਾਵਾਂ ...ਪਰਛਾਵਾਂ ...ਪਰਛਾਵਾਂ ਕਰਦੇ ਨੇ ਉੱਚੀ ਦੇਣੇ 'ਪਰਛਾਵਾਂ' ਕਿਹਾ ਤੇ ਚੁੱਪ ਹੋ ਗਿਆ...।

*(ਪਿਛਲੇ ਸਫੇ ਦਾ ਬਾਕੀ)*

ਉਸ ਦੀ ਜਮਾਨਤ ਬੜੀ ਮੁਸ਼ਕਲ ਹੋਈ ਸੀ। ਜਮਾਨਤ ਹੁੰਦੇ ਸਾਰ ਉਸ ਨੇ ਫਿਰ ਆਪਣੀਆਂ ਗਤੀਵਿਧੀਆਂ ਆਰੰਭ ਦਿੱਤੀਆਂ ਸਨ।

ਸੋਹੀ ਨੇ ਸਾਰੀ ਗੱਲ ਆਪਣੇ ਕਿਸੇ ਸਰੋਤ ਰਾਹੀਂ ਬਾਹਰ ਭੇਜ ਦਿੱਤੀ ਸੀ ਤੇ ਮੇਰੇ ਨਾਲ ਤਾਲਮੇਲ ਕਰਨ ਲਈ ਇੱਕ ਪ੍ਰਕਾਰ ਦੀ ਹਦਾਇਤ ਕਰ ਦਿੱਤੀ ਜਾਪਦੀ ਸੀ। ਜਦੋਂ ਹੀ ਸਾਡੀਆਂ ਜ਼ਮਾਨਤਾਂ ਹੋਈਆਂ ਤੇ ਅਸੀਂ ਬਾਹਰ ਆਏ ਤਾਂ ਯੂਅਰਜ਼ ਅਕੈਡਮੀ ਚਲਾ ਰਹੇ ਮੇਰੇ ਹਮ-ਜਮਾਤੀ ਅਤੇ ਮਾਸਟਰ ਯਸ਼ਪਾਲ ਦੇ ਵੱਡੇ ਭਰਾ ਮਨੋਹਰ ਨੇ ਮੈਨੂੰ ਸੁਨੇਹਾਂ ਲਾ ਕੇ ਅਕੈਡਮੀ ਵਿਚ ਬੁਲਾਇਆ। ਉਸ ਨੇ ਮੈਨੂੰ ਬੜੇ ਆਦਰ ਨਾਲ ਬਿਠਾਇਆ। ਚਾਹ ਮੰਗਵਾਈ ਤੇ ਗੱਲਾਂ-ਗੱਲਾਂ ਵਿਚ ਹਾਲ-ਹਵਾਲ ਪੁੱਛਦਿਆਂ ਕਹਿਣ ਲੱਗਿਆ-'ਸਾਰੀ ਗੱਲ ਸਾਡੇ ਕੋ.ਲ ਅੱਪੜ ਗਈ ਹੈ, ਦੁਹਰਾਉਣ ਦੀ ਜ਼ਰੂਰਤ ਨਹੀਂ। ਮੇਰੀ ਪਾਰਟੀ ਨੇ ਡਿਊਟੀ ਲਗਾਈ ਹੈ ਕਿ ਮੈਂ ਤੈਨੂੰ ਪੁੱਛਾਂ ਕਿ ਅੱਗੋਂ ਲਈ ਤੂੰ ਕਿਵੇਂ ਸੋਚਦੈਂ?' ਸੁਣ ਕੇ ਮੇਰੀ ਨੀਵੀਂ ਪੈ ਗਈ। ਮੈਂ ਬੇਬਾਕੀ ਨਾਲ ਉੱਤਰ ਦਿੱਤਾ-'ਮਨੋਹਰ ਗ੍ਰਿਫ਼ਤਾਰੀ ਸਮੇਂ ਜਿਵੇਂ ਮੈਂ ਪੁਲਸ ਵਾ.ਲਿਆਂ ਕੋ.ਲ ਵੱਡੀਆਂ ਫੜ੍ਹਾਂ ਮਾਰਦਾ ਸਾਂ, ਮੈਂ ਪੂਰਾ ਨਹੀਂ ਉੱਤਰ ਸਕਿਆ।' ਮੈਂ ਅਜੇ ਪੂਰੀ ਗੱਲ ਆਖੀ ਵੀ ਨਹੀਂ ਸੀ ਕਿ ਉਹ ਵਿਚਕਾਰੋਂ ਟੋਕ ਕੇ ਬੋ.ਲਿਆ ਸੀ-'ਸਾਰੀ ਗੱਲ ਦਾ ਸਾਨੂੰ ਪਤੈ। ਮੈਨੂੰ ਇਹ ਕਿਹਾ ਗਿਆ ਹੈ ਕਿ ਮੈਂ ਤੈਨੂੰ ਇਹ ਪੁੱਛਾਂ ਬਈ ਹੁਣ ਤੂੰ ਕਿਵੇਂ ਸੋਚਦੈਂ?' ਉਹ ਮੇਰੇ ਕੋ.ਲੋਂ ਕੀ ਕੁਰੇਦਣਾ ਚਾਹੁੰਦਾ ਸੀ?-ਮੇਰਾ ਦਿਮਾਗ਼ ਸੁੰਨ ਜਿਹਾ ਹੋਇਆ ਪਿਆ ਸੀ।

'ਮੈਂ ਕੀ ਸੋਚਣਾ ਸੀ?-ਸਾਰੇ ਪਾਸੀਂ ਮੇਰੀ ਕਮਜ਼ੋਰੀ ਦੇ ਢੋਲ ਕੁੱਟੇ ਜਾ ਰਹੇ ਨੇ। ਗੱਦਾਰੀ ਭਗੌੜਾ ਤੇ ਹੋਰ ਪਤਾ ਨਹੀਂ ਕੀ ਕੀ ਕਿਹਾ ਜਾ ਰਿਹਾ ਹੈ। ਮੈਂ ਕਿਤੇ ਖੜ੍ਹਨ ਬੈਠਣ ਜੋਗਾ ਵੀ ਨਹੀਂ ਰਿਹਾ।'

'ਅਤਰਜੀਤ ਤੈਂ ਕੋਈ ਗੱਦਾਰੀ ਨਹੀਂ ਕੀਤੀ। ਪਾਰਟੀ ਤੇਰੇ ਕੋ.ਲੋਂ ਉਮੀਦ ਰੱਖਦੀ ਹੈ ਕਿ ਤੂੰ ਆਪਣੇ ਬਾਰੇ ਫਿਰ ਤੋਂ ਵਿਚਾਰ ਕਰੇਂ। ਸੋਹੀ ਨੇ ਖ਼ਾਸ ਕਰਕੇ ਤੇਰੇ ਬਾਰੇ ਚੰਗੀ ਰਿਪੋਰਟ ਭੇਜੀ ਹੈ, ਬਾਹਰ।' ਕੁਮ.ਲਾਉਂਦੇ ਜਾ ਰਹੇ ਚਿਹਰੇ ਨੂੰ ਥੋੜ੍ਹੀ ਢਾਰਸ ਮਿ.ਲੀ। ਇਹਦਾ ਮਤਲਬ ਪਾਰਟੀ ਇਸ ਵਰਤਾਰੇ ਨੂੰ ਸਾਧਾਰਨ ਰੂਪ ਵਿਚ ਲੈ ਰਹੀ ਸੀ। ਮੈਂ ਤਾਜ਼ਾ-ਤਾਜ਼ਾ ਭਾਂਜ ਨਾਵਲ ਪੜ੍ਹਿਆ ਸੀ। ਰੂਸੀ ਫੌਜਾਂ ਨੂੰ ਹਾਰ ਦਾ ਸਾਮ੍ਹਣਾ ਕਰਨਾ ਪਿਆ ਤਾਂ ਭੱਜੀਆਂ ਜਾਂਦੀਆਂ ਫੌਜਾਂ, ਜੋ ਚੀਜ਼ ਵੀ ਹੱਥ ਲੱਗਦੀ ਸੰਭਾ.ਲਦੀਆਂ ਜਾਂਦੀਆਂ ਹਨ, ਗੋ.ਲੀ-ਸਿੱਕਾ, ਅਨਾਜ ਆਦਿ ਸਭ ਕੁੱਝ। ਇਸ ਲਈ ਕਿ ਇਹ ਚੀਜ਼ਾਂ ਦੁਸ਼ਮਣ ਦੇ ਹੱਥ ਨਾ ਆ ਜਾਣ। ਮੁੜ ਤਾਕਤ ਇਕੱਤਰ ਕਰਕੇ ਦੁਸ਼ਮਣ ਉੱਪਰ ਹਮਲਾ ਕਰਦੀਆਂ ਹਨ, ਤੇ ਦੁਸ਼ਮਣ ਦੇ ਪੈਰ ਉਖੇੜ ਦਿੰਦੀਆਂ ਹਨ। ਜਿੱਤ ਦਾ ਜਸ਼ਨ ਮਨਾਇਆ ਜਾ ਰਿਹਾ ਹੈ। ਇੱਕ ਜੁਆਨ ਜੋ ਲੜਾਈ ਦੇ ਮੈਦਾਨ ਵਿਚ ਕਮਜ਼ੋਰੀ ਦਿਖਾ ਗਿਆ ਸੀ, ਨਿੰਮੋਝੂਣਾ ਹੋਇਆ, ਨਮੋਸ਼ੀ ਵਿਚ ਨੀਵੀਂ ਪਾਈ ਬੈਠਾ ਹੈ। ਆਪਣੇ ਆਪ ਦੇ ਅੱਗੇ ਹੀ ਸ਼ਰਮਸ਼ਾਰ। ਕਮਾਂਡਰ ਸਟੇਜ਼ ਤੋਂ ਉਸ ਦਾ ਨਾਂ ਲੈ ਕੇ ਬੁਲਾਉਂਦਾ ਹੈ ਤੇ ਸਟੇਜ਼ 'ਤੇ ਆ ਕੇ ਪੁਰਸਕਾਰ ਪ੍ਰਾਪਤ ਕਰਨ ਦਾ ਸੱਦਾ ਦਿੰਦਾ ਹੈ। ਜੁਆਨ ਪੁਰਸਕਾਰ ਲੈਣ ਦੀ ਦੁਚਿੱਤੀ ਵਿਚ ਹੈ-ਕਾਹਦਾ ਪੁਰਸਕਾਰ। ਉਸ ਨੇ ਕੀ ਕੀਤਾ ਹੈ, ਜਿਸ ਲਈ ਉਸ ਨੂੰ ਸਨਮਾਨਤ ਕੀਤਾ ਜਾ ਰਿਹਾ ਹੈ? ਸਟੇਜ਼ 'ਤੇ ਆਉਣ ਲਈ ਉਸ 'ਤੇ ਦਬਾਅ ਪਾਇਆ ਜਾਂਦਾ ਹੈ। ਉਸ ਨੂੰ ਜ਼ਬਰਦਸਤੀ ਸਟੇਜ਼ 'ਤੇ ਲਿਆ ਕੇ ਸਨਮਾਨਤ ਕੀਤਾ ਜਾਂਦਾ ਹੈ। ਜੰਗ ਤਾਂ ਅਜੇ ਜਾਰੀ ਹੈ, ਦੁਸ਼ਮਣ ਤਾਂ ਅਜੇ ਵੀ ਮੁਲਕ ਦੇ ਬਹੁਤੇ ਹਿੱਸੇ ਵਿਚ ਖ਼ੂਨ ਦੀ ਖੇਡ ਰਿਹਾ ਹੈ।

**ਉਹ ਜੁਆਨ ਦੁਬਾਰਾ ਮੋਰਚੇ 'ਤੇ ਜਾਂਦਾ ਹੈ। ਪਿਛਲੇ ਸਾਰੇ ਧੋਣੇ ਧੋਣ ਲਈ ਦੁਸ਼ਮਣ ਨਾਲ ਟੱਕਰ ਲੈਂਦਾ ਆਖ਼ਰ ਰਣ ਤੱਤੇ ਵਿਚ ਜੂਝਦਾ ਦਿਖਾਇਆ ਗਿਆ। ਜੇਕਰ ਉਸ ਨੂੰ ਵਿਗਿਆਨਕ ਦ੍ਰਿਸ਼ਟੀ ਨਾਲ ਹੀਣਤਾ ਵਾਲੇ ਸੰਤਾਪ ਵਿਚੋਂ ਬਾਹਰ ਕੱਢਿਆ ਨਾ ਦਿਖਾਇਆ ਜਾਂਦਾ ਤਾਂ ਅਜਿਹੀਆਂ ਹਾਲਤਾਂ ਵਿਚ ਆਤਮਘਾਤ ਵਰਗੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ ਹੁੰਦਾ। ਇਹ ਹੈ ਕਮਿਊਨਿਸਟ ਵਿਚਾਰਧਾਰਾ ਦੀ ਵਿਗਿਆਨਕਤਾ। ਬੀਮਾਰ ਨੂੰ ਮਾਰਨਾ ਨਹੀਂ, ਜਿਵੇਂ ਚਾਰੂ ਗਰੁੱਪ ਦੇ ਸਾਥੀ ਕਰ ਰਹੇ ਸਨ। ਮਰੀਜ਼ ਦਾ ਇਲਾਜ ਹੀ ਅਸਲ ਵਿਗਿਆਨਕ ਦ੍ਰਿਸ਼ਟੀਕੋਣ ਹੈ, ਜੋ ਨਾਗੀ ਰੈਡੀਏ ਅਪਣਾ ਰਹੇ ਸਨ। ਇਹ ਸੋਹੀ ਗਰੁੱਪ ਦੀ ਦਰਿਆ ਦਿਲੀ ਦਾ ਸਬੂਤ ਸੀ, ਜੋ ਉਨ੍ਹਾਂ ਨੇ ਮੇਰੇ ਸਬੰਧ ਵਿਚ ਦਿਖਾਇਆ। ਸੋਹੀ ਦੀ ਲਾਈਨ ਮੁਤਾਬਿਕ ਮੈਨੂੰ ਪੈਰਾਂ-ਭਾਰ ਖੜ੍ਹਾ ਕਰਨ ਦੀ ਨੀਤੀ ਅਪਣਾਈ ਜਾ ਰਹੀ ਸੀ। ਮੇਰੇ ਅੰਦਰ ਜਿੰਨਾ ਕੁ ਅਤਰਜੀਤ ਬਚ ਸਕਿਆ ਸੀ, ਉਸ ਨੂੰ ਬਚਾਉਣ ਦੀ ਨੀਤੀ ਅਪਣਾਈ ਜਾ ਰਹੀ, ਨਾ ਕਿ ਬਾਕੀ ਬਚੇ ਨੂੰ ਰੌਂਦ ਕੇ ਛਾਤੀ 'ਤੇ ਪੈਰ ਰੱਖ ਕੇ ਲੰਘ ਜਾਇਆ ਜਾਵੇ, ਜਿਵੇਂ ਚਾਰੂ ਗਰੁੱਪ ਵਾਲੇ ਖੋਖਰ ਵਾਲੇ ਬੋਘੜ ਤੇ ਲਹਿਰੇ ਮੁਹੱਬਤ ਵਾਲੇ ਪਾਲੇ ਨੂੰ ਮੂਹਰੇ ਲਾ ਕੇ ਮਾਰਨ ਦੀਆਂ ਚਾਲਾਂ ਚੱਲ ਰਹੇ ਸਨ। ਮੇਰੇ ਵੱਲੋਂ ਦਿਖਾਈ ਕਮਜ਼ੋਰੀ ਦੀ ਕਵੀਸ਼ਰੀ ਜੋੜ ਕੇ ਥਾਂ ਥਾਂ ਦੁਹਰਾਈ ਜਾ ਰਹੀ ਸੀ। (ਚੱਲਦਾ)**

# ਸਾਨੂੰ ਕੌਣ ਡੋਬ ਸਕਦੈ?

ਹਰ ਰੋਜ਼ ਸੋਸ਼ਲ ਮੀਡੀਏ 'ਤੇ ਹੜ੍ਹ ਆਏ ਪੰਜਾਬ ਦੀਆਂ ਤਸਵੀਰਾਂ ਵੇਖ ਰਿਹਾਂ।

ਬਿੱਫ਼ਰੇ ਪਾਣੀ ਨਾਲ ਮਾਧੋਪੁਰ ਡੈਮ ਦੇ ਦਰਵਾਜ਼ਿਆਂ ਨਾਲ ਮੈਂ ਵੀ ਟੁੱਟ ਕੇ ਹੜ੍ਹ ਗਿਆ ਹਾਂ।

'ਹਾਏ ਉਏ ਰੱਬਾ! ਬੰਨ੍ਹ ਟੁਟ ਚੱਲਿਆ ਉਏ!' ਪਾਣੀ ਨੂੰ ਬੰਨ੍ਹ ਮਾਰਨ ਦਾ ਯਤਨ ਫੇਲ੍ਹ ਹੋਣ 'ਤੇ ਵੱਜੀ ਧਾਹ ਮੈਂ ਹੀ ਤਾਂ ਹਾਂ।

ਪੁਲ ਦੀ ਬੁਰਜੀ ਨੂੰ ਹੱਥ ਪਾ ਕੇ ਬਚਣ ਦੀ ਕੋਸ਼ਿਸ਼ ਵਿਚ ਮੈਂ ਹਾਂ ਜਿਸਦੇ ਖੱਬੇ ਹੱਥ ਡੁੱਬਦਾ ਜਣਾ ਬੁਰਜੀ ਨੂੰ ਹੱਥ ਪਾ ਕੇ ਬਚਣ ਲਈ ਮੇਰੇ ਨੇੜੇ ਆ ਗਿਆ ਹੈ। ਮੈਂ ਸੱਜੇ ਹੱਥ ਵੇਖਦਾ ਹਾਂ ਤਾਂ ਰੁੜ੍ਹਦਾ ਇੱਕ ਹੋਰ ਬੁਰਜੀ ਨੂੰ ਹੱਥ ਪਾ ਕੇ ਸੁਖ ਦਾ ਸਾਹ ਲੈਂਦਾ ਹੈ। ਮੈਂ ਖੱਬੇ ਪਾਸੇ ਵਾਲੇ ਜਣੇ ਨੂੰ ਵੇਖਦਾ ਹਾਂ, ਉਹਦੇ ਹੱਥ ਛੁੱਟ ਗਏ ਨੇ ਤੇ ਸਿਰ ਪਾਣੀ ਵਿਚ ਡੁੱਬ ਗਿਆ ਹੈ। ਮੈਂ ਹੁਣੇ ਸੱਜੇ ਹੱਥ ਆਉਣ ਵਾਲੇ ਵੱਲ ਧੌਣ ਮੋੜਦਾ ਹਾਂ। ਉਹ ਤਾਂ ਔਹ ਰੁੜ੍ਹਿਆ ਜਾਂਦਾ ਹੈ।-ਹੁਣ ਬੱਸ ਮੇਰੀ ਵਾਰੀ ਹੈ।

ਡੁੱਬ ਗਈ ਲੱਖਾਂ ਏਕੜ ਫ਼ਸਲ ਵਿਚ ਬੇਬੱਸ ਹੋਇਆ, ਪਾਣੀ ਹੇਠਾਂ ਡੁੱਬਿਆ ਤੇ ਸਾਹ ਸਤ-ਹੀਣ ਹੋਇਆ ਵੀ ਮੈਂ ਹਾਂ।

ਰੁੜ੍ਹਦੀਆਂ ਤੇ ਮਰ ਗਈਆਂ ਮੱਝਾਂ ਨਾਲ ਡੁੱਬ ਰਿਹਾਂ, ਮਰ ਰਿਹਾਂ ਮੈਂ ਹੀ ਹਾਂ।

ਧਾਹਾਂ ਮਾਰ ਕੇ ਰੋਂਦੇ ਬੇਵੱਸ ਲੋਕਾਂ ਦੀ ਅਸਮਾਨ ਚੀਰਦੀ ਚੀਕ ਵੀ ਮੈਂ ਹੀ ਹਾਂ।

'ਔਹ ਵੇਖੋ! ਤੇੜ ਪੈ ਗਈ, ਗਿਆ, ਹੁਣ ਗਿਆ! ਹੇ ਔਹ ਢਹਿ ਗਿਆ।-ਇਸ ਤਿੰਨ ਮੰਜ਼ਿਲੀ ਖਲੋਤੀ ਕੋਠੀ ਦੇ ਨਾਲ ਮੈਂ ਵੀ ਪਾਣੀ ਵਿਚ ਢਹਿ ਪਿਆ ਹਾਂ।

ਹੜ੍ਹ ਵਿਚ ਕੁੱਤੇ ਉੱਤੇ ਬਚਾਅ ਲਈ ਰੋਂਦੀ ਬੈਠੀ ਚਾਰ ਪੰਜ ਸਾਲ ਦੀ ਬੱਚੀ ਦੇ ਅੱਥਰੂਆਂ ਵਿਚੋਂ ਮੈਂ ਵਹਿ ਰਿਹਾਂ।

ਦੂਰ-ਦੂਰ ਤੋਂ ਹੜ੍ਹ ਪੀੜਤਾਂ ਲਈ ਰਾਸ਼ਨ ਲੈ ਕੇ ਲੱਦੀਆਂ ਟਰਾਲੀਆਂ ਨਾਲ ਛੱਡੇ ਜਾਂਦੇ ਜੈਕਾਰਿਆਂ ਦੀ ਗੂੰਜ ਵਿਚ ਵੀ ਮੈਂ ਹਾਂ।

'ਔਹ ਜਿਸ ਸਿੰਘ ਨੂੰ ਰਾਸ਼ਨ ਦੇ ਕੇ ਆਏ ਆਂ, ਉਹ ਚਾਹ ਬਣਾ ਕੇ ਲਈ ਆਉਂਦਾ ਏ। ਕਹਿੰਦਾ, ਚਾਹ ਪੀ ਕੇ ਜਾਇਓ''-ਚਾਹ ਵਾਲਾ ਜੱਗ ਫੜੀ ਆਉਂਦਾ ਕਿਸਾਨ ਮੈਂ ਹੀ ਤਾਂ ਹਾਂ।

ਪਾਣੀ ਵਿਚ ਡੁੱਬੇ ਮਕਾਨ ਦੀ ਛੱਤ 'ਤੇ ਬੁੱਢੀ ਮਾਂ ਨੂੰ ਮਦਦ ਦੇਣ ਲਈ ਪਹੁੰਚੇ ਸਹਾਇਕ ਨੂੰ ਮਾਂ ਪੁੱਛਦੀ ਹੈ, 'ਪੁੱਤ ਚਾਹ ਬਣਾਵਾਂ!'-ਮਾਂ ਦਾ ਇਹ ਹੌਸਲਾ ਵੀ ਮੈਂ ਹਾਂ।

ਹਰਿਆਣੇ ਦੇ ਭਰਾਵਾਂ ਵੱਲੋਂ ਪੰਜਾਬ ਨੂੰ ਸਹਾਇਤਾ ਲਈ ਟਰੱਕ ਲੈ ਕੇ ਜਾਂਦਾ ਵੀ ਮੈਂ ਹਾਂ,



ਜਿਸ ਦੇ ਆਗੂ ਕਹਿ ਰਹਿ ਨੇ ਅਸੀਂ ਸਰਕਾਰਾਂ ਦੇ ਲੱਖ ਜ਼ੋਰ ਲਾਉਣ 'ਤੇ ਵੀ ਅੱਡ ਨਹੀਂ ਹਾਂ। ਪੰਜਾਬ ਸਾਡਾ ਭਰਾ ਹੈ। ਅਸੀਂ ਜਾ ਰਹੇ ਹਾਂ ਭਰਾਵਾਂ ਵਾਸਤੇ ਸਹਾਇਤਾ ਲੈ ਕੇ।-ਮੈਂ ਉਹਨਾਂ ਦੇ ਟਰੱਕਾਂ ਨਾਲ ਰੁੜ੍ਹਦੇ ਪੰਜਾਬ ਨੂੰ ਜੱਫ਼ੀ ਪਾਉਣ ਜਾ ਰਿਹਾਂ।

ਦੋਵਾਂ ਪੰਜਾਬਾਂ ਨੂੰ ਵੰਡਦੀ ਤਾਰ ਰੁੜ੍ਹ ਗਈ ਗਈ ਹੈ। ਲਹਿੰਦੇ ਪੰਜਾਬ ਦੇ ਭਰਾ ਟੁੱਟੇ ਬੰਨ੍ਹ ਨੂੰ ਬਨਾਉਣ ਵਿਚ ਚੜ੍ਹਦੇ ਪੰਜਾਬ ਦੇ ਭਰਾਵਾਂ ਦੀ ਮਦਦ ਕਰ ਰਹੇ ਹਨ। ਉਹ ਟੁਟਾ ਹੋਇਆ ਬੰਨ੍ਹ ਮੈਂ ਹੀ ਤਾਂ ਹਾਂ, ਜੋ ਨਫ਼ਰਤਾਂ 'ਤੇ ਜੰਗਾਂ ਸਦਾ ਤੋੜਨ ਦੀ ਕੋਸ਼ਿਸ਼ ਵਿਚ ਰਹੀਆਂ।

ਲਹਿੰਦੇ ਪੰਜਾਬ ਦੇ ਪੁੱਤ ਪਾਣੀ ਦੀਆਂ ਬੋਤਲਾਂ ਦੇ ਡੱਬੇ ਚੜ੍ਹਦੇ ਪੰਜਾਬ ਨੂੰ ਜਾਂਦੇ ਪਾਣੀਆਂ ਦੇ ਵਹਾਉ ਵਿਚ ਰੋੜ੍ਹ ਰਹੇ ਹਨ ਤਾਕਿ ਪਾਣੀ ਚੜ੍ਹਦੇ ਪੰਜਾਬ ਦੇ ਭਰਾਵਾਂ ਤੱਕ ਇੰਝ ਹੀ ਪਹੁੰਚ ਜਾਵੇ।-ਉਹਨਾਂ ਬੋਤਲਾਂ ਵਿਚਲਾ ਪਾਣੀ ਹਾਂ ਮੈਂ।

ਹੜ੍ਹ ਵਿਚ ਥਾਂ-ਥਾਂ ਲੋਕਾਂ ਦੀ ਮਦਦ ਲਈ ਪਹੁੰਚ ਰਹੀ ਧਰਤੀ ਦੀ ਧੀ ਸਾਕਸ਼ੀ ਸਾਹਨੀ ਦੇ ਸਿਰ 'ਤੇ ਹੱਥ ਰੱਖਣ ਤੇ ਅਸੀਸ ਦੇਣ ਵਾਲਾ ਬਜ਼ੁਰਗ ਕਿਸਾਨ ਮੈਂ ਹੀ ਹਾਂ।

ਗਿਆਨੀ ਰਘਬੀਰ ਸਿੰਘ ਦੀ ਅਰਦਾਸ ਕਰਦਿਆਂ ਡੁੱਬਦੇ ਜਾਂਦੇ ਪੰਜਾਬ ਲਈ ਵੱਜੀ ਭੁੱਬ ਵੀ ਮੈਂ ਹੀ ਹਾਂ।

ਚਿੱਟੇ ਕੱਪੜਿਆਂ ਤੇ ਚਿੱਟੀ ਪੱਗ ਵਾਲਾ ਹੱਸਦਾ ਹੋਇਆ ਕਿਸਾਨ ਵੀ ਮੈਂ ਹੀ ਹਾਂ, ਜਿਹੜਾ ਕਹਿੰਦਾ, 'ਹੱਸੀਏ ਨਾ ਤਾ ਕੀ ਮਰ ਜਾਈਏ? ਅਸੀਂ ਨਹੀਂ ਡਰਦੇ ਹੜ੍ਹਾ-ਹੁੜਾਂ ਤੋਂ। ਸਦਾ ਪਾਣੀ ਵਿਚ ਹੀ ਤਾਂ ਰਹਿੰਦੇ ਹਾਂ।'-ਜਦੋਂ ਉਹ ਦੂਜੀ ਕਿਸ਼ਤੀ 'ਤੇ ਬੈਠੇ ਬਾਬੇ ਸੀਚੇਵਾਲ ਨੂੰ ਕਹਿੰਦਾ ਹੈ, 'ਜੇ ਕੁਝ ਕਰ ਸਕਦੈਂ ਤਾਂ ਚੜ੍ਹ ਜਾ ਮੋਦੀ ਦੀ ਹਿੱਕ 'ਤੇ।'-ਤਾਂ ਉਹਦਾ ਲਲਕਾਰਾ ਮੈਂ ਹੀ ਤਾਂ।

ਪਰ ਮੈਂ ਹਰ ਵਾਰ ਭੁੱਲ ਜਾਂਦਾ ਹਾਂ ਕਿ ਸਾਡੇ ਕੋਲੋਂ ਮੋਦੀਆਂ, ਮਾਨਾਂ, ਬਾਦਲਾਂ, ਅਮਰਿੰਦਰਾਂ ਤੇ ਹੋਰਨਾਂ ਦੀ ਹਿੱਕ 'ਤੇ ਕਿਉਂ ਨਹੀਂ ਬੈਠਾ ਜਾਂਦਾ? ਅਸੀਂ ਸਦਾ ਉਨ੍ਹਾਂ ਦੇ ਹੇਠਾਂ ਕਿਉਂ ਆ ਜਾਂਦੇ ਹਾਂ?

ਨਹੀਂ, ਮੈਂ ਰੋਣਾ ਨਹੀਂ, ਆਪਣਾ ਗੁੱਸਾ ਸਾਂਭ ਕੇ ਰੱਖਣਾ ਹੈ। ਹਾਲ ਦੀ ਘੜੀ ਕਪਾਹ ਦੀ ਫੁੱਟੀ ਵਾਂਗ ਖਿੜ ਖਿੜ ਹੱਸ ਰਹੇ ਬਾਬੇ ਨਾਲ ਹੱਸਣ ਨੂੰ ਜੀਅ ਕਰਦਾ ਹੈ!

ਮੈਨੂੰ ਕੌਣ ਡੋਬ ਸਕਦਾ ਹੈ?
ਮੈਨੂੰ ਕੌਣ ਮਾਰ ਸਕਦਾ ਹੈ?
ਪਰ 'ਉਨ੍ਹਾਂ ਦੀ ਹਿੱਕ 'ਤੇ ਬਹਿਣ ਦੀ ਉਡੀਕ ਵਿਚ ਹਾਂ।

**-ਵਰਿਆਮ ਸਿੰਘ ਸੰਧੂ**

# ਇੱਕ ਦੂਜੇ ਦੇ ਉਲਟ ਰਹਿਣ ਵਾਲੇ ਤਿੰਨ ਵੱਡੇ ਵਿਦਵਾਨ ਪਹਿਲੀ ਵਾਰ ਇੱਕ ਮੰਚ ਉੱਤੇ ਹੋਏ ਇਕੱਠੇ

## ਅਕਾਲੀ ਦਲ ਦੇ ਸੰਕਟ ਬਾਰੇ ਗੰਭੀਰ ਵਿਚਾਰਾਂ ਹੋਈਆਂ

ਬੀਤੇ ਦਿਨ ਯਾਦਵਿੰਦਰ ਸਿੰਘ ਕਰਫਿਊ ਨੇ ਪ੍ਰੋ ਪੰਜਾਬ ਟੀ.ਵੀ. ਉੱਤੇ ਤਿੰਨ ਵੱਡੇ-ਭਾਈ ਅਜਮੇਰ ਸਿੰਘ, ਪ੍ਰਭਸ਼ਰਨਦੀਪ ਸਿੰਘ ਤੇ ਮਨਧੀਰ ਸਿੰਘ ਨੂੰ ਇੱਕ ਵੱਡੀ ਤੇ ਇਤਿਹਾਸਿਕ ਬਹਿਸ ਲਈ ਇਕ ਥਾਂ ਉੱਤੇ ਇਕੱਠਿਆਂ ਕਰ ਦਿੱਤਾ। ਇਹ ਤਿੰਨੇ ਸ਼ਾਇਦ ਹੀ ਕਦੇ ਇੱਕ ਜਗ੍ਹਾ 'ਤੇ ਮਿਲੇ ਹੋਣ ਜਾਂ ਸ਼ਾਇਦ ਹੀ ਕਿਸੇ ਨੇ ਉਨ੍ਹਾਂ ਨੂੰ ਮਿਲਾਉਣ ਲਈ ਹਿੰਮਤ ਕੀਤੀ ਹੋਵੇ ਜਾਂ ਮਿਲਾਉਣ ਦੀ ਲੋੜ ਮਹਿਸੂਸ ਕੀਤੀ ਹੋਵੇ ਜਾਂ



ਇਨ੍ਹਾਂ ਤਿਨਾਂ ਅੰਦਰ ਖੁਦ ਵੀ ਆਪਸ ਵਿਚ ਮਿਲ-ਬੈਠਣ ਦੀ ਰੁਚੀ ਤੇ ਖੁੱਲ-ਦਿਲੀ ਕਦੇ ਪੈਦਾ ਹੋਈ ਹੋਵੇ।


**ਕਰਮਜੀਤ ਸਿੰਘ ਚੰਡੀਗੜ੍ਹ**
**ਫੋਨ: 99150-91063**


ਇਹ ਤਿੰਨੇ ਵਧੀਆ ਵਕਤਾ ਹਨ। ਆਪਣੀ ਗੱਲ ਨੂੰ, ਆਪਣੀ ਦਲੀਲ ਨੂੰ ਜਚਾ ਕੇ ਪੇਸ਼ ਕਰਨ ਅਤੇ ਮਨਾਉਣ ਵਿਚ ਮਾਹਰ ਹਨ। ਤਿੰਨਾਂ ਦੀ ਪੰਜਾਬ ਦੀ ਤਰਜ਼-ਜ਼ਿੰਦਗੀ ਉੱਤੇ ਮੁਕੰਮਲ ਪਕੜ ਹੈ। ਤਿੰਨੇ 'ਆਫ ਦੀ ਰਿਕਾਰਡ' ਜਾਂ ਆਪਣੇ ਨੇੜੇ ਦੇ ਯਾਰ ਬੇਲੀਆਂ ਵਿਚ ਇੱਕ ਦੂਜੇ ਦੇ ਖਿਲਾਫ ਬੌਧਿਕ ਤੇ ਅਬੌਧਿਕ ਟਿੱਪਣੀਆਂ ਕਰਦੇ ਰਹਿੰਦੇ ਹਨ। ਤਿੰਨਾਂ ਵਿਚ ਪੰਜਾਬ ਦਾ ਦਰਦ ਠਾਠਾਂ ਮਾਰਦਾ ਹੈ। ਇਹ ਵੀ ਇੱਕ ਵੱਡਾ ਸੱਚ ਹੈ ਕਿ ਤਿੰਨਾਂ ਦੇ ਪੈਰੋਕਾਰਾਂ ਅਤੇ ਹਮਦਰਦਾਂ ਦੀ ਕੁੱਲ ਮਿਲਾ ਕੇ ਗਿਣਤੀ ਹਜ਼ਾਰਾਂ ਵਿਚ ਹੈ ਪਰ ਕਿਸ ਵਿਅਕਤੀ ਕੋਲ ਕਿੰਨੀ ਵੱਡੀ ਗਿਣਤੀ ਹੈ, ਇਹ ਦੱਸਣਾ ਵਾਜਿਬ ਨਹੀਂ ਹੋਏਗਾ। ਇਨ੍ਹਾਂ ਤਿੰਨਾਂ ਦੇ ਖੰਭਾਂ ਵਿਚ ਪਰਵਾਜ਼ ਹੈ ਪਰ ਕਿਸ ਦੀ ਉਡਾਰੀ ਕਿੰਨੀ ਉੱਚੀ ਹੈ, ਇਹ ਦੱਸ ਕੇ ਅਸੀਂ ਪੱਖਪਾਤ ਦੇ ਘੇਰੇ ਵਿਚ ਚਲੇ ਜਾਵਾਂਗੇ।

ਯਾਦਵਿੰਦਰ ਸਿੰਘ ਕਰਫਿਊ ਪੰਜਾਬੀ ਐਂਕਰਾਂ ਵਿਚ ਸਿਰਮੌਰ ਸਥਾਨ ਰੱਖਦੇ ਹਨ, ਜੋ ਉਹ ਗੱਲ ਜਾਂ ਤੱਥ ਸਬੰਧਤ ਮਾਹਰ ਕੋਲੋਂ ਕਿਸੇ ਨਾ ਕਿਸੇ ਢੰਗ ਜਾਂ ਸਲੀਕੇ ਨਾਲ ਕਢਵਾ ਹੀ ਲੈਂਦੇ ਹਨ ਜੋ ਇੰਟਰਵਿਊ ਦੇਣ ਵਾਲੇ ਨੇ ਜਾਂ ਇੰਟਰਵਿਊ ਦੇਣ ਵਾਲੇ ਮਾਹਰ ਨੇ ਜਨਤਾ ਕੋਲੋਂ ਦਬਾ ਕੇ ਜਾਂ ਲਕੋ ਕੇ ਰੱਖੀ ਹੁੰਦੀ ਹੈ। ਸਿਮਰਨਜੋਤ ਸਿੰਘ ਮੱਕੜ ਤੇ ਰੰਧਾਵਾ ਸਾਹਿਬ ਵੀ ਸਤਿਕਾਰ ਦੇ ਪਾਤਰ ਹਨ; ਹਾਲਾਂਕਿ ਰੰਧਾਵਾ ਸਾਹਿਬ ਸਵਾਲ ਨੂੰ ਇਨਾ ਲੰਮਾ ਕਰ ਦਿੰਦੇ ਹਨ ਕਿ ਪਤਾ ਹੀ ਨਹੀਂ ਲੱਗਦਾ ਕਿ ਉਹ ਇੰਟਰਵਿਊ ਦੇ ਰਹੇ ਹਨ ਜਾਂ ਇੰਟਰਵਿਊ ਲੈ ਰਹੇ ਹਨ। ਮੱਕੜ ਸਾਹਿਬ ਨੇ ਤਾਂ ਸ਼ਾਇਦ ਹੀ ਕੋਈ ਫੀਲਡ ਛੱਡਿਆ ਹੋਵੇ, ਇਥੋਂ ਤੱਕ ਕਿ ਭੂਤ-ਪ੍ਰੇਤ, ਚੁੜੇਲਾਂ, ਰੂਹਾਂ, ਪੁਨਰ-ਜਨਮ ਵਰਗੀਆਂ ਗੱਲਾਂ ਦਾ ਪਤਾ ਲਗਾਉਣ ਲਈ ਸੰਬੰਧਿਤ ਮਾਹਰਾਂ ਨੂੰ ਵੀ ਜਾ ਮਿਲਦੇ ਹਨ ਤਾਂ ਜੋ ਇਨ੍ਹਾਂ ਦੀ ਹੋਂਦ ਜਾਂ ਸਚਾਈਆਂ ਦੀ ਪੈੜ ਨੱਪੀ ਜਾਵੇ। ਇਹ ਤਿੰਨੇ ਐਂਕਰ ਪੰਜਾਬ ਨੂੰ ਪਿਆਰ ਕਰਨ ਵਾਲਿਆਂ ਵਿਚ ਸ਼ਾਮਿਲ ਹਨ।

ਵੈਸੇ ਸੰਸਾਰ ਭਰ ਦੇ ਮਹਾਨ ਐਂਕਰਾਂ ਨਾਲ ਵੀ ਕਦੇ ਤੁਹਾਡੀ ਗੂੜੀ ਸਾਂਝ ਅਸੀਂ ਪਵਾਵਾਂਗੇ ਜੋ ਆਪਣੇ ਬਰੀਕ ਹੁਨਰ, ਸੰਜੀਦਗੀ ਤੇ ਇਮਾਨਦਾਰੀ ਦੇ ਗੁਣਾਂ ਦੀ ਵਰਤੋਂ ਕਰਕੇ ਇੰਟਰਵਿਊ ਦੇਣ ਵਾਲਿਆਂ ਨੂੰ ਸੱਚ ਦੇ ਸਾਹਮਣੇ ਖੜਾ ਹੋਣ ਲਈ ਮਜਬੂਰ ਕਰ ਦਿੰਦੇ ਹਨ-ਇਕ ਅਜਿਹਾ ਸੱਚ ਜੋ ਸੱਤਾ ਦੇ ਬਰਾਂਡਿਆਂ ਵਿਚ ਵੀ ਕਈ ਵਾਰ ਹਲਚਲ ਮਚਾ ਦਿੰਦਾ ਰਿਹਾ ਹੈ, ਜ਼ਮੀਰਾਂ ਨੂੰ ਝੰਜੋੜ ਦਿੰਦਾ ਹੈ ਅਤੇ ਜਾਂ ਫਿਰ ਤੁਹਾਨੂੰ ਅੰਦਰੋਂ-ਬਾਹਰੋਂ ਕੁੰਚਰ ਇਸ਼ਨਾਨ ਕਰਵਾ ਦਿੰਦਾ ਹੈ। ਪੰਜਾਬੀ ਐਂਕਰਾਂ ਨੇ ਟੀਸੀ ਦੇ ਉਨਾਂ ਬੇਰਾਂ ਨੂੰ ਅਜੇ ਹੱਥ ਨਹੀਂ ਪਾਇਆ।

ਇਹ ਤਿੰਨੇ ਵੀਰ ਇੰਟਰਵਿਊ ਦੌਰਾਨ ਅਕਾਲੀ ਸਿਆਸਤ ਉੱਤੇ ਬਹਿਸ ਕਰਦਿਆਂ ਕਈ ਪਾਸਿਆਂ ਵੱਲ ਘੁੰਮੇ ਹਨ, ਸਾਰੇ ਜਣੇ ਕਈ ਬਰੀਕ ਤੋਂ ਬਰੀਕ ਨੁਕਤੇ ਆਪਣ-ਆਪਣੇ ਤਰੀਕੇ ਨਾਲ ਸਾਹਮਣੇ ਲਿਆਏ ਹਨ। ਅੰਮ੍ਰਿਤਪਾਲ ਬਾਰੇ ਵੀ ਟਿੱਪਣੀਆਂ ਕੀਤੀਆਂ ਗਈਆਂ ਹਨ, ਇਕ ਥਾਂ ਤੇ ਸਿੱਖ ਸੋਵਰਨ ਸਟੇਟ ਬਾਰੇ ਵੀ ਚਲਦੀ ਬਹਿਸ ਉਧਰ ਨੂੰ ਤਿਲਕਦੀ ਜਾ ਰਹੀ ਸੀ ਅਤੇ ਇਸ ਤੋਂ ਪਹਿਲਾਂ ਕਿ ਮਾਹੌਲ ਕੁੜੱਤਣ ਵਾਲਾ ਹੋ ਜਾਂਦਾ, ਯਾਦਵਿੰਦਰ ਕਰਫਿਊ ਨੇ ਸਾਰੀ ਸਥਿਤੀ ਨੂੰ ਸੰਭਾਲ ਲਿਆ ਤੇ ਬਹਿਸ ਨੂੰ ਮੁੱਦਿਆਂ ਉੱਤੇ ਕੇਂਦਰਿਤ ਕਰਨ ਲਈ ਬੇਨਤੀ ਕੀਤੀ। ਪਾਰਲੀਮੈਂਟ ਸਿਆਸਤ ਵਿਚ ਹਿੱਸਾ ਲੈਣ ਬਾਰੇ ਅਤੇ ਇਸ ਦੀਆਂ ਸੀਮਾਵਾਂ ਬਾਰੇ ਵੀ ਚਰਚਾ ਚੱਲੀ, ਯਾਦਵਿੰਦਰ ਕਰਫਿਊ ਦੀ ਸੁਚੱਜੀ ਦਖਲਅੰਦਾਜ਼ੀ ਨਾਲ ਵੀ ਬਹਿਸ ਮੁੱਦੇ ਉੱਤੇ ਕੇਂਦਰਿਤ ਰਹੀ। ਬਾਗੀ ਤੇ ਬਾਦਸ਼ਾਹੀ ਦਾ ਸੰਕਲਪ ਵੀ ਸਾਹਮਣੇ ਆਇਆ। ਵਰਤਮਾਨ ਹਾਲਤਾਂ ਮੁਤਾਬਕ ਮਿਲਵਰਤਨ ਦੀ ਰਾਜਨੀਤੀ ਦੀ ਅਹਿਮੀਅਤ ਉੱਤੇ ਵੀ ਗੰਭੀਰ ਨੁਕਤੇ ਖੜੇ ਕੀਤੇ ਗਏ।

ਦਿਲਚਸਪ ਹਕੀਕਤ ਇਹ ਹੈ ਕਿ ਤਿੰਨੇ ਹੀ ਖਾੜਕੂ ਰਾਜਨੀਤੀ ਦੇ ਹਮਦਰਦ ਹਨ। ਭਾਈ ਅਜਮੇਰ ਸਿੰਘ ਤੇ ਭਾਈ ਪ੍ਰਭਸ਼ਰਨਦੀਪ ਸਿੰਘ ਨੇ ਤਾਂ ਖਾੜਕੂ ਲਹਿਰ ਦੀ ਸਿਖਰ ਦੁਪਹਿਰ ਨੂੰ ਵਿਚਾਰ ਦੀ ਪੱਧਰ 'ਤੇ ਵੀ ਹੰਢਾਇਆ ਤੇ ਕਿਸੇ ਨਾ ਕਿਸੇ ਰੂਪ ਵਿਚ ਸ਼ਾਮਿਲ ਵੀ ਰਹੇ ਹਨ, ਜਦਕਿ ਭਾਈ ਮਨਧੀਰ ਸਿੰਘ ਉਸ ਸਮੇਂ ਲਹਿਰ ਦਾ ਹਿੱਸਾ ਤੇ ਹਮਦਰਦ ਬਣੇ ਜਦੋਂ ਖਾੜਕੂ ਲਹਿਰ ਦਾ ਸੂਰਜ ਡੁੱਬਣ ਦੇ ਕਰੀਬ ਪਹੁੰਚ ਚੁੱਕਾ ਸੀ। ਵੈਸੇ ਭਾਈ ਮਨਧੀਰ ਸਿੰਘ ਕਿਸੇ ਕੇਸ ਵਿਚ ਕੁਝ ਮਹੀਨੇ ਰੂਪੋਸ਼ ਵੀ ਵਿਚਰਦੇ ਰਹੇ ਸਨ।

ਜੇ ਗੱਲ ਕਲਮ ਦੀ ਤਾਕਤ ਬਾਰੇ ਕਰਨੀ ਹੋਵੇ ਤਾਂ ਭਾਈ ਅਜਮੇਰ ਸਿੰਘ ਕਲਮ ਦੇ ਧਨੀ ਹਨ ਅਤੇ ਪੰਜਾਬ ਬਾਰੇ ਕਈ ਕਿਤਾਬਾਂ ਲਿਖ ਚੁੱਕੇ ਹਨ। ਜੇ ਕਿਸੇ ਨੇ 1849 ਤੋਂ ਪਿੱਛੋਂ ਅਰਥਾਤ ਸਿੱਖ ਰਾਜ ਦੇ ਖਤਮ ਹੋ ਜਾਣ ਮਗਰੋਂ ਪੰਜਾਬ ਦੇ ਦਰਦ ਦੀ ਗਾਥਾ ਤੱਥਾਂ ਤੇ ਜਜ਼ਬਿਆਂ ਸਮੇਤ ਅਤੇ ਉਹ ਵੀ ਇੱਕ ਲੜੀ ਵਿਚ ਪਰੋ ਕੇ ਲਿਖੀ ਹੈ ਤਾਂ ਇਹ ਮਾਣ ਅਜਮੇਰ ਸਿੰਘ ਨੂੰ ਹੀ ਜਾਂਦਾ ਹੈ। ਅਜਮੇਰ ਸਿੰਘ ਨੇ ਰਾਜਵਿੰਦਰ ਸਿੰਘ ਰਾਹੀ ਨਾਲ ਮਿਲ ਕੇ ਗਦਰ ਪਾਰਟੀ ਲਹਿਰ ਉੱਤੇ ਖੱਬੇ ਪੱਖੀ ਕਬਜ਼ੇ ਤੇ ਜਕੜ ਨੂੰ ਖਤਮ ਕੀਤਾ ਅਤੇ ਸਿੱਧ ਕੀਤਾ ਕਿ ਜੇ ਇਸ ਲਹਿਰ ਵਿਚ ਸਿੱਖ ਕੌਮ ਦੀ ਸ਼ਮੂਲੀਅਤ ਨਾ ਹੁੰਦੀ ਤਾਂ ਇਹ ਲਹਿਰ ਇਤਿਹਾਸ ਦਾ ਇੱਕ ਨਗੂਣਾ ਜਿਹਾ ਫੁੱਟ ਨੋਟ ਹੀ ਬਣ ਕੇ ਰਹਿ ਜਾਣੀ ਸੀ। ਇਹ ਹੈਰਾਨੀ ਤੇ ਖੁਸ਼ੀ ਵਾਲੀ ਖਬਰ ਹੈ ਕਿ ਉਨ੍ਹਾਂ ਦੀਆਂ ਕਿਤਾਬਾਂ ਦੀ ਛਪਣ ਗਿਣਤੀ ਪੰਜਾਬੀ ਦੇ ਕਿਸੇ ਵੀ ਵੱਡੇ ਨਾਵਲਕਾਰ ਦੀਆਂ ਕਿਤਾਬਾਂ ਦੀ ਛਪਣ ਗਿਣਤੀ ਤੋਂ ਕਿਤੇ ਜ਼ਿਆਦਾ ਹੈ। ਇਸ ਹਕੀਕਤ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੀ ਮਾਨਸਿਕਤਾ ਵਿਚ ਅਤੇ ਵਿਸ਼ੇਸ਼ ਕਰਕੇ ਨੌਜਵਾਨਾਂ ਦੇ ਮਨਾਂ ਵਿਚ 'ਵਿਚਾਰ' ਦੀ ਮਹੱਤਤਾ ਨੇ ਵਿਸ਼ੇਸ਼ ਥਾਂ



ਬਣਾ ਲਈ ਹੈ ਅਤੇ 'ਰੋਮਾਂਸ' ਦੂਜੇ ਨੰਬਰ 'ਤੇ ਚਲਾ ਗਿਆ ਹੈ। ਦੇਰ-ਸਵੇਰ ਇਸ ਦੇ ਠੋਸ ਨਤੀਜੇ ਜ਼ਰੂਰ ਸਾਹਮਣੇ ਆਉਣਗੇ ਤੇ ਆ ਵੀ ਰਹੇ ਹਨ। ਇਹ ਕਿਤਾਬਾਂ ਪੜ੍ਹਨ ਨਾਲ ਸਿੱਖ ਮਨਾਂ ਵਿਚ ਵਿਚਾਰ ਤੇ ਜਜ਼ਬੇ ਦੇ ਰੂਪ ਵਿਚ ਇਹ ਗੱਲ ਪੱਕੇ ਪੈਰੀ ਥਾਂ ਬਣਾ ਲੈਂਦੀ ਹੈ ਕਿ ਸਿੱਖ ਇਸ ਦੇਸ਼ ਵਿਚ ਗੁਲਾਮ ਹਨ ਅਤੇ ਉਹ ਦੂਜੇ ਦਰਜੇ ਦੇ ਸ਼ਹਿਰੀ ਵਾਂਗ ਜ਼ਿੰਦਗੀ ਬਤੀਤ ਕਰ ਰਹੇ ਹਨ।

ਪ੍ਰਭਸ਼ਰਨਦੀਪ ਸਿੰਘ ਉਂਗਲਾਂ ਤੇ ਗਿਣੇ ਜਾਣ ਵਾਲੇ ਸਿੱਖ ਵਿਦਵਾਨਾਂ ਵਿਚੋਂ ਇਕ ਹਨ ਜਿਨ੍ਹਾਂ ਦੀ ਸਾਹਿਤ, ਧਰਮ, ਰਾਜਨੀਤੀ ਤੇ ਦਰਸ਼ਨ ਦੀ ਦੁਨੀਆਂ ਉੱਤੇ ਡੂੰਘੀ ਤੇ ਗਹਿਰ ਗੰਭੀਰ ਪਕੜ ਹੈ। ਉਹ ਪੱਛਮੀ ਵਿਦਵਤਾ ਦੇ ਇਸ ਦਾਅਵੇ ਨੂੰ ਰੱਦ ਕਰਦੇ ਹਨ ਕਿ ਇਹ ਵਿਦਵਤਾ ਆਪਣੇ ਆਪ ਵਿਚ ਨਿਰਪੱਖ ਵੀ ਹੈ ਤੇ ਇਸ ਦਾ ਸੁਭਾਅ ਵਿਸ਼ਵਵਿਆਪੀ (ਨਵਿਰ-ਸਅਲ) ਹੈ। ਸ਼ਾਇਦ ਉਹ ਉੱਤਰ-ਬਸਤੀਵਾਦ ਦੇ ਉਸ ਪਹਿਲੂ ਉੱਤੇ ਜ਼ੋਰ ਦਿੰਦੇ ਹਨ, ਜਿੱਥੇ ਖੇਤਰੀ ਬੋਲੀਆਂ ਤੇ ਵਿਸ਼ੇਸ਼ ਕਰਕੇ ਮਾਂ ਬੋਲੀ ਦੀ ਮਹੱਤਤਾ ਨੂੰ ਕੇਂਦਰੀ ਸਥਾਨ ਹਾਸਲ ਹੁੰਦਾ ਹੈ। ਇਸ ਦਿਸ਼ਾ ਵਿੱਚ ਉਹ ਸ਼ਾਇਦ ਐਡਵਰਡ ਸਈਦ ਤੇ ਕੀਨੀਆ ਦੇ ਲੇਖਕ ਥੀਓਂਗ ਤੇ ਗਾਇਤਰੀ ਚੱਕਰਵਰਤੀ ਸਪਾਵਕ ਨਾਲ ਜਾ ਖਲੋਂਦੇ ਹਨ ਜੋ ਹਾਸ਼ੀਏ ਤੇ ਖੜੀਆਂ ਆਵਾਜ਼ਾਂ ਨਾਲ ਆਪਣੀ ਆਵਾਜ਼ ਰਲਾਉਂਦੇ ਹਨ। ਉਹ ਪੂਰਬੀ ਤੇ ਪੱਛਮੀ ਵਿਦਵਤਾ ਦੀਆਂ ਦਾਰਸ਼ਨਿਕ ਤੇ ਬੌਧਿਕ ਵੰਨਗੀਆਂ ਨੂੰ ਪੰਜਾਬ ਨਾਲ ਜੋੜ ਕੇ ਵੇਖਦੇ ਹਨ। ਉਹ ਅਕਸਰ ਚੈਨਲਾਂ ਉੱਤੇ ਵੀ ਆਪਣੇ ਵਿਚਾਰ ਪ੍ਰਗਟ ਕਰਦੇ ਹਨ ਤੇ ਪੰਜਾਬ ਦੀ ਰਾਜਨੀਤੀ ਬਾਰੇ ਉਨ੍ਹਾਂ ਨੇ ਦਰਜਨਾਂ ਲਿਖਤਾਂ ਪੇਸ਼ ਕੀਤੀਆਂ ਹਨ। ਪਿੱਛੇ ਜਿਹੇ ਉਨ੍ਹਾਂ ਦੀ ਪੁਸਤਕ 'ਦੇਸ ਨਿਕਾਲਾ' ਵਿਦਵਾਨ ਹਲਕਿਆਂ ਵਿਚ ਵਿਸ਼ੇਸ਼ ਚਰਚਾ ਦਾ ਹਿੱਸਾ ਬਣੀ, ਜਿਸ ਦੀਆਂ ਕਵਿਤਾਵਾਂ ਤੇ ਵਿਸ਼ੇਸ਼ ਕਰਕੇ 50 ਸਫਿਆਂ ਦੀ ਭੂਮਿਕਾ ਤੋਂ ਤੁਹਾਨੂੰ ਪੰਜਾਬੀ ਸਾਹਿਤ ਦੇ ਖੇਤਰ ਵਿਚ ਦਾਖਲ ਹੋਏ ਖੱਬੇ ਪੱਖੀ ਰੁਝਾਨ, ਖੱਬੇ ਪੱਖੀ ਸਾਹਿਤਕ ਹਿੰਸਾ ਤੇ ਖੱਬੇ ਪੱਖੀ ਬੋਝ ਬਾਰੇ ਜਾਣਕਾਰੀ ਹਾਸਲ ਹੁੰਦੀ ਹੈ। ਇਹ ਇਸ ਸਬੰਧ ਵਿਚ ਇੱਕ ਤਰ੍ਹਾਂ ਦੀ ਅਕਾਦਮਕ ਦਸਤਾਵੇਜ਼ ਹੈ।

ਭਾਈ ਮਨਧੀਰ ਸਿੰਘ ਨੇ ਭਾਵੇਂ ਅਜੇ ਤੱਕ ਕੋਈ ਕਿਤਾਬ ਨਹੀਂ ਲਿਖੀ ਅਤੇ ਨਾ ਹੀ ਸਾਡੇ ਸਾਹਮਣੇ ਉਨ੍ਹਾਂ ਦੀਆਂ ਕੋਈ ਗੰਭੀਰ ਲਿਖਤਾਂ ਹਨ ਜਿਨ੍ਹਾਂ ਤੋਂ ਅਸੀਂ ਉਨ੍ਹਾਂ ਬਾਰੇ ਕੋਈ ਗੰਭੀਰ ਰਾਏ ਜਾਂ ਵਿਚਾਰਧਾਰਕ ਟਿੱਪਣੀ ਕਰ ਸਕੀਏ, ਪਰ ਇਸ ਦੇ ਬਾਵਜੂਦ ਪੰਜਾਬ ਬਾਰੇ, ਸਿੱਖ ਇਤਿਹਾਸ ਬਾਰੇ ਅਤੇ ਦੁਨੀਆਂ ਵਿਚ ਚੱਲ ਰਹੀਆਂ ਧਾਰਾਵਾਂ ਬਾਰੇ ਉਨ੍ਹਾਂ ਦੀਆਂ ਕਈ ਟਿੱਪਣੀਆਂ ਵਿਚ ਨਾ ਕੇਵਲ ਦਿਲਚਸਪ ਮੌਲਿਕਤਾ ਦੀ ਝਲਕ ਮਿਲਦੀ ਹੈ, ਸਗੋਂ ਇਹ ਅਹਿਸਾਸ ਵੀ ਹੁੰਦਾ ਹੈ ਕਿ ਸਿੱਖ ਪੰਥ ਦੀ ਵਰਤਮਾਨ ਤੋਰ ਤੇ ਰੁਝਾਨਾਂ ਨੂੰ ਆਪਣੇ ਅੰਦਰ ਰਚਾ ਕੇ ਤੇ ਵਸਾ ਕੇ ਉਨ੍ਹਾਂ ਨੇ ਆਪਣੀ ਇੱਕ ਸੁਤੰਤਰ ਸਮਝ ਜ਼ਰੂਰ ਬਣਾਈ ਹੋਈ ਹੈ; ਭਾਵੇਂ ਇਹ ਗੱਲ ਵੱਖਰੀ ਹੈ ਕਿ ਉਸ ਬਾਰੇ ਵਿਦਵਾਨਾਂ ਦੀਆਂ ਰਾਵਾਂ ਵੱਖਰੀਆਂ ਵੱਖਰੀਆਂ ਤੇ ਇੱਕ ਦੂਜੇ ਦੇ ਉਲਟ ਵੀ ਹੋਣ।

ਕੀ ਇਨ੍ਹਾਂ ਤਿੰਨਾਂ ਸ਼ਖਸ਼ੀਅਤਾਂ ਵਿਚ ਕੋਈ ਕਮਜ਼ੋਰੀਆਂ ਵੀ ਹਨ? ਕੋਈ ਪੱਖਪਾਤੀ ਰੁਝਾਨ ਵੀ ਹਨ? ਜਵਾਬ ਹਾਂ ਵਿੱਚ ਦਿੱਤਾ ਜਾ ਸਕਦਾ ਹੈ। ਇਹ ਤਿੰਨੇ ਖੱਟੇ-ਮਿੱਠੇ ਅਹੰਕਾਰਾਂ ਨਾਲ ਲੈਸ ਹਨ ਅਤੇ ਆਪਣੇ ਬਾਰੇ 'ਫੀਡਬੈਕ' ਨੂੰ ਹਾਸਲ ਕਰਨ ਦੀ ਬਰਕਤ ਤੇ ਗੁਣ ਨੂੰ ਨਾ ਹੀ ਉਤਸ਼ਾਹਤ ਕਰਦੇ ਹਨ ਬਲਕਿ ਦਬਾ ਕੇ ਵੀ ਰੱਖਦੇ ਹਨ। ਹੋਰ ਵੱਡੇ ਭਾਰ ਵੀ ਇਨ੍ਹਾਂ ਨੇ ਆਪਣੇ ਨਾਲ ਬੰਨ੍ਹੇ ਹੋਏ ਹਨ ਜਿਸ ਕਰਕੇ ਇਹ ਸਾਰੇ ਵੱਡੀ ਪੱਧਰ ਉੱਤੇ ਹਰਮਨ ਪਿਆਰੇ ਨਹੀਂ ਬਣ ਸਕੇ। ਇਨ੍ਹਾਂ ਬਾਰੇ ਕਿਸੇ ਹੋਰ ਮੌਕੇ ਖੁੱਲ ਕੇ ਤੁਹਾਡੇ ਨਾਲ ਗੱਲਾਂ ਕਰਾਂਗੇ।

ਜਿਵੇਂ ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ ਕਿ ਇਹ ਤਿੰਨੇ ਸ਼ਖਸ਼ੀਅਤਾਂ ਪੰਜਾਬ ਦੇ ਦਰਦ ਨੂੰ ਮਹਿਸੂਸ ਕਰਦੀਆਂ ਹਨ ਪਰ ਇਹ ਵੀ ਸੱਚ ਹੈ ਕਿ ਵਿਚਾਰਾਂ ਦੇ ਪ੍ਰਗਟਾਵੇ ਸਮੇਂ ਉਹ ਇੱਕ-ਦੂਜੇ ਤੋਂ ਦੂਰੀ ਵੀ ਬਣਾ ਕੇ ਰੱਖਦੇ ਹਨ ਅਤੇ ਇਹ ਕਈ ਵਾਰੀ ਦੂਰੀ ਬਹੁਤ ਲੰਮੀ ਹੁੰਦੀ ਹੈ। ਜਿੱਥੇ ਪ੍ਰਭਸ਼ਰਨਦੀਪ ਸਿੰਘ ਸਿੱਖ ਸੋਵਰਨ ਸਟੇਟ ਖਾਲਿਸਤਾਨ ਬਾਰੇ ਪੂਰੀ ਤਰ੍ਹਾਂ ਸਪਸ਼ਟ ਹਨ ਅਤੇ ਦੂਜਿਆਂ ਨੂੰ ਵੀ ਇਸ ਨਿਸ਼ਾਨੇ ਬਾਰੇ ਸਪਸ਼ਟ ਹੋ ਕੇ ਮੈਦਾਨ ਵਿਚ ਨਿਤਰਨ ਲਈ ਵੰਗਾਰਦੇ ਹਨ ਜਦਕਿ ਭਾਈ ਮਨਧੀਰ ਸਿੰਘ ਨਿਸ਼ਾਨੇ ਬਾਰੇ ਸਪਸ਼ਟਤਾ ਤੇ ਅਸਪਸ਼ਟਤਾ ਦੇ ਬਰੀਕ ਅੰਤਰ ਨੂੰ ਅਕਸਰ ਬਣਾ ਕੇ ਵੀ ਰੱਖਦੇ ਹਨ। ਅਜਮੇਰ ਸਿੰਘ ਵੀ ਕਰੀਬ ਕਰੀਬ ਨਿਸ਼ਾਨੇ ਬਾਰੇ ਛੱਤ-ਪ੍ਰਤੀਸ਼ਤ ਸਪਸ਼ਟ ਨਹੀਂ ਅਤੇ ਭਾਰਤੀ ਸਟੇਟ ਦੇ ਜ਼ੁਲਮ, ਬੇਇਨਸਾਫੀਆਂ ਅਤੇ ਵਧੀਕੀਆਂ ਤੋਂ ਮਾਯੂਸ ਹੋ ਕੇ ਹੀ ਕਦੇ ਕਦੇ ਖਾਲਿਸਤਾਨ ਦੀ ਲੋੜ ਮਹਿਸੂਸ ਕਰਦੇ ਹਨ। ਇਹ ਤਿੰਨੇ ਵੀ ਵੱਖਰੇ-ਵੱਖਰੇ ਮੰਚਾਂ ਉੱਤੇ ਖਲੋ ਕੇ ਨਿਸ਼ਾਨੇ ਬਾਰੇ ਭਾਵੇਂ ਕੁਝ ਵੀ ਕਹਿੰਦੇ ਹੋਣ, ਪਰ ਇਹ ਸਾਰੇ ਇਸ ਹਕੀਕਤ ਤੋਂ ਅਣਜਾਣ ਹਨ ਕਿ ਖਾਲਿਸਤਾਨ ਜਾਂ ਵੱਖਰੇ ਰਾਜ ਦੀ ਗੱਲ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਤੇ ਸਿੱਖ ਇਤਿਹਾਸ ਵਿਚ ਚਿੱਟੇ ਦਿਨ ਵਾਂਗ ਰੌਸ਼ਨ ਤੇ ਸਪਸ਼ਟ ਹੈ, ਪਰ ਇਨ੍ਹਾਂ ਵਿਦਵਾਨਾਂ ਦੀ ਵਿਦਵਤਾ ਵਿਚ ਇਹ ਗੱਲ ਪੂਰੀ ਤਰ੍ਹਾਂ ਸਪਸ਼ਟ ਨਹੀਂ ਹੁੰਦੀ ਅਤੇ ਇੰਜ ਲੱਗਦਾ ਹੈ ਕਿ ਇਹ ਆਪਣੇ ਫਰਜ਼ ਤੋਂ ਪੂਰੀ ਤਰ੍ਹਾਂ ਅਵੇਸਲੇ ਵੀ ਹਨ ਅਤੇ ਜਾਂ ਫਿਰ ਸਥਾਪਤੀ ਤੇ ਡਰ ਤੋਂ ਅਜੇ ਪੂਰੀ ਤਰ੍ਹਾਂ ਮੁਕਤ ਨਹੀਂ। ਇਸ ਬਾਰੇ ਉਨ੍ਹਾਂ ਦੀ ਅਕਾਦਮਿਕ ਸਮਝ ਵੀ ਨਿਮਾਣੀ ਤੇ ਨਿਤਾਣੀ ਜਾਪਦੀ ਹੈ।

ਅਸਲ ਵਿਚ ਇਹ ਇੰਟਰਵਿਊ ਇੱਕ ਤਰ੍ਹਾਂ ਦੀ ਦਸਤਾਵੇਜ਼ ਹੈ ਜੋ ਚਲੰਤ ਰਾਜਸੀ ਪਾਰਟੀਆਂ ਵਿਚ ਗੰਭੀਰ ਕੰਮ ਕਰਨ ਵਾਲੇ ਸਿਆਸਤਦਾਨਾਂ, ਪੱਤਰਕਾਰਾਂ, ਪ੍ਰਚਾਰਕਾਂ, ਗ੍ਰੰਥੀਆਂ ਤੇ ਵਿਸ਼ੇਸ਼ ਕਰਕੇ ਨਵੀਂ ਕਾਇਮ ਹੋਈ ਪਾਰਟੀ ਸ਼੍ਰੋਮਣੀ ਅਕਾਲੀ ਦਲ, ਖਾਲਿਸਤਾਨ ਲਈ ਸੰਘਰਸ਼ ਕਰਦੀਆਂ ਜਥੇਬੰਦੀਆਂ-ਦਲ ਖਾਲਸਾ, ਅਕਾਲੀ ਦਲ ਅੰਮ੍ਰਿਤਸਰ ਅਤੇ ਸੋਸ਼ਲ ਮੀਡੀਆ ਦੇ ਉਘੇ ਖਿਡਾਰੀਆਂ, ਸਿੱਖ ਗੋਸ਼ਟ, ਸਿੱਖ ਸੰਵਾਦ ਤੇ ਹੋਰ ਗਰੁੱਪਾਂ ਨੂੰ ਸਵਾ ਦੋ ਘੰਟੇ ਚਲੀ ਇਸ ਇੰਟਰਵਿਊ ਨੂੰ ਧੀਰਜ ਨਾਲ ਸੁਣਨਾ ਚਾਹੀਦਾ ਹੈ। ਤੁਹਾਨੂੰ ਸੱਚਮੁੱਚ ਬਹੁਤ ਕੁਝ ਹਾਸਲ ਹੋਏਗਾ ਤੇ ਜੋ ਬਹੁਤ ਕੁਝ ਰਹਿ ਗਿਆ ਹੈ ਉਸ ਦਾ ਵੀ ਪਤਾ ਲੱਗੇਗਾ।

ਮੇਰੀ ਨਿੱਜੀ ਤੌਰ ਤੇ ਬੇਨਤੀ ਹੈ ਕਿ ਇਹ ਇੰਟਰਵਿਊ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਵੇਂ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ, ਸ਼ਹੀਦ ਭਾਈ ਅਮਰੀਕ ਸਿੰਘ ਦੀ ਪੁੱਤਰੀ ਬੀਬੀ ਸਤਵੰਤ ਕੌਰ, ਦੂਜੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਿਮਰਨਜੀਤ ਸਿੰਘ ਮਾਨ, ਪ੍ਰੋਫੈਸਰ ਮਹਿੰਦਰਪਾਲ ਸਿੰਘ, ਭਾਈ ਕੰਵਰਪਾਲ ਸਿੰਘ, ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਚੋਟੀ ਦੇ ਆਗੂਆਂ, ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ, ਪੰਜਾਬੀ ਚੈਨਲਾਂ ਉੱਤੇ ਇੱਕ ਖਾਸ ਹੱਦਬੰਦੀ ਦੀ ਕੈਦ ਵਿਚ ਰਹਿ ਕੇ ਡਿਬੇਟਾਂ ਕਰਾਉਣ ਵਾਲੇ ਐਂਕਰਾਂ, ਸਿੱਖ ਅਫਸਰਸ਼ਾਹੀ ਅਤੇ ਵਾਰਸ ਪੰਜਾਬ ਦੇ ਆਗੂਆਂ ਅਤੇ ਨੌਜਵਾਨਾਂ ਨੂੰ ਵਿਸ਼ੇਸ਼ ਰੂਪ ਵਿਚ ਪੜ੍ਹਨ ਤੇ ਆਪਣੇ ਸਾਥੀਆਂ ਵਿਚ ਵਿਚਾਰਨ ਦੀ ਲੋੜ ਹੈ ਤਾਂ ਜੋ ਕੌਮ ਨੂੰ ਪਤਾ ਲੱਗ ਸਕੇ ਕਿ ਸਿੱਖ ਵਿਦਵਾਨ ਕਿੱਥੇ ਖੜੇ ਹਨ, ਸਿੱਖ ਨੌਜਵਾਨ ਕਿਵੇਂ ਸੋਚਦੇ ਹਨ ਤੇ ਸਿੱਖ ਲੀਡਰਸ਼ਿਪ ਦਾ ਹਾਲ ਕਿਹੋ ਜਿਹਾ ਹੈ।

## ਫ਼ਿਲਮ ਲੋਕ

# ਕਈ ਕਲਾਵਾਂ ਦਾ ਸੁੰਦਰ ਸੁਮੇਲ ਸੀ – ਰਿਸ਼ੀਕੇਸ਼ ਮੁਖ਼ਰਜੀ

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ



''ਕੌਣ ਜਾਣਦਾ ਸੀ ਕਿ ਵਿਗਿਆਨ ਤੇ ਗਣਿਤ ਪੜ੍ਹਾਉਣ ਵਾਲਾ ਇਕ ਅਧਿਆਪਕ ਇਕ ਮਹਾਨ ਫ਼ਿਲਮਕਾਰ ਬਣ ਕੇ ਕਰੋੜਾਂ ਦਿਲਾਂ ਦਾ ਚਹੇਤਾ ਬਣ ਜਾਵੇਗਾ ਤੇ ਅਜਿਹੀਆਂ ਸ਼ਾਹਕਾਰ ਫ਼ਿਲਮਾਂ ਬਾਲੀਵੁੱਡ ਦੀ ਝੋਲੀ ਪਾ ਜਾਵੇਗਾ ਜਿਹੜੀਆਂ ਆਪਣੀ ਸਾਦਗੀ, ਉੱਤਮਤਾ ਤੇ ਰੌਚਿਕਤਾ ਲਈ ਸਦਾ ਹੀ ਯਾਦ ਕੀਤੀਆਂ ਜਾਣਗੀਆਂ। ਰਿਸ਼ੀਕੇਸ਼ ਮੁਖ਼ਰਜੀ ਸਚਮੁੱਚ ਹੀ ਭਾਰਤੀ ਸਿਨੇਮਾ ਦਾ ਇਕ ਅਮਿੱਟ ਹਸਤਾਖ਼ਰ ਸੀ।'' ਸੰਨ 2006 ਦੀ 27 ਅਗਸਤ ਨੂੰ ਰਿਸ਼ੀਕੇਸ਼ ਮੁਖਰਜੀ ਦੇ ਦੇਹਾਂਤ ਮੌਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉੱਘੇ ਅਦਾਕਾਰ ਅਮਿਤਾਬ ਬੱਚਨ ਨੇ ਇਹ ਵਿਚਾਰ ਪ੍ਰਗਟ ਕੀਤੇ ਸਨ।

**ਸੰਨ 1957 ਵਿਚ ਫ਼ਿਲਮ 'ਮਸਾਫ਼ਿਰ' ਨਾਲ ਬਤੌਰ ਸੁਤੰਤਰ ਨਿਰਦੇਸ਼ਕ ਰਿਸ਼ੀਕੇਸ਼ ਮੁਖਰਜੀ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ। ਇਹ ਫ਼ਿਲਮ ਬਹੁਤੀ ਸਫ਼ਲ ਨਹੀਂ ਰਹੀ ਸੀ। ਸੰਨ 1959 ਵਿੱਚ ਉਸਦੀ ਫ਼ਿਲਮ 'ਅਨਾੜੀ' ਨੂੰ ਪੰਜ ਵੱਖ-ਵੱਖ ਸ਼੍ਰੇਣੀਆਂ ਵਿੱਚ ਫ਼ਿਲਮ ਫ਼ੇਅਰ ਐਵਾਰਡ ਹਾਸਿਲ ਹੋਏ ਸਨ ਪਰ ਉਸ ਨੂੰ ਸਰਬੋਤਮ ਨਿਰਦੇਸ਼ਕ ਦਾ ਐਵਾਰਡ' ਮਿਲਣੋਂ ਇਸ ਕਰਕੇ ਰਹਿ ਗਿਆ ਸੀ ਕਿਉਂਕਿ ਓਸਦੇ ਗੁਰੂ ਬਿਮਲ ਰਾਏ ਨੂੰ ਉਸ ਸਾਲ ਇਹ ਐਵਾਰਡ ਕਿਸੇ ਹੋਰ ਫ਼ਿਲਮ ਲਈ ਪ੍ਰਦਾਨ ਕਰ ਦਿੱਤਾ ਗਿਆ ਸੀ।**

ਰਿਸ਼ੀਕੇਸ਼ ਮੁਖਰਜੀ ਨੇ ਸਚਮੁੱਚ ਹੀ ਵਪਾਰਕ ਪੱਖ ਤੋਂ ਮਾਰਧਾੜ ਤੇ ਤੜਕ-ਭੜਕ ਤੋਂ ਰਹਿਤ ਸਾਦਾ, ਸੰਗੀਤਮਈ ਤੇ ਦਿਲਚਸਪ ਫ਼ਿਲਮਾਂ ਬਣਾਉਣ ਨੂੰ ਤਰਜੀਹ ਦਿੱਤੀ ਸੀ ਤੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਨ ਤੇ ਕੋਈ ਚੰਗਾ ਸੰਦੇਸ਼ ਦੇਣ ਵਿੱਚ ਉਹ ਹਮੇਸ਼ਾ ਸਫ਼ਲ ਰਿਹਾ ਸੀ। ਉਸਦੀਆਂ ਫ਼ਿਲਮਾਂ 'ਅਨੰਦ',' ਸੱਤਿਆਕਾਮ', 'ਅਨੁਰਾਧਾ', 'ਨਮਕ ਹਰਾਮ', 'ਛਾਇਆ', 'ਅਸਲੀ-ਨਕਲੀ',' ਅਲਾਪ', 'ਬਾਵਰਚੀ', 'ਮਿਲੀ', 'ਚੁਪਕੇ ਚੁਪਕੇ', 'ਗੋਲਮਾਲ', 'ਖ਼ੂਬਸੂਰਤ', 'ਬੇਮਿਸਾਲ', 'ਬੁੱਢਾ ਮਿਲ ਗਿਆ', 'ਨਰਮ ਗਰਮ', 'ਰੰਗ ਬਿਰੰਗੀ', 'ਝੂਠੀ' ਅਤੇ 'ਜੁਰਮਾਨਾ' ਆਦਿ ਬੇਹੱਦ ਸਾਫ਼-ਸੁਥਰੀਆਂ,ਪਰਿਵਾਰਕ ਅਤੇ ਦਿਲਚਸਪ ਰਚਨਾਵਾਂ ਸਨ। ਰਿਸ਼ੀਕੇਸ਼ ਮੁਖਰਜੀ ਇਕ ਮਹਾਨ ਫ਼ਿਲਮ ਨਿਰਦੇਸ਼ਕ,ਵਧੀਆ ਕਹਾਣੀ ਲੇਖਕ ਅਤੇ ਕਾਬਿਲੇ-ਤਾਰੀਫ਼ ਫ਼ਿਲਮ ਸੰਪਾਦਕ ਸੀ। ਉਸਨੂੰ 'ਨੌਕਰੀ','ਮਧੂਮਤੀ' ਅਤੇ 'ਅਨੰਦ' ਆਦਿ ਫ਼ਿਲਮਾਂ ਲਈ ਸਰਬੋਤਮ ਫ਼ਿਲਮ ਸੰਪਾਦਕ, 'ਅਨੰਦ' ਲਈ ਸਰਬੋਤਮ ਕਹਾਣੀਕਾਰ,' ਅਨੋਖੀ ਰਾਤ' ਲਈ ਸਰਬੋਤਮ ਪਟਕਥਾ ਲੇਖਕ ਦੇ 'ਫ਼ਿਲਮ ਫ਼ੇਅਰ ਐਵਾਰਡਾਂ' ਤੋਂ ਇਲਾਵਾ 'ਅਨੰਦ' ਅਤੇ ' ਖ਼ੂਬਸੂਰਤ' ਆਦਿ ਫ਼ਿਲਮਾਂ ਲਈ 'ਸਰਬੋਤਮ ਫ਼ਿਲਮ' ਦਾ ਇਨਾਮ ਦੇ ਕੇ ਨਿਵਾਜਿਆ ਗਿਆ ਸੀ।ਇੱਥੇ ਹੀ ਬਸ ਨਹੀਂ ਉਸਦੀਆਂ 'ਅਨਾੜੀ', 'ਅਨੁਪਮਾ', 'ਆਸ਼ੀਰਵਾਦ', 'ਸੱਤਿਆਕਾਮ' ਅਤੇ 'ਅਨੰਦ' ਆਦਿ ਫ਼ਿਲਮਾਂ ਨੂੰ ਸਰਬੋਤਮ ਫ਼ਿਲਮਾਂ ਵਜੋਂ ਰਾਸ਼ਟਰਪਤੀ ਦੇ 'ਸਿਲਵਰ ਮੈਡਲ' ਅਤੇ ਫ਼ਿਲਮ 'ਅਨੁਰਾਧਾ' ਨੂੰ ਰਾਸ਼ਟਰਪਤੀ ਦੇ ਗੋਲਡ ਮੈਡਲ ਨਾਲ ਨਿਵਾਜਿਆ ਗਿਆ ਸੀ।





30 ਸਤੰਬਰ,1922 ਨੂੰ ਕਲਕੱਤਾ ਵਿਖੇ ਜਨਮੇ ਰਿਸ਼ੀਕੇਸ਼ ਮੁਖਰਜੀ ਨੂੰ ਬਾਲੀਵੁੱਡ ਵਿੱਚ ਸਭ ਲੋਕ 'ਰਿਸ਼ੀ ਦਾਦਾ' ਦੇ ਨਾਂ ਨਾਲ ਜਾਣਦੇ ਸਨ। ਰਿਸ਼ੀਕੇਸ਼ ਮੁਖਰਜੀ ਨੇ ਕਲਕੱਤਾ ਯੂਨੀਵਰਸਿਟੀ ਤੋਂ ਰਸਾਇਣ ਵਿਗਿਆਨ ਵਿੱਚ ਗ੍ਰੈਜੂਏਸ਼ਨ ਕੀਤੀ ਸੀ ਤੇ ਫਿਰ ਇਕ ਨਿਜੀ ਸਕੂਲ ਵਿੱਚ ਗਣਿਤ ਅਤੇ ਵਿਗਿਆਨ ਵਿਸ਼ੇ ਦੇ ਅਧਿਆਪਕ ਵਜੋਂ ਸੇਵਾ ਨਿਭਾਉਣੀ ਸ਼ੁਰੂ ਕਰ ਦਿੱਤੀ ਸੀ। ਅਧਿਆਪਨ ਦੇ ਕਾਰਜ ਦੌਰਾਨ ਉਸਨੂੰ ਇੰਜ ਮਹਿਸੂਸ ਹੋਇਆ ਕਿ ਉਹ ਅਧਿਆਪਨ ਲਈ ਨਹੀਂ ਬਣਿਆ ਸੀ। ਉਸਨੇ ਸੰਨ 1940 ਵਿਚ ਬਤੌਰ ਕੈਮਰਾਮੈਨ ਕੰਮ ਸ਼ੁਰੂ ਕੀਤਾ ਪਰ ਫਿਰ ਛੇਤੀ ਹੀ ਮਸ਼ਹੂਰ ਫ਼ਿਲਮਕਾਰ ਬੀ.ਐਨ.ਸਰਕਾਰ ਦੇ 'ਨਿਊ ਥੀਏਟਰਜ਼' ਕਲਕੱਤਾ ਵਿਖੇ ਫ਼ਿਲਮ ਸੰਪਾਦਨ ਦਾ ਕਾਰਜ ਸੰਭਾਲ ਲਿਆ।ਉਸਨੇ ਨਾਮਵਰ ਫ਼ਿਲਮ ਸੰਪਾਦਕ ਸੁਭਾਸ਼ ਮਿੱਤਰਾ ਤੋਂ ਸੰਪਾਦਨ ਕਲਾ ਦੇ ਗੁਰ ਸਿੱਖੇ ਤੇ ਉਪਰੰਤ ਮਸ਼ਹੂਰ ਫ਼ਿਲਮਕਾਰ ਬਿਮਲ ਰਾਏ ਨਾਲ ਬਤੌਰ ਸੰਪਾਦਕ ਤੇ ਸਹਿ-ਨਿਰਦੇਸ਼ਕ ਕਾਰਜ ਕਰਨਾ ਸ਼ੁਰੂ ਕਰ ਦਿੱਤਾ ਤੇ ਕਈ ਪ੍ਰਕਾਰ ਦੀਆਂ ਬਾਰੀਕੀਆਂ ਸਿੱਖੀਆਂ। ਜ਼ਿਕਰਯੋਗ ਹੈ ਕਿ ਬਿਮਲ ਰਾਏ ਦੀਆਂ ਸੁਪਰਹਿਟ ਫ਼ਿਲਮਾਂ 'ਦੋ ਬੀਘਾ ਜ਼ਮੀਨ' ਅਤੇ 'ਦੇਵਦਾਸ' ਦੇ ਨਿਰਦੇਸ਼ਨ ਤੇ ਸੰਪਾਦਨ ਵਿੱਚ ਰਿਸ਼ੀਕੇਸ਼ ਮੁਖ਼ਰਜੀ ਦਾ ਵੀ ਮਹੱਤਵਪੂਰਨ ਯੋਗਦਾਨ ਸੀ।ਬਤੌਰ ਸੰਪਾਦਕ ਉਸਦੀਆਂ ਪ੍ਰਮੁੱਖ ਫ਼ਿਲਮਾਂ 'ਪਰਿਣੀਤਾ', 'ਬਿਰਾਜ ਬਹੂ', 'ਗਰਮ ਕੋਟ', 'ਮਧੂਮਤੀ', 'ਦਸਤਕ','ਚਾਰ ਦੀਵਾਰੀ' ਅਤੇ ਅਮਿਤਾਬ ਬੱਚਨ ਦੀ ਹਿੱਟ ਫ਼ਿਲਮ 'ਕੁੱਲੀ' ਅਦਿ ਸਨ।



ਸੰਨ 1957 ਵਿਚ ਫ਼ਿਲਮ 'ਮਸਾਫ਼ਿਰ' ਨਾਲ ਬਤੌਰ ਸੁਤੰਤਰ ਨਿਰਦੇਸ਼ਕ ਰਿਸ਼ੀਕੇਸ਼ ਮੁਖਰਜੀ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ। ਇਹ ਫ਼ਿਲਮ ਬਹੁਤੀ ਸਫ਼ਲ ਨਹੀਂ ਰਹੀ ਸੀ। ਸੰਨ 1959 ਵਿੱਚ ਉਸਦੀ ਫ਼ਿਲਮ 'ਅਨਾੜੀ 'ਨੂੰ ਪੰਜ ਵੱਖ-ਵੱਖ ਸ਼੍ਰੇਣੀਆਂ ਵਿੱਚ ਫ਼ਿਲਮ ਫ਼ੇਅਰ ਐਵਾਰਡ ਹਾਸਿਲ ਹੋਏ ਸਨ ਪਰ ਉਸਨੂੰਸਰਬੋਤਮ ਨਿਰਦੇਸ਼ਕ ਦਾ ਐਵਾਰਡ' ਮਿਲਣੋਂ ਇਸ ਕਰਕੇ ਰਹਿ ਗਿਆ ਸੀ ਕਿਉਂਕਿ ਓਸਦੇ ਗੁਰੂ ਬਿਮਲ ਰਾਏ ਨੂੰ ਉਸ ਸਾਲ ਇਹ ਐਵਾਰਡ ਕਿਸੇ ਹੋਰ ਫ਼ਿਲਮ ਲਈ ਪ੍ਰਦਾਨ ਕਰ ਦਿੱਤਾ ਗਿਆ ਸੀ। ਰਿਸ਼ੀਕੇਸ਼ ਮੁਖਰਜੀ ਬਾਰੇ ਕਿਹਾ ਜਾਂਦਾ ਹੈ ਕਿ ਉਸਨੇ ਅਮਿਤਾਬ ਬੱਚਨ ਨੂੰ ਫ਼ਿਲਮ 'ਅਨੰਦ',ਧਰਮਿੰਦਰ ਨੂੰ 'ਚੁਪਕੇ-ਚੁਪਕੇ' ਅਤੇ ਜਯਾ ਬੱਚਨ ਨੂੰ ਫ਼ਿਲਮ 'ਗੁੱਡੀ 'ਰਾਹੀਂ ਆਪੋ ਆਪਣੀ ਅਭਿਨੈ ਕਲਾ ਦੇ ਬੇਹਤਰੀਨ ਪੱਖ ਉਜਾਗਰ ਕਰਨ ਦਾ ਮੌਕਾ ਦਿੱਤਾ ਸੀ। ਸੰਨ 1961 ਵਿੱਚ ਉਸਦੀ ਫ਼ਿਲਮ 'ਅਨੁਰਾਧਾ' ਨੂੰ ਵਿਸ਼ਵ ਪ੍ਰਸਿੱਧ ਐਵਾਰਡ 'ਗੋਲਡਨ ਬੀਅਰ 'ਲਈ ਨਾਮਜ਼ਦ ਕੀਤਾ ਗਿਆ ਸੀ ਤੇ ਸੰਨ 1994 ਵਿੱਚ ਉਸਨੂੰ 'ਲਾਈਫ਼ਟਾਈਮ ਐਚੀਵਮੈਂਟ ਐਵਾਰਡ' ਨਾਲ ਵੀ ਸਨਮਾਨਿਤ ਕੀਤਾ ਗਿਆ ਸੀ।

ਅਦਾਕਾਰ ਅਨਿਲ ਕਪੂਰ ਅਤੇ ਅਮਰੀਸ਼ ਪੁਰੀ ਨੂੰ ਲੈ ਕੇ ਰਿਸ਼ੀਕੇਸ਼ ਮੁਖਰਜੀ ਵੱਲੋਂ ਨਿਰਦੇਸ਼ਿਤ ਕੀਤੀ ਗਈ ਫ਼ਿਲਮ 'ਝੂਠ ਬੋਲੇ ਕਊਆ ਕਾਟੇ ' ਉਸਦੀ ਆਖ਼ਰੀ ਫ਼ਿਲਮ ਸੀ। ਰਿਸ਼ੀਕੇਸ਼ ਮੁਖਰਜੀ ਨੂੰ ਇਹ ਮਾਣ ਵੀ ਦਿੱਤਾ ਜਾਂਦਾ ਹੈ ਕਿ ਸੰਨ 1947 ਤੋਂ ਲੈ ਕੇ 1997 ਤੱਕ ਭਾਵ ਲਗਪਗ ਪੰਜਾਹ ਸਾਲ ਤੱਕ ਉਸਨੇ ਬਾਲੀਵੁੱਡ ਦੇ ਹਰ ਵੱਡੇ ਸਿਤਾਰੇ ਨਾਲ ਕੰਮ ਕੀਤਾ ਸੀ। ਇਸ ਤੋਂ ਇਲਾਵਾ ਪਿਛਲੀ ਉਮਰੇ ਆਣ ਕੇ ਉਸਨੇ 'ਤਲਾਸ਼', 'ਧੂਪ-ਛਾਂਵ','ਰਿਸ਼ਤੇ','ਓਜਾਲੇ ਕੀ ਔਰ','ਅਗਰ ਐਸਾ ਹੋ ਤੋ' ਆਦਿ ਜਿਹੇ ਦਿਲਚਸਪ ਤੇ ਸਫ਼ਲ ਟੀ.ਵੀ.ਲੜੀਵਾਰਾਂ ਦਾ ਨਿਰਦੇਸ਼ਨ ਵੀ ਦਿੱਤਾ ਸੀ। ਅਖ਼ੀਰ 27 ਅਗਸਤ,2006 ਨੂੰ ਇਹ ਮਹਾਨ ਫ਼ਿਲਮਕਾਰ ਸਾਥੋਂ ਸਦਾ ਲਈ ਵਿਛੜ ਗਿਆ ਸੀ ਉਸਦੀਆਂ ਖ਼ੂਬਸੂਰਤ ਤੇ ਦਿਲਕਸ਼ ਫ਼ਿਲਮਾਂ ਕਲਾ ਪਾਰਖ਼ੀਆਂ ਦੇ ਮਨ ਵਿਚ ਉਸਦਾ ਸਤਿਕਾਰ ਸਦਾ ਕਾਇਮ ਰੱਖਣਗੀਆਂ।

-410, ਚੰਦਰ ਨਗਰ,ਬਟਾਲਾ।
ਮੋ: 97816-46008




SHER-E-PUNJAB
SPORTS & CULTURAL SOCIETY CINCINNATI, OH
THE GRAND TAJ
DEEP BAJWA
GEETA ZAILDAR
SIPPY GILL
AMAN ROZI
AMRITA VIRK
MOHAMMAD Sadiq
SUKHJIT Kaur
RAV INDER
NIMMA DALLE WALLA
13th KHED MELA CINCINNATI OH
ANMOL MAVI (ANCHOR)
SATURDAY, SEPT 13 2025
6459 MANCHESTER RD
MIDDLETOWN, OHIO 45005
FOR MORE INFO CALL
CHARANJIT BRAR 317-903-7400
AMRIK TIWANA 513-410-4101
SURJEET MAVI 513-616-4530
fb.me/sherepunjabofficial | www.sherepunjabcincy.com | sherepunjabsociety@gmail.com